ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia



ਬੰਸਤ ਪੰਚਮੀ

Free

ਸਾਲ: 2 ਅੰਕ : 2 Phone : 780 465 9118, 403 775 2100 Fax: 780 465 0661, e-mail: info@nawidunia.com ਫਰਵਰੀ-2011

ਅਲਬਰਟਾ ਦੇ ਵਿਤ ਮੰਤਰੀ ਵਲੋਂ ਅਸਤੀਫਾ ਪੰਨਾ-3



ਪੰਜਾਬ ਦੀ ਧਰਤੀ ਆਪਣਾ ਨਵਾਂ ਜਨਮ ਚਾਹੁੰਦੀ ਏ ਪੰਨਾ-18



ਸਿਆਸੀ ਕਵਿਤਾ 'ਚ ਵਧੇਰੇ ਭਾਵਨਾ ਵੇਗ ਹੁੰਦੈ : ਨੇਰੂਦਾ ਪੰਨਾ-28



ਸੁਹਜ ਤੇ ਸੰਘਰਸ਼ ਦਾ ਸੁਮੇਲ ਫੈਜ਼ ਅਹਿਮਦ ਫੈਜ਼ ਪੰਨਾ-26



### ਪ੍ਰੀਮੀਅਰ ਐਡ ਸਟੈਲਮੈਕ ਦਾ ਐਲਾਨ

# ਮੁੜ ਚੋਣ ਨਹੀਂ ਲੜਾਂਗਾ

ਐਡਮਿੰਟਨ (ਨਦਬ) : ਅਲਬਰਟਾ ਪ੍ਰੀਮੀਅਰ ਐਡ ਸਟੈਲਮੈਕ ਨੇ ਬੀਤੇ ਦਿਨੀਂ ਹੈਰਾਨਕੁੰਨ ਅਹਿਮ ਐਲਾਨ ਕੀਤਾ ਹੈ ਕਿ 25 ਸਾਲ ਲੋਕਾਂ ਦੀ ਸੇਵਾ ਕਰਨ ਮਗਰੋਂ ਹੁਣ ਉਹ ਪ੍ਰੀਮੀਅਰ ਦੇ ਅਹੁਦੇ ਲਈ ਅਗਲੀਆਂ ਚੋਣਾਂ ਵਿਚ ਸ਼ਰੀਕ ਨਹੀਂ ਹੋਣਗੇ। ਖ਼ਜਾਨਾ ਬੋਰਡ ਦੇ ਪ੍ਰਧਾਨ ਸਟੌਕਵੈਲ ਡੇਅ ਮੁਤਾਬਕ ਬੇਸ਼ੱਕ ਇਸ ਫ਼ੈਸਲੇ ਨਾਲ ਸਭ ਹੈਰਾਨ ਹਨ ਪਰ ਹਰ ਕੋਈ ਸਟੈਲਮੈਕ ਦੀ ਐਨੇ ਵੱਡਿਆਂ ਦੀ ਸੇਵਾ ਦੀ ਇੱਜ਼ਤ ਕਰਦਾ ਹੈ ਅਤੇ ਉਨ੍ਹਾਂ ਦੇ ਇਸ ਫ਼ੈਸਲੇ ਦੀ ਵੀ ਇੱਜ਼ਤ ਕੀਤੀ ਜਾਵੇਗੀ।



ਪਾਰਟੀ ਦੇ ਸੰਸਦ ਮੈਂਬਰਾਂ ਮੁਤਾਬਕ ਬੇਸ਼ੱਕ ਇਹ ਦੁਖੀ ਕਰਨ ਵਾਲਾ ਫ਼ੈਸਲਾ ਹੈ ਪਰ ਜੇਕਰ ਸਟੈਲਮੈਕ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਸ਼ਾਇਦ ਉਹ ਐਨਾ ਲੰਮਾ ਸਮਾਂ ਕੰਮ ਕਰਦੇ ਕਰਦੇ ਥੱਕ ਗਏ ਹਨ। ਹਮੇਸ਼ਾ ਇਮਾਨਦਾਰੀ ਅਤੇ ਅਸੂਲਾਂ ਉਪਰ ਚਲਣ ਵਾਲੇ ਸਟੈਲਮੈਕ, ਸ਼ਾਇਦ ਅੱਜਕਲ ਦੀ ਰਾਜਨੀਤੀ ਤੋਂ ਦੁਖੀ ਹਨ ਜਿਸ ਵਿਚ ਇਕ ਦੂਜੇ ਉਪਰ ਨਕਾਰਾਤਮਿਕ ਹਮਲੇ ਕਰਨ ਦੀ ਖੇਡ ਖੇਡੀ ਜਾਂਦੀ ਹੈ।

ਐਨੇ ਸਾਲ ਜਿਸ ਮੰਤਰੀ ਮੰਡਲ ਨੂੰ ਸਟੈਲਮੈਕ ਨੇ ਇਕਜੁਟ ਕਰੀ ਰਖਿਆ ਉਹ ਆਉਂਦੇ ਦਿਨਾਂ ਵਿਚ ਸਪਰਿੰਗ ਬਜਟ ਦੀ ਰਣਨੀਤੀ ਤਿਆਰ ਕਰਨ ਲਈ ਕੈਲਗਰੀ ਵਿਖੇ ਇਕੱਠਾ ਹੋਣ ਵਾਲਾ ਹੈ। ਸਟੈਲਮੈਕ ਦੇ ਇਸ ਫ਼ੈਸਲੇ ਕਾਰਨ ਪਾਰਟੀ ਦੇ ਮੈਂਬਰ ਬਜਟ ਨੂੰ ਲੈ ਕੇ 2 ਧੜਿਆਂ ਵਿਚ ਵੰਡੇ ਗਏ ਹਨ। ਸਟੈਲਮੈਕ ਮੁਤਾਬਕ ਉਹ ਛੇਤੀ ਹੀ ਅਸਤੀਫ਼ਾ ਦੇ ਦੇਣਗੇ ਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਵੀ ਉਨ੍ਹਾਂ ਦੀ ਪਾਰਟੀ ਇਕ ਵਧੀਆ ਬਜਟ ਪੇਸ਼ ਕਰੇਗੀ।




## ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੇ ਗਿੱਟਿਆਂ ਨਾਲ ਬੰਨ੍ਹੇ ਜਾ ਰਹੇ ਨੇ ਰੇਡੀਓ ਕਾਲਰ

ਵਾਸ਼ਿੰਗਟਨ, (ਨਦਬ) : ਅਮਰੀਕਾ ਦੇ ਕੈਲੇਫੋਰਨੀਆ ਵਿੱਚ ਸਰਕਾਰ ਨੇ ਵੀਜ਼ਾ ਧੋਖਾਧੜੀ ਦੇ ਮਾਮਲੇ ਵਿੱਚ ਟਰਾਈ ਵੈਲੀ ਯੂਨੀਵਰਸਿਟੀ ਬੰਦ ਕੀ ਕੀਤੀ, ਉਸ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਉੱਪਰ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਪਹਿਲਾਂ ਇਨ੍ਹਾਂ ਦੀਆਂ ਭਰੀਆਂ ਫੀਸਾਂ ਗਈਆਂ, ਫਿਰ ਅਮਰੀਕਾ ਵਿੱਚੋਂ ਨਿਕਲਣ ਦਾ ਖ਼ਤਰਾ ਤੇ ਪੁਲੀਸ ਵੱਲੋਂ ਕੀਤੀ ਪੁੱਛ-ਪੜਤਾਲ। ਹੁਣ ਇਨ੍ਹਾਂ ਵਿਦਿਆਰਥੀਆਂ ਨੂੰ 'ਰੇਡੀਓ ਕਾਲਰ' ਪਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਰੇਡੀਓ ਕਾਲਰ ਆਮ ਤੌਰ 'ਤੇ ਜੰਗਲੀ ਜਾਨਵਰਾਂ ਦੇ ਰਹਿਣ-ਸਹਿਣ ਤੇ ਉਨ੍ਹਾਂ ਦੇ ਟਿਕਾਣਿਆਂ ਦਾ ਪਤਾ ਲਾਉਣ ਲਈ ਉਨ੍ਹਾਂ ਦੇ ਗਲ਼ ਵਿੱਚ ਪਾ ਦਿੱਤਾ ਜਾਂਦਾ ਹੈ, ਪਰ ਅਮਰੀਕੀ ਅਧਿਕਾਰੀ ਰੇਡੀਓ ਕਾਲਰ ਭਾਰਤੀਆਂ ਦੇ ਗਲ਼ ਵਿੱਚ ਤਾਂ ਨਹੀਂ ਪਾ ਰਹੇ, ਉਨ੍ਹਾਂ ਦੇ ਗਿੱਟਿਆਂ ਨਾਲ ਬੰਨ੍ਹ ਰਹੇ ਹਨ। ਅਮਰੀਕੀ ਅਧਿਕਾਰੀ ਅਜਿਹਾ ਕਰਕੇ ਸੈਂਕੜੇ ਭਾਰਤੀ ਵਿਦਿਆਰਥੀਆਂ ਉੱਪਰ ਨਜ਼ਰ ਰੱਖਣਾ ਚਾਹੁੰਦੇ ਹਨ। ਇਸ ਦੌਰਾਨ ਸੂਤਰਾਂ ਨੇ ਦੱਸਿਆ ਹੈ ਕਿ ਰੇਡੀਓ ਕਾਲਰ ਲਾਉਣ ਤੋਂ ਸੰਕੇਤ ਹਨ ਕਿ ਭਾਰਤੀ ਵਿਦਿਆਰਥੀਆਂ ਨੂੰ ਵਾਪਸ ਭੇਜਿਆ ਜਾ ਸਕਦਾ ਹੈ।

### ਭਾਰਤ ਨੇ ਅਮਰੀਕਾ ਨੂੰ ਨਰਮੀ ਵਰਤਣ ਲਈ ਕਿਹਾ

ਨਵੀਂ ਦਿੱਲੀ, (ਨਦਬ) : ਅਮਰੀਕਾ ਵੱਲੋਂ ਭਾਰਤੀ ਵਿਦਿਆਰਥੀਆਂ ਦੇ ਗਿੱਟਿਆਂ ਉਪਰ ਰੇਡੀਓ ਕਾਲਰ ਬੰਨ੍ਹੇ ਜਾਣ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਭਾਰਤ ਨੇ ਉਥੋਂ ਦੀ ਸਰਕਾਰ ਨੂੰ ਕਿਹਾ ਹੈ ਕਿ ਉਹ ਵਿਦਿਆਰਥੀਆਂ ਪ੍ਰਤੀ ਨਰਮੀ ਵਰਤੇ। ਪਰਵਾਸੀ ਮਾਮਲਿਆਂ ਬਾਰੇ ਮੰਤਰੀ ਵੀ. ਰਵੀ ਨੇ ਅੱਜ ਇਥੇ ਦੱਸਿਆ ਕਿ ਵੀਜ਼ਾ ਧੋਖਾਧੜੀ ਅਮਰੀਕਾ ਯੂਨੀਵਰਸਿਟੀ ਨੇ ਕੀਤੀ ਹੈ ਤੇ ਭਾਰਤੀ ਵਿਦਿਆਰਥੀ ਬੇਕਸੂਰ ਹਨ, ਜਿਸ ਕਰਕੇ ਅਮਰੀਕੀ ਪ੍ਰਸ਼ਾਸਨ ਉਨ੍ਹਾਂ ਨਾਲ ਨਰਮੀ ਨਾਲ ਪੇਸ਼ ਆਏ। ਉਨ੍ਹਾਂ ਕਿਹਾ ਕਿ ਭਾਰਤੀ ਕੌਂਸਲ ਜਨਰਲ ਨੇ ਉਥੋਂ ਦੀ ਸਰਕਾਰ ਨਾਲ ਰਾਬਤਾ ਬਣਾਇਆ ਹੋਇਆ ਹੈ ਤੇ ਉਹ ਸਰਕਾਰ ਦੀ ਰਿਪੋਰਟ ਦੀ ਉਡੀਕ 'ਚ ਹੈ।

## ਅੰਮ੍ਰਿਤਸਰ-ਟੋਰਾਂਟੋ ਉਡਾਣ 20 ਫਰਵਰੀ ਤੋਂ ਸ਼ੁਰੂ

ਅੰਮ੍ਰਿਤਸਰ (ਨਦਬ) : ਵਿਦੇਸ਼ 'ਚ ਵਸਦੇ ਪੰਜਾਬੀਆਂ ਖਾਸ ਤੌਰ 'ਤੇ ਕੈਨੇਡਾ 'ਚ ਰਹਿੰਦੇ ਪ੍ਰਵਾਸੀ ਭਾਰਤੀਆਂ ਲਈ ਰਾਹਤ ਦੀ ਗੱਲ ਹੈ ਕਿ ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਟੋਰਾਂਟੋ ਲਈ ਸਿੱਧੀ ਨਵੀਂ ਰੋਜ਼ਾਨਾ ਫ਼ਲਾਈਟ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਨਵੀਂ ਉਡਾਣ 20 ਫਰਵਰੀ ਤੋਂ ਸ਼ੁਰੂ ਹੋਵੇਗੀ। ਏਅਰ ਇੰਡੀਆ ਦੇ ਬੁਲਾਰੇ ਨੇ ਦਸਿਆ ਕਿ ਇਹ ਉਡਾਣ ਅੰਮ੍ਰਿਤਸਰ ਤੋਂ ਚਲ ਕੇ ਨਵੀਂ ਦਿੱਲੀ ਹਵਾਈ ਅੱਡੇ 'ਤੇ ਕੁੱਝ ਦੇਰ ਲਈ ਰੁਕੇਗੀ ਤੇ ਉਸ ਤੋਂ ਬਾਅਦ ਸਿੱਧੀ ਟੋਰਾਂਟੋ ਲਈ ਉਡਾਣ ਭਰੇਗੀ। ਅੰਮ੍ਰਿਤਸਰ ਹਵਾਈ ਅੱਡੇ 'ਤੇ ਇਹ ਸ਼ਾਮ 6.15 ਵਜੇ ਪਹੁੰਚੇਗੀ ਤੇ 10.30 ਆਪਣੇ ਅਗਲੇ ਸਫ਼ਰ ਲਈ ਉਡਾਣ ਭਰੇਗੀ। ਇਸ ਤੋਂ ਪਹਿਲਾਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਚਲਦੀ ਸੀ ਜੋ ਕਿ ਪਿਛਲੇ ਸਾਲ ਅਕਤੂਬਰ ਵਿਚ ਬੰਦ ਕਰ ਦਿਤੀ ਗਈ ਸੀ। ਪੰਜਾਬੀ ਪ੍ਰਵਾਸੀਆਂ ਲਈ ਇਹ ਖ਼ੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਨਵੀਂ ਦਿੱਲੀ ਤੋਂ ਉਡਾਣ ਬਦਲਣੀ ਨਹੀਂ ਪਵੇਗੀ। ਇਹ ਉਡਾਣ ਲੰਡਨ ਵਿਚ ਹੁਣ ਆਪਣਾ ਠਹਿਰਾਅ ਨਹੀਂ ਕਰੇਗੀ।

## ਸ਼੍ਰੋਮਣੀ ਕਮੇਟੀ ਚੋਣਾਂ ਹੋਰ ਅੱਗੇ ਪੈਣ ਦੇ ਆਸਾਰ

ਅੰਮ੍ਰਿਤਸਰ, (ਨਦਬ) : ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਭਾਵੇਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਗਈ ਹੈ ਪਰ ਇਸ ਦੇ ਬਾਵਜੂਦ ਇਹ ਚੋਣਾਂ ਮਾਰਚ-ਅਪਰੈਲ ਵਿਚ ਹੋਣ ਦੀ ਥਾਂ ਅਗਾਂਹ ਪੈਣ ਦੀ ਸੰਭਾਵਨਾ ਹੈ ਕਿਉਂਕਿ ਵੋਟਰ ਸੂਚੀਆਂ ਵਿਚਲੀਆਂ ਕੁਝ ਖਾਮੀਆਂ ਨੂੰ ਦੂਰ ਕਰਨ ਦੀ ਪ੍ਰਕਿਰਿਆ ਦਾ ਕੰਮ ਅਜੇ ਵੀ ਚੱਲ ਰਿਹਾ ਹੈ। ਇਹ ਆਮ ਚੋਣਾਂ ਜੁਲਾਈ 2009 ਵਿਚ ਹੋਣੀਆਂ ਸਨ ਪਰ ਲਗਾਤਾਰ ਲੇਟ ਹੁੰਦੀਆਂ ਜਾ ਰਹੀਆਂ ਹਨ। ਇਹ ਚੋਣਾਂ ਕਰਾਉਣ ਦੀ ਪ੍ਰਕਿਰਿਆ ਜੂਨ 2010 ਵਿਚ ਆਰੰਭ ਹੋਈ ਸੀ, ਜਿਸ ਦੇ ਆਧਾਰ 'ਤੇ ਆਸ ਸੀ ਕਿ ਚੋਣਾਂ 2011 ਦੇ ਆਰੰਭ ਵਿਚ ਹੋ ਜਾਣਗੀਆਂ। ਫਿਲਹਾਲ ਇਹ ਹੋਰ ਅਗਾਂਹ ਪੈਂਦੀਆਂ ਜਾਪ ਰਹੀਆਂ ਹਨ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 12 ਜਨਵਰੀ ਦੀ ਥਾਂ 3 ਫਰਵਰੀ ਨੂੰ ਕੀਤੀ ਗਈ ਹੈ। ਪਰ ਕੁਝ ਹਲਕਿਆਂ ਵਿਚ ਵੱਡੇ ਪੱਧਰ 'ਤੇ ਇਤਰਾਜ਼ ਆਉਣ ਕਾਰਨ ਪ੍ਰਕਾਸ਼ਨਾ ਦਾ ਕੰਮ ਅਜੇ ਵੀ ਲਟਕਿਆ ਹੋਇਆ ਹੈ। ਇਸ ਬਾਰੇ ਗੱਲਬਾਤ ਕਰਦਿਆਂ ਗੁਰਦੁਆਰਾ ਚੋਣ ਕਮਿਸ਼ਨ ਦੇ ਮੁਖੀ ਸ੍ਰੀ ਐਚ.ਐਸ. ਬਰਾੜ ਨੇ ਦੱਸਿਆ ਕਿ ਉਨ੍ਹਾਂ ਨੇ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਜੋ ਕਿ ਜ਼ਿਲ੍ਹਾ ਚੋਣ ਅਧਿਕਾਰੀ ਵੀ ਹਨ, ਨੂੰ ਹਦਾਇਤ ਕੀਤੀ ਹੈ ਕਿ ਇਤਰਾਜ਼ਾਂ ਨੂੰ ਦੂਰ ਕਰਨ ਲਈ ਲੋੜੀਂਦੀ ਜਾਣਕਾਰੀ ਚੋਣ ਕਮਿਸ਼ਨ ਨੂੰ ਤੁਰੰਤ ਭੇਜੀ ਜਾਵੇ।

## ਅਰੂਸ਼ੀ ਕਤਲ ਕਾਂਡ 'ਚ ਅਦਾਲਤ ਨੇ ਮਾਪਿਆਂ ਨੂੰ ਮੁਲਜ਼ਮ ਬਣਾਇਆ

ਗਾਜ਼ੀਆਬਾਦ (ਨਦਬ) : ਨੋਇਡਾ ਦੇ ਬਹੁਚਰਚਿਤ ਅਰੂਸ਼ੀ ਹੱਤਿਆ ਮਾਮਲੇ ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਵਿਸ਼ੇਸ਼ ਅਦਾਲਤ ਨੇ ਅਰੂਸ਼ੀ ਦੇ ਪਿਤਾ ਡਾ. ਰਾਜੇਸ਼ ਤਲਵਾਰ ਅਤੇ ਮਾਂ ਡਾ. ਨੂਪੁਰ ਤਲਵਾਰ ਵਿਰੁਧ ਮੁਕੱਦਮਾ ਚਲਾਉਣ ਦਾ ਆਦੇਸ਼ ਦਿਤਾ ਹੈ। ਅਦਾਲਤ ਨੇ ਅਰੂਸ਼ੀ-ਹੇਮਰਾਜ ਦੇ ਇਸ ਦੋਹਰੇ ਹੱਤਿਆ ਕਾਂਡ ਵਿਚ ਸੀ.ਬੀ.ਆਈ. ਦੀ ਕਲੋਜ਼ਰ ਰੀਪੋਰਟ ਨੂੰ ਵੀ ਖਾਰਜ ਕਰ ਦਿਤਾ ਹੈ। ਮਾਣਯੋਗ ਜੱਜ ਪ੍ਰੀਤ ਸਿੰਘ ਨੇ ਸੀ.ਬੀ.ਆਈ. ਦੀ ਕਲੋਜ਼ਰ ਰੀਪੋਰਟ ਨੂੰ ਧਿਆਨ ਵਿਚ ਰਖਦੇ ਹੋਏ ਤਲਵਾਰ ਦੰਪਤੀ ਨੂੰ 28 ਫਰਵਰੀ ਨੂੰ ਅਦਾਲਤ ਦੇ ਸਾਹਮਣੇ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਇਨ੍ਹਾਂ ਨੂੰ ਹੱਤਿਆ, ਸਬੂਤ ਮਿਟਾਊਣ, ਸਾਜ਼ਿਸ਼ ਕਰਨ ਅਤੇ ਘਟਨਾ ਨੂੰ ਅੰਜਾਮ ਦੇਣ ਦਾ ਇਰਾਦਾ ਰੱਖਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਨੇ ਸੀ.ਬੀ.ਆਈ. ਦੀ ਰੀਪੋਰਟ ਵਿਰੁਧ ਦਾਇਰ ਰਾਜੇਸ਼ ਤਲਵਾਰ ਦੀ ਪਟੀਸ਼ਨ ਨੂੰ ਖਾਰਜ ਕਰ ਦਿਤਾ ਅਤੇ ਦੋਸ਼ੀਆਂ ਨੂੰ ਫੜਨ ਲਈ ਫਿਰ ਤੋਂ ਜਾਂਚ ਕਰਨ ਲਈ ਕਿਹਾ।

MILLWOODS PIZZA & INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
Faryad Pannu
Take Out Buffets starting from $ 7.99
780 462 4313 Cell: 780 504 5600
Out door Catering at reasonable rates
www.millwoodspizza.com

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
SARJAN LUTHRA B.Sc, LL.B.
Barrister Solicitor
780-466-4660

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
BHUVINDER (BETTY) GILL MORTGAGE ASSOCIATE
CELL: 780.905.7274
FAX: 780.436.2510
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੁਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329

www.aj-drivingschool.com
A & J DRIVING SCHOOL
Hybrid Cars
In house Simulators
Fully Equipped Classroom
"Where your safety comes first"
Government Approved Driving Education Programs
Raj Bajwa (Senior Instructor) raj@aj-drivingschool.com
780.486.5090
17523 - 100 Ave. Edmonton, AB

Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

# STP ELECTRIC LTD.

stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

# EAGLE ROCK GOLF COURSE




50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small
We are in this Business Since 2001



**Tents** All Size and Different Colours, **Tables** Rectangular & Round, **Chairs** All Colours, **Lights**, Dance Floor, Heaters, Fans, **Catering Equipment**, Coffee Brewers, Food Warmers, Big Burners, Big Pots (Patila), Cutlery and Plates, **Portable Bars**, Beer Tubs, Ice Boxes, **Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com



# PASH DRIVING SCHOOL LTD.

"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com

Eat-In / Take-Out

# Shan-E-Punjab
## Sweets & Restaurant

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
Business Hours: 11am-9pm

Lunch Buffet & Dinner Buffet
9393-34 Avenue, Edmonton, AB.
Phone (780) 434-7373

Concept, Design and Installation
# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਐਡਮਿੰਟਨ ਵਿਖੇ ਬਿਰਧ ਆਸ਼ਰਮ ਦੀ ਛੱਤ ਡਿੱਗੀ, ਮੈਂਬਰ ਵਾਲ ਵਾਲ ਬੱਚੇ

ਵੈਨਕੂਵਰ (ਨਦਬ) : ਬੀਤੇ ਦਿਨੀਂ ਐਡਮਿੰਟਨ ਬਿਰਧ ਆਸ਼ਰਮ ਦੇ 40 ਮੈਂਬਰ ਉਸ ਵੇਲੇ ਵਾਲ ਵਾਲ ਬੱਚ ਗਏ ਜਦੋਂ ਬਿਰਧ ਆਸ਼ਰਮ ਦੀ ਛੱਤ, ਉਨ੍ਹਾਂ ਦੇ ਬਾਹਰ ਨਿਕਲਦਿਆਂ ਹੀ ਡਿੱਗ ਗਈ। ਦਰਅਸਲ ਇਹ ਲੋਕ ਨੌਰਥਗੇਟ ਲੋਇਨਸ ਨਾਮਕ ਮਨੋਰੰਜਨ ਕੇਂਦਰ ਦੇ ਜਿਮ ਵਿਖੇ ਬਾਅਦ ਦੁਪਹਿਰ, 2 ਘੰਟੇ ਦੇ ਆਪਣੇ ਸੰਗੀਤ ਅਭਿਆਸ ਲਈ ਇਕੱਠੇ ਹੋਏ ਸਨ ਤੇ ਅਚਾਨਕ ਹੀ ਕੇਂਦਰ ਦੀ ਛੱਤ ਵਿਚੋਂ ਅਜੀਬ ਆਵਾਜ਼ਾਂ ਆਉਣ ਲੱਗ ਪਈਆਂ। ਛੱਤ ਵਿਚੋਂ ਕੁੱਝ ਤਿੜਕਣ ਦੀ ਆਵਾਜ਼ ਆਉਂਦਿਆਂ ਹੀ ਸਾਰੇ ਫ਼ੌਰਨ ਬਾਹਰ ਭੱਜ ਗਏ। ਬਾਹਰ ਜਾਣ ਦੀ ਦੇਰ ਸੀ ਕਿ ਛੱਤ ਹੇਠਾਂ ਆ ਗਈ। ਜੇਕਰ ਇਹ ਲੋਕ 5 ਸੈਕਿੰਡ ਵੀ ਹੋਰ ਉਥੇ ਰਹਿ ਗਏ ਹੁੰਦੇ ਤਾਂ ਬਹੁਤੇ ਇਸ ਵੇਲੇ ਹਸਪਤਾਲ ਹੁੰਦੇ। ਅਜੇ ਵੀ ਕਈ ਮੈਂਬਰ ਇਸ ਦਿਨ ਘਟਨਾ ਕਾਰਨ ਸਦਮੇ ਵਿਚ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ 40 ਲੋਕਾਂ ਵਿਚੋਂ ਬਹੁਤਿਆਂ ਦੀ ਉਮਰ 70 ਤੋਂ 80 ਸਾਲ ਦੇ ਵਿਚ ਹੈ ਤੇ ਕਈਆਂ ਦੀ ਇਸ ਤੋਂ ਵੀ ਜ਼ਿਆਦਾ। ਇਹ ਮਨੋਰੰਜਨ ਕੇਂਦਰ 1974 ਵਿਚ ਉਸਾਰਿਆ ਗਿਆ ਸੀ। ਇਸ ਕੇਂਦਰ ਵਿਖੇ ਬਜ਼ੁਰਗਾਂ ਵਾਸਤੇ ਵੱਖ ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਬਜ਼ੁਰਗਾਂ ਵਾਸਤੇ ਕਸਰਤ ਦੀਆਂ ਮਸ਼ੀਨਾਂ ਵੀ ਰੱਖੀਆਂ ਗਈਆਂ ਹਨ। ਜਿਸ ਵੇਲੇ ਇਹ ਘਟਨਾ ਵਾਪਰੀ, ਇਮਾਰਤ ਦੇ ਦੂਜੇ ਹਿੱਸੇ ਵਿਚ ਕੈਟਰਿੰਗ ਕਰਮਚਾਰੀ ਵੀ ਕੰਮ ਵਿਚ ਲੱਗੇ ਹੋਏ ਸਨ। ਰੌਲਾ ਸੁਣ ਕੇ ਵੀ ਇਹ ਲੋਕ ਆਪਣੇ ਕੰਮ ਵਿਚ ਲੱਗੇ ਰਹੇ। ਇਹ ਸੋਚ ਕੇ ਸ਼ਾਇਦ ਲੋਕਾਂ ਦੇ ਨਾਚ ਅਭਿਆਸ ਕਾਰਨ ਆਵਾਜ਼ਾਂ ਆ ਰਹੀਆਂ ਹਨ। ਵੇਖਦੇ ਹੀ ਵੇਖਦੇ ਰਸੋਈ ਪਾਣੀ ਨਾਲ ਭਰ ਗਈ ਅਤੇ ਧਮਾਕੇ ਦੀ ਆਵਾਜ਼ ਨਾਲ ਦਰਵਾਜ਼ਾ ਵੀ ਟੁੱਟ ਗਿਆ। ਇਲਾਕੇ ਦੇ ਡਾਇਰੈਕਟਰ ਆਫ ਬਿਲਡਿੰਗਜ਼ ਧੌਲ ਸਪੈਚ ਨੇ ਭਰੋਸਾ ਦਿਵਾਇਆ ਹੈ ਕਿ ਇਲਾਕੇ ਦੀਆਂ ਉਨ੍ਹਾਂ ਸਾਰੀਆਂ ਇਮਾਰਤਾਂ ਦਾ ਮੁਆਇਨਾ ਕੀਤਾ ਜਾਵੇਗਾ, ਜਿਨ੍ਹਾਂ ਦੀ ਛੱਤ ਬਿਲਕੁਲ ਸਪਾਟ ਹੈ। ਅਜਿਹੀਆਂ ਇਮਾਰਤਾਂ ਦੀਆਂ ਛੱਤਾਂ ਅਕਸਰ ਬਰਫ਼ ਜਮ੍ਹਾਂ ਰਹਿਣ ਕਾਰਨ ਕਮਜ਼ੋਰ ਹੋ ਜਾਂਦੀਆਂ ਹਨ। ਇਸ ਵਾਰ ਬਰਫ਼ਬਾਰੀ ਦੌਰਾਨ ਐਡਮਿੰਟਨ ਵਿਖੇ ਛੱਤਾਂ ਉਪਰ ਜਮ੍ਹਾਂ ਹੋਈ ਬਰਫ਼ ਕਾਰਨ ਛੱਤਾਂ ਉਪਰ ਪਿਆ ਭਾਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

# ਅਲਬਰਟਾ ਦੇ ਵਿਤ ਮੰਤਰੀ ਵਲੋਂ ਅਸਤੀਫ਼ਾ, ਲੀਡਰਸ਼ਿਪ ਲਈ ਲੜਨ ਦਾ ਫੈਸਲਾ



**ਅਲਬਰਟਾ (ਨਦਬ)** : ਅਲਬਰਟਾ ਦੇ ਵਿੱਤ ਮੰਤਰੀ ਟੈਡ ਮੌਰਟਨ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿਤਾ ਹੈ। ਅਲਬਰਟਾ ਕੰਜ਼ਰਵੇਟਿਵ ਕੈਬਨਿਟ ਤੋਂ ਅਸਤੀਫ਼ਾ ਦੇਣ ਦਾ ਕਾਰਨ ਇਹ ਹੈ ਕਿ ਹੁਣ ਉਹ ਟੋਰੀ ਪਾਰਟੀ ਦੀ ਪ੍ਰਧਾਨਗੀ ਲਈ ਚੋਣ ਲੜਨਗੇ। ਹਾਲਾਂਕਿ ਉਨ੍ਹਾਂ ਆਪਣਾ ਅਸਤੀਫ਼ਾ ਚੁੱਪ ਚਾਪ ਪ੍ਰੀਮੀਅਰ ਐਡ ਸਟੈਲਮੈਕ ਨੂੰ ਦਿਤਾ ਸੀ ਪਰ ਮੀਡੀਆ ਦੀ ਮਿਹਰਬਾਨੀ ਨਾਲ ਹੁਣ ਇਹ ਜੱਗ ਜਾਹਿਰ ਹੈ ਤੇ ਇਸ ਤੋਂ ਪਹਿਲਾਂ ਕਿ ਮੌਰਟਨ ਖੁਦ ਕੋਈ ਸਪੱਸ਼ਟੀਕਰਨ ਸੋਚ ਪਾਉਂਦੇ ਵਿਰੋਧੀ ਧਿਰਾਂ ਵਿਚ ਕਿਆਸ ਲੱਗਣੇ ਸ਼ੁਰੂ ਹੋ ਗਏ ਹਨ। ਆਖਿਆ ਜਾ ਰਿਹਾ ਹੈ ਕਿ ਮੌਰਟਨ ਦਾ ਕਹਿਣਾ ਹੈ ਕਿ ਜੇਕਰ ਉਹ ਆਪਣੇ ਵਿੱਤ ਮੰਤਰੀ ਦੇ ਅਹੁਦੇ 'ਤੇ ਬਣੇ ਰਹਿੰਦੇ ਹਨ ਤਾਂ ਨਿਰਪੱਖ ਹੋ ਕੇ ਕੰਮ ਕਰਨਾ ਅਤੇ ਪ੍ਰਧਾਨ ਦੀ ਚੋਣ ਕਰਨਾ ਸੰਭਵ ਨਹੀਂ ਸੀ ਹੋਣਾ।

ਮੌਰਟਨ ਨੇ ਇਹ ਫ਼ੈਸਲਾ, ਪ੍ਰੀਮੀਅਰ ਵਲੋਂ ਕਿਸੇ ਵੀ ਵੇਲੇ ਅਸਤੀਫ਼ਾ ਦੇਣ ਦੇ ਆਪਣੇ ਐਲਾਨ ਮਗਰੋਂ ਲਿਆ ਹੈ। ਦਰਅਸਲ ਪਾਰਟੀ ਵਿਚਲੀ ਆਪਸੀ ਫੁੱਟ ਤੋਂ ਪ੍ਰੇਸ਼ਾਨ ਹੋ ਕੇ ਸਟੈਲਮੈਕ ਨੇ ਮੁੜ ਪ੍ਰੀਮੀਅਰ ਦੀ ਚੋਣ ਨਾ ਲੜਨ ਦਾ ਫ਼ੈਸਲਾ ਲਿਆ ਹੈ। ਸਟੈਲਮੈਕ ਪਾਰਟੀ ਵਲੋਂ ਸੰਤੁਲਿਤ ਬਜਟ ਪੇਸ਼ ਕੀਤੇ ਜਾਣ ਦੇ ਗੈਰ ਕੁਦਰਤੀ ਵਾਅਦੇ ਦੇ ਖ਼ਿਲਾਫ਼ ਸਨ।

ਜਦੋਂ ਕਿ ਮੌਰਟਨ ਉਦੋਂ ਤਕ ਖ਼ਰਚਿਆਂ ਵਿਚ ਕਟੌਤੀ ਚਾਹੁੰਦੇ ਸਨ ਜਦੋਂ ਤਕ ਬਜਟ ਸੰਤੁਲਿਤ ਨਾ ਹੋ ਜਾਵੇ। ਹਾਲਾਂਕਿ ਹੁਣ ਦੋਵੇਂ ਹੀ, ਇਸ ਮਸਲੇ ਉਪਰ ਪਾਰਟੀ ਦੇ ਵੰਡੇ ਹੋਣ ਦੀ ਗੱਲ ਤੋਂ ਮੁਕਰ ਰਹੇ ਹਨ। ਮੌਰਟਨ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਵਿੱਤ ਮੰਤਰੀ ਦਾ ਅਹੁਦਾ ਸਾਂਭਿਆ ਸੀ ਤਾਂ ਪ੍ਰੀਮੀਅਰ ਨਾਲ ਕੁੱਝ ਖ਼ਾਸ ਮਸਲਿਆਂ ਤੇ ਗੁਪਤ ਗੱਲਬਾਤ ਵੀ ਹੋਈ ਸੀ। ਪਰ ਸਮੇਂ ਦੇ ਨਾਲ ਕਾਫ਼ੀ ਕੁੱਝ ਬਦਲ ਗਿਆ ਤੇ ਮੌਰਟਨ ਅਤੇ ਸਟੈਲਮੈਕ ਕੁੱਝ ਔਖੇ ਫ਼ੈਸਲੇ ਲੈਣੇ ਪਏ, ਜੋ ਇਕ ਦੂਜੇ ਨੂੰ ਮਨਜ਼ੂਰ ਨਹੀਂ ਸਨ। ਵਿਰੋਧੀ ਧਿਰ ਦੇ ਕਿਆਸ ਮੁਤਾਬਕ ਆਉਂਦੇ ਸਮੇਂ ਵਿਚ ਹੋਰ ਕਈ ਅਸਤੀਫ਼ੇ ਵੇਖਣ ਨੂੰ ਮਿਲਣਗੇ।

# ਡਰਾਈਵਰ ਬੱਸ ਚਲਾਉਂਦਿਆਂ ਮੋਬਾਈਲ 'ਤੇ ਮੈਸੇਜ ਕਰਦਿਆਂ ਫੜੇ

**ਟੋਰਾਂਟੋ (ਨਦਬ)** : ਟੋਰਾਂਟੋ ਟ੍ਰਾਂਸਿਟ ਕਮਿਸ਼ਨ ਬੱਸ ਦੇ ਦੋ ਡਰਾਈਵਰ ਸਵਾਰੀਆਂ ਨਾਲ ਭਰੀ ਹੋਈ ਬੱਸ ਚਲਾਉਂਦਿਆਂ ਫ਼ੋਨ ਰਾਹੀਂ ਟੈਕਸਟ ਮੈਸੇਜ ਕਰਦਿਆਂ ਫੜੇ ਗਏ ਹਨ। ਇਕ ਦੀ ਸ਼ਨਾਖਤ ਹੋ ਗਈ ਹੈ ਤੇ ਉਸ ਵਿਰੁਧ ਅਨੁਸ਼ਾਸਨਹੀਨਤਾ ਦੀ ਕਾਰਵਾਈ ਕੀਤੀ ਜਾ ਰਹੀ ਹੈ। ਦਰਅਸਲ ਇਹ ਡਰਾਈਵਰ ਟੋਰਾਂਟੋ ਸਨ। ਅਖ਼ਬਾਰ ਵਿਚ ਪ੍ਰਕਾਸ਼ਤ ਇਕ ਤਸਵੀਰ ਕਾਰਨ ਇਹ ਫੜਿਆ ਗਿਆ। ਇਹ ਤਸਵੀਰ ਇਕ ਯਾਤਰੀ ਨੇ ਖਿੱਚੀ ਸੀ ਜਿਸ ਵਿਚ ਇਹ ਡਰਾਈਵਰ ਬੱਸ ਚਲਾਉਂਦਿਆਂ ਬਲੈਕਬੇਰੀ ਵਰਗੇ ਕਿਸੇ ਯੰਤਰ ਦੀ ਵਰਤੋਂ ਕਰ ਰਿਹਾ ਸੀ। ਬੱਸ ਉਸ ਵੇਲੇ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ 'ਤੇ ਚਲ ਰਹੀ ਸੀ।



ਅਖ਼ਬਾਰ ਦੀ ਰਿਪੋਰਟ ਕਹਿੰਦੀ ਹੈ ਕਿ ਇਸ ਦੌਰਾਨ ਡਰਾਈਵਰ ਹੱਥਾਂ ਦੀ ਬਜਾਏ ਬਾਹਾਂ ਸਹਾਰੇ ਸਟੇਰਿੰਗ ਵੀਲ ਘੁਮਾ ਰਿਹਾ ਸੀ ਅਤੇ ਕਦੀ ਕਦੀ ਇਕ ਹੱਥ ਨਾਲ ਬੱਸ ਚਲਾਉਣ ਲੱਗ ਪੈਂਦਾ ਸੀ। ਅਜਿਹੀ ਹੀ ਇਕ ਹੋਰ ਤਸਵੀਰ ਸਦਾਬਹਾਰੋਂ ਵਾਸੀ ਇਕ ਯਾਤਰੀ ਨੇ ਖਿੱਚੀ ਜਿਸ ਵਿਚ ਦੂਜਾ ਡਰਾਈਵਰ ਬੱਸ ਚਲਾਉਂਦੇ ਹੋਏ ਫ਼ੋਨ 'ਤੇ ਗੱਲ ਕਰ ਰਿਹਾ ਹੈ। ਤਸਵੀਰ ਖਿੱਚਣ ਵਾਲੀ ਔਰਤ ਦਾ ਕਹਿਣਾ ਹੈ ਕਿ ਉਸ ਨੇ ਡਰਾਈਵਰ ਨੂੰ ਰੋਕਣ ਦੀ ਬਜਾਏ ਫ਼ੋਟੋ ਖਿਚਣਾ ਬਿਹਤਰ ਸਮਝਿਆ ਕਿਉਂਕਿ, ਜੇਕਰ ਕੋਈ ਯਾਤਰੀ ਸ਼ਿਕਾਇਤ ਕਰਦਾ ਹੈ ਤਾਂ ਅਜਿਹੇ ਡਰਾਈਵਰ ਅਕਸਰ ਯਾਤਰੀਆਂ ਨੂੰ ਰੌਲਾ ਰੱਪਾ ਪਾਉਣ ਦਾ ਦੋਸ਼ੀ ਕਹਿ ਕੇ ਬੱਸ ਵਿਚੋਂ ਉਤਾਰ ਦਿੰਦੇ ਹਨ।

26 ਅਕਤੂਬਰ 2009 ਤੋਂ ਉਨਟੈਰੀਓ ਵਿਖੇ ਗੱਡੀ ਚਲਾਉਂਦਿਆਂ ਫ਼ੋਨ ਦੀ ਵਰਤੋਂ ਕਰਨਾ ਗੈਰ ਕਾਨੂੰਨੀ ਹੈ ਤੇ ਟੀ.ਟੀ.ਸੀ ਪਾਲਸੀ ਦੇ ਤਹਿਤ ਇਸ 'ਤੇ ਪਾਬੰਦੀ ਹੈ। ਇਸ ਤੋਂ ਪਹਿਲਾਂ ਵੀ ਕਈ ਟੀ.ਟੀ.ਸੀ. ਡਰਾਈਵਰਾਂ ਨੂੰ ਅਜਿਹੀਆ ਗਲਤੀਆਂ ਲਈ ਸਜ਼ਾ ਦਿਤੀ ਜਾ ਚੁੱਕੀ ਹੈ।

## ਅਤਿਵਾਦ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸ਼ਰੀਫ਼ ਵਿਰੁਧ ਸਬੂਤਾਂ ਦੀ ਘਾਟ

ਵੈਨਕੂਵਰ (ਨਦਬ) : ਐਡਮਿੰਟਨ ਵਾਸੀ ਸੈਫੂਦਿਨ ਤਾਹਿਰ ਸ਼ਰੀਫ਼ ਖ਼ਿਲਾਫ਼ ਅਤਿਵਾਦ ਦੇ ਦੋਸ਼ਾਂ ਹੇਠ ਮੁਕੱਦਮਾ ਚਲਾਇਆ ਜਾ ਰਿਹਾ ਹੈ। ਤਾਹਿਰ ਸ਼ਰੀਫ਼ ਦੇ ਵਕੀਲ ਬੌਬ ਅਲੋਨਿਸੀ ਦਾ ਕਹਿਣਾ ਹੈ ਕਿ ਸਾਰੇ ਇਲਜ਼ਾਮ ਬੇਬੁਨਿਆਦ ਹਨ। ਬਹੁਤੀਆਂ ਗੱਲਾਂ ਵਿਚ ਤੱਥ ਘੱਟ ਅਤੇ ਮਨਘੜਤ ਗੱਲਾਂ ਜ਼ਿਆਦਾ ਹਨ। ਫਿਲਹਾਲ ਬਚਾਅ ਪੱਖ ਬਹੁਤਾ ਕੁੱਝ ਕਹਿਣਾ ਨਹੀਂ ਚਾਹੁੰਦਾ। ਬੀਤੇ ਦਿਨੀਂ ਤਾਹਿਰ ਸ਼ਰੀਫ਼ ਨੂੰ ਐਡਮਿੰਟਨ ਕੋਰਟ ਦੇ ਬੈਂਚ ਅੱਗੇ ਪੇਸ਼ ਕੀਤਾ ਗਿਆ ਸੀ। ਸਾਰੀ ਕਾਰਵਾਈ ਨੂੰ ਕੁੱਝ ਹੀ ਸਮਾਂ ਲੱਗਾ। ਇਸ ਦੌਰਾਨ ਉਸ ਨੇ ਆਪਣੇ ਚਿਹਰੇ ਉਪਰ ਕੋਈ ਭਾਵ ਨਹੀਂ ਆਉਣ ਦਿਤੇ। ਪੂਰੀ ਸੁਣਵਾਈ ਦੌਰਾਨ ਕੋਈ ਵੀ ਪਰਿਵਾਰਕ ਮੈਂਬਰ ਜਾਂ ਸਮਰਥਕ ਨਹੀਂ ਵੇਖਿਆ ਗਿਆ।

# ਬਰਫ਼ ਹਟਾਉਣ ਵਿਚ ਹੋਈ ਦੇਰੀ ਲਈ ਮੇਅਰ ਨੇ ਮੰਗੀ ਮਾਫ਼ੀ

ਐਡਮਿੰਟਨ (ਨਦਬ) : ਮੇਅਰ ਸਟੀਫ਼ਨ ਮੈਂਡਲ ਨੇ ਸ਼ਹਿਰ ਦੀਆਂ ਸੜਕਾਂ 'ਤੇ ਪਈ ਬਰਫ਼ ਹਟਾਉਣ ਵਿਚ ਹੋਈ ਦੇਰੀ ਕਾਰਨ ਲੋਕਾਂ ਨੂੰ ਪੇਸ਼ ਆਈ ਪ੍ਰੇਸ਼ਾਨੀ ਲਈ ਮਾਫ਼ੀ ਮੰਗਦਿਆਂ ਅਗਲੀ ਵਾਰੀ ਵਧੀਆ ਕੰਮ ਕਰ ਕੇ ਦਿਖਾਉਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਯਕੀਨੀ ਤੌਰ 'ਤੇ ਲੋਕਾਂ ਲਈ ਭਾਰੀ ਪ੍ਰੇਸ਼ਾਨੀ ਦਾ ਸਬੱਬ ਬਣਿਆ ਹੋਵੇਗਾ। ਜਦੋਂ ਉਹ ਆਪਣੇ ਘਰਾਂ ਤੋਂ ਬਾਹਰ ਨਿਕਲਣ ਵਿਚ ਹਰ ਰੋਜ਼ ਅਸਮਰਥ ਮਹਿਸੂਸ ਕਰਦੇ ਹੋਣਗੇ। ਮੈਂਡਲ ਨੇ ਇਸ ਮੌਕੇ ਗ੍ਰੇਡਰ, ਪਲੋਅ ਅਤੇ ਹੋਰ ਸੰਦਾਂ ਨਾਲ ਦਿਨ ਰਾਤ ਬਿਨਾ ਅਰਾਮ ਕੀਤੇ ਕੰਮ ਕਰਦੇ ਰਹੇ ਕਰਮਚਾਰੀਆਂ ਦੀ ਸ਼ਲਾਘਾ ਵੀ ਕੀਤੀ।

ਉਨ੍ਹਾਂ ਇਸ ਕੋਤਾਹੀ ਲਈ ਵੀ ਮਾਫ਼ੀ ਮੰਗੀ ਕਿ ਇਲਾਕਾ ਵਾਸੀਆਂ ਨੂੰ ਸਮੇਂ ਸਿਰ ਇਹ ਜਾਣਕਾਰੀ ਨਹੀਂ ਦਿਤੀ ਜਾ ਸਕੀ ਕਿ ਉਨ੍ਹਾਂ ਦੇ ਇਲਾਕੇ ਕਦੋਂ ਤਕ ਸਾਫ਼ ਹੋਣਗੇ। ਪਰ ਵੱਡੀ ਗਿਣਤੀ ਨਿਵਾਸੀਆਂ ਉਪਰ ਇਸ ਖਿਮਾ ਯਾਚਨਾ ਦਾ ਕੋਈ ਬਹੁਤ ਅਸਰ ਨਹੀਂ ਲਗ ਰਿਹਾ। ਆਉਣ ਜਾਣ ਵਾਸਤੇ ਵੀਲ ਚੇਅਰ ਦੀ ਵਰਤੋਂ ਕਰਨ ਵਾਲੀ ਰੀਮਾ ਥੋਮਸ ਨਾਮਕ ਔਰਤ ਮੁਤਾਬਕ ਉਸ ਨੇ ਕਈ ਵਾਰੀ ਅਧਿਕਾਰੀਆਂ ਨੂੰ ਆਪਣੀ ਪ੍ਰੇਸ਼ਾਨੀ ਦੱਸਦਿਆਂ ਘਰ ਅੱਗੋਂ ਬਰਫ਼ ਹਟਾਉਣ ਲਈ ਬੇਨਤੀ ਕੀਤੀ ਪਰ ਕੋਈ ਸੁਣਵਾਈ ਨਹੀਂ ਹੋਈ। ਉਸ ਦੇ ਘਰ ਕੋਲ ਇਕ ਸਕੂਲ ਅਤੇ ਅਸਿਸਟਿਡ ਲਿਵਿੰਗ ਸੈਂਟਰ ਵੀ ਹੈ। ਕੁੱਝ ਦਿਨ ਮਗਰੋਂ ਉਸ ਦਾ ਪਤੀ ਬਰਫ਼ ਤੋਂ ਤਿਲਕਣ ਕਾਰਨ ਗੰਭੀਰ ਸੱਟਾਂ ਦਾ ਸ਼ਿਕਾਰ ਹੋਇਆ।

## ਪੁਲਿਸ ਅਫ਼ਸਰ ਮਾਰ ਕੁਟਾਈ ਲਈ ਜ਼ਿੰਮੇਵਾਰ

ਐਡਮਿੰਟਨ (ਨਦਬ) : ਐਡਮਿੰਟਨ ਪੁਲਿਸ ਦੇ ਕਾਂਸਟੇਬਲ ਹਾਉਇਨ ਜੈਂਗ ਨੂੰ ਦਸੰਬਰ 2008 ਵਿਚ ਇਕ ਹੱਥਕੜੀਆਂ ਵਿਚ ਬੱਝੇ ਆਦਮੀ ਉਪਰ ਫਲੈਸ਼ਲਾਈਟ ਨਾਲ ਹਮਲਾ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਹ ਘਟਨਾ 104 ਐਵੀਨਿਊ ਅਤੇ 145 ਸਟ੍ਰੀਟ ਵਿਖੇ ਵਾਪਰੀ ਸੀ। ਰਿਪੋਰਟ ਅਨੁਸਾਰ ਜੀਨ ਮਾਰਕ ਵਾਲੀਓ ਨਾਮੀ ਆਦਮੀ ਚੋਰੀ ਦੇ ਟਰੱਕ ਨਾਲ ਫੜਿਆ ਗਿਆ ਸੀ। ਫੜੇ ਜਾਣ 'ਤੇ ਇਸ ਅਫ਼ਸਰ ਨੇ ਉਸ ਦੇ ਸਿਰ 'ਤੇ ਫਲੈਸ਼ ਲਾਈਟ ਮਾਰੀ ਤੇ ਮਗਰੋਂ ਉਸ ਨੂੰ ਪੁਲਿਸ ਦੀ ਕਾਰ ਵਿਚ ਸੁੱਟ ਕੇ ਉਸ ਉਪਰ ਚੀਕਣ ਲੱਗ ਪਿਆ ਤੇ ਵਾਰ ਵਾਰ ਮੁੱਕੇ ਮਾਰੇ।

## ਗੁਰਦਵਾਰਾ ਮਿਲਵੁਡਜ਼ 'ਚ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਪਹੁੰਚਣਗੇ

ਐਡਮਿੰਟਨ (ਨਦਬ) : ਗੁਰਦਵਾਰਾ ਮਿਲਵੁਡਜ਼ ਵਿਖੇ 14 ਫਰਵਰੀ ਦਿਨ ਸੋਮਵਾਰ ਨੂੰ ਹਫਤਾਵਾਰੀ ਦੀਵਾਨ ਦੌਰਾਨ ਕਥਾਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਪਹੁੰਚ ਰਹੇ ਹਨ। ਇਸ ਸਮਾਗਮ ਵਿਚ ਜਿਥੇ ਗਿਆਨੀ ਧਰਮਵੀਰ ਸਿੰਘ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ, ਉਥੇ ਭਾਈ ਅਮਰੀਕ ਸਿੰਘ ਗੁਰਦਾਸਪੁਰੀ ਦਾ ਜਥਾ ਕੀਰਤਨ ਨਾਲ ਹਾਜ਼ਰੀ ਭਰੇਗਾ। ਇਸ ਗੁਰੂਘਰ ਵਿਚ ਹਰ ਐਤਵਾਰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 12.30 ਵਜੇ ਤਕ ਹਫ਼ਤਾਵਾਰੀ ਦੀਵਾਨ ਸਜਦੇ ਹਨ।

# ਤਨਖ਼ਾਹ ਵਧਾਉਣ ਦੀ ਯੋਜਨਾ ਬੁਰੀ ਤਰਕੀਬ : ਮੈਂਡਲ

ਐਡਮਿੰਟਨ (ਨਦਬ) : ਮੇਅਰ ਸਟੀਫ਼ਨ ਮੈਂਡਲ ਮੁਤਾਬਕ ਕੌਂਸਲ ਦੀ ਤਨਖ਼ਾਹ ਵਧਾਉਣ ਦੀ ਯੋਜਨਾ ਇਕ ਬੁਰੀ ਤਰਕੀਬ ਹੈ। ਕੌਂਸਲ ਨੂੰ 4.6 ਫ਼ੀ ਸਦੀ ਵਾਧੇ ਨਾਲ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ। ਸਾਲ 2011 ਲਈ ਤਨਖ਼ਾਹ ਵਿਚ ਵਾਧੇ ਦੀ ਕੋਈ ਯੋਜਨਾ ਨਾ ਰੱਖੀ ਜਾਵੇ। ਬਜਟ ਅਤੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਅਤੇ ਕੌਂਸਲ ਦੇ ਕੰਮ ਤੋਂ ਅਸੰਤੁਸ਼ਟੀ ਨੂੰ ਵੇਖਦਿਆਂ ਇਹ ਸਹੀ ਸਮਾਂ ਨਹੀਂ ਕਿ ਕੌਂਸਲ ਦੀਆਂ ਤਨਖ਼ਾਹਾਂ ਵਧਾਈਆਂ ਜਾਣ। ਮੈਂਡਲ ਮੁਤਾ-ਬਕ ਉਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਤੋਂ ਤਨਖ਼ਾਹ ਵਿਚ ਕੋਈ ਵਾਧਾ ਕਬੂਲ ਨਹੀਂ ਕੀਤਾ। ਸਾਲ 2012 ਵਿਚ ਕੌਂਸਲ ਨੂੰ ਮਿਲਣ ਵਾਲੇ ਮੁਆਵਜ਼ੇ ਉਪਰ ਵਿਚਾਰ ਕਰਨ ਲਈ ਇਕ ਕਮੇਟੀ ਬਣਾਈ ਜਾਵੇਗੀ। ਕੁਝ ਕੌਂਸਲਰਾਂ ਦਾ ਵੀ ਇਹੀ ਵਿਚਾਰ ਹੈ ਕਿ ਪ੍ਰਸਤਾਵਿਤ ਵਾਧਾ ਬਹੁਤ ਜ਼ਿਆਦਾ ਹੈ। ਸ਼ਹਿਰ ਦੇ ਮੈਨੇਜਰਾਂ ਅਤੇ ਨਾਨ ਅਨਯੂਨੀਅਸਾਈਜ਼ਡ ਸਟਾਫ਼ ਨੂੰ ਤਨਖ਼ਾਹ ਵਿਚ ਇਸ ਸਾਲ 1.5 ਫ਼ੀ ਸਦੀ ਦਾ ਵਾਧਾ ਦਿਤਾ ਗਿਆ ਹੈ। ਕੌਂਸਲਰਾਂ ਦੀ ਤਨਖ਼ਾਹ ਵਿਚ ਬੀਤੇ 10 ਸਾਲਾਂ ਦੌਰਾਨ 34 ਫ਼ੀ ਸਦੀ ਵਾਧਾ ਕੀਤਾ ਜਾ ਚੁੱਕਿਆ ਹੈ ਜਦੋਂ ਕਿ ਇਸੇ ਕਾਲ ਦੌਰਾਨ ਬਾਕੀ ਅਨਯੂਨੀਅਨਾਈਜ਼ਡ ਕਰਮਚਾਰੀਆਂ ਨੂੰ 37 ਫ਼ੀ ਸਦੀ ਅਤੇ ਪੁਲਿਸ ਅਤੇ ਅੱਗ ਬੁਝਾਊ ਦਸਤੇ ਦੇ ਕਰਮਚਾਰੀਆਂ ਨੂੰ 40 ਫ਼ੀ ਸਦੀ ਦਾ ਵਾਧਾ ਮਿਲਿਆ ਹੈ।

ਸੰਭਾਵਨਾ ਹੈ ਕਿ ਕੌਂਸਲਰ ਆਪਣੀ ਤਨਖ਼ਾਹ ਵਿਚ ਮਿਲਿਆ ਵਾਧਾ ਲੈਣ ਤੋਂ ਮਨ੍ਹਾ ਕਰ ਦੇਣ ਜਾਂ ਸ਼ਹਿਰ ਨੂੰ ਇਹ ਪੈਸਾ ਵਾਪਸ ਕਰ ਦੇਣ ਤਾਂ ਜੋ ਇਸ ਦੀ ਵਰਤੋਂ ਟੈਕਸ ਕਟੌਤੀ ਲਈ ਹੋ ਸਕੇ। ਕੌਂਸਲਰ ਮੌਜੂਦਾ ਪੇਅ ਸਕੇਲ ਦੇ ਆਧਾਰ 'ਤੇ ਇਸ ਵੇਲੇ ਸਾਲਾਨਾ 79,787 ਡਾਲਰ ਲੈਂਦੇ ਹਨ। ਮੇਅਰ ਦੀ ਤਨਖ਼ਾਹ ਅਸਲ ਵਿਚ 144, 061 ਡਾਲਰ ਹੈ ਪਰ ਮੈਂਡਲ 131000 ਹੀ ਲੈ ਰਹੇ ਹਨ। ਇਸ ਤੋਂ ਇਲਾਵਾ ਕੌਂਸਲਰਾਂ ਨੂੰ ਹਰ ਮਹੀਨੇ 544 ਡਾਲਰ ਕਾਰ ਭੱਤਾ ਦਿਤਾ ਜਾਂਦਾ ਹੈ ਅਤੇ ਮੇਅਰ ਨੂੰ 1089 ਡਾਲਰ ਕਾਰ ਭੱਤਾ ਮਿਲਦਾ ਹੈ। ਦਫ਼ਤਰ ਛੱਡਣ ਵੇਲੇ ਹਰ ਕੌਂਸਲਰ ਨੂੰ 36 ਹਫ਼ਤਿਆਂ ਦੀ ਤਨਖ਼ਾਹ ਵੀ ਦਿਤੀ ਜਾਂਦੀ ਹੈ।

# ਅਲਬਰਟਾ ਯੂਨੀਵਰਸਿਟੀ ਦਾ ਯੂ ਐਂਡ ਏ ਭਾਈਚਾਰਾ ਹੋਇਆ ਬਰਖ਼ਾਸਤ

ਅਲਬਰਟਾ (ਨਦਬ) : ਅਲਬਰਟਾ ਯੂਨੀਵਰਸਿਟੀ ਦੇ ਯੂ ਐਂਡ ਏ ਭਾਈਚਾਰੇ ਦੇ ਡੈਲਟਾ ਕੱਪਾ ਐਪਲਿਪਸਨ ਸਟੂਡੈਂਟ ਗਰੁੱਪ ਨੂੰ 'ਹੇਜ਼ਿੰਗ' ਦੇ ਦੋਸ਼ ਹੇਠ ਪੰਜ ਸਾਲਾਂ ਲਈ ਬਰਖ਼ਾਸਤ ਕਰ ਦਿਤਾ ਗਿਆ ਹੈ। ਵਿਦਿਆਰਥੀਆਂ ਸਬੰਧੀ ਮਾਮਲਿਆਂ ਦੇ ਡੀਨ ਨੇ ਇਸ ਨੂੰ ਅਦਾਰੇ ਦੇ ਨਿਯਮਾਂ ਅਤੇ ਜ਼ਾਬਤੇ ਦੇ ਸਰਾਸਰ ਵਿਰੁਧ ਦਸਦਿਆਂ ਇਸ ਬਰਖ਼ਾਸਤੀ ਦੀ ਸ਼ਲਾਘਾ ਕੀਤੀ ਹੈ। ਬੀਤੇ ਸਾਲ 21 ਅਕਤੂਬਰ ਨੂੰ ਮਾਮਲੇ ਦੀ ਜਾਂਚ ਸ਼ੁਰੂ ਹੋਈ ਸੀ, ਜਦੋਂ ਇਸ ਧੜੇ ਦੇ ਕੁੱਝ ਵਿਦਿਆਰਥੀ ਇਕ ਵੀਡੀਓ ਟੇਪ ਵਿਚ ਬੇਹੱਦ ਸ਼ਰਮਨਾਕ ਹਰਕਤਾਂ ਕਰਦੇ ਵੇਖੇ ਗਏ। ਟੇਪ ਵਿਚ ਇਨ੍ਹਾਂ ਨੂੰ ਲੋਕਾਂ ਉਪਰ ਚੀਕਦਿਆਂ, ਧਮਕਾਉਂਦਿਆਂ ਅਤੇ ਆਪਣੀ ਉਲਟੀ ਖਾਣ ਲਈ ਕਹਿੰਦਿਆਂ ਵੇਖਿਆ ਜਾ ਸਕਦਾ ਹੈ। ਇਸ ਧੜੇ ਨੂੰ ਯੂਨੀਵਰਸਿਟੀ ਵਿਚ ਡੈਕਸ ਨਾਂਅ ਨਾਲ ਜਾਣਿਆ ਜਾਂਦਾ ਹੈ। ਆਉਂਦੇ 5 ਸਾਲਾਂ ਤਕ ਇਸ ਨੂੰ ਕੈਂਪਸ ਵਿਚ 'ਗਰੁੱਪ' ਦਾ ਦਰਜਾ ਹਾਸਲ ਕਰਨ ਲਈ ਅਰਜ਼ੀ ਦੇਣ ਦਾ ਹੱਕ ਨਹੀਂ ਹੋਵੇਗਾ। ਜਾਂਚ ਦੌਰਾਨ ਇਸ ਗਰੁੱਪ ਦੇ ਲੋਕਾਂ ਨੇ ਕਬੂਲਿਆ ਕਿ ਉਹ ਕਈ ਸਾਲਾਂ ਤੋਂ ਅਜਿਹੀਆਂ ਹਰਕਤਾਂ ਕਰਦੇ ਆ ਰਹੇ ਹਨ। ਜੇਕਰ ਇਹ ਲੋਕ ਆਪਣੇ ਚਾਲ ਚਲਨ ਵਿਚ ਸੁਧਾਰ ਵਿਖਾਉਣਗੇ ਤਾਂ ਤਿੰਨ ਸਾਲ ਬਾਅਦ ਬਰਖ਼ਾਸਤਗੀ ਹਟਾਈ ਵੀ ਜਾ ਸਕਦੀ ਹੈ। ਇਸ ਤੋਂ ਪਹਿਲਾਂ 1999 ਵਿਚ ਵੀ ਡੈਕਸ ਨੂੰ ਅਜਿਹੀਆਂ ਹਰਕਤਾਂ ਲਈ ਬਰਖ਼ਾਸਤ ਕੀਤਾ ਗਿਆ ਸੀ।

# ਸਾਇੰਸਦਾਨਾਂ ਵੱਲੋਂ ਡਾਇਨਾਸੌਰਾਂ ਦੇ ਅਲੋਪ ਹੋਣ ਦੇ ਸਿਧਾਂਤ ਨੂੰ ਚੁਣੌਤੀ

**ਅਲਬਰਟਾ (ਨਦਬ)** ਕੈਨੇਡੀਅਨ ਅਤੇ ਅਮਰੀਕੀ ਸਾਇੰਸਦਾਨਾਂ ਦੀ ਇਕ ਟੀਮ ਨੂੰ ਡਾਇਨਾਸੌਰ ਦੀ ਇਕ ਬੇਹੱਦ ਪੁਰਾਤਨ ਹੱਡੀ ਮਿਲੀ ਹੈ। ਸਾਇੰਸਦਾਨਾਂ ਦੇ ਸੋਧ ਮੁਤਾਬਕ ਹੱਡੀ 64.8 ਮਿਲੀਅਨ ਸਾਲ ਪੁਰਾਣੀ ਹੈ। ਇਸ ਖੋਜ ਨੇ ਡਾਇਨਾਸੌਰਾਂ ਦੀ ਨਸਲ ਹਮੇਸ਼ਾ ਲਈ ਖ਼ਤਮ ਹੋ ਜਾਣ ਦੇ ਹੁਣ ਤਕ ਤੇ ਪ੍ਰਚਲਿਤ ਸਿਧਾਂਤ ਨੂੰ ਗੰਭੀਰ ਚੁਣੌਤੀ ਦਿਤੀ ਹੈ। ਹੁਣ ਤਕ ਇਹ ਮੰਨਿਆ ਜਾਂਦਾ ਸੀ ਕਿ ਡਾਇਨਾਸੌਰ, ਕੁਝ ਗ੍ਰਹਿਆਂ ਦੇ ਆਪਸ ਵਿਚ ਟਕਰਾ ਜਾਣ ਕਾਰਨ ਆਈ ਕੁਦਰਤੀ ਆਫ਼ਤ ਕਾਰਨ 65.5 ਮਿਲੀਅਨ ਸਾਲ ਪਹਿਲਾਂ ਪੂਰੀ ਤਰ੍ਹਾਂ ਅਲੋਪ ਹੋ ਗਏ ਸੀ।



ਡਾਇਨਾਸੌਰ ਦੀ ਜੋ ਕੰਕਾਲ ਬਣੀ ਹੋਈ ਹੱਡੀ ਸਾਇੰਸਦਾਨਾਂ ਨੂੰ ਮਿਲੀ ਹੈ, ਇਹ ਅੱਜ ਤੋਂ 64.5 ਮਿਲੀਅਨ ਸਾਲ ਪਹਿਲਾਂ ਮਰੇ ਇਕ ਡਾਇਨਾਸੌਰ ਦੀ ਹੈ, ਜੋ ਉਸ ਥਾਂ ਮਰ ਗਿਆ ਸੀ, ਜਿਥੇ ਅੱਜ ਨਿਊ ਮੈਕਸਿਕੋ ਹੈ। ਇਸ ਨਵੇਂ ਸਿਧਾਂਤ ਤੋਂ ਇਹ ਪਤਾ ਲਗਦਾ ਹੈ ਕਿ 65 ਮਿਲੀਅਨ ਸਾਲ ਪਹਿਲਾਂ ਸਾਰੇ ਡਾਇਨਾਸੌਰ ਮਾਰੇ ਨਹੀਂ ਸਨ ਗਏ। ਕੁੱਝ ਡਾਇਨਾਸੌਰ ਨਿਊ ਮੈਕਸਿਕੋ ਅਤੇ ਕੋਲੋਰਡੋ ਬਾਰਡਰ ਦੇ ਇਲਾਕਿਆਂ ਵਿਚ ਇਸ ਘਟਨਾ ਤੋਂ ਬਾਅਦ ਵੀ ਪਾਏ ਜਾਂਦੇ ਸਨ। ਇਸ ਦਾ ਮਤਲਬ ਇਹ ਹੈ ਕਿ ਕੈਨੇਡਾ ਅਤੇ ਅਮਰੀਕਾ ਵਾਂਗ ਪੂਰੀ ਦੁਨੀਆ ਵਿਚ ਅੱਜ ਤੋਂ 65 ਮਿਲੀਅਨ ਸਾਲਾਂ ਦੇ ਸਮੇਂ ਦੌਰਾਨ ਡਾਇਨਾਸੌਰ ਪਾਏ ਜਾਂਦੇ ਸਨ।

# ਓਬਾਮਾ ਦੀ ਚਿਤਾਵਨੀ, ਅਮਰੀਕਾ ਪਛੜ ਰਿਹੈ



ਵਾਸ਼ਿੰਗਟਨ (ਨਦਬ) : ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੁਲਕ ਵਾਸੀਆਂ ਨੂੰ ਚਿਤਾਵਨੀ ਦਿਤੀ ਹੈ ਕਿ ਜੇਕਰ ਛੇਤੀ ਹੀ ਅਸੀਂ ਸਿਖਿਆ ਅਤੇ ਵਿਗਿਆਨਕ ਸੋਧ ਕਾਰਜ ਦਾ ਪੱਧਰ ਹੋਰ ਉਚਾ ਨਾ ਕੀਤਾ ਤਾਂ ਮੁਲਕ ਦੁਨੀਆਂ ਦੇ ਬਾਕੀ ਤੇਜ਼ੀ ਨਾਲ ਉਭਰ ਰਹੇ ਮੁਲਕਾਂ ਤੋਂ ਪਛੜ ਜਾਵੇਗਾ। ਓਬਾਮਾ ਮੁਤਾਬਕ ਮੁਲਕ ਅੱਗੇ ਇਸ ਵੇਲੇ ਅਜਿਹੀ ਸਥਿਤੀ ਹੈ ਜੋ ਸਾਬਤ ਕਰੇਗੀ ਕਿ ਕੀ ਮੁਲਕ ਸੱਭ ਤੋਂ ਅੱਗੇ ਹੈ ਜਾਂ ਬਿਲਕੁਲ ਪਿਛੇ।

ਆਪਣੇ ਸਾਲਾਨਾ ਸਟੇਟ ਆਫ਼ ਦੀ ਯੂਨੀਅਨ ਭਾਸ਼ਣ ਵਿਚ ਓਬਾਮਾ ਨੇ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਅਮਰੀਕਾ ਇਸ ਵੇਲੇ ਸਿਖਿਆ ਦੇ ਖੇਤਰ ਵਿਚ ਆਪਣੀ ਅੰਤਰਰਾਸ਼ਟਰੀ ਪਕੜ ਗੁਆਉਂਦਾ ਜਾ ਰਿਹਾ ਹੈ। ਚੀਨ ਅਤੇ ਭਾਰਤ ਇਸ ਵੇਲੇ ਓਬਾਮਾ ਮੁਤਾ-ਬਕ ਅਮਰੀਕਾ ਵਾਸਤੇ ਇਨ੍ਹਾਂ ਖੇਤਰਾਂ ਵਿਚ ਵੱਡਾ ਖ਼ਤਰਾ ਹਨ। ਲੋਕਾਂ ਦਾ ਮਨੋਬਲ ਉਚਾ ਕਰਨ ਲਈ ਉਨ੍ਹਾਂ 1950 ਦੇ ਦਹਾਕੇ ਦੀ ਉਦਾਹਰਣ ਦਿਤੀ ਜਦੋਂ ਅਮਰੀਕਾ ਅੰਤਰਕਿਸ਼ ਵਿਚ ਸੈਟੇਲਾਈਟ ਭੇਜਣ ਦੇ ਮਾਮਲੇ ਵਿਚ ਸੋਵੀਅਤ ਸੰਘ ਦਾ ਮੁਕਾਬਲਾ ਨਹੀਂ ਸੀ ਕਰ ਪਾ ਰਿਹਾ। ਨਾਸਾ ਵੀ ਹੋਂਦ ਵਿਚ ਨਹੀਂ ਸੀ ਆਇਆ। ਪਰ ਇਕ ਵਾਰੀ ਇਸ ਖੇਤਰ ਵਿਚ ਨਿਵੇਸ਼ ਕਰਨ ਦੀ ਦੇਰੀ ਸੀ ਕਿ ਅਮਰੀਕਾ ਸਭ ਨੂੰ ਪਿੱਛੇ ਛੱਡ ਗਿਆ ਅਤੇ ਅੱਜ ਪੁਲਾੜ ਸਬੰਧੀ ਖੋਜਾਂ ਵਿਚ ਉਸ ਦਾ ਕੋਈ ਸਾਨੀ ਨਹੀਂ।

ਇਨ੍ਹਾਂ ਵਿਚ ਮੁੜ ਨਿਵੇਸ਼ ਦੀ ਲੋੜ ਹੈ ਜਿਸ ਵਾਸਤੇ ਆਉਂਦੇ ਪੰਜ ਸਾਲਾਂ ਦੌਰਾਨ ਸਮਾਜਕ ਸੁਰੱਖਿਆ, ਸਿਹਤ ਸਹੂਲਤਾਂ ਅਤੇ ਕੌਮੀ ਸੁਰੱਖਿਆ ਉਪਰ ਖ਼ਰਚ ਕੁੱਝ ਘੱਟ ਕਰਨਾ ਪਵੇਗਾ ਪਰ ਬਾਇਉ ਮੈਡੀਕਲ ਰਿਸਰਚ ਅਤੇ ਕਲੀਨ ਐਨਰਜੀ ਤਕਨਾਲੋਜੀ ਜਿਹੇ ਮਸਲਿਆਂ ਉਪਰ ਕੋਈ ਸਮਝੌਤਾ ਨਹੀਂ ਹੋਵੇਗਾ। ਰਾਸ਼ਟਰਪਤੀ ਦਾ ਕਹਿਣਾ ਹੈ ਕਿ ਮੈਥ ਅਤੇ ਸਾਇੰਸ ਅਧਿਆਪਕਾਂ ਦੀ ਸਿਖਲਾਈ ਉਪਰ ਹੋਰ ਖ਼ਰਚ ਕੀਤਾ ਜਾਵੇਗਾ। ਇਸ ਵੇਲੇ ਕਾਲਜ ਡਿਗਰੀ ਹਾਸਲ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਦੇ ਮਾਮਲੇ ਵਿਚ ਅਮਰੀਕਾ ਦੁਨੀਆਂ ਵਿਚ 9ਵੇਂ ਨੰਬਰ 'ਤੇ ਖਿਸਕ ਗਿਆ ਹੈ। ਓਬਾਮਾ ਨੇ ਫਿਰ ਲੋਕਾਂ ਦੀ ਦੁਖਦੀ ਰਗ ਛੇੜਦਿਆਂ ਆਖਿਆ ਕਿ ਇਸ ਵੇਲੇ ਸਵਾਲ ਇਹ ਹੈ ਕਿ ਕੀ ਸਾਡੀਆਂ ਨੌਕਰੀਆਂ ਦਾ ਗੜ੍ਹ ਸਾਡੇ ਮੁਲਕ ਵਿਚ ਹੈ ਜਾਂ ਕਿਸੇ ਹੋਰ ਮੁਲਕ ਵਿਚ, ਸਾਡੇ ਲੋਕਾਂ ਨੂੰ ਉਨ੍ਹਾਂ ਦੀ ਕਾਬਲੀਅਤ ਦਾ ਪੂਰਾ ਮੁਲ ਮਿਲ ਰਿਹਾ ਹੈ ਜਾਂ ਬਾਹਰ ਵਾਲਿਆਂ ਨੂੰ। ਜ਼ਿਕਰਯੋਗ ਹੈ ਕਿ ਅਮਰੀਕਾ ਵਿਖੇ ਬੇਰੁਜ਼ਗਾਰੀ ਦਰ 9.4 ਫ਼ੀ ਸਦੀ 'ਤੇ ਪੁੱਜ ਚੁੱਕੀ ਹੈ।

# ਨੀਂਦ 'ਚ ਤੁਰਨ ਦਾ ਕਾਰਨ ਡੀ.ਐਨ.ਏ. ਵਿਚ ਨੁਕਸ

ਲੰਡਨ (ਨਦਬ) : ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਡੀ.ਐਨ.ਏ. ਵਿਚਲੇ ਅਜਿਹੇ 'ਕੋਡ' ਦਾ ਪਤਾ ਲਾ ਲਿਆ ਹੈ, ਜੋ ਲੋਕਾਂ ਨੂੰ ਨੀਂਦ 'ਚ ਤੁਰਨ ਲਾ ਦੇਂਦਾ ਹੈ। ਜੇਕਰ ਇਹ ਦਾਅਵਾ ਹਕੀਕਤ 'ਚ ਵੀ ਸੱਚ ਸਾਬਤ ਹੁੰਦਾ ਹੈ ਤਾਂ ਇਸ ਨਾਲ ਨੀਂਦ 'ਚ ਤੁਰਨ ਵਾਲਿਆਂ ਦੇ ਇਲਾਜ ਲਈ ਰਾਹ ਖੁੱਲ੍ਹਣ ਦੇ ਆਸਾਰ ਹਨ। ਵਿਗਿਆਨੀਆਂ ਦੀ ਇਕ ਕੌਮਾਂਤਰੀ ਟੀਮ ਦਾ ਦਾਅਵਾ ਹੈ ਕਿ ਨੀਂਦ 'ਚ ਤੁਰਨ ਵਾਲਿਆਂ ਦੇ ਨੁਕਸਦਾਰ ਕ੍ਰੋਮੋਸੋਮ ਇਸ ਅਲਾਮਤ ਲਈ ਜ਼ਿੰਮੇਵਾਰ ਹੁੰਦੇ ਹਨ। ਇਸ ਟੀਮ ਨੇ ਇਕੋ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਦਾ ਅਧਿਐਨ ਕਰਦਿਆਂ ਕ੍ਰੋਮੋਸੋਮ 20 ਨੁਕਸਾਂ ਦਾ ਪਤਾ ਲਾਇਆ ਹੈ। 'ਨਿਊਰੋਲੋਜੀ' ਪੱਤਰਿਕਾ 'ਚ ਛਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਨੁਕਸਦਾਰ ਡੀ.ਐਨ.ਏ. ਦੀ ਇਕ ਕਾਪੀ ਵੀ ਕਿਸੇ ਦੇ ਚੱਜ ਅਚਾਰ 'ਚ ਰਾਤ ਨੂੰ ਤੁਰਨਾ ਸ਼ਾਮਲ ਕਰ ਸਕਦੀ ਹੈ।

ਵਾਸ਼ਿੰਗਟਨ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਦੀ ਡਾਕਟਰ ਕ੍ਰਿਸਟੀਨਾ ਗੁਰਨੈਟ ਦੀ ਅਗਵਾਈ ਵਾਲੀ ਟੀਮ ਨੇ ਨੀਂਦ 'ਚ ਤੁਰਨ ਵਾਲਿਆਂ ਦੇ ਇਕ ਵੱਡੇ ਪਰਿਵਾਰ ਤੋਂ ਮਦਦ ਮੰਗੀ ਸੀ। ਇਸ ਪਰਿਵਾਰ ਨੂੰ ਇਸ ਡਾਕਟਰ ਕੋਲ ਪਹੁੰਚ ਕਰਨ ਲਈ ਕਿਹਾ ਗਿਆ ਸੀ, ਕਿਉਂਕਿ ਪਰਿਵਾਰ ਦੀ ਸਭ ਤੋਂ ਛੋਟੀ ਮੈਂਬਰ 12 ਸਾਲਾ ਲੜਕੀ ਹੋਨਾ, ਇਸ ਕਾਰਨ ਬਹੁਤ ਔਖ ਝੱਲ ਰਹੀ ਸੀ ਤੇ ਹਰ ਰਾਤ ਉਹ ਤੁਰਦੀ-ਤੁਰਦੀ ਘਰੋਂ ਬਾਹਰ ਚਲੀ ਜਾਂਦੀ ਸੀ। ਟੀਮ ਨੇ ਇਸ ਪਰਿਵਾਰ ਦੇ ਥੁੱਕ ਦੇ ਨਮੂਨੇ ਲਏ। ਅੰਤ ਨੂੰ ਟੀਮ ਨੇ ਦੇਖਿਆ ਕਿ ਇਹ ਮੁਸ਼ਕਲ ਜੈਨੇਟਿਕ ਕੋਡ 'ਤੇ ਪੈਦਾ ਹੁੰਦੀ ਹੈ, ਜੋ ਕ੍ਰੋਮੋਸੋਮ 20 ਤੋਂ ਹੁੰਦਾ ਹੈ ਤੇ ਏਹੀ ਕੋਡ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰ ਰਿਹਾ ਹੈ। ਹਰੇਕ ਦੀ ਆਪਣੇ ਜੀਨ ਆਪਣੇ ਬੱਚਿਆਂ ਨੂੰ ਦੇਣ ਦੇ 50 ਫੀਸਦੀ ਆਸਾਰ ਹੁੰਦੇ ਹਨ। ਡਾ. ਕ੍ਰਿਸਟੀਨਾ ਨੇ ਬੀ.ਬੀ.ਸੀ. ਨੂੰ ਦੱਸਿਆ ਕਿ ਨੀਂਦ 'ਚ ਤੁਰਨ ਦੇ ਵਰਤਾਰੇ ਨਾਲ ਹੋਰ ਜੀਨ ਵੀ ਜੁੜੇ ਹੋਏ ਹੋ ਸਕਦੇ ਹਨ, ਜੋ ਕੁਝ ਉਨ੍ਹਾਂ ਦੀ ਟੀਮ ਨੇ ਲੱਭਿਆ ਹੈ, ਉਹ ਅਜਿਹੇ ਲੋਕਾਂ 'ਚ ਪਾਇਆ ਜਾਂਦਾ ਪਹਿਲਾ ਜੈਨੇਟਿਕ ਪੱਥ ਹੈ। ਉਨ੍ਹਾਂ ਕਿਹਾ ਕਿ ਜ਼ਰੂਰੀ ਨਹੀਂ ਸਾਰੇ ਲੋਕਾਂ ਲਈ ਇਹੀ ਜੀਨ ਜ਼ਿੰਮੇਵਾਰ ਹੋਵੇ, ਪਰ ਅਜਿਹੇ ਜੀਨਾਂ ਦੀ ਸ਼ਨਾਖਤ ਕਰਨ ਨਾਲ ਇਸ ਸਥਿਤੀ ਦੇ ਇਲਾਜ 'ਚ ਮਦਦ ਮਿਲ ਸਕਦੀ ਹੈ।

# ਇਕ ਹੋਰ ਲੜਕੀ ਜੁੜੀ ਬਰਲਸਕੋਨੀ ਮਾਮਲੇ ਨਾਲ

ਰੋਮ (ਨਦਬ) : ਇਤਾਲਵੀ ਪ੍ਰਧਾਨ ਮੰਤਰੀ ਸਿਲਵਿਓ ਬਰਲਸਕੋਨੀ ਦੀ ਬਦਨਾਮੀ ਦੇ ਸਿਲਸਿਲੇ ਨੂੰ ਠੱਲ੍ਹ ਪੈਂਦੀ ਨਜ਼ਰ ਨਹੀਂ ਆਉਂਦੀ। ਬਰਲਸਕੋਨੀ ਦੇ ਘਰ ਹੋਣ ਵਾਲੀਆਂ 'ਬੰਗਾ ਬੰਗਾ' ਸੈਕਸ ਪਾਰਟੀਆਂ ਸਬੰਧੀ ਕੁੱਝ ਹੋਰ ਖੁਲਾਸੇ ਹੋਏ ਹਨ। ਇਸ ਵਾਰੀ ਖੁਲਾਸਾ ਕਰਨ ਵਾਲੀ ਇਕ 19 ਸਾਲਾ ਬ੍ਰਾਜ਼ੀਲੀਅਨ ਮਾਡਲ ਹੈ। ਆਈਰਿਸ ਬੀਰਾਂਡੀ ਮੁਤਾਬਕ ਉਹ 2 ਸਾਲ ਪਹਿਲਾਂ ਬਰਲਸਕੋਨੀ ਦੇ ਸਾਰਡੀਨੀਆ ਵਿਚਲੇ ਸਮਰ ਵਿਲਾ ਵਿਖੇ ਗਈ ਸੀ ਤੇ ਇਸ ਤੋਂ ਇਕ ਮਹੀਨਾ ਮਗਰੋਂ ਅਜਿਹੀ ਇਕ ਹੋਰ ਸੈਕਸ ਪਾਰਟੀ ਵਿਚ। ਜਾਂਚ ਅਧਿਕਾਰੀਆਂ ਨੂੰ ਉਸ ਦੀ ਡਾਇਰੀ ਵਿਚ ਅਜਿਹੀਆਂ ਕਈ ਮੁਲਾਕਾਤਾਂ ਦਾ ਵੇਰਵਾ ਮਿਲਿਆ ਹੈ, ਜਿਸ ਵਿਚ ਉਸ ਨੂੰ ਬਰਲਸਕੋਨੀ ਨੂੰ 'ਡੈਡੀ' ਲਿਖਿਆ ਹੋਇਆ ਹੈ। ਵੇਰਵੇ ਦਸਦੇ ਹਨ ਕਿ ਉਸ ਨੂੰ ਅੱਠ ਮੌਕਿਆਂ 'ਤੇ 2000 ਯੂਰੋ ਅਦਾ ਕੀਤੇ ਗਏ। 74 ਸਾਲਾ ਪ੍ਰਧਾਨ ਮੰਤਰੀ ਉਪਰ ਪਹਿਲਾਂ ਹੀ ਇਕ ਨਾਬਾਲਗ ਡਾਂਸਰ ਰੂਬੀ ਹਾਰਟ ਸਟੀਲਰ ਨੂੰ ਸਰੀਰਕ ਸਬੰਧਾਂ ਬਦਲੇ ਪੈਸੇ ਅਦਾ ਕਰਨ ਦਾ ਦੋਸ਼ ਹੈ। ਕਦੀ



ਬਰਲਸਕੋਨੀ ਦਾ ਹਰ ਕਦਮ ਤੇ ਸਾਥ ਦਿੰਦੀ ਰਹੀ 25 ਸਾਲਾ ਨਿਕੋਲ ਮਿਨੈਟੀ ਵੀ ਹੁਣ ਉਸ ਵਿਰੁਧ ਬਿਆਨਬਾਜ਼ੀ ਕਰਨ ਲੱਗ ਪਈ ਹੈ। ਉਸ ਉਪਰ ਜ਼ਿੰਦਗੀ ਬਰਬਾਦ ਕਰ ਦੇਣ ਵਰਗੇ ਦੋਸ਼ ਲਾ ਰਹੀ ਹੈ। ਬਰਲਸਕੋਨੀ ਨੇ ਕਦੀ ਕੁੱਝ ਫ਼ਾਇਦਿਆਂ ਦੇ ਇਵਜ਼ ਵਿਚ ਉਸ ਨੂੰ ਰਾਜਨੀਤੀ ਵਿਚ ਦਾਖ਼ਲਾ ਦੁਆਇਆ ਸੀ। ਨਿਕੋਲ ਮਿਨੈਟੀ ਉਪਰ ਬਰਲਸਕੋਨੀ ਨੂੰ ਵੇਸਵਾਵਾਂ ਸਪਲਾਈ ਕਰਨ ਦਾ ਦੋਸ਼ ਹੈ। ਟੈਪ ਹੋਈ ਇਕ ਫੋਨ ਕਾਲ ਵਿਚ ਉਸ ਨੂੰ 24ਸਾਲਾ ਬਾਰਬਰ ਫੈਰੀਓਲੀ ਨਾਲ ਗੱਲਬਾਤ ਕਰਦਿਆਂ ਸੁਣਿਆ ਜਾ ਸਕਦਾ ਹੈ। ਇਸ ਦੌਰਾਨ ਉਹ ਕਹਿੰਦੀ ਹੈ ਕਿ ਇਤਾਲਵੀ ਰਾਜਨੀਤੀ ਦਾ ਇਸ ਵੇਲੇ ਬੁਰਾ ਹਾਲ ਹੈ ਅਤੇ ਜੇਕਰ ਬਰਲਸਕੋਨੀ ਫੜਿਆ ਗਿਆ ਤਾਂ ਸਾਰੇ ਉਸ ਨਾਲ ਹੀ ਡੁਬਣਗੇ।

# ਹਲਕੇ ਦੌਰੇ ਵੀ ਹੋ ਸਕਦੇ ਹਨ ਖ਼ਤਰਨਾਕ

ਵੈਨਕੂਵਰ (ਨਦਬ) : ਯੂ.ਬੀ.ਸੀ. ਬ੍ਰੇਨ ਰਿਸਰਚ ਸੈਂਟਰ ਦੇ ਸਾਇੰਸਦਾਨਾਂ ਦੀ ਨਵੀਂ ਖੋਜ ਮੁਤਾਬਕ ਆਮ ਤੌਰ 'ਤੇ ਅਣਗੌਲੇ ਕੀਤੇ ਜਾਂਦੇ ਹਲਕੇ ਦੌਰੇ ਖ਼ਤਰਨਾਕ ਵੀ ਹੋ ਸਕਦੇ ਹਨ। ਆਮ ਤੌਰ 'ਤੇ ਕੁੱਝ ਦੇਰ ਲਈ ਅੱਖਾਂ ਅੱਗੇ ਹਨੇਰਾ ਆ ਜਾਣ ਨਾਲ ਜਾਂ ਕੁੱਝ ਪਲਾਂ ਲਈ ਦਿਮਾਗ ਸੁੰਨ ਹੋ ਜਾਣ ਨਾਲ ਇਨਸਾਨ ਕੁੱਝ ਦੇਰ ਲਈ ਘਬਰਾ ਜਾਂਦਾ ਹੈ ਪਰ ਅਜਿਹੇ, ਕੁੱਝ ਵਕਫ਼ੇ ਦੇ ਦੌਰਿਆਂ ਵਲ ਲੋਕ ਬਹੁਤਾ ਧਿਆਨ ਨਹੀਂ ਦਿੰਦੇ ਅਤੇ ਇਨ੍ਹਾਂ ਦੇ ਲੱਛਣਾਂ ਜਾਂ ਅਲਾਮਤਾਂ ਨੂੰ ਥਕਾਵਟ ਨਾਂਅ ਦੇ ਕੇ ਭੁੱਲ ਜਾਂਦੇ ਹਨ ਪਰ ਜੇਕਰ ਸਾਇੰਸਦਾਨਾਂ ਦੀ ਮੰਨੀਏ ਤਾਂ ਇਨ੍ਹਾਂ ਛੋਟੇ ਛੋਟੇ ਦੌਰਿਆਂ ਦਾ ਇਨਸਾਨ ਦੇ ਦਿਮਾਗ ਉਪਰ ਗਹਿਰਾ ਅਸਰ ਪੈ ਸਕਦਾ ਹੈ। ਅਚਾਨਕ ਸਰੀਰ ਜਾਂ ਦਿਮਾਗ ਕੁੱਝ ਦੇਰ ਲਈ ਸੁੰਨ ਹੋ ਜਾਣਾ ਜਾਂ ਅੱਖਾਂ ਅੱਗੇ ਹਨੇਰਾ ਆਉਣ ਵਰਗੇ ਦੌਰਿਆਂ ਦੀ ਲੜੀ ਨੂੰ ਟੀ.ਆਈ.ਏ. ਕਿਹਾ ਜਾਂਦਾ ਹੈ, ਭਾਵ ਟ੍ਰਾਂਜੀਐਂਟ ਇਜ਼ਕੈਮਿਕ ਅਟੈਕਸ। ਇਸ ਦੀਆਂ ਅਲਾਮਤਾਂ ਆਮ ਤੌਰ 'ਤੇ 24 ਘੰਟੇ ਤਕ ਹੀ ਰਹਿੰਦੀਆਂ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਦਿਮਾਗ ਨੂੰ ਹੋਇਆ ਨੁਕਸਾਨ ਦਿਮਾਗ ਦੀ ਕਿਸੇ ਵੀ ਤਰ੍ਹਾਂ ਦੀ ਸਕੈਨਿੰਗ ਦੌਰਾਨ ਪਕੜ ਵਿਚ ਨਹੀਂ ਆਉਂਦਾ।

ਯੂ.ਬੀ.ਸੀ. ਬ੍ਰੇਨ ਰਿਸਰਚ ਸੈਂਟਰ ਦੇ ਮਾਹਿਰਾਂ ਮੁਤਾ-ਬਕ ਅਣਗੌਲਿਆਂ ਕੀਤਾ ਜਾਣ ਵਾਲਾ ਟੀ.ਆਈ.ਏ. ਅਸਲ ਵਿਚ ਸਿਹਤ ਨੂੰ ਅਚਾਨਕ ਆਇਆ ਵਿਗਾੜ ਹੈ। ਜਾਂਚ ਦੌਰਾਨ ਪਿਛਲੇ ਦਿਨਾਂ ਵਿਚ ਅਜਿਹੇ 13 ਲੋਕਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿਚ ਕਦੀ ਨਾ ਕਦੀ ਇਸ ਦੀਆਂ ਅਲਾਮਤਾਂ ਪਾਈਆਂ ਗਈਆਂ ਸਨ। ਜਾਂਚ ਦੌਰਾਨ ਇਨ੍ਹਾਂ ਦੇ ਦਿਮਾਗ ਦਾ ਪ੍ਰਭਾਵਿਤ ਹਿੱਸਾ ਵੇਖਣ ਨੂੰ ਮਿਲਿਆ। ਜਾਂਚ ਕਰਤਾਵਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੌਰਿਆਂ ਕਾਰਨ ਦਿਮਾਗ ਨੂੰ ਜੋ ਨੁਕਸਾਨ ਪੁੱਜਦਾ ਹੈ, ਉਹ ਕਦੀ ਵੀ ਠੀਕ ਨਹੀਂ ਹੁੰਦਾ। ਯੂ.ਬੀ.ਸੀ. ਅਤੇ ਵੈਨਕੂਵਰ ਕੋਂਸਟਲ ਹੈਲਥ ਨੂੰ 'ਕੈਨੇਡੀਅਨ ਇੰਸਟੀਚਿਊਟ ਫ਼ਾਰ ਹੈਲਥ ਰਿਸਰਚ' ਵਲੋਂ, ਇਹ ਜਾਂਚ ਜਾਰੀ ਰੱਖਣ ਵਾਸਤੇ 350,000 ਡਾਲਰ ਦੀ ਗ੍ਰਾਂਟ ਦਿਤੀ ਗਈ ਹੈ।

# ਅਲਬਰਟਾ ਟੀਚਰਜ਼ ਐਸੋਸੀਏਸ਼ਨ ਦੀ ਬੈਠਕ ਬੇਸਿੱਟਾ

ਐਡਮਿੰਟਨ (ਨਦਬ) : ਪ੍ਰੀਮੀਅਰ ਐਡ ਸਟੈਲਮੈਕ ਦੇ ਸੰਭਾਵੀ ਅਸਤੀਫ਼ੇ ਨੇ ਸੂਬੇ ਦੀ ਸਾਰੀ ਸਿਆਸੀ ਵਿਵਸਥਾ ਹਿਲਾ ਕੇ ਰੱਖ ਦਿਤੀ ਹੈ। ਅਸਤੀਫ਼ੇ ਦੀ ਗੱਲ ਪਤਾ ਲੱਗਣ ਦੀ ਦੇਰ ਸੀ ਕਿ ਸਿੱਖਿਆ ਮੰਤਰੀ ਡਵੇ ਹੈਨਕੋਕ ਨੇ ਅਲਬਰਟਾ ਟੀਚਰਜ਼ ਐਸੋਸੀਏਸ਼ਨ ਦੀ ਹੰਗਾਮੀ ਮੀਟਿੰਗ ਬੁਲਾ ਲਈ। ਮੀਟਿੰਗ ਵਿਚ ਸਿੱਖਿਆ ਮੰਤਰੀ ਨੇ ਦਸਿਆ ਕਿ ਸਰਕਾਰ ਹੁਣ ਅਧਿਆਪਕਾਂ ਦੀਆਂ ਤਨਖ਼ਾਹਾਂ ਵਿਚ 4.3 ਦਾ ਵਾਧਾ ਦੇਣ ਬਾਰੇ ਜੋ ਐਸੋਸੀਏਸ਼ਨ ਨਾਲ ਗੱਲਬਾਤ ਕਰ ਰਹੀ ਸੀ, ਹੁਣ ਨਹੀਂ ਦੇਵੇਗੀ। ਸਰਕਾਰ ਫ਼ਿਲਹਾਲ ਐਸੋਸੀਏਸ਼ਨ ਨਾਲ ਇਸ ਮਸਲੇ 'ਤੇ ਕੋਈ ਗੱਲ ਨਹੀਂ ਕਰੇਗੀ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਕਿਉਂਕਿ ਸੂਬਾ ਇਸ ਵੇਲੇ ਮਾੜੀ ਆਰਥਿਕ ਹਾਲਤ ਵਿਚੋਂ ਲੰਘ ਰਿਹਾ ਹੈ। ਟੀਚਰਜ਼ ਐਸੋਸੀਏਸ਼ਨ ਨੂੰ ਲਗਦਾ ਹੈ ਕਿ ਸ਼ਾਇਦ ਇਸ ਸਭ ਦਾ ਸਬੰਧ ਪ੍ਰੀਮੀਅਰ ਦੇ ਅਸਤੀਫ਼ੇ ਨਾਲ ਹੈ। ਅਲਬਰਟਾ ਸਰਕਾਰ ਨੇ ਸਾਫ਼ ਕਹਿ ਦਿਤਾ ਹੈ ਕਿ ਐਸੋਸੀਏਸ਼ਨ 4.3 ਫ਼ੀ ਸਦੀ ਵਾਧੇ ਵਾਲੀ ਗੱਲਬਾਤ ਫਿਲਹਾਲ ਭੁੱਲ ਹੀ ਜਾਵੇ। ਸਰਕਾਰ ਨੂੰ ਲਗਦਾ ਹੈ ਕਿ ਇਹ 'ਵੇਜ ਹਾਈਕ' ਦੇਣ ਨਾਲ ਕਰਮਚਾਰੀਆਂ ਦੀ ਤਨਖ਼ਾਹ ਵਿਚ ਅਸਮਾਨਤਾ ਆ ਜਾਵੇਗੀ ਅਤੇ ਕਰਮਚਾਰੀ ਤੋਲ ਭਾਅ ਕਰਨ ਲੱਗ ਪੈਣਗੇ। ਹੈਨਕੋਕ ਮੁਤਾ-ਬਕ ਇਸ ਫ਼ੈਸਲੇ ਦਾ ਸਟੈਲਮੈਕ ਜਾਂ ਮੋਰਟਨ ਦੇ ਅਸਤੀਫ਼ੇ ਨਾਲ ਕੋਈ ਲੈਣਾ ਦੇਣਾ ਨਹੀਂ। ਇਹ ਇਕ ਚੰਗਾ ਫ਼ੈਸਲਾ ਹੈ। ਹੈਨਕੋਕ ਨੇ ਦਸਿਆ ਕਿ ਵਿਤੀ ਬੋਰਡ ਇਸ ਯੋਜਨਾ ਨਾਲ ਸਹਿਮਤ ਨਹੀਂ ਸੀ ਤੇ ਉਸ ਨੇ ਹੀ ਉਨ੍ਹਾਂ ਨੂੰ ਇਹ ਗੱਲਬਾਤ ਖ਼ਤਮ ਕਰਨ ਲਈ ਮਜਬੂਰ ਕੀਤਾ। ਅਲਬਰਟਾ ਸਕੂਲ ਬੋਰਡਜ਼ ਐਸੋਸੀਏਸ਼ਨ ਦੀ ਪ੍ਰਧਾਨ ਜੈਕੀ ਹੈਨਸਨ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ। ਜ਼ਾਹਿਰ ਹੈ ਇਸ ਵਾਰੀ ਵੀ ਸਰਕਾਰ ਇਹੀ ਬਹਾਨਾ ਬਣਾਏਗੀ ਕਿ ਸਰਕਾਰ ਦੀ ਜੇਬ ਟਾਈਟ ਹੈ।

# ਬੈਲ ਕੁਨੈਕਸ਼ਨ ਦੇ ਡਾਇਰੈਕਟਰ ਰੇਸ਼ਮ ਮੁੰਡੀ ਵਲੋਂ ਮਿਲਵੁਡਜ਼ ਖੇਤਰ ਤੋਂ ਚੋਣ ਲੜਨ ਦਾ ਐਲਾਨ





ਐਡਮਿੰਟਨ (ਨਦਬ) : ਬੈਲ ਕੁਨੈਕਸ਼ਨ ਦੇ ਡਾਇਰੈਕਟਰ ਰੇਸ਼ਮ ਮੁੰਡੀ ਵਲੋਂ ਸਥਾਨਕ ਆਲ ਇੰਡੀਆ ਸਵੀਟਸ ਐਂਡ ਰੈਸਟੋਰੈਂਟ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਮਿਲਵੁਡਜ਼ ਤੋਂ ਖੇਤਰੀ ਚੋਣਾਂ (ਪ੍ਰੋਵਿੰਸ਼ਿਅਲ ਚੋਣਾਂ) 'ਚ ਚੋਣ ਲੜਨ ਲਈ ਕੰਜ਼ਰਵੇਟਿਵ ਪਾਰਟੀ ਵਲੋਂ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਗਿਆ। ਪੱਤਰਕਾਰਾਂ ਨੂੰ ਮੁਖ਼ਾਤਿਬ ਹੁੰਦਿਆਂ ਰੇਸ਼ਮ ਮੁੰਡੀ ਨੇ ਕਿਹਾ ਕਿ ਉਹ ਆਉਂਦੀਆਂ ਖੇਤਰੀ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ ਵਲੋਂ ਆਪਣੇ ਆਪ ਨੂੰ ਬਤੌਰ ਉਮੀਦਵਾਰ ਪੇਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਮਿਲਵੁਡਜ਼ ਖੇਤਰ ਦੇ ਲੋਕਾਂ ਨੂੰ ਸਿਹਤ, ਸਿੱਖਿਆ, ਪ੍ਰਸ਼ਾਸਨ ਸਬੰਧੀ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕਰਨ ਦਾ ਯਤਨ ਕਰਨਗੇ। ਪੱਤਰਕਾਰਾਂ ਵਲੋਂ ਪੁੱਛੇ ਸਵਾਲ ਕਿ ਜੇਕਰ ਪਾਰਟੀ ਉਨ੍ਹਾਂ ਨੂੰ ਉਮੀਦਵਾਰ ਵਜੋਂ ਪੇਸ਼ ਨਹੀਂ ਕਰਦੀ ਤਾਂ ਉਨ੍ਹਾਂ ਦਾ ਪੱਖ ਕੀ ਹੋਵੇਗਾ, ਦਾ ਜਵਾਬ ਦਿੰਦਿਆਂ ਰੇਸ਼ਮ ਮੁੰਡੀ ਨੇ ਕਿਹਾ ਕਿ ਉਹ ਇਸ ਦੇ ਨਾਲ ਨਿਰਾਸ਼ ਨਹੀਂ ਹੋਣਗੇ ਅਤੇ ਪਾਰਟੀ ਲਈ ਇਕ ਸਿਪਾਹੀ ਵਜੋਂ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਉਹ ਕਾਫ਼ੀ ਦੇਰ ਤੋਂ ਸਮਾਜ ਭਲਾਈ ਦੇ ਕੰਮਾਂ ਵਿਚ ਜੁਟੇ ਹੋਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੇਸ਼ ਦੇ ਕਈ ਸੂਬਿਆਂ ਵਿਚ ਹੁਸ਼ਿਆਰ ਬੱਚਿਆਂ ਲਈ ਵਜ਼ੀਫ਼ੇ ਦੇਣ ਦਾ ਕੰਮ ਵੀ ਚਾਲੂ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਪਾਕਿਸਤਾਨੀ ਹੜ੍ਹ ਪੀੜਤਾਂ ਲਈ ਫ਼ੰਡ ਇਕੱਠੇ ਕਰਕੇ ਭੇਜਣ, ਹੈਤੀ ਵਿਚ ਭੂਚਾਲ ਪੀੜਤਾਂ ਲਈ ਫ਼ੰਡ ਇਕੱਠੇ ਕਰਕੇ ਭੇਜਣ ਤੋਂ ਇਲਾਵਾ ਹੋਰ ਵੀ ਸਮਾਜ ਭਲਾਈ ਦੇ ਕੰਮ ਕੀਤੇ ਹਨ। ਰੇਸ਼ਮ ਮੁੰਡੀ ਨੇ ਕਿਹਾ ਕਿ ਉਹ ਮਿਲਵੁਡਜ਼ ਤੋਂ ਬਤੌਰ ਉਮੀਦਵਾਰ ਆਉਣ ਦੇ ਇਸ ਕਰ ਕੇ ਇੱਛੁਕ ਹਨ ਕਿਉਂਕਿ ਇਸ ਖੇਤਰ ਵਿਚ ਉਨ੍ਹਾਂ ਦੇ ਭਾਈਚਾਰੇ ਨਾਲ ਸਬੰਧਤ ਲੋਕ ਹਨ, ਜਿਨ੍ਹਾਂ ਦੀਆਂ ਮੁਸ਼ਕਲਾਂ ਤੋਂ ਉਹ ਭਲੀ-ਭਾਂਤੀ ਜਾਣੂ ਹਨ।

# ਅਮਰੀਕਾ ਨੇ ਦਿਖਾਈਆਂ ਪਾਕਿ ਨੂੰ ਅੱਖਾਂ

ਇਸਲਾਮਾਬਾਦ (ਨਦਬ) : ਅਮਰੀਕਾ ਨੇ ਦੋਹਰੇ ਕਤਲ ਦੇ ਮੁਲਜ਼ਮ ਆਪਣੇ ਡਿਪਲੋਮੈਟ ਰੇਅਮੰਡ ਡੇਵਿਸ ਨੂੰ ਆਜ਼ਾਦ ਕਰਾਉਣ ਦੇ ਯਤਨ ਤੇਜ਼ ਕਰਦਿਆਂ ਪਾਕਿਸਤਾਨ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧ ਵਿਚ ਉਸ ਦੀਆਂ ਪਾਕਿਸਤਾਨ ਨੂੰ ਕੀਤੀਆਂ ਅਪੀਲਾਂ ਧਮਕੀਆਂ ਵਿਚ ਬਦਲ ਗਈਆਂ ਹਨ। ਅਮਰੀਕਾ ਦਾ ਕਹਿਣਾ ਹੈ ਕਿ ਜੇਕਰ ਕੇਸ ਜਲਦੀ ਹੀ ਬੰਦ ਨਾ ਕੀਤਾ ਅਤੇ ਡੇਵਿਸ ਨੂੰ ਅਧਿਕਾਰੀਆਂ ਨੇ ਲਾਹੌਰ ਵਿਚ 'ਗੈਰ-ਕਾਨੂੰਨੀ ਹਿਰਾਸਤ' ਤੋਂ ਰਿਹਾਅ ਨਾ ਕੀਤਾ ਤਾਂ ਇੱਥੋਂ ਤੱਕ ਕਿ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦਾ ਵਾਸ਼ਿੰਗਟਨ ਫੇਰੀ ਦੌਰਾਨ ਸਵਾਗਤ ਨਹੀਂ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਜਨਾਬ ਜ਼ਰਦਾਰੀ ਦੀ ਅਮਰੀਕਾ ਫੇਰੀ ਪਹਿਲਾਂ ਹੀ ਤੈਅ ਹੋ ਚੁੱਕੀ ਹੈ। ਪਾਕਿਸਤਾਨ ਵਿਚ ਅਮਰੀਕਾ ਦੇ ਰਾਜਦੂਤ ਕੈਮਰੋਨ ਮੰਟਰ ਨੂੰ ਜਦੋਂ ਪਤਾ ਲੱਗਾ ਕਿ ਅਮਰੀਕੀ ਵਿਦੇਸ਼ ਸਕੱਤਰ ਹਿਲੇਰੀ ਕਲਿੰਟਨ ਨੇ ਜਨਾਬ ਜ਼ਰਦਾਰੀ ਨਾਲ ਇਸ ਮੁੱਦੇ 'ਤੇ ਪਿਛਲੇ ਦਿਨੀਂ ਟੈਲੀਫੋਨ ਰਾਹੀਂ ਗੱਲਬਾਤ ਕੀਤੀ ਹੈ ਤਾਂ ਉਨ੍ਹਾਂ ਸੋਮਵਾਰ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਰਾਸ਼ਟਰਪਤੀ ਦੇ ਬੁਲਾਰੇ ਨੇ ਭਾਵੇਂ ਇਹ ਕਹਿ ਕੇ ਮਾਮਲਾ ਟਾਲਣ ਦੀ ਕੋਸ਼ਿਸ਼ ਕੀਤੀ ਕਿ ਇਸ ਮੀਟਿੰਗ ਦੌਰਾਨ ਪਾਕਿ-ਅਮਰੀਕਾ ਦੁਵੱਲੇ ਸਬੰਧਾਂ ਬਾਰੇ ਵਿਚਾਰ-ਵਟਾਂਦਰਾ ਹੋਇਆ ਹੈ। ਜਦਕਿ ਉਧਰ ਅਮਰੀਕੀ ਅੰਬੈਸੀ ਦੇ ਤਰਜ਼ਮਾਨ ਕਰਟਨੇ ਬੈਲੇ ਨੇ ਖੁਲਾਸਾ ਕੀਤਾ ਕਿ ਮੀਟਿੰਗ ਦੌਰਾਨ ਸ੍ਰੀ ਮੰਟਰ ਨੇ ਇਕ ਵਾਰ ਫੇਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਮਰੀਕੀ ਨਾਗਰਿਕ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਹੈ। ਉਨ੍ਹਾਂ ਪਾਕਿਸਤਾਨ ਨੂੰ ਕੌਮਾਂਤਰੀ ਅਤੇ ਪਾਕਿਸਤਾਨੀ ਕਨੂੰਨਾਂ ਦੀਆਂ ਸ਼ਰਤਾਂ ਨਾਲ ਬੱਝੇ ਰਹਿਣ ਦੀ ਤਾੜਨਾ ਕਰਦਿਆਂ ਡੇਵਿਸ ਨੂੰ ਤੁਰੰਤ ਰਿਹਾਅ ਕਰਨ ਲਈ ਕਿਹਾ।

### ਮਾਇਆਵਤੀ ਦੀ ਮਾਇਆ

## ਸੁਰੱਖਿਆ ਅਫ਼ਸਰ ਨੇ ਜੁੱਤੀਆਂ ਸਾਫ ਕੀਤੀਆਂ

ਅਰੱਈਆ (ਉੱਤਰ ਪ੍ਰੇਦਸ਼) (ਨਦਬ) : ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਉਸ ਵੇਲੇ ਵਿਵਾਦਾਂ ਵਿਚ ਘਿਰ ਗਈ ਜਦੋਂ ਉਨ੍ਹਾਂ ਦੇ ਨਿੱਜੀ ਸੁਰੱਖਿਆ ਅਫਸਰ ਨੇ ਆਪਣੀ ਜੇਬ 'ਚੋਂ ਰੁਮਾਲ ਕੱਢ ਕੇ 'ਮਾਇਆ ਮੇਮ ਸਾਹਿਬ' ਦੇ ਜੁੱਤੇ ਸਾਫ ਕਰਨੇ ਸ਼ੁਰੂ ਕਰ ਦਿੱਤੇ। ਮਾਇਆਵਤੀ ਇਸ ਜ਼ਿਲ੍ਹੇ ਵਿਚ ਆਪਣੇ ਸਿਆਸੀ ਦੌਰੇ 'ਤੇ ਆਏ ਸਨ। ਐਤਵਾਰ ਨੂੰ ਜਦੋਂ ਮਾਇਆਵਤੀ ਜ਼ਿਲ੍ਹੇ ਦੇ ਨੌਨੀਪੁਰ ਪਿੰਡ ਵਿਚ ਹੈਲੀਕਾਪਟਰ ਤੋਂ ਉਤਰੀ ਤਾਂ ਉਨ੍ਹਾਂ ਦਾ ਸੁਰੱਖਿਆ ਅਫ਼ਸਰ ਝੁਕ ਕੇ ਉਨ੍ਹਾਂ ਦੇ ਜੁੱਤਿਆਂ 'ਤੇ ਪਈ ਮਿੱਟੀ ਸਾਫ ਕਰਨ ਲੱਗ ਪਿਆ।



ਉਸ ਵਕਤ ਮਾਇਆਵਤੀ ਹੋਰਨਾਂ ਅਫਸਰਾਂ ਨਾਲ ਗੱਲਬਾਤ ਕਰ ਰਹੀ ਸੀ ਤੇ ਇਸ ਅਫਸਰ ਵੱਲੋਂ ਜੁੱਤੇ ਸਾਫ ਕਰਨ ਦਾ ਉਸ ਨੇ ਬੁਰਾ ਨਹੀਂ ਮਨਾਇਆ। ਇਕ ਹੋਰ ਅਫਸਰ ਵੀ ਇਹ ਸਭ ਕੁਝ ਦੇਖ ਰਿਹਾ ਸੀ। ਇਹ ਨਿੱਜੀ ਸੁਰੱਖਿਆ ਅਫਸਰ ਕਈ ਸਾਲਾਂ ਤੋਂ ਮਾਇਆਵਤੀ ਨਾਲ ਕੰਮ ਕਰ ਰਿਹਾ ਹੈ ਤੇ ਬਸਪਾ ਦੇ ਬਾਨੀ ਕਾਂਸ਼ੀ ਰਾਮ ਦੇ ਬਹੁਤ ਨੇੜੇ ਸੀ। ਇਹ ਅਫਸਰ ਸੇਵਾ-ਮੁਕਤ ਪੁਲੀਸ ਅਫਸਰ ਹੈ ਜੋ ਮਾਇਆਵਤੀ ਦੀ ਨਿੱਜੀ ਸੁਰੱਖਿਆ ਦੀ ਨਿਗਰਾਨੀ ਕਰਦਾ ਹੈ। ਇਸ ਘਟਨਾ ਬਾਰੇ ਉਸ ਦਾ ਕਹਿਣਾ ਹੈ ਕਿ ਇਹ ਉਸ ਦੀ ਡਿਊਟੀ ਦਾ ਹਿੱਸਾ ਹੈ। ਉਧਰ ਇਹ ਦ੍ਰਿਸ਼ ਟੀ.ਵੀ. ਚੈਨਲ 'ਤੇ ਦਿਖਾਏ ਜਾਣ ਕਾਰਨ ਵਿਰੋਧੀ ਧਿਰਾਂ ਨੂੰ ਮਾਇਆਵਤੀ ਖਿਲਾਫ ਇਕ ਹੋਰ ਮੁੱਦਾ ਮਿਲ ਗਿਆ। ਉਨ੍ਹਾਂ ਮੁੱਖ ਮੰਤਰੀ ਦੇ ਇਸ 'ਜਗੀਰਦਾਰੀ' ਰਵੱਈਏ 'ਤੇ ਅਫਸੋਸ ਪ੍ਰਗਟਾਇਆ ਹੈ। ਸਮਾਜਵਾਦੀ ਪਾਰਟੀ ਦੇ ਅਖੀਲੇਸ਼ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਦਾ ਇਹ ਰਵੱਈਆ ਸ਼ਰਮਨਾਕ ਹੈ।

### ਘੁਟਾਲੇ 'ਤੇ ਘੁਟਾਲਾ

## ਹੁਣ ਇਸਰੋ ਨੇ ਲਾਇਆ 2 ਲੱਖ ਕਰੋੜ ਦਾ ਰਗੜਾ

ਨਵੀਂ ਦਿੱਲੀ, (ਨਦਬ) : ਇਸਰੋ ਦੇ ਇਕ ਪ੍ਰਾਈਵੇਟ ਫਰਮ ਨਾਲ ਸਪੈਕਟ੍ਰਮ ਵੰਡ ਨੂੰ ਲੈ ਕੇ ਕੀਤੇ ਦੱਸੇ ਜਾ ਰਹੇ ਸੌਦੇ ਬਾਰੇ ਕੈਗ ਦੇ ਬਿਆਨ ਤੋਂ ਭਾਜਪਾ ਤੇ ਖੱਬੀਆਂ ਪਾਰਟੀਆਂ ਬਹੁਤ ਖ਼ਫ਼ਾ ਹਨ, ਉਨ੍ਹਾਂ ਨੇ ਕੈਗ ਦੇ ਖੁਲਾਸਿਆਂ ਨੂੰ ਚੌਂਕਾ ਦੇਣ ਵਾਲੇ ਤੇ ਸਕੈਂਡਲਨੁਮਾ ਕਰਾਰ ਦਿੰਦਿਆਂ ਇਹ ਸੌਦਾ ਫੌਰੀ ਰੱਦ ਕਰਨ ਤੇ ਵੇਚਿਆ ਸਪੈਕਟ੍ਰਮ ਵਾਪਸ ਲੈਣ ਦੀ ਮੰਗ ਕੀਤੀ ਹੈ। ਦੱਸਿਆ ਜਾਂਦਾ ਹੈ ਕਿ ਜਿਸ ਪ੍ਰਾਈਵੇਟ ਕੰਪਨੀ ਨੂੰ ਇਸਰੋ ਨੇ ਸਪੈਕਟ੍ਰਮ ਦਿੱਤਾ ਹੈ, ਉਹ ਇਸਰੋ 'ਚ ਹੀ ਸਾਬਕਾ ਵਿਗਿਆਨਕ ਸਕੱਤਰ ਐਮ.ਜੀ. ਚੰਦਰਸ਼ੇਖਰ ਦੀ ਹੈ। ਭਾਜਪਾ ਨੇ ਇਹ ਮਾਮਲਾ ਜ਼ੋਰਦਾਰ ਸ਼ਬਦਾਂ 'ਚ ਚੁੱਕਦਿਆਂ ਕਿਹਾ ਹੈ ਕਿ ਇਸ ਅਜਬ ਸਕੈਂਡਲ ਬਾਰੇ ਪ੍ਰਧਾਨ ਮੰਤਰੀ ਸਥਿਤੀ ਸਪਸ਼ਟ ਕਰਨ ਕਿਉਂਕਿ ਪੁਲਾੜ ਵਿਭਾਗ ਸਿੱਧਾ ਉਨ੍ਹਾਂ ਦੇ ਅਧੀਨ ਹੈ। ਅਸਲ 'ਚ ਇਸਰੋ ਤੇ ਇਕ ਪ੍ਰਾਈਵੇਟ ਫਰਮ ਵਿਚਾਲੇ ਸਪੈਕਟ੍ਰਮ ਨੂੰ ਲੈ ਕੇ ਹੋਏ ਸੌਦੇ ਬਾਰੇ ਮੀਡੀਆ ਦੀਆਂ ਰਿਪੋਰਟਾਂ ਨੇ ਵਿਰੋਧੀ ਧਿਰ ਨੂੰ ਹੋਰ ਆਧਾਰ ਪ੍ਰਦਾਨ ਕਰ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਸਪੈਕਟ੍ਰਮ ਦੋ ਲੱਖ ਕਰੋੜ ਰੁਪਏ ਦਾ ਹੋ ਸਕਦਾ ਸੀ। ਇਸ ਨੇ ਸਰਕਾਰ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ, ਜਦਕਿ ਸੰਸਦੀ ਜਮੂਦ ਤੋੜਨ ਲਈ ਭਲਕੇ ਹੀ ਸਰਕਾਰ ਤੇ ਹੋਰ ਸਿਆਸੀ ਪਾਰਟੀਆਂ ਵਿਚਾਲੇ ਮੀਟਿੰਗ ਹੋ ਰਹੀ ਹੈ, ਜਿਸ 'ਚ ਕੋਈ ਨਵੀਂ ਤਜਵੀਜ਼ ਸਾਹਮਣੇ ਆਉਣ ਦੇ ਆਸਾਰ ਹਨ। ਭਾਜਪਾ ਤੇ ਖੱਬੀਆਂ ਪਾਰਟੀਆਂ ਨੇ ਅੱਜ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਕਮਰਸ਼ੀਅਲ ਵਿੰਗ ਐਂਟ੍ਰਿਕਸ ਕਾਰਪੋਰੇਸ਼ਨ ਦੇ ਦੇਵਾਸ ਮਲਟੀਮੀਡੀਆ ਪ੍ਰਾਈਵੇਟ ਲਿਮਟਿਡ ਨਾਲ ਹੋਏ ਦੱਸੇ ਜਾਂਦੇ ਸੌਦੇ ਦੀ ਬਰੀਕੀ ਨਾਲ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ, ਜਿਸ ਤਹਿਤ ਇਹ ਪ੍ਰਾਈਵੇਟ ਕੰਪਨੀ 20 ਸਾਲ ਦੇ ਸਮੇਂ ਤਕ ਅਹਿਮ ਐਸ-ਬੈਂਡ ਸਪੈਕਟ੍ਰਮ ਦੇ 70 ਮੈਗਾਹਾਰਟਜ਼ ਦੀ ਬੇਮੁਹਾਰੀ ਵਰਤੋਂ ਕਰ ਸਕੇਗੀ।

ਹਿੰਦੂ ਬਿਜ਼ਨਸਲਾਈਨ ਦੀ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਮੁੱਢਲੇ ਅੰਦਾਜ਼ਿਆਂ 'ਚ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਨੇ ਇਸ ਸੌਦੇ ਕਾਰਨ ਖਜ਼ਾਨੇ ਨੂੰ ਹੋਇਆ ਨੁਕਸਾਨ ਦੋ ਲੱਖ ਕਰੋੜ ਰੁਪਏ ਦੱਸਿਆ ਹੈ। ਕੈਗ ਵੱਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਇਸ ਦਾ ਧਿਆਨ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਵੱਲ ਦਿਵਾਇਆ ਗਿਆ ਜਿਸ 'ਚ ਕਿਹਾ ਗਿਆ ਸੀ ਕਿ ਪੁਲਾੜ ਵਿਭਾਗ ਦੇ ਲੇਖਾ-ਜੋਖਾ ਵਿਭਾਗ ਵੱਲੋਂ ਇਸ ਦਾ ਆਡਿਟ ਕੀਤਾ ਜਾ ਰਿਹਾ ਹੈ। ਖ਼ਬਰਾਂ ਤੋਂ ਇਹ ਪ੍ਰਭਾਵ ਮਿਲਦਾ ਸੀ, ਜਿਵੇਂ ਕੈਗ ਵੱਲੋਂ ਆਡਿਟ ਕਰ ਲਿਆ ਗਿਆ ਹੋਵੇ।

ਕੈਗ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਬਿਲਕੁਲ ਮੁੱਢਲੀਆਂ ਅਸ਼ੰਕਾਵਾਂ ਹਾਲੇ ਦੱਸੀਆਂ ਗਈਆਂ ਹਨ, ਜਿਨ੍ਹਾਂ ਦੇ ਜੁਆਬ ਹਾਲੇ ਵਿਭਾਗ ਨੇ ਦੇਣੇ ਹਨ। ਆਡਿਟ ਦਾ ਕੰਮ ਵੀ ਹਾਲੇ ਮੁੱਢਲੇ ਪੜਾਅ 'ਚ ਹੈ। ਭਾਜਪਾ ਚਾਹੁੰਦੀ ਹੈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਬਾਰੇ ਸਥਿਤੀ ਸਪਸ਼ਟ ਕਰਨ। ਕਿਉਂਕਿ ਪੁਲਾੜ ਵਿਭਾਗ ਸਿੱਧਾ ਪ੍ਰਧਾਨ ਮੰਤਰੀ ਦੇ ਅਧੀਨ ਹੁੰਦਾ ਹੈ ਤੇ ਇਸ ਕਰਕੇ ਸਮੁੱਚੇ ਮਾਮਲੇ ਬਾਰੇ ਉਨ੍ਹਾਂ ਨੂੰ ਆਪਣਾ ਸਟੈਂਡ ਸਪਸ਼ਟ ਕਰਨਾ ਚਾਹੀਦਾ ਹੈ। ਭਾਜਪਾ ਦੀ ਤਰਜਮਾਨ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਦੀ ਮੰਗ ਕਰਦੀ ਹੋਈ, ਸਾਰੇ ਮਾਮਲੇ ਲਈ ਜ਼ਿੰਮੇਵਾਰ ਲੋਕਾਂ ਦੀ ਸ਼ਨਾਖਤ ਕਰਨ ਦੀ ਮੰਗ ਕਰਦੀ ਹੈ ਤੇ ਮਾਲੀਏ ਦੇ ਹੋਏ ਨੁਕਸਾਨ ਦੀ ਪੂਰਤੀ ਦੀ ਵੀ ਮੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਇਹ ਸੌਦਾ ਫੌਰੀ ਰੱਦ ਕਰਨ ਦੀ ਮੰਗ ਵੀ ਕਰਦੀ ਹੈ।

ਕਾਂਗਰਸ ਨੇ ਇਸ ਮਾਮਲੇ ਬਾਰੇ ਟਿੱਪਣੀ ਕਰਨੋਂ ਇਨਕਾਰ ਕਰ ਦਿੱਤਾ ਕਿਉਂਕਿ ਖਜ਼ਾਨੇ ਨੂੰ ਹੁੰਦੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਜਾਂਚ ਲੋਕ ਲੇਖਾ ਕਮੇਟੀ (ਪੀ.ਏ.ਸੀ.) ਨੇ ਕਰਨੀ ਹੁੰਦੀ ਹੈ। ਕਾਂਗਰਸ ਦੇ ਤਰਜਮਾਨ ਸ਼ਕੀਲ ਅਹਿਮਦ ਨੇ ਕਿਹਾ ਕਿ ਹਰੇਕ ਕਾਰਵਾਈ ਲਈ ਕੋਈ ਢੰਗ-ਤਰੀਕਾ ਹੁੰਦਾ ਹੈ, ਜਦੋਂ ਵੀ ਕੈਗ ਵੱਲੋਂ ਸਰਕਾਰੀ ਖਜ਼ਾਨੇ ਨੂੰ ਪੁੱਜੇ ਨੁਕਸਾਨ ਦਾ ਖੁਲਾਸਾ ਕੀਤਾ ਜਾਂਦਾ ਹੈ, ਤਾਂ ਇਹ ਮਾਮਲਾ ਆਪਣੇ ਆਪ ਪੀ.ਏ.ਸੀ. ਕੋਲ ਚਲਿਆ ਜਾਂਦਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਮਾਮਲਾ ਵੀ ਪੀ.ਏ.ਸੀ. ਕੋਲ ਜਾਏਗਾ। ਭਾਜਪਾ ਦਾ ਕਹਿਣਾ ਹੈ ਕਿ ਐਸ- ਬੈਂਡ ਦੀ ਪਹਿਲੀ ਵਾਰ ਵੰਡ ਹੋਈ ਹੈ। ਇਹ ਬਹੁਤ ਵਿਲੱਖਣ ਬੈਂਡ ਹੈ। ਇਹ ਬਹੁਤ ਉੱਚੀ ਮੈਗਾਹਰਟਜ਼ ਫ੍ਰੀਕੁਐਂਸੀ ਨਾਲ ਸਬੰਧਤ ਹੈ। ਜਦਕਿ ਇਹਦੀ ਵੰਡ ਚੁੱਪ-ਚੁਪੀਤੇ, ਬਿਨਾਂ ਜਨਤਕ ਕੀਤੇ ਕਰ ਦਿੱਤੀ ਗਈ ਤੇ ਉਹ ਵੀ ਇਕ ਨਿੱਜੀ ਕੰਪਨੀ ਨੂੰ ਇਹ ਬੈਂਡ ਦਿੱਤਾ ਗਿਆ ਹੈ।

### ਜਦੋਂ ਸੌਦਾ ਹੀ ਨਹੀਂ ਹੋਇਆ ਤਾਂ ਘਾਟਾ ਕਿਵੇਂ: ਪੀ.ਐਮ.ਓ.

ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਉਨ੍ਹਾਂ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਗਿਆ ਹੈ, ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਇਸਰੋ ਨਾਲ ਸੌਦੇ ਹੋਏ 1000 ਕਰੋੜ ਰੁਪਏ ਦੇ ਸੌਦੇ ਤਹਿਤ ਸਪੈਕਟ੍ਰਮ ਦਾ 70 ਮੈਗਾਹਰਟਜ਼ ਇਕ ਪ੍ਰਾਈਵੇਟ ਕੰਪਨੀ ਨੂੰ ਅਲਾਟ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਕਿਹਾ ਗਿਆ ਹੈ ਕਿ ਇਸ ਬਾਰੇ ਅਜੇ ਕੋਈ ਫੈਸਲਾ ਹੀ ਨਹੀਂ ਲਿਆ ਗਿਆ, ਫਿਰ 2 ਲੱਖ ਕਰੋੜ ਰੁਪਏ ਦੇ ਘਾਟੇ ਦੇ ਦੋਸ਼ ਲਾਏ ਜਾਣੇ ਨਿਰਮੂਲ ਹਨ। ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਇਹ ਸਪਸ਼ਟੀਕਰਨ ਉਦੋਂ ਆਇਆ ਹੈ, ਜਦੋਂ ਭਾਜਪਾ ਵੀ ਇਹ ਕਹਿ ਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲ ਆਪਣਾ ਨਿਸ਼ਾਨਾ ਲਾ ਕੇ ਇਹ ਦੋਸ਼ ਲਾ ਰਹੀ ਹੈ ਕਿ ਉਹ 2005 'ਚ ਹੋਏ ਇਸ ਸੌਦੇ ਬਾਰੇ ਆਪਣੀ ਜਵਾਬਦੇਹੀ ਤੋਂ ਨਹੀਂ ਭੱਜ ਸਕਦੇ।


## ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

ਜ਼ਰਾ ਸੋਚੋ!!

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।



Jessie Singh
(C.A.I.B.)

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜ਼ਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

# ਪੰਜਾਬ

## ਅੱਜ-ਕੱਲ੍ਹ

## ਪੰਜਾਬ ਸਰਕਾਰ ਦੀਆਂ ਗੁਰਦੇਵ ਬਾਦਲ ਦੇ ਬੇਟੇ 'ਤੇ ਮਿਹਰਾਂ



ਚੰਡੀਗੜ੍ਹ (ਨਦਬ) : ਆਮ ਆਦਮੀ ਦੇ ਭਲੇ ਦਾ ਫੈਸਲਾ ਲੈਣ ਲੱਗਿਆਂ ਸਰਕਾਰ ਫਾਈਲਾਂ ਦੇ ਚੱਕਰ 'ਚ ਪੈ ਜਾਂਦੀ ਹੈ, ਪਰ ਜਦੋਂ ਕਦੇ ਡਾਢਿਆਂ ਦਾ ਸੁਆਲ ਆਉਂਦਾ ਹੈ ਤਾਂ ਇਹ ਪਲ ਵੀ ਨਹੀਂ ਲਾਉਂਦੀ। ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਗੁਰ-ਦੇਵ ਸਿੰਘ ਬਾਦਲ ਦੇ ਪੁੱਤਰ ਤੇ ਤਹਿਸੀਲ ਭਲਾਈ ਅਫਸਰ ਮਨਜੀਤ ਸਿੰਘ ਖਿਲਾਫ ਚਾਰਜਸ਼ੀਟ ਰੱਦ ਕਰਨ ਦਾ ਫੈਸਲਾ ਕੀਤਾ ਹੈ ਅਤੇ ਡਿਊਟੀ ਤੋਂ ਕਰੀਬ ਦੋ ਸਾਲ ਉਹਦੀ ਜਾਣਬੁੱਝ ਕੇ ਗੈਰਹਾਜ਼ਰੀ ਨੂੰ 'ਬਕਾਏ ਜਿਹੀ ਛੁੱਟੀ' ਵਿਚ ਤਬਦੀਲ ਕਰਨ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਇਹ ਵੀ ਸੰਭਵ ਹੈ ਕਿ ਕੱਲ੍ਹ ਕਲੋਤਰ ਨੂੰ ਉਹ ਸਰਕਾਰ ਤੋਂ 'ਫਰਲੋ' ਬਦਲੇ ਮੁਆਵਜ਼ਾ ਵੀ ਮੰਗ ਲਵੇ।

ਇਹ ਕੋਈ ਪਹਿਲੀ ਵਾਰ ਨਹੀਂ, ਸਗੋਂ 1997 ਵਿਚ ਵੀ ਅਕਾਲੀ-ਭਾਜਪਾ ਸਰਕਾਰ ਨੇ ਮਨਜੀਤ ਸਿੰਘ 'ਤੇ ਬਖਸ਼ਿਸ਼ਾਂ ਕਰਨ ਦਾ ਯਤਨ ਕੀਤਾ ਸੀ। ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਮਨਜੀਤ ਸਿੰਘ ਖਿਲਾਫ ਜਾਰੀ ਹੋਈਆਂ ਤਿੰਨੋ ਚਾਰਜਸ਼ੀਟਾਂ ਚੁੱਪ-ਚੁਪੀਤੇ ਵਾਪਸ ਲੈ ਲਈਆਂ। ਮਨਜੀਤ ਸਿੰਘ ਦੀ ਨਿੱਜੀ ਫਾਈਲ 'ਚ ਇਸ ਸਬੰਧ 'ਚ ਹੋਈ ਜਾਂਚ ਜਾਂ ਕਿਸੇ ਸਿਫਾਰਸ਼ ਦਾ ਕੋਈ ਜ਼ਿਕਰ ਨਹੀਂ ਮਿਲਦਾ। ਭਲਾਈ ਵਿਭਾਗ ਦੇ ਸਾਬਕਾ ਸਕੱਤਰ ਟੀ.ਆਰ. ਸਾਰੰਗਲ, ਜਿਨ੍ਹਾਂ ਦਾ ਹਾਲ ਹੀ ਵਿਚ ਤਬਾਦਲਾ ਹੋਇਆ, ਨੇ ਕਿਹਾ ਕਿ ਜਾਂਚ ਹੋਈ ਸੀ ਅਤੇ ਉਸ ਵੇਲੇ ਦੇ ਐਡੀਸ਼ਨਲ ਸਕੱਤਰ ਟੀ.ਕੇ. ਗੋਇਲ ਨੇ ਜਾਂਚ ਕੀਤੀ ਸੀ। ਜਦੋਂ ਸ੍ਰੀ ਗੋਇਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਇਸ ਤੋਂ ਇਨਕਾਰ ਕੀਤਾ।

ਮਨਜੀਤ ਸਿੰਘ ਨਾਲ ਸੰਪਰਕ ਕੀਤੇ ਜਾਣ 'ਤੇ ਉਨ੍ਹਾਂ ਦਾਅਵਾ ਕੀਤਾ ਕਿ ਗੋਇਲ ਤੋਂ ਇਲਾਵਾ ਭਲਾਈ ਡਾਇਰੈਕਟਰ ਇੰਦੂ ਮਿਸ਼ਰਾ ਨੇ ਵੀ ਜਾਂਚ ਕੀਤੀ ਸੀ ਜਿਸ ਤੋਂ ਬਾਅਦ ਦੋਸ਼ ਵਾਪਸ ਲੈ ਲਏ ਗਏ। ਭਲਾਈ ਵਿਭਾਗ ਦੇ ਸੂਤਰਾਂ ਅਨੁਸ-ਾਰ ਚਾਰਜਸ਼ੀਟਾਂ ਵਾਪਸ ਲੈਣ ਲਈ ਗੁਰਦੇਵ ਬਾਦਲ ਸਮੇਤ 'ਉਪਰੋਂ' ਕਈਆਂ ਦਾ ਦਬਾਅ ਸੀ। ਗੁਰਦੇਵ ਬਾਦਲ ਜਦੋਂ 1997 ਵਿਚ ਖੇਤੀਬਾੜੀ ਅਤੇ ਭਲਾਈ ਵਿਭਾਗ ਦੇ ਮੰਤਰੀ ਸਨ ਤਾਂ ਉਹ ਆਪਣੇ ਪੁੱਤਰ ਮਨਜੀਤ ਪ੍ਰਤੀ ਕੁਝ ਜ਼ਿਆਦਾ ਹੀ ਦਿਆਲੂ ਸਨ। ਉਨ੍ਹਾਂ ਮਨਜੀਤ ਨੂੰ ਆਪਣੇ ਨਿੱਜੀ ਸਟਾਫ ਵਿਚ ਤਾਇਨਾਤ ਕਰਾਉਣ ਲਈ ਬੇਨਤੀ ਕੀਤੀ ਸੀ। ਇਸ ਪੱਤਰਕਾਰ ਨਾਲ ਗੱਲਬਾਤ ਦੌਰਾਨ ਪਹਿਲਾਂ ਤਾਂ ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ, ਪਰ ਫੇਰ ਮੰਨ ਲਿਆ। ਮਨਜੀਤ ਸਿੰਘ 'ਤੇ ਦੂਜੀ ਵਾਰ ਮਿਹਰ ਦਸੰਬਰ 2007 ਵਿੱਚ ਹੋਈ ਜਦੋਂ ਅਕਾਲੀਆਂ ਨੇ ਸੱਤਾ 'ਚ ਪਰਤਣ ਸਾਰ ਉਸ ਨੂੰ ਨੌਕਰੀ 'ਤੇ ਬਹਾਲ ਕਰ ਦਿੱਤਾ।

ਸਰਕਾਰ ਵਿੱਚ ਸਰਗਰਮ ਸ਼ਕਤੀਆਂ ਹੁਣ ਉਸ ਦੀਆਂ ਚਾਰਜਸ਼ੀਟਾਂ ਰੱਦ ਕਰਾਉਣ ਤੋਂ ਵੀ ਅੱਗੇ ਜਾਣਾ ਚਾਹੁੰਦੀਆਂ ਹਨ। ਮਹੀਨਾ ਕੁ ਪਹਿਲਾਂ ਭਲਾਈ ਵਿਭਾਗ ਦੇ ਡਾਇਰੈਕਟਰ ਨੇ ਸਿਫਾਰਸ਼ ਕੀਤੀ ਸੀ ਕਿ ਮਨਜੀਤ ਸਿੰਘ ਦੀ ਦੋ ਸਾਲਾਂ ਤੋਂ ਵੱਧ (765 ਦਿਨ) ਡਿਊਟੀ ਤੋਂ ਗੈਰ-ਹਾਜ਼ਰੀ ਨੂੰ ਬਕਾਇਆ ਛੁੱਟੀ ਮਨ ਲਿਆ ਜਾਵੇ। ਜੇ ਇਵੇਂ ਹੋ ਜਾਂਦਾ ਹੈ ਤਾਂ ਸੇਵਾ ਵਿੱਚ ਬਰੇਕ ਨਹੀਂ ਗਿਣੀ ਜਾਵੇਗੀ ਅਤੇ ਸਿੱਟੇ ਵਜੋਂ ਪੈਨਸ਼ਨ ਆਦਿ ਲਾਭਾਂ ਦੀ ਗਿਣਤੀ-ਮਿਣਤੀ ਸਮੇਂ ਗੈਰ-ਹਾਜ਼ਰੀ ਛੁੱਟੀ ਮੰਨੀ ਜਾਵੇਗੀ ਅਤੇ ਸਬੰਧਤ ਅਫਸਰ ਬਣਦੀ ਸੀਨੀਆਰਤਾ ਲੈਣ ਦਾ ਵੀ ਹੱਕਦਾਰ ਹੋਵੇਗਾ। ਨਵੇਂ ਸਕੱਤਰ ਆਰ. ਵੈਂਕਟ ਰਤਨਮ ਨੇ ਆਖਿਆ ਕਿ ਉਨ੍ਹਾਂ ਹਾਲ ਹੀ ਵਿੱਚ ਅਹੁਦਾ ਸੰਭਾਲਿਆ। ਜਦੋਂ ਉਨ੍ਹਾਂ ਤੋਂ ਇਸ ਅਫਸਰ ਦੀ ਲੰਮੀ ਗੈਰ-ਹਾਜ਼ਰੀ ਸਬੰਧੀ ਸਿਫਾਰਸ਼ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨਾਵਾਕਫੀ ਜ਼ਾਹਰ ਕੀਤੀ। ਉਂਜ, ਉਨ੍ਹਾਂ ਮੰਨਿਆ ਕਿ ਚਾਰਜਸ਼ੀਟਾਂ ਵਾਪਸ ਲੈਣੀਆਂ ਇਕ ਗੰਭੀਰ ਮਾਮਲਾ ਹੈ।

### ਮਨਜੀਤ ਸਿੰਘ ਜਾਂ ਸੂਬੇ ਸਿੰਘ?

ਲਾਈ ਵਿਭਾਗ ਵਿੱਚ 1990 ਵਿੱਚ ਭਰਤੀ ਵੇਲੇ ਤੋਂ ਹੀ ਮਨਜੀਤ ਸਿੰਘ ਦੀ ਪਛਾਣ ਹਮੇਸ਼ਾ ਭੰਬਲਭੂਸੇ ਦਾ ਸਬੱਬ ਰਹੀ ਹੈ। ਅਧਿਕਾਰੀਆਂ ਨੇ ਟ੍ਰਿਬਿਊਨ ਨਿਊਜ਼ ਸਰਵਿਸ ਨੂੰ ਦੱਸਿਆ, ''ਸਾਡੇ ਰਿਕਾਰਡ ਵਿੱਚ ਉਹ ਮਨਜੀਤ ਸਿੰਘ ਹੈ, ਪਰ ਉਹ ਸੂਬੇ ਸਿੰਘ ਵਜੋਂ ਜਾਣਿਆ ਜਾਂਦਾ ਹੈ।'' ਪੁਲੀਸ ਨੇ ਮਨਜੀਤ ਦਾ ਨਾਂ ਉਦੋਂ ਸੂਬੇ ਸਿੰਘ ਦਰਜ ਕੀਤਾ ਸੀ ਜਦੋਂ 1997 ਵਿੱਚ ਉਸ ਨੂੰ ਬਲਾਤਕਾਰ ਦੇ ਇਕ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਆਪਣੇ ਮੋਬਾਈਲ 'ਤੇ ਸੂਬੇ ਸਿੰਘ ਵਜੋਂ ਹੀ ਜਵਾਬ ਦਿੱਤਾ। ਜਦੋਂ ਉਨ੍ਹਾਂ ਤੋਂ ਇਸ ਉਲਝਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਾਗਜ਼ਾਂ ਵਿੱਚ ਉਸ ਦਾ ਨਾਂ ਮਨਜੀਤ ਹੈ, ਪਰ ਉਂਜ ਉਹ ਸੂਬੇ ਵਜੋਂ ਹੀ ਜਾਣਿਆ ਜਾਂਦਾ ਹੈ।

### ਚਾਰਜਸੀਟਾਂ ਦੇ ਵੇਰਵੇ

ਪਹਿਲੀ ਚਾਰਜਸ਼ੀਟ: ਜਨਵਰੀ 1997 (ਦੋਸ਼: ਡਿਊਟੀ ਤੋਂ ਜਾਣ-ਬੁੱਝ ਕੇ ਗੈਰ-ਹਾਜ਼ਰੀ)

ਦੂਜੀ ਚਾਰਜਸ਼ੀਟ: ਅਕਤੂਬਰ 1997; ਬਲਾਤਕਾਰ ਦੇ ਦੋਸ਼ ਵਿੱਚ ਨੌਕਰੀ ਤੋਂ ਮੁਅੱਤਲੀ, 2001 ਵਿੱਚ ਬਰੀ ਹੋਣ 'ਤੇ ਬਹਾਲੀ।

ਤੀਜੀ ਚਾਰਜਸ਼ੀਟ: ਅਗਸਤ 2003; ਜ਼ੀਰਾ ਅਤੇ ਬਠਿੰਡਾ ਵਿਖੇ ਡਿਊਟੀ 'ਤੇ ਪੇਸ਼ ਨਾ ਹੋਣ ਦਾ ਦੋਸ਼।

## ਗਾਇਕਾ ਪਰਮਿੰਦਰ ਸੰਧੂ ਦਾ ਦੇਹਾਂਤ



ਚੰਡੀਗੜ੍ਹ (ਨਦਬ) : ਪੰਜਾਬੀ ਗੀਤ ਸੰਗੀਤ ਵਿਚ ਅੱਸਵਿਆਂ ਵਿਚ ਗਾਇਕੀ ਵਿਚ ਪ੍ਰਵੇਸ਼ ਕਰਨ ਵਾਲੀ ਦਿਲਦਾਰ ਆਵਾਜ਼ ਦੀ ਮਲਿਕਾ ਬੀਬੀ ਪਰਮਿੰਦਰ ਕੌਰ ਸੰਧੂ ਦਾ ਦੇਹਾਂਤ ਹੋ ਗਿਆ ਹੈ। ਸੁਰਿੰਦਰ ਕੌਰ, ਜਗਮੋਹਨ ਕੌਰ ਤੋਂ ਬਾਅਦ ਪਰਮਿੰਦਰ ਸੰਧੂ ਵੀ ਬੜ੍ਹਕ ਨਾਲ ਗਾਉਣ ਦਾ ਦਮ ਰੱਖਦੀ ਸੀ। ਉਸ ਨੇ ਦੀਦਾਰ ਸੰਧੂ ਨਾਲ 4 ਗੀਤ ਰਿਕਾਰਡ ਕਰਵਾਏ। ਪਰਮਿੰਦਰ ਨੇ ਕੁਲਦੀਪ ਮਾਣਕ ਨਾਲ ਵੀ ਕਈ ਗੀਤ ਗਾਏ ਪਰ ਕੁਲਜੀਤ ਸਿੰਘ ਨਾਲ ਵਿਆਹ ਤੋਂ ਬਾਅਦ ਪਰਮਿੰਦਰ ਨੇ ਸੋਲੋ ਅਖਾੜੇ ਲਗਾ ਕੇ ਵਿਆਹ ਪ੍ਰੋਗਰਾਮਾਂ ਵਿਚ ਆਪਣੇ ਗੀਤਾਂ ਨਾਲ ਚੰਗੀਆਂ ਛਹਿਬਰਾਂ ਲਗਾਈਆਂ। ਪਰਮਿੰਦਰ ਨੇ ਸੰਗੀਤਕਾਰ ਚਰਨਜੀਤ ਅਹੂਜਾ ਦੇ ਸੰਗੀਤ ਵਿਚ ਕਈ ਕੈਸਿਟਾਂ ਕੱਢੀਆਂ। ਉਸ ਨੇ ਅਪਣੇ ਬੇਟੇ ਅਨੁਰਾਗ ਦੇ ਨਾਂ ਹੇਠ ਅਨੁਰਾਗ ਕੈਸਿਟ ਕੰਪਨੀ ਵੀ ਖੋਲ੍ਹੀ ਸੀ ਜਿਸ ਨੂੰ ਬਿੱਟੂ ਸੰਧੂ (ਭਰਾ) ਚਲਾ ਰਿਹਾ ਸੀ।

## ਗੁਰਦਵਾਰਾ ਮਿਲਵੁੱਡਜ ਦੀ ਨਵੀਂ ਪ੍ਰਬੰਧਕ ਕਮੇਟੀ ਚੁਣੀ ਗਈ

ਅਲਬਰਟਾ (ਨਦਬ) : ਪਿਛਲੇ ਦਿਨੀਂ ਇਥੇ ਰਾਮਗੜ੍ਹੀਆ ਗੁਰਸਿੱਖ ਸੁਸਾਇਟੀ ਆਫ ਅਲਬਰਟਾ ਦੀ ਸਲਾਨਾ ਮੀਟਿੰਗ ਹੋਈ ਜਿਸ ਵਿਚ ਗੁਰਦਵਾਰਾ ਮਿਲਵੁੱਡਜ ਦੀ ਪ੍ਰਬੰਧਕ ਕਮੇਟੀ ਚੁਣੀ ਗਈ। ਨਵੇਂ ਚੁਣੇ ਗਏ ਪ੍ਰਬੰਧਕਾਂ ਵਿਚ ਪ੍ਰਧਾਨ ਸ. ਬਲਬੀਰ ਸਿੰਘ ਚਾਨਾ, ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਭੰਬਰਾ, ਮੀਤ ਪ੍ਰਧਾਨ ਸ. ਤਜਿੰਦਰ ਸਿੰਘ ਮਠਾੜੂ, ਜਨਰਲ ਸਕੱਤਰ ਸ. ਜਸਬੀਰ ਸਿੰਘ ਭੂਈ, ਜਾਇੰਟ ਸਕੱਤਰ ਸ. ਪਵਿੱਤਰ ਸਿੰਘ ਮਣਕੂ, ਸਟੇਜ ਸਕੱਤਰ ਸ. ਬਲਬੀਰ ਸਿੰਘ ਸੀਹਰਾ ਅਤੇ ਖਜ਼ਾਨਚੀ ਸ. ਦਰਸ਼ਨ ਸਿੰਘ ਬਿਰਦੀ ਚੁਣੇ ਗਏ। ਮੌਜੂਦਾ ਪ੍ਰਧਾਨ ਸ. ਸੁਰਿੰਦਰ ਸਿੰਘ ਹੂੰਜਣ ਅਗਲੇ ਦੋ ਸਾਲਾਂ ਲਈ ਚੇਅਰਪਰਸਨ ਹੋਣਗੇ। ਪ੍ਰਧਾਨ ਸ. ਸੁਰਿੰਦਰ ਸਿੰਘ ਹੂੰਜਣ ਦਸਿਆ ਕਿ ਗੁਰਦਵਾਰਾ ਮਿਲਵੁੱਡਜ ਨੂੰ ਚਲਾਉਣ ਵਾਲੀ ਸੰਸਥਾਂ ਰਾਮਗੜ੍ਹੀਆ ਗੁਰਸਿੱਖ ਸੁਸਾਇਟੀ ਆਫ ਐਡਮਿੰਟਨ ਨੂੰ ਹੋਂਦ ਵਿਚ ਆਇਆਂ ਨੂੰ ਤਕਰੀਬਨ 29 ਸਾਲ ਹੋ ਗਏ ਹਨ ਅਤੇ ਗੁਰੂ ਦੀ ਕਿਰਪਾ ਸਦਕਾ ਅਜੇ ਤੱਕ ਪ੍ਰਬੰਧਕਾਂ ਦੀ ਚੋਣ ਲਈ ਕਦੀ ਵੋਟਾਂ ਨਹੀਂ ਪਈਆਂ।

**Asian Western Grocery Store**

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call

Balraj @

780-756-2225

780-660-2061

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900

ਲੈਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ,
ਨਵਤੇਜ ਬੈਂਸ ਅਤੇ ਜਸਵੀਰ ਦਿਉਲ

ਕੈਲਗਰੀ: 403-775-2100

ਰੂਪੀ ਚੇਰਾ, ਹਰਦੀਪ ਗਿੱਲ,
ਤਰਨਪ੍ਰੀਤ ਮੈਂਹਦਵਾਨ ਅਤੇ ਜੈਸੀ ਸਿੰਘ

ADVANCED
Roofing Systems Ltd.
RESIDENTIAL
COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365


GILL Olson
(MANAGER)

HARRY'S EXCAVATING
Ph 780-918-2252
Specialist in : Digging Basements
& All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

ADVANCE DRIVING SCHOOL & LIMOS
> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function
780-660-4090
# 202-3456 91 St. Edmonton, AB

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?
MORTGAGE ALLIANCE
Walk In Centre
ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।
ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ


Jessie Singh CAIB
403-830-7007

# ਜ਼ਰਾ ਬਚ ਕੇ ਰੋਡ ਤੋਂ

ਪੰਜਾਬ ਵਿਚ ਠੰਢ ਇਸ ਵਾਰ ਆਮ ਨਾਲੋਂ ਕੁੱਝ ਜ਼ਿਆਦਾ ਪਈ। ਉਂਜ ਜਨਵਰੀ ਵਿਚ ਸਾਰਾ ਉਤਰੀ ਭਾਰਤ ਹੀ ਕੜਾਕੇ ਦੀ ਠੰਢ ਨਾਲ ਠੁਰ-ਠੁਰ ਕਰਦਾ ਰਿਹਾ। ਭਾਰਤ ਦੀ ਸੱਤਰ ਤੋਂ ਵੱਧ ਫ਼ੀ ਸਦੀ ਵਸੋਂ ਲਈ ਤਾਂ ਇਹ ਠੰਢ ਕੁਦਰਤ ਦਾ ਪ੍ਰਕੋਪ ਹੀ ਹੁੰਦੀ ਹੈ। ਖੁਲ੍ਹੇ ਅਸਮਾਨ ਹੇਠਲਾ ਉਨ੍ਹਾਂ ਦਾ ਇਕਲੌਤਾ 'ਆਸ਼ੀਆਨਾ' ਵੀ ਉਜੜ ਜਾਂਦਾ ਹੈ। ਧੁੰਦ ਪੈਣ ਲਗਦੀ ਹੈ ਤਾਂ ਜਨ ਜੀਵਨ ਮਾਨੋ ਅਸਤ ਵਿਅਸਤ ਹੀ ਹੋ ਜਾਂਦਾ ਹੈ। ਪੰਜਾਬ ਦੀਆਂ ਸੜਕਾਂ ਦਰਦਨਾਕ ਹਾਦਸਿਆਂ ਦੀ ਮੂੰਹ ਬੋਲਦੀ ਤਸਵੀਰ ਹੋ ਨਿੱਬੜਦੀਆਂ ਹਨ। ਧੁੰਦ ਪੈਣ ਸਾਰ ਹੀ ਸੜਕੀ ਦੁਰਘਟਨਾਵਾਂ ਦੀਆਂ ਖ਼ਬਰਾਂ ਨਾਲ ਅਖ਼ਬਾਰ ਭਰ ਜਾਂਦੇ ਹਨ। ਸੜਕੀ ਦੁਰਘਟਨਾਵਾਂ ਵੱਡੀ ਗਿਣਤੀ ਵਿਚ ਤੇ ਹੌਲਨਾਕ ਹੋਣ ਕਾਰਨ ਪੰਜਾਬ ਦੀਆਂ ਸੜਕਾਂ ਨੂੰ 'ਕਾਤਲ ਸੜਕਾਂ' ਦਾ ਨਾਂ ਵੀ ਦਿੱਤਾ ਜਾਣ ਲੱਗ ਪਿਆ ਹੈ। ਠੰਢ ਦੇ ਮੌਸਮ ਤੋਂ ਬਗੈਰ ਵੀ ਸੜਕਾਂ 'ਤੇ



ਟ੍ਰੈਫ਼ਿਕ ਦੀ ਹਾਲਤ ਪੰਜਾਬ ਵਿਚ ਕੋਈ ਸੁਰੱਖਿਆ ਦੀ ਜ਼ਾਮਨ ਨਹੀਂ ਹੈ। ਟ੍ਰੈਫ਼ਿਕ ਬਹੁਤ ਜ਼ਿਆਦਾ ਵਧ ਗਿਆ ਹੈ, ਵਾਹਨ ਵੀ ਆਪਣੀ ਸੰਖਿਆ ਵਿਚ ਬੇਓੜਕ ਵਾਧਾ ਦਰਜ ਕਰਵਾ ਰਹੇ ਹਨ ਪਰ ਸੜਕਾਂ, ਵਿਕਾਸ ਸਬੰਧੀ ਸਰਕਾਰ ਦੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਝੁਠਲਾ ਰਹੀਆਂ ਹਨ। ਅਰਥਾਤ ਇਨ੍ਹਾਂ ਵਿਚ ਮਾਮੂਲੀ ਜਿਹਾ ਹੀ ਕਿਧਰੇ ਕੋਈ ਸੁਧਾਰ ਨਜ਼ਰ ਆਉਂਦਾ ਹੈ। ਸੜਕੀ ਆਵਾਜਾਈ ਨੂੰ ਕਾਬੂ ਕਰਨ ਵਾਲੀ ਮਸ਼ੀਨਰੀ ਵੀ ਅਣਗਹਿਲੀ ਅਤੇ ਭ੍ਰਿਸ਼ਟਾਚਾਰ ਦੀ ਸ਼ਿਕਾਰ ਹੈ। ਲਾਪ੍ਰਵਾਹ ਤੇ ਅਸਿਖਿਅਤ ਚਾਲਕ ਸੜਕਾਂ ਉਪਰ ਆਪਣੀ ੈਰ ਜ਼ਿੰਮੇਦਾਰਾਨਾ ਖਤਰਨਾਕ ਡਰਾਈਵਿੰਗ ਨਾਲ ਦਹਿਸ਼ਤ ਫੈਲਾਈ ਰਖਦੇ ਹਨ। ਪੰਜਾਬ ਦੀਆਂ ਸੜਕਾਂ ਉਪਰ ਅਸੁਰੱਖਿਅਤ ਟ੍ਰੈਫ਼ਿਕ ਸਥਿਤੀ ਦੇ ਮੱਦੇਨਜ਼ਰ ਹਰ ਇਕ ਸੜਕੀ ਸਫ਼ਰ ਕਰਨ ਵਾਲੇ ਨੂੰ ਇਹੋ ਸਲਾਹ ਦੇਣੀ ਬਣਦੀ ਹੈ, 'ਭਾਈ ਸਾਹਿਬ, ਜ਼ਰਾ ਬਚ ਕੇ ਰੋਡ ਤੋਂ'

## ਚੱਲ, ਮੇਲੇ ਨੂੰ ਚੱਲੀਏ

ਸਿਆਲ ਰੁੱਤੇ ਪੰਜਾਬ ਵਿਚ ਕੁੱਝ ਵਿਸ਼ੇਸ਼ ਧਾਰਮਿਕ ਜੋੜ ਮੇਲੇ ਲਗਦੇ ਆ ਰਹੇ ਹਨ। ਫ਼ਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲਾ, ਮੁਕਤਸਰ ਸਾਹਿਬ ਦਾ ਮਾਘੀ ਜੋੜ ਮੇਲਾ ਕਾਫ਼ੀ ਪ੍ਰਸਿੱਧ ਹਨ, ਮਾਘੀ 'ਤੇ ਇਕ ਮੇਲਾ ਤਖ਼ਤੂਪੁਰੇ ਵੀ ਚੰਗਾ ਭਰਦਾ ਹੈ। ਸ਼ੁਰੂ ਸ਼ੁਰੂ ਵਿਚ ਇਨ੍ਹਾਂ ਮੇਲਿਆਂ 'ਤੇ ਹੋਣ ਵਾਲੇ ਇਕੱਠ ਨੇ ਸਿਆਸੀ ਪਾਰਟੀਆਂ ਨੂੰ ਇਥੇ ਆਪਣੀਆਂ ਸਟੇਜਾਂ ਲਾਉਣ ਲਈ ਪ੍ਰੇਰਿਤ ਕੀਤਾ ਹੋਵੇਗਾ। ਪਰ ਹੁਣ ਸਥਿਤੀ ਬਹੁਤ ਬਦਲ ਗਈ ਹੈ, ਹੁਣ ਪੰਜਾਬ ਦੀਆਂ ਵੱਡੀਆਂ ਸਮਝੀਆਂ ਜਾਂਦੀਆਂ ਸਿਆਸੀ ਪਾਰਟੀਆਂ ਫ਼ਤਿਹਗੜ੍ਹ ਸਾਹਿਬ, ਮੁਕਤਸਰ ਸਾਹਿਬ ਤੇ



ਤਖ਼ਤੂਪੁਰੇ ਆਪਣੇ ਸਾਧਨਾਂ ਰਾਹੀਂ ਭੀੜ ਇਕੱਠੀ ਕਰਦੀਆਂ ਹਨ ਤੇ ਹਰ ਸਿਆਸੀ ਪਾਰਟੀ ਦਾ ਯਤਨ ਹੁੰਦਾ ਹੈ ਕਿ ਉਸ ਦੇ ਪੰਡਾਲ ਵਿਚ ਭਰਵਾਂ ਇਕੱਠ ਦਿਖਾਈ ਦੇਵੇ। ਇਸੇ ਇਕੱਠ ਦੀਆਂ ਤਸਵੀਰਾਂ, ਅੰਕੜੇ ਮਗਰੋਂ ਮੀਡੀਆ ਵਿਚ ਪਾਰਟੀ ਦੀ ਇਸ਼ਤਿਹਾਰਬਾਜ਼ੀ ਲਈ ਵਰਤੇ ਜਾਂਦੇ ਹਨ। ਖ਼ੈਰ ਕੁੱਝ ਵੀ ਹੋਵੇ, ਇਨ੍ਹਾਂ ਭੀੜਨੁਮਾ ਇਕੱਠਾਂ ਵਿਚ ਸਵੈਇੱਛਾ ਨਾਲ ਜਾਣ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ। ਸਿਆਸੀ ਪੱਖੋਂ ਜਾਗਰੂਕ ਲੋਕਾਂ ਦੀ ਵੀ ਇਨ੍ਹਾਂ ਵਿਚ ਵੱਡੀ ਸ਼ਮੂਲੀਅਤ ਨਹੀਂ ਹੁੰਦੀ, ਜਾਣ ਵਾਲਿਆਂ ਵਿਚ ਕਈ ਗਰਜਾਂ ਦੇ ਬੱਧੇ ਹੁੰਦੇ ਹਨ ਤੇ ਕਈ ਮੌਜ ਮਸਤੀ ਵਾਲੇ ਵੀ। ਇਹ ਲੋਕ ਪੰਡਾਲਾਂ 'ਚ ਹਾਜ਼ਰੀ ਭਰ ਕੇ ਸਿਆਸੀ ਪਾਰਟੀਆਂ ਦਾ ਘਰ ਤਾਂ ਪੂਰਾ ਕਰ ਆਉਂਦੇ ਹਨ ਪਰ ਸਮਾਜ ਦਾ ਨਾ ਪੂਰਿਆ ਹੋਣ ਵਾਲਾ ਨੁਕਸਾਨ ਕਰ ਦਿੰਦੇ ਹਨ, ਕਿਉਂਕਿ ਇਹ ਮਨੋਵਿਗਿਆਨਿਕ ਤੌਰ 'ਤੇ ਵੋਟ ਰੁਝਾਨ ਨੂੰ ਪ੍ਰਭਾਵਿਤ ਕਰਨ ਵਿਚ ਨਾਕਾਰਾਤਮਿਕ ਭੂਮਿਕਾ ਨਿਭਾ ਦਿੰਦੇ ਹਨ। ਕੁੱਝ ਇਸੇ ਤਰ੍ਹਾਂ ਦੇ ਹੀ ਰਹੇ ਇਸ ਵਾਰ ਵੀ ਸਿਆਲ ਰੁੱਤ ਦੇ ਧਾਰਮਿਕ ਜੋੜ ਮੇਲੇ। ਹਰ ਸਟੇਜ 'ਤੇ ਜੰਮ ਕੇ ਤਕਰੀਰਾਂ ਹੋਈਆਂ, ਸਿਆਸੀ ਵਿਰੋਧੀਆਂ ਨੇ ਇਕ ਦੂਜੇ 'ਤੇ ਤਾਬੜਤੋੜ ਹਮਲੇ ਕੀਤੇ, ਦੂਜਿਆਂ ਲਈ ਬਲੀਦਾਨ ਦੇਣ ਵਾਲਿਆਂ ਦੀ ਯਾਦ 'ਚ ਜੁੜੇ ਇਨ੍ਹਾਂ ਮੇਲਿਆਂ 'ਚ 'ਮੈਂ ਮੈਂ' ਦੀ ਖੂਬ ਤੂਤੀ ਬੋਲਦੀ ਰਹੀ।

## ਜਾਗਦੇ ਜੁਝਾਰ ਲੋਕ

ਇਤਿਹਾਸ ਗਵਾਹ ਹੈ ਕਿ ਲੋਕ ਸਦਾ ਹੱਕ, ਸੱਚ ਤੇ ਇਨਸਾਫ਼ ਦੀ ਪ੍ਰਾਪਤੀ ਲਈ ਜੂਝਦੇ ਆਏ ਹਨ ਤੇ ਹਾਕਮ ਇਨ੍ਹਾਂ ਦੇ ਸੰਘਰਸ਼ ਨੂੰ ਕੁਚਲਣ ਦਾ ਹਰ ਹੀਲਾ ਕਰਦੇ ਹਨ। ਜਿਉਂ ਜਿਉਂ ਲੋਕ ਸੰਘਰਸ਼ ਜ਼ੋਰ ਫੜਦਾ ਹੈ ਤਿਉਂ ਤਿਉਂ ਹੁਕਮਰਾਨਾਂ ਦਾ ਰੁਖ ਸਖ਼ਤ ਹੁੰਦਾ ਜਾਂਦਾ ਹੈ। ਦਮਨਕਾਰੀ ਕਾਨੂੰਨ ਬਣਾਏ ਜਾਂਦੇ ਹਨ ਤੇ ਸੰਘਰਸ਼ਾਂ ਨੂੰ ਦਬਾਉਣ ਵਾਲੀ ਮਸ਼ੀਨਰੀ ਨੂੰ ਵਧੇਰੇ ਮਜ਼ਬੂਤ ਬਣਾਇਆ ਜਾਂਦਾ ਹੈ। ਪੰਜਾਬ ਸਰਕਾਰ ਵਲੋਂ ਪਿੱਛੇ ਜਿਹੇ ਬਣਾਏ ਗਏ ਦੋ ਕਾਨੂੰਨਾਂ ਅਤੇ ਕੀਤੇ ਗਏ ਸੁਰੱਖਿਆ ਇੰਤਜ਼ਾਮਾਂ ਦੇ ਪਿਛੋਕੜ ਵਿਚ ਵੀ ਕੁੱਝ ਇਹੋ ਜਿਹਾ ਸੱਚ ਹੀ ਨਜ਼ਰ ਆ ਰਿਹਾ ਹੈ। ਪੰਜਾਬ ਸਰਕਾਰ ਦੇ ਇਨ੍ਹਾਂ 'ਪੰਜਾਬ ਸਰਕਾਰ ਅਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਬਿੱਲ 2010' ਅਤੇ 'ਪੰਜਾਬ ਵਿਸ਼ੇਸ਼ ਸੁਰੱਖਿਆ ਗਰੁੱਪ ਬਿੱਲ 2010' ਵਿਰੁਧ ਜਨਤਕ ਜਥੇਬੰਦੀਆਂ ਵਿਚ ਜਬਰਦਸਤ ਰੋਸ ਪਾਇਆ ਜਾ ਰਿਹਾ ਹੈ। ਇਨ੍ਹਾਂ ਲੋਕ ਵਿਰੋਧੀ ਕਾਨੂੰਨਾਂ ਵਿਰੁਧ ਪੰਜਾਬ ਦੀਆਂ ਸੈਂਤੀ ਜਨਤਕ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਰੋਸ ਮੁਜ਼ਾਹਰੇ ਕੀਤੇ। ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ '1991 ਤੋਂ ਭਾਰਤ ਸਰਕਾਰ ਨੇ ਸਾਮਰਾਜੀ ਦਿਸ਼ਾ-ਨਿਰਦੇਸ਼ਾਂ ਤਹਿਤ ਨਵੀਂ



ਆਰਥਿਕ ਨੀਤੀ ਲਾਗੂ ਕਰ ਦਿੱਤੀ ਹੈ, ਜਿਸ ਤਹਿਤ ਰੁਜ਼ਗਾਰ ਅਤੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਦਿਤੀਆਂ ਜਾਂਦੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ।' ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਬਿਲ 2010 ਦੀ ਧਾਰਾ 3 (1) ਅਨੁਸਾਰ ਸ਼ਾਂਤਮਈ ਪ੍ਰਦਰਸ਼ਨ, ਮਾਰਚ ਜਾਂ ਮੁਜ਼ਾਹਰਾ ਜਥੇਬੰਦ ਕਰਨ ਲਈ ਜ਼ਿਲ੍ਹਾ ਮੈਜਿਸਟਰੇਟ ਜਾਂ ਕਮਿਸ਼ਨਰ ਨੂੰ ਮਨਜ਼ੂਰੀ ਲਈ ਅਰਜ਼ੀ ਦੇਣੀ ਹੋਵੇਗੀ। ਇਸ ਧਾਰਾ ਦੀ ਉਪਧਾਰਾ (2) ਅਨੁਸਾਰ ਜ਼ਿਲ੍ਹਾ ਮੈਜਿਸਟਰੇਟ ਜਾਂ ਕਮਿਸ਼ਨਰ ਇਹ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਸਕਦਾ ਹੈ, ਇਸ ਦਾ ਬਿਲ ਵਿਚ ਕੋਈ ਵੇਰਵਾ ਨਹੀਂ ਹੈ। ਇਹ ਬਿੱਲ ਅਸਲ ਵਿਚ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਦਬਾਉਣ ਦੀ ਮਨਸ਼ਾ ਨਾਲ ਹੀ ਪਾਸ ਕੀਤੇ ਗਏ ਹਨ। ਜਨਤਕ ਜਥੇਬੰਦੀਆਂ ਦੀ ਲੋਕ ਵਿਰੋਧੀ ਕਾਨੂੰਨਾਂ ਵਿਰੁਧ ਲਾਮਬੰਦੀ ਆਮ ਲੋਕਾਂ ਦੇ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੀ ਸ਼ਾਹਦੀ ਭਰਦੀ ਹੈ। ਜੂਝਦੇ ਜੁਝਾਰ ਲੋਕਾਂ ਤੋਂ ਇਹ ਆਸ ਕਰਨੀ ਵੀ ਬਣਦੀ ਹੈ ਕਿ ਉਹ ਕਾਲੇ ਕਾਨੂੰਨਾਂ ਪ੍ਰਤੀ ਲੋਕਾਂ ਨੂੰ ਸਮੇਂ ਸਿਰ ਸੁਚੇਤ ਕਰਨ। ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਿਚ ਸ਼ਾਮਲ ਜਥੇਬੰਦੀਆਂ ਦੀ ਗਿਣਤੀ ਵਿਚ ਵਾਧਾ ਵੀ ਇਹੋ ਸੰਕੇਤ ਦੇ ਰਿਹਾ ਹੈ ਕਿ ਲੋਕ ਵਿਰੋਧੀ ਸਰਕਾਰੀ ਨੀਤੀਆਂ ਦਾ ਵਿਰੋਧ ਵਧੇਰੇ ਤਾਕਤ ਫੜਦਾ ਜਾ ਰਿਹਾ ਹੈ।

## ਵੋਟ ਲਈ ਰੁਚੀ ਦੀ ਤੋਟ

ਭਾਰਤੀ ਲੋਕਤੰਤਰ ਦੀ ਵਰਤਮਾਨ ਦਸ਼ਾ ਨਿਰਾਸ਼ ਕਰਨ ਵਾਲੀ ਹੈ। 'ਵੋਟਾਂ' ਦਾ ਤਾਂ ਜ਼ਰੂਰ ਰਾਜ ਹੈ ਪਰ 'ਵੋਟਰਾਂ' ਦਾ ਨਹੀਂ ਹੈ। ਵੋਟ ਹੁਣ 'ਰਾਇ' ਦਾ ਪ੍ਰਤੀਕ ਨਹੀਂ ਸਮਝੀ ਜਾਂਦੀ। ਜੁਗਾੜੀ ਟੋਲਿਆਂ ਨੇ ਵੋਟਾਂ ਨਾਲ ਪੇਟੀਆਂ ਭਰਨ ਤੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਬਟਨ ਦਬਾਉਣ ਦੇ ਕਈ ਗੁਰ ਲੱਭ ਲਏ ਹਨ। ਸਿਆਸੀ ਖੇਤਰ ਵਿਚ ਭ੍ਰਿਸ਼ਟਾਚਾਰ ਦਾ ਵਿਆਪਕ ਬੋਲਬਾਲਾ ਹੈ। ਅਜਿਹੀ ਸਥਿਤੀ 'ਚ ਆਮ ਆਦਮੀ ਵਿਚ ਵੋਟ ਪ੍ਰਤੀ ਅਰੁਚੀ ਪੈਦਾ ਹੋਣਾ ਸੁਭਾਵਿਕ ਹੀ ਹੈ। ਇਸ ਅਰੁਚੀ ਨੇ ਚੋਣ ਕਮਿਸ਼ਨ ਨੂੰ ਵੀ ਫ਼ਿਕਰਾਂ ਵਿਚ ਪਾ ਦਿਤਾ ਹੈ। ਨੌਜਵਾਨ ਵਰਗ ਵਿਚ ਅਰੁਚੀ ਦੀ ਭਾਵਨਾ ਕਾਫ਼ੀ ਉਘੜਵੀਂ ਹੈ। ਨਵੇਂ ਵੋਟਰ ਬਣਨ ਯੋਗ



ਨੌਜਵਾਨਾਂ ਵਿਚੋਂ ਕੇਵਲ 20 ਫ਼ੀ ਸਦੀ ਨੇ ਹੀ ਵੋਟ ਬਣਵਾਈ ਹੈ। ਜ਼ਹਿਰ ਹੈ ਕਿ ਇਹ ਗਿਣਤੀ ਬਹੁਤ ਨਿਗੂਣੀ ਜਿਹੀ ਹੈ। ਪੰਜਾਬ ਚੋਣ ਕਮਿਸ਼ਨ ਵਲੋਂ ਇਸ ਸਮੇਂ ਵੋਟਾਂ ਬਣਾਉਣ ਦੀ ਮੁਹਿੰਮ ਤਹਿਤ ਸਕੂਲਾਂ ਕਾਲਜਾਂ ਵਿਚ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਦਾ ਮੰਤਵ ਨੌਜਵਾਨਾਂ ਨੂੰ ਵੋਟ ਬਣਾਉਣ ਲਈ ਪ੍ਰੇਰਿਤ ਕਰਨਾ ਹੈ। ਵੋਟਰ ਬੈ ਰ ਲੋਕਤੰਤਰ ਦੀ ਕਲਪਨਾ ਕਰਨੀ ਵੀ ਅਸੰਭਵ ਹੈ ਪਰ ਕੀ ਵੋਟ ਹੀ ਲੋਕਤੰਤਰ ਦੀ ਸਫ਼ਲਤਾ ਦਾ ਮੂਲ ਅਧਾਰ ਹੈ? ਲੋਕਤੰਤਰ (ਭਾਰਤੀ) ਮੌਜੂਦਾ ਦਸ਼ਾ ਦੇਖ ਕੇ ਤਾਂ ਅਜਿਹਾ ਬਿਲਕੁਲ ਨਹੀਂ ਜਾਪਦਾ।

## ਛੇਕੜਲੀ ਗੱਲ

ਪੁਰਾਣੇ ਸਮਿਆਂ ਦੀ ਗੱਲ ਹੈ। ਇਕ ਵੇਰਾਂ ਇਕ ਖੂਹ ਦਾ ਪਾਣੀ ਮੁਸ਼ਕ ਮਾਰਨ ਲੱਗ ਪਿਆ। ਲੋਕਾਂ ਨੂੰ ਚਿੰਤਾ ਹੋਈ। ਖੂਹ ਦਾ ਮੁਸ਼ਕਿਆ ਪਾਣੀ ਬਦਲਣ ਦਾ ਕਾਰਜ ਵਿੱਢ ਲਿਆ ਗਿਆ। ਲੋਕ ਖੂਹ ਦਾ ਪਾਣੀ ਕੱਢਣ ਲੱਗੇ, ਕੱਢੀ ਗਏ, ਵਾਰ ਵਾਰ ਪਾਣੀ ਕੱਢਣ ਦੀ ਪ੍ਰਕਿਰਿਆ ਦੁਹਰਾਈ ਗਈ ਪਰ ਪਾਣੀ ਦਾ ਮੁਸ਼ਕ ਨਾ ਗਿਆ। ਸਬੱਬੀਂ ਉਧਰੋਂ ਇਕ ਮੁਸਾਫ਼ਿਰ ਗੁਜ਼ਰਦਾ ਹੋਇਆ ਖੂਹ ਕੋਲ ਆ ਕੇ ਰੁਕ ਗਿਆ। ਲੋਕਾਂ ਨੇ ਮੁਸਾਫ਼ਿਰ ਨੂੰ ਸਮੱਸਿਆ ਦੱਸੀ। ਮੁਸਾਫਿਰ ਨੇ ਤੁਹੱਮਲ ਨਾਲ ਸਾਰੀ ਗੱਲ ਸੁਣ ਕੇ ਖੂਹ 'ਚ ਝਾਤੀ ਮਾਰੀ ਤੇ ਲੋਕਾਂ ਨੂੰ ਸਮਝਾਇਆ ਕਿ ਖੂਹ ਵਿਚ ਕੋਈ ਮਰਿਆ ਹੋਇਆ ਜਾਨਵਰ ਹੈ, ਜਦੋਂ ਤਕ ਤੁਸੀਂ ਇਸ ਜਾਨਵਰ ਨੂੰ ਨਹੀਂ ਕੱਢੋਂਗੇ ਪਾਣੀ ਇਉਂ ਹੀ ਬਦਬੂ ਮਾਰਦਾ ਰਹੇਗਾ। ਪਾਣੀ ਬਦਲਣ ਨਾਲ ਕੋਈ ਲਾਭ ਨਹੀਂ ਹੋਣ ਲੱਗਾ। ਭਾਰਤੀ ਲੋਕਤੰਤਰ ਦਾ ਵੀ ਇਹੋ ਹਾਲ ਹੈ। ਇਸ ਨੂੰ ਖੂਹ ਦਾ ਪਾਣੀ ਬਦਲਣ ਦੀ ਤਰਜ਼ 'ਤੇ ਸੁਧਾਰਨ ਦਾ ਯਤਨ ਤਾਂ ਬਹੁਤ ਦੇਰ ਤੋਂ ਹੋ ਰਿਹਾ ਹੈ ਪਰ ਇਸ ਅੰਦਰਲੀਆਂ ਬੁਨਿਆਦੀ ਬੁਰਾਈਆਂ ਨੂੰ ਜਾਂ ਤਾਂ ਪਛਾਣਿਆਂ ਹੀ ਨਹੀਂ ਜਾ ਰਿਹਾ ਜਾਂ ਫਿਰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਇਸੇ ਲਈ ਲੋਕਤੰਤਰੀ ਸੁਧਾਰਾਂ ਦੇ ਲਗਭਗ ਸਾਰੇ ਯਤਨ ਅਜੇ ਤਕ ਬੇਸਿੱਟਾ ਹੀ ਸਾਬਤ ਹੋ ਰਹੇ ਹਨ।

# ਬਚ ਨਹੀਂ ਸਕਣਗੇ ਹੁਣ ਧੋਖੇਬਾਜ਼ ਲਾੜੇ

## ਪਰਵਾਸੀ ਭਾਰਤੀ ਦੇ ਵਿਦੇਸ਼ ਭੱਜਣ ਦੇ ਖਦਸ਼ੇ 'ਤੇ ਪਾਸਪੋਰਟ ਜ਼ਬਤ ਹੋਵੇਗਾ

ਜਲੰਧਰ (ਨ.ਦ.ਬ) ਭਾਰਤ ਵਿੱਚ 'ਹਾਲੀਡੇ ਵਾਈਫ' ਬਣਾਉਣ ਵਾਲੇ ਪਰਵਾਸੀ ਲਾੜਿਆਂ ਦਾ ਹੁਣ ਵਿਦੇਸ਼ ਭੱਜਣਾ ਜਾਂ ਫੇਰ ਉਥੇ ਰਹਿਣਾ ਸੌਖਾ ਨਹੀਂ ਹੋਵੇਗਾ। ਜਲੰਧਰ ਭਾਰਤ ਦਾ ਪਹਿਲਾ ਕੇਂਦਰ ਬਣ ਗਿਆ ਹੈ, ਜਿਥੇ ਖੇਤਰੀ ਪਾਸਪੋਰਟ ਦਫਤਰ ਵਿੱਚ ਪਰਵਾਸੀ ਲਾੜਿਆਂ ਦਾ ਸ਼ਿਕਾਰ ਹੋਈਆਂ ਕੁੜੀਆਂ ਲਈ ਵਿਸ਼ੇਸ਼ ਸੇਵਾ ਸ਼ੁਰੂ ਕੀਤੀ ਗਈ। ਇਸ ਤਹਿਤ ਵਿਆਹ ਤੋਂ ਭੱਜਣ ਵਾਲੇ ਪਰਵਾਸੀ ਲਾੜੇ ਦਾ ਪਾਸਪੋਰਟ ਜ਼ਬਤ ਕਰ ਲਿਆ ਜਾਵੇਗਾ। ਜੇਕਰ ਉਹ ਵਿਦੇਸ਼ ਭੱਜਣ ਵਿੱਚ ਕਾਮਯਾਬ ਹੋ ਵੀ ਗਿਆ ਤਾਂ ਉਸ ਨੂੰ ਵਾਪਸ ਬੁਲਾਇਆ ਜਾ ਸਕੇਗਾ।

ਖੇਤਰੀ ਪਾਸਪੋਰਟ ਅਧਿਕਾਰੀ ਪ੍ਰਨੀਤ ਸਿੰਘ ਨੇ ਇਸ ਨਵੀਂ ਵਿਧੀ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਉਨ੍ਹਾਂ ਕੁੜੀਆਂ ਨੂੰ ਇਨਸਾਫ ਮਿਲੇਗਾ, ਜੋ ਪਰਵਾਸੀ ਲਾੜਿਆਂ ਦਾ ਸ਼ਿਕਾਰ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਅਜਿਹੀਆਂ ਕੁੜੀਆਂ ਦੀ ਭਰਮਾਰ ਹੈ, ਜਿਨ੍ਹਾਂ ਨੂੰ ਪਰਵਾਸੀ ਵਿਆਹ ਤੋਂ ਬਾਅਦ ਛੱਡ ਕੇ ਭੱਜ ਗਏ। ਖਾਸ ਕਰ ਕੇ ਦੁਆਬੇ ਵਿੱਚ 15 ਹਜ਼ਾਰ ਕੁੜੀਆਂ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹਨ। ਦੁਆਬੇ ਵਿਚੋਂ ਜਲੰਧਰ ਜ਼ਿਲ੍ਹਾ ਮੋਹਰੀ ਹੈ। ਪ੍ਰਨੀਤ ਸਿੰਘ ਦਾ ਕਹਿਣਾ ਹੈ ਕਿ ਇਨ੍ਹਾਂ ਮਾਮਲਿਆਂ ਨੂੰ ਵੱਖ ਵੱਖ ਸੰਗਠਨਾਂ ਅਤੇ ਮੰਚਾਂ ਉਪਰ ਉਠਾਇਆ ਜਾਂਦਾ ਰਿਹਾ ਹੈ ਪਰ ਠੋਸ ਨਤੀਜੇ ਸਾਹਮਣੇ ਨਹੀਂ ਆ ਰਹੇ ਹਨ। ਇਸ ਲਈ ਦੁਆਬੇ ਵਿੱਚ ਪਾਸਪੋਰਟ ਵਿਭਾਗ ਨੇ ਇਸ ਨਵੀਂ ਸੇਵਾ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਪਰਵਾਸੀ ਲਾੜਿਆਂ ਦਾ ਪਾਸਪੋਰਟ ਜ਼ਬਤ ਕਰ ਲਿਆ ਜਾਵੇਗਾ।

### ਪਾਸਪੋਰਟ ਵਿਭਾਗ ਸੂਬਾ ਸਰਕਾਰ ਨਾਲ ਵੀ ਤਾਲਮੇਲ ਬਣਾਏਗਾ

ਪਾਸਪੋਰਟ ਅਧਿਕਾਰੀ ਪ੍ਰਨੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਪੰਜਾਬ ਸਰਕਾਰ ਨਾਲ ਵੀ ਤਾਲਮੇਲ ਬਣਾਏਗਾ ਅਤੇ ਕਈ ਸੁਝਾਅ ਦਿੱਤੇ ਜਾਣਗੇ। ਇਸ ਤਹਿਤ ਵਿਆਹ ਤੋਂ ਬਾਅਦ ਰਜਿਸਟਰੇਸ਼ਨ ਦੇ ਵਕਤ ਲਾੜੇ ਦੇ ਪਾਸਪੋਰਟ ਦੀ ਕਾਪੀ, ਉਸ ਦਾ ਸਮਾਜਕ ਸੁਰੱਖਿਆ ਨੰਬਰ, ਵਿਦੇਸ਼ ਵਿੱਚ ਸਥਾਈ ਪਤਾ, ਸੰਪਰਕ ਨੰਬਰ ਲਏ ਜਾਣ ਅਤੇ ਪਾਸਪੋਰਟ ਦੀ ਕਾਪੀ ਸਥਾਨਕ ਦਫਤਰ ਨੂੰ ਤੁਰੰਤ ਭੇਜੀ ਜਾਵੇ। ਪਾਸਪੋਰਟ ਵਿਭਾਗ ਮਿਥੇ ਸਮੇਂ ਵਿੱਚ ਪਰਵਾਸੀ ਲਾੜੇ ਨੂੰ ਆਪਣੀ ਪਤਨੀ ਦਾ ਨਾਮ ਪਾਸ-ਪੋਰਟ ਵਿੱਚ ਦਰਜ ਕਰਵਾਉਣ ਲਈ ਲਿਖੇਗਾ। ਜੇਕਰ ਪਰਵਾਸੀ ਲਾੜਾ ਆਨਾਕਾਨੀ ਕਰਦਾ ਹੈ ਤਾਂ ਉਸਦਾ ਪਾਸਪੋਰਟ ਜ਼ਬਤ ਕਰ ਲਿਆ ਜਾਵੇਗਾ। ਪਾਸਪੋਰਟ ਵਿਭਾਗ, ਅੰਮ੍ਰਿਤਸਰ ਏਅਰਪੋਰਟ ਦੇ ਸਥਾਈ ਇਮੀਗਰੇਸ਼ਨ ਦਫਤਰ ਨਾਲ ਵੀ ਸੰਪਰਕ ਬਣਾਉਣ ਜਾ ਰਿਹਾ ਹੈ, ਜਿਥੇ ਪਰਵਾਸੀ ਲਾੜੇ ਦੀ ਪਤਨੀ ਦਾ ਨਾਮ ਪਾਸਪੋਰਟ ਵਿੱਚ ਜ਼ਰੂਰ ਚੈਕ ਕੀਤਾ ਜਾਵੇਗਾ।

# ਪੰਜਾਬੀ ਦੇ ਪ੍ਰਸਿੱਧ ਸ਼ਾਇਰ ਅਤੇ ਆਲੋਚਕ ਸੁਤਿੰਦਰ ਸਿੰਘ ਨੂਰ ਨਹੀਂ ਰਹੇ

ਚੰਡੀਗੜ੍ਹ (ਨਦਬ) : ਦੁਨੀਆ ਭਰ ਦੇ ਪੰਜਾਬੀ ਹਲਕਿਆਂ ਵਿਚ ਇਹ ਖ਼ਬਰ ਬਹੁਤ ਹੀ ਦੁੱਖ ਅਤੇ ਸਦਮੇ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਦੇ ਪ੍ਰਸਿੱਧ ਸ਼ਾਇਰ,



ਉਚ ਕੋਟੀ ਦੇ ਵਿਦਵਾਨ ਅਤੇ ਉੱਘੇ ਆਲੋਚਕ ਸ੍ਰੀ ਸੁਤਿੰਦਰ ਸਿੰਘ ਨੂਰ ਸਦਾ ਲਈ ਤੁਰ ਗਏ ਹਨ। ਉਹ ਪਿਛਲੇ 15 ਦਿਨਾਂ ਤੋਂ ਨਵੀਂ ਦਿੱਲੀ ਦੇ ਸਰੋਜ ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਉਨ੍ਹਾਂ ਨੂੰ ਸਾਧਾਰਨ ਬੀਮਾਰੀ ਵਜੋਂ ਲਈ ਗਈ ਇਕ ਦਵਾਈ ਮੁਆਫ਼ਕ ਨਹੀਂ ਬੈਠੀ ਸੀ, ਜਿਸ ਕਾਰਨ ਉਨ੍ਹਾਂ ਦੀਆਂ ਕਿਡਨੀਆਂ ਫੇਲ ਹੋ ਗਈਆਂ।

ਡਾ. ਸੁਤਿੰਦਰ ਸਿੰਘ ਨੂਰ ਨੇ ਪੰਜਾਬੀ ਆਲੋਚਨਾ ਵਿਚ ਨਵੇਂ ਆਯਾਮ ਸਥਾਪਤ ਕੀਤੇ ਅਤੇ ਪੰਜਾਬੀ ਸਾਹਿਤ ਅਤੇ ਭਾਸ਼ਾ ਨੂੰ ਕੌਮਾਂਤਰੀ ਪੱਧਰ 'ਤੇ ਪਛਾਣ ਦਿਵਾਉਣ ਵਿਚ ਵੱਡਾ ਯੋਗਦਾਨ ਪਾਇਆ। ਉਨ੍ਹਾਂ 40 ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਕੇ ਪੰਜਾਬੀ ਸਾਹਿਤ ਨੂੰ ਅਮੀਰੀ ਬਖ਼ਸ਼ੀ।

# ਦੇਸ਼ ਦੀਆਂ ਸਾਰੀਆਂ ਪਾਰਟੀਆਂ ਦੀ ਕਮਾਈ ਕਰੋੜਾਂ ਰੁਪਏ 'ਚ

ਚੰਡੀਗੜ੍ਹ (ਨਦਬ) : ਦੇਸ਼ ਦੀਆਂ ਮੁੱਖ ਰਾਸ਼ਟਰੀ ਪਾਰਟੀਆਂ ਸਮੇਤ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਕਰੋੜਾਂ ਰੁਪਏ ਦੀ ਵੱਖ ਵੱਖ ਉਦਯੋਗਿਕ ਘਰਾਣਿਆਂ ਕੋਲੋਂ ਆਰਥਕ ਮਦਦ ਮਿਲਦੀ ਹੈ। ਜਿਸ ਕਰ ਕੇ ਇਹ ਸਿਆਸੀ ਪਾਰਟੀਆਂ ਦੀ ਆਮਦਨ 20 ਕਰੋੜ ਰੁਪਏ ਤੋਂ ਲੈ ਕੇ 713 ਕਰੋੜ ਤਕ ਹੈ। ਇਨ੍ਹਾਂ ਪਾਰਟੀਆਂ ਨੇ ਅਪਣੀ ਸਾਲਾਨਾ ਇਨਕਮ ਟੈਕਸ ਰਿਟਰਨ 'ਚ ਪ੍ਰਗਟਾਵਾ ਕੀਤਾ ਕਿ ਇਸ ਆਮਦਨ 'ਚ ਪਾਰਟੀ ਫ਼ੰਡ, ਸਿਖਿਆ ਫ਼ੰਡ, ਦਾਨ, ਮੈਂਬਰਸ਼ਿਪ ਆਦਿ ਤਰ੍ਹਾਂ ਦੀ ਕਮਾਈ ਸ਼ਾਮਲ ਹੈ।

ਨੈਸ਼ਨਲ ਇਲੈਕਸ਼ਨ ਵਾਚ ਤੇ ਐਸੋਸੀਏਸ਼ਨ ਫ਼ਾਰ ਡੈਮੋਕਰੇਟਿਕ ਰੀਫ਼ੋਰਮਜ਼ ਵਲੋਂ ਕਾਂਗਰਸ, ਭਾਰਤੀ ਜਨਤਾ ਪਾਰਟੀ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ. (ਐਮ.), ਰਾਸ਼ਟਰੀ ਜਨਤਾ ਦਲ, ਰਾਸ਼ਟਰਵਾਦੀ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਇਨਕਮ ਟੈਕਸ ਵਿਭਾਗ 'ਚ ਸਾਲ 2007 ਤੋਂ ਲੈ ਕੇ ਸਾਲ 2009 ਤਕ ਭਰੀਆਂ ਗਈਆਂ ਰਿਟਰਨਾਂ 'ਚ ਅਪਣੀ-ਅਪਣੀ ਕਮਾਈ ਦਾ ਪ੍ਰਗਟਾਵਾ ਕੀਤਾ।

ਇਨ੍ਹਾਂ 'ਚ ਕਾਂਗਰਸ ਪਾਰਟੀ 718 ਕਰੋੜ ਰੁਪਏ ਦੀ ਕਮਾਈ ਨਾਲ ਸਭ ਤੋਂ ਉਪਰ ਹੈ, ਜਦਕਿ ਭਾਜਪਾ 344 ਕਰੋੜ ਅਤੇ ਬਹੁਜਨ ਸਮਾਜ ਪਾਰਟੀ 252 ਕਰੋੜ ਰੁਪਏ ਦੀ ਕਮਾਈ ਨਾਲ ਦੂਜੇ ਤੇ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਸੀ.ਪੀ.ਐਮ. 123 ਕਰੋੜ ਸਮਾਜਵਾਦੀ ਪਾਰਟੀ 71 ਕਰੋੜ, ਰਾਸ਼ਟਰਵਾਦੀ ਕਾਂਗਰਸ ਪਾਰਟੀ 57 ਕਰੋੜ, ਸੀ.ਪੀ.ਆਈ. 2 ਕਰੋੜ ਅਤੇ ਅਕਾਲੀ ਦਲ ਨੇ ਸਾਲ 2006 ਤੋਂ 2008 ਤਕ ਅਪਣੀ ਕਮਾਈ 17.5 ਕਰੋੜ ਰੁਪਏ ਅਤੇ ਸਾਲ 2009-10 ਦੀ 1.22 ਕਰੋੜ ਰੁਪਏ ਦੱਸੀ ਹੈ, ਜਦਕਿ ਸਾਲ 2007-08 ਅਤੇ 2008-09 ਬਾਰੇ ਪ੍ਰਗਟਾਵਾ ਨਹੀਂ ਕੀਤਾ ਗਿਆ।

ਦੂਜੇ ਪਾਸੇ ਦੇਸ਼ ਦੇ 11 ਉਦਯੋਗਿਕ ਘਰਾਣਿਆਂ ਨੇ ਸਾਲ 2007-08 ਅਤੇ ਸਾਲ 2008-09 ਦੌਰਾਨ ਸਿਆਸੀ ਪਾਰਟੀਆਂ ਨੂੰ ਚੈਕਾਂ ਰਾਹੀਂ ਕਰੋੜਾਂ ਰੁਪਏ ਦੀ ਮਦਦ ਕੀਤੀ ਹੈ, ਜਿਸ ਵਿਚ ਭਾਰਤੀ ਇਲੈਕਟਰੋਲ ਟਰੱਸਟ ਨੇ ਕਾਂਗਰਸ ਨੂੰ 11 ਕਰੋੜ, ਭਾਜਪਾ ਨੂੰ 6 ਕਰੋੜ ਤੇ ਆਰ ਜੇ ਡੀ ਨੂੰ 1 ਕਰੋੜ ਰੁਪਏ, ਟੋਰੈਂਟ ਪਾਵਰ ਨੇ ਭਾਜਪਾ ਨੂੰ 4.5 ਕਰੋੜ, ਕਾਂਗਰਸ ਨੂੰ 4.5 ਕਰੋੜ, ਐਨ.ਸੀ.ਪੀ. ਨੂੰ 1 ਕਰੋੜ ਰੁਪਏ, ਜਨਰਲ ਇਲੈਕਟਰੋਲ ਟਰੱਸਟ ਨੇ ਭਾਜਪਾ ਨੂੰ 6.51 ਕਰੋੜ ਤੇ ਕਾਂਗਰਸ ਨੂੰ 1.25 ਕਰੋੜ ਰੁਪਏ, ਵੀਡੀਓਕੋਨ ਨੇ ਭਾਜਪਾ ਨੂੰ 4.5 ਕਰੋੜ, ਕਾਂਗਰਸ ਨੂੰ 2 ਕਰੋੜ ਤੇ ਐਕਸੀਪੀ ਨੂੰ 1 ਕਰੋੜ, ਅਦਾਨੀ ਗਰੁੱਪ ਨੇ ਭਾਜਪਾ ਨੂੰ 3 ਕਰੋੜ ਤੇ ਕਾਂਗਰਸ ਨੂੰ ਵੀ 3 ਕਰੋੜ ਰੁਪਏ ਦਿਤੇ।

ਇਸੇ ਤਰ੍ਹਾਂ ਸ੍ਰੀ ਪੋਪਟਭਾਈ ਗਰੁੱਪ ਨੇ ਭਾਜਪਾ ਨੂੰ 5 ਕਰੋੜ, ਅੰਬੂਜਾ ਸੀਮਿੰਟ ਨੇ ਭਾਜਪਾ ਤੇ ਐਨ ਸੀ ਪੀ ਨੂੰ 1-1 ਕਰੋੜ ਰੁਪਏ, ਲਾਰਸਨ ਤੇ ਪੁੰਜਲਾਇਡ ਨੇ ਭਾਜਪਾ ਨੂੰ 6 ਕਰੋੜ, ਨਿਰਮਾ ਗਰੁੱਪ ਨੇ ਭਾਜਪਾ ਨੂੰ 1 ਕਰੋੜ ਤੇ ਕਾਂਗਰਸ ਨੂੰ 75 ਲੱਖ ਰੁਪਏ ਤੇ ਇਨਫ਼ੀਨਾ ਫ਼ਾਈਨੈਂਸ ਗਰੁੱਪ ਨੇ ਐਨ.ਸੀ.ਪੀ. ਨੂੰ 1 ਕਰੋੜ ਰੁਪਏ ਤੇ ਭਾਜਪਾ ਨੂੰ 75 ਲੱਖ ਰੁਪਏ ਦਾ ਦਾਨ ਦਿਤਾ ਹੈ।

ਜਦਕਿ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਸਾਲ 2009-10 'ਚ ਅੰਬੂਜਾ ਸੀਮਿੰਟ ਨੇ 75 ਲੱਖ, ਟ੍ਰਿਗ ਗਾਰਡੀ ਫ਼ੋਰਸ ਨੇ 21 ਲੱਖ, ਪੁੰਜ ਲਾਇਡ ਨੇ 20 ਲੱਖ, ਏਵਨ ਸਾਈਕਲ ਨੇ 2.81 ਲੱਖ, ਅਸ਼ੋਕ ਪ੍ਰਭਾਕਰ ਨੇ 2.33 ਲੱਖ, ਜ਼ਿਲ੍ਹਾ ਅਕਾਲੀ ਜਥਾ ਮੁਕਤਸਰ ਨੇ 1 ਲੱਖ, ਪਾਰਸ ਸਪਾਈਸ ਨੇ 31 ਹਜ਼ਾਰ ਅਤੇ ਏ.ਜੀ. ਐਗਰੋਟੈਕ ਨੇ 22 ਲੱਖ ਰੁਪਏ ਭੇਟ ਕੀਤੇ ਸਨ। ਇਸ ਸਬੰਧ 'ਚ ਉਕਤ ਸੰਸਥਾਵਾਂ ਦੇ ਆਗੂ ਪ੍ਰੋ. ਜਗਦੀਸ਼ ਛੋਕਰ, ਜਸਕੀਰਤ ਸਿੰਘ ਤੇ ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਉਕਤ ਘਰਾਣਿਆਂ ਵਲੋਂ ਇਹ ਦਾਨ ਨਹੀਂ ਬਲਕਿ ਇਕ ਰਿਸ਼ਵਤ ਦੇ ਰੂਪ ਵਿਚ ਦਿਤੀ ਗਈ ਸੀ, ਕਿਉਂਕਿ ਇਹ ਲੋਕ ਦਾਨ ਵਜੋਂ ਬਾਅਦ 'ਚ ਵੱਡੇ ਵੱਡੇ ਪ੍ਰਾਜੈਕਟ ਮਨਜ਼ੂਰ ਕਰਵਾ ਲੈਂਦੇ ਹਨ। ਸ੍ਰੀ ਖੇੜਾ ਨੇ ਕਿਹਾ ਕਿ ਦੇਸ਼ 'ਚ ਕੁਲ 1200 ਪਾਰਟੀਆਂ ਹਨ, ਇਨ੍ਹਾਂ 'ਚ 1050 ਪਾਰਟੀਆਂ ਝੂਠੀਆਂ ਤੇ ਫ਼ਰਜ਼ੀ ਹਨ, ਜਿਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਹੋਣੀ ਚਾਹੀਦੀ ਹੈ।

# ਮਿਹਨਤਕਸ਼ਾਂ ਦਾ ਸ਼ੋਸ਼ਣ ਹੀ ਕਿਰਤੀ ਵਰਗ ਨੂੰ ਹਾਸ਼ੀਏ 'ਤੇ ਧਕੇਲਦਾ ਆਇਐ : ਡਾ. ਗਿੱਲ

ਜਗਰਾਉਂ (ਨਦਬ) : ਸਰਕਾਰੀ ਸਾਇੰਸ ਸਿਖਿਆ ਤੇ ਖੋਜ ਕਾਲਜ ਜਗਰਾਉਂ ਵਿਖੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਪ੍ਰੋਗਰਾਮ 'ਸਭ ਵਰਗਾਂ ਲਈ ਸਮਾਨ ਅਵਸਰ' ਪ੍ਰੋਗਰਾਮ ਅਧੀਨ ਇਕ ਪ੍ਰਭਾਵਸ਼ਾਲੀ ਸੈਮੀਨਾਰ ਆਯੋਜਤ ਕੀਤਾ ਗਿਆ। ਮੁਖ ਮਹਿਮਾਨ ਡਾ. ਸੁਰਜੀਤ ਪਾਤਰ ਸਨ। ਇਸ ਤੋਂ ਇਲਾਵਾ ਸ਼ਾਇਰਾ ਡਾ. ਮਨਜੀਤਪਾਲ ਕੌਰ ਨੇ ਵੀ ਸੈਮੀਨਾਰ ਵਿਚ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਵਿਦਵਤਾ ਭਰਪੂਰ ਭਾਸ਼ਣ ਵਿਚ ਡਾ. ਤੇਜਵੰਤ ਸਿੰਘ ਗਿੱਲ ਨੇ ਹਾਸ਼ੀਆਗ੍ਰਸਤ ਵਰਗਾਂ ਦੇ ਇਤਿਹਾਸਕ ਸੰਦਰਭਾਂ ਦੀ ਚਰਚਾ ਕਰਦਿਆਂ ਕਿਹਾ ਕਿ ਕਿਰਤੀ ਲੋਕ ਹੀ ਮੁੱਖ ਰੂਪ ਵਿਚ ਹਾਸ਼ੀਆ-ਗ੍ਰਸਤ ਹੋਏ ਹਨ। ਉਨ੍ਹਾਂ ਨੇ ਨਾਰੀ ਵਰਗ ਨੂੰ ਹਾਸ਼ੀਆ-ਗ੍ਰਸਤ ਵਰਗਾਂ ਵਿਚ ਰੱਖਦਿਆਂ ਕਿਹਾ ਕਿ ਕੁੱਝ ਲੋਕਾਂ ਦੁਆਰਾ ਸਮਾਜ ਦੇ ਬਾਕੀ ਮਿਹਨਤੀ ਲੋਕਾਂ ਦਾ ਸ਼ੋਸ਼ਣ ਹੀ ਕਿਰਤੀ ਵਰਗਾਂ ਨੂੰ ਹਾਸ਼ੀਏ 'ਤੇ ਧਕੇਲਦਾ ਆਇਆ ਹੈ। ਉਨ੍ਹਾਂ ਅਨੁਸਾਰ ਹਾਸ਼ੀਆ-ਗ੍ਰਸਤ ਲੋਕਾਂ ਦੀ ਸਮਾਜਕ ਸਥਿਤੀ ਨੂੰ ਕਾਰਲ ਮਾਰਕਸ ਨੇ ਆਪਣੇ ਸਿਧਾਂਤ ਵਿਚ ਪਛਾਣਿਆ ਤੇ ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਰਾਜਨੀਤੀ 'ਚੋਂ ਤਲਾਸ਼ਣ ਦਾ ਯਤਨ ਕੀਤਾ। ਸਮਾਜਵਾਦੀ ਕ੍ਰਾਂਤੀਆਂ ਦੇ ਰੂਪ ਵਿਚ ਉਸ ਦੇ ਯਤਨਾਂ ਨੂੰ ਸਫ਼ਲਤਾ ਹਾਸਲ ਹੋਈ ਪਰ ਹਾਸ਼ੀਆ-ਗ੍ਰਸਤ ਲੋਕਾਂ ਦੀਆਂ ਸਮੱਸਿਆਵਾਂ ਦੇ ਅੰਤਮ ਹੱਲ ਤਲਾਸ਼ ਨਹੀਂ ਕਰ ਹੋਏ। ਡਾ. ਗਿੱਲ ਅਨੁਸਾਰ ਸਾਨੂੰ ਆਪਣੇ ਮਸਲਿਆਂ ਦੇ ਹੱਲ ਲਈ ਕੇਵਲ ਰਾਜਨੀਤੀ ਉਪਰ ਟੇਕ ਨਹੀਂ ਰਖਣੀ ਚਾਹੀਦੀ, ਸਗੋਂ ਇਸ ਦਿਸ਼ਾ ਵਿਚ ਸਾਹਿਤ, ਕਲਾ ਅਤੇ ਸੰਗੀਤ ਆਦਿ ਦੀਆਂ ਅੰਤਰ-ਦ੍ਰਿਸ਼ਟੀਆਂ ਵਧੇਰੇ ਮਦਦਗਾਰ ਸਾਬਤ ਹੋ ਸਕਦੀਆਂ ਹਨ।

ਡਾ. ਸੁਰਜੀਤ ਪਾਤਰ ਨੇ ਆਪਣੇ ਵਿਲੱਖਣ ਅੰਦਾਜ਼ ਦੇ ਭਾਸ਼ਣ ਵਿਚ ਸਮਾਜਿਕ ਅਨਿਆਂ ਦੀ ਚਰਚਾ ਆਪਣੀ ਕਵਿਤਾ ਦੇ ਹਵਾਲੇ ਨਾਲ ਕੀਤੀ। ਉਨ੍ਹਾਂ ਨੇ ਅਨਿਆਂ ਦੇ ਅਨੇਕਾਂ ਰੂਪਾਂ ਤੇ ਪਰਤਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਅਨਿਆਂ ਆਰਥਿਕ ਤੰਦੂਆਂ ਜਾਲ ਵਾਂਗ ਫੈਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕਵਿਤਾ ਜ਼ਿਆਦਾਤਰ ਇਸ ਅਨਿਆਂ ਦੇ ਦੁੱਖ 'ਚੋਂ ਉਪਜੀ ਹੈ।

ਡਾ. ਸੁਰਜੀਤ ਪਾਤਰ ਨੇ ਅਨਿਆਂ ਦੇ ਖਾਤਮੇ ਦੇ ਢੰਗ ਤਰੀਕੇ ਤਲਾਸ਼ਣ 'ਤੇ ਜ਼ੋਰ ਦਿੱਤਾ ਤਾਂ ਕਿ ਸਮਾਜ ਦੇ ਸਾਰੇ ਵਰਗ ਬਿਨਾ ਕਿਸੇ ਵਿਤਕਰੇ ਦੇ ਵਿਕਾਸ ਦੀ ਮੁੱਖ ਧਾਰਾ ਵਿਚ ਸ਼ਾਮਲ ਰਹਿਣ। ਆਪਣੀਆਂ ਕੁੱਝ ਚੋਣਵੀਆਂ ਕਾਵਿ ਰਚਨਾਵਾਂ ਤਰੰਨੁਮ 'ਚ ਪੇਸ਼ ਕਰ ਕੇ ਸੁਰਜੀਤ ਪਾਤਰ ਨੇ ਵਿਦਿਆਰਥੀ ਸਰੋਤਿਆਂ ਨੂੰ ਕੀਲ ਲਿਆ। ਸਮਾਗਮ ਵਿਚ ਲੜਕੀਆਂ ਦੀ ਭਰਵੀਂ ਸ਼ਮੂਲੀਅਤ ਤੋਂ ਪ੍ਰਭਾਵਿਤ ਹੋ ਕੇ ਡਾ. ਮਨਜੀਤ ਪਾਲ ਕੌਰ ਨੇ ਆਪਣੀ ਪੋਤਰੀ ਨੂੰ ਸਮਰਪਿਤ ਇਕ ਲੰਮੀ ਕਵਿਤਾ ਪੇਸ਼ ਕੀਤੀ। ਕਵਿਤਾ ਵਿਚ ਇਕ ਦਾਦੀ ਪੋਤਰੀ ਦੇ ਜਨਮ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦੀ ਹੈ। ਕਾਲਜ ਡਾਇਰੈਕਟਰ ਪ੍ਰੋ. ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਸੈਮੀਨਾਰ 'ਚ ਪ੍ਰਗਟਾਏ ਵਿਚਾਰਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਅੰਗ ਬਣਾਉਣ ਅਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨ। ਸੈਮੀਨਾਰ ਦਾ ਆਯੋਜਨ ਪ੍ਰੋ. ਸਵਿਤਾ ਸ਼ਰਮਾ, ਪ੍ਰੋ. ਸੁਮੇਧਾ ਸਿਆਲ, ਪ੍ਰੋ. ਪੀ.ਐਸ. ਸਿੱਧੂ, ਪ੍ਰੋ. ਬਲਵਿੰਦਰ ਸਿੰਘ ਤੇ ਪ੍ਰੋ. ਨਿਰਮਲ ਸਿੰਘ ਦੀ ਅਗਵਾਈ ਵਿਚ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਰਾਕੇਸ਼ ਰਮਨ ਨੇ ਨਿਭਾਈ।

## ☬ ਧੰਨਵਾਦ ☬ ਧੰਨਵਾਦ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ।

2010 ਜੁਲਾਈ ਅਤੇ ਨਵੰਬਰ ਵਿੱਚ ਐਡਮਿੰਟਨ ਦੇ ਰੇਡੀਓ ਸਟੇਸ਼ਨਾਂ ਦੇ ਪ੍ਰੋਗਰਾਮਾਂ ਦੁਆਰਾ, ਅਖ਼ਬਾਰਾਂ ਰਾਹੀਂ, ਗੁਰਦੁਆਰਾ ਸਾਹਿਬਾਨ ਦੀਆਂ ਸਟੇਜਾਂ ਤੋਂ, ਅਤੇ ਫ਼ਲਾਇਰਾਂ ਰਾਹੀਂ, ਅਲਬਰਟਾ ਯੂਨੀਵਰਸਿਟੀ ਵਿੱਚ ਚੱਲ ਰਹੇ ਪੰਜਾਬੀ ਪ੍ਰੋਗਰਾਮ ਨੂੰ ਚਾਲੂ ਰੱਖਣ ਲਈ ਆਪ ਸੰਗਤਾਂ ਪਾਸ ਅਪੀਲ ਕੀਤੀ ਗਈ ਸੀ। ਆਪ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਵਾਲੇ ਦਿਨ 21 ਨਵੰਬਰ 2010 ਨੂੰ ਐਡਮਿੰਟਨ ਦੇ ਚੌਹਾਂ ਗੁਰਦੁਆਰਾ ਸਾਹਿਬਾਨ ਵਿੱਚ ਸੰਗਤ ਦਾ ਉਤਸ਼ਾਹ ਇਸ ਕਾਰਜ ਸਬੰਧੀ ਦੇਖਣ ਵਾਲਾ ਹੀ ਸੀ। ਨਾਲ ਹੀ ਖ਼ੁਰਾਕ-ਸਮੱਗਰੀ ਦੇ 25 ਬਕਸੇ ਅਤੇ 5 ਹਜ਼ਾਰ ਡਾਲਰ ਸੰਗਤ ਤੋਂ ਫ਼ੂਡ ਬੈਂਕ ਲਈ ਇਕੱਤ੍ਰ ਹੋਏ। ਅਸੀਂ ਆਪ ਸਭ ਦਾ ਅਤੇ ਮੀਡੀਆ ਦਾ ਆਪ ਵੱਲੋਂ ਭਰਪੂਰ ਸਹਿਯੋਗ ਲਈ ਹਾਰਦਿਕ ਧੰਨਵਾਦ ਕਰਦੇ ਹਾਂ, ਅਤੇ ਆਸ ਰੱਖਦੇ ਹਾਂ ਕਿ ਆਪ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਵਧ-ਚੜ੍ਹ ਕੇ ਕਮਿਊਨਿਟੀ ਦੇ ਸਾਂਝੇ ਪ੍ਰੋਗਰਾਮਾਂ ਵਿੱਚ ਯੋਗ ਦਾਨ ਪਾਉਂਦੇ ਰਹੋਗੇ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਵਾਲੇ ਦਿਨ 21 ਨਵੰਬਰ 2010 ਨੂੰ ਐਡਮਿੰਟਨ ਵਿੱਚ ਗੁਰੂ ਨਾਨਕ ਡੇ ਐਲਾਣ ਲਈ ਮੇਅਰ ਸਟੀਫ਼ਨ ਮੈਂਡਲ ਅਤੇ ਸਿਟੀ ਕੌਂਸਲ ਦਾ ਵੀ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ।

ਇਕੱਤ੍ਰ ਹੋਈ ਮਾਇਆ ਅਤੇ ਉਸ ਦੀ ਵਰਤੋਂ ਦਾ ਵੇਰਵਾ ਇਸ ਪ੍ਰਕਾਰ ਹੈ:

| | |
|---|---|
| ਜੁਲਾਈ ਰੇਡੀਓਥੋਨ ਤੇ ਬਚਨਵੱਧ ਰਾਸ਼ੀ | 27000 ਡਾਲਰ |
| ਨਵੰਬਰ ਰੇਡੀਓਥੋਨ ਤੇ ਬਚਨਵੱਧ ਰਾਸ਼ੀ | 15500 ਡਾਲਰ |
| ਬਚਨਵੱਧ ਰਾਸ਼ੀ ਦਾ ਜੋੜ | 42500 ਡਾਲਰ |
| ਬਚਨਵੱਧ ਰਾਸ਼ੀ ਜੋ ਪ੍ਰਾਪਤ ਹੋਈ | 30500 ਡਾਲਰ |
| ਹੁਣ ਤੱਕ ਅਪ੍ਰਾਪਤ ਬਚਨਵੱਧ ਰਾਸ਼ੀ | 12000 ਡਾਲਰ |

| | |
|---|---|
| ਜੁਲਾਈ ਅਤੇ ਨਵੰਬਰ ਵਿੱਚ ਬਚਨਵੱਧ ਰਾਸ਼ੀ ਤੋਂ ਬਿਨਾਂ ਚਾਰੇ ਗੁਰਦੁਆਰਾ ਸਾਹਿਬਾਨ ਵਿੱਚ ਪ੍ਰਾਪਤ ਹੋਈ ਰਾਸ਼ੀ | 37296 ਡਾਲਰ |
| ਬਚਨਵੱਧ ਰਾਸ਼ੀ ਜੋ ਪ੍ਰਾਪਤ ਹੋਈ | 30500 ਡਾਲਰ |
| ਇਕੱਤ੍ਰ ਹੋਈ ਰਾਸ਼ੀ ਦਾ ਜੋੜ | 67796 ਡਾਲਰ |
| ਯੂਨੀਵਰਸਿਟੀ ਪੰਜਾਬੀ ਪ੍ਰੋਗਰਾਮ ਲਈ 80000 ਡਾਲਰ ਪੂਰਾ ਕਰਨ ਲਈ ਚੌਹਾਂ ਗੁਰਦਵਾਰਾ ਸਾਹਿਬਾਨ ਵੱਲੋਂ ਜੋ ਰਾਸ਼ੀ ਪਾਈ ਗਈ (3051 ਡਾਲਰ ਪ੍ਰਤੀ ਗੁਰਦੁਆਰਾ ਸਾਹਿਬ) | 12204 ਡਾਲਰ |
| ਜੋੜ | 80000 ਡਾਲਰ |
| ਜੁਲਾਈ 2010 ਦੇ ਅੰਤਿ ਵਿੱਚ ਯੂਨੀਵਰਸਿਟੀ ਨੂੰ ਦਿੱਤੀ ਰਕਮ | 20000 ਡਾਲਰ |
| ਦਸੰਬਰ 2010 ਦੇ ਸ਼ੁਰੂ ਵਿੱਚ ਦਿੱਤੀ ਰਕਮ | 60000 ਡਾਲਰ |
| ਯੂਨੀਵਰਸਿਟੀ ਨੂੰ ਕੁੱਲ ਦਿੱਤੀ ਰਕਮ | 80000 ਡਾਲਰ |

ਇਸ ਤੋਂ ਉਪ੍ਰੰਤ ਹਰੇਕ ਗੁਰਦੁਆਰਾ ਸਾਹਿਬ ਨੇ ਪੰਜ-ਪੰਜ ਸੌ ਡਾਲਰ ਫ਼ਲਾਇਰ ਆਦਿ ਦੇ ਖ਼ਰਚੇ ਲਈ ਦਿੱਤੇ।

ਸੰਗਤ ਤੋਂ ਇਕੱਤ੍ਰ ਹੋਈ 5 ਹਜ਼ਾਰ ਡਾਲਰ ਦੀ ਰਕਮ, ਫ਼ੂਡ ਬੈਂਕ ਦੇ ਡਾਇਰੈਕਟਰ ਮਿ: ਸ਼ੰਮੀ ਸੰਧੂ ਨੂੰ 5 ਦਸੰਬਰ 2010 ਨੂੰ ਗੁਰਦੁਆਰਾ ਮਿਲਵੁਡਜ਼ ਵਿਖੇ ਸੰਗਤ ਵਿੱਚ ਚੈਕ ਰਾਹੀਂ ਦੇ ਦਿੱਤੀ ਗਈ।

2011 ਦਾ ਸਾਲ ਆਪ ਸਭ ਪਰਿਵਾਰਾਂ ਲਈ ਖ਼ੁਸ਼ੀਆਂ ਤੇ ਖੇੜਿਆਂ ਵਾਲਾ ਹੋਵੇ, ਇਹੀ ਸਾਡੀ ਅਰਦਾਸ ਹੈ!

ਪਾਲ ਸਿੰਘ ਪੁਰੇਵਾਲ — ਕਰਨੈਲ ਸਿੰਘ ਭੰਮਰਾ
ਚੇਅਰਮੈਨ — ਵੈਸਾਖੀ ਨਗਰ ਕੀਰਤਨ ਕਮੇਟੀ ਐਡਮਿੰਟਨ, 2010 — ਸਕੱਤ੍ਰ
ਸੁਰਿੰਦਰ ਸਿੰਘ ਹੁੰਜਨ — ਕਰਨੈਲ ਸਿੰਘ ਮਾਂਗਟ
ਗੁਰਦੁਆਰਾ ਮਿਲਵੁਡਜ਼ — ਸਿਰੀ ਗੁਰੂ ਨਾਨਕ ਸਿੱਖ ਗੁਰਦੁਆਰਾ
ਗੁਰਚਰਨ ਸਿੰਘ ਸੰਘਾ — ਜ਼ੋਰਾ ਸਿੰਘ ਗਰੇਵਾਲ
ਗੁਰਦੁਆਰਾ ਸਿਰੀ ਗੁਰੂ ਸਿੰਘ ਸਭਾ — ਨਾਨਕਸਰ ਗੁਰਦੁਆਰਾ ਗੁਰਸਿੱਖ ਟੈਂਪਲ

Your health is my priority.
We understand that taking an active role in your health is important to you. That's why we are committed to staying informed about the latest health care products, lifestyle modifications and medication treatment options.






Jasbir Bhui
B.Sc. Pharm.
Pharmacist/ Owner
(780) 461-8648
127 Millbourne Road East
Edmonton, AB
www.medicineshoppe.ca

The Medicine Shoppe PHARMACY

Hours of Operation
Monday - Friday: 10 am to 7 pm
Saturdays: 10 am to 3 pm
Sundays & Holidays: Closed

Accu-Pak™ Blister Packaging | Health Events & Screenings | Free Medication Reviews | Free City-wide Delivery







Redeem this coupon in-store to enjoy
$5 OFF!
your next over-the-counter purchase
of $10 or more.
Some conditions apply. Cannot be combined with other offers. See in-store for details. Offer expires February 28, 2011

Don't be a Statistic.
Visit us to have your blood pressure checked today!
No appointment necessary.

The Medicine Shoppe PHARMACY
0211CUSTDIA_MS170

# ਵਿਸ਼ਵ

## ਅੱਜ-ਕੱਲ੍ਹ

## ਮੰਡੇਲਾ ਬੀਮਾਰ ਪਰ ਖਤਰੇ ਤੋਂ ਬਾਹਰ

ਜੋਹੈਨਮਬਰਗ (ਨਦਬ) : ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਨੂੰ ਬੀਤੇ ਦਿਨੀ ਗੰਭੀਰ ਬੀਮਾਰੀ ਦੀ ਹਾਲਤ ਵਿਚ ਹਸਪਤਾਲ ਵਿਚ ਭਰਤੀ ਕਰਵਾਉਣਾ ਪਿਆ। ਸੂਤਰਾਂ ਮੁਤਾਬਕ ਮੰਡੇਲਾ ਬੀਮਾਰ ਜ਼ਰੂਰ ਹਨ ਪਰ ਜਾਨ ਨੂੰ ਕੋਈ ਖਤਰਾ ਨਹੀਂ ਹੈ। 92 ਸਾਲਾ ਮੰਡੇਲਾ ਨੋਬਲ ਸ਼ਾਂਤੀ ਪੁਰਸਕਾਰ ਵਿਜੈਤਾ ਹਨ ਅਤੇ ਮੁਲਕ ਦੇ ਪਹਿਲੇ ਚੁਣੇ ਹੋਏ ਕਾਲੇ ਲੀਡਰ ਹਨ। ਲੋਕਾਂ ਵਿਚ ਹਰਮਨ ਪਿਆਰੇ ਮੰਡੇਲਾ, 'ਮਦੀਬਾ' ਦੇ ਨਾਂਅ ਨਾਲ ਜਾਣੇ ਜਾਂਦੇ ਹਨ। ਹਸਪਤਾਲ ਵਿਚ ਗੁਜ਼ਾਰੇ ਉਨ੍ਹਾਂ ਦੇ ਦਿਨਾਂ ਨੇ ਸਾਰੇ ਮੁਲਕ ਦਾ ਧਿਆਨ ਖਿਚੀ ਰਖਿਆ। ਆਮ ਲੋਕ ਆਪਣੇ ਪਿਆਰੇ ਮੰਡੇਲਾ ਦੀ ਵਿਗੜਦੀ ਸਿਹਤ ਨੂੰ ਲੈ ਕੇ ਖ਼ਾਸੇ ਪ੍ਰੇਸ਼ਾਨ ਹਨ।



ਮੰਡੇਲਾ ਬੀਤੇ ਦਿਨੀਂ ਜੋਹੈਨਸਬਰਗ ਦੇ ਮਿਲ ਪਾਰਕ ਹਸਪਤਾਲ ਵਿਖੇ ਆਮ ਜਾਂਚ ਵਾਸਤੇ ਗਏ ਸਨ ਪਰ ਡਾਕਟਰਾਂ ਨੇ ਮੰਡੇਲਾ ਦੀ ਹਾਲਤ ਨੂੰ ਵੇਖਦਿਆਂ ਭਰਤੀ ਕਰ ਲਿਆ। ਰਾਸ਼ਟਰਪਤੀ ਜੈਕਬ ਜ਼ੁਮਾ ਨੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ ਪਰ ਸੂਤਰਾਂ ਮੁਤਾਬਕ ਮੰਡੇਲਾ ਦਾ ਫ਼ੇਫੜਿਆਂ ਦੀ ਕਿਸੇ ਬੀਮਾਰੀ ਲਈ ਇਲਾਜ ਕੀਤਾ ਜਾ ਰਿਹਾ ਹੈ। ਬੀਤੇ ਦਿਨੀਂ ਜੋ ਲੋਕ ਮੰਡੇਲਾ ਨੂੰ ਮਿਲ ਕੇ ਆਏ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਹੁਣ ਪਹਿਲਾਂ ਨਾਲੋਂ ਕਾਫ਼ੀ ਕਮਜ਼ੋਰ ਦਿਸਦੇ ਹਨ। ਲੋਕਾਂ ਮੁਤਾਬਕ ਹਾਲਾਂਕਿ ਉਹ ਚਾਹੁੰਦੇ ਹਨ ਕਿ ਮੰਡੇਲਾ ਹਮੇਸ਼ਾ ਉਨ੍ਹਾਂ ਦੇ ਵਿਚ ਰਹਿਣ ਪਰ ਅੰਦਰ ਹੀ ਅੰਦਰ ਉਨ੍ਹਾਂ ਦਾ ਦਿਲ ਜਾਣਦਾ ਹੈ ਕਿ ਕਿਸੇ ਵੇਲੇ ਕੁੱਝ ਵੀ ਹੋ ਸਕਦਾ ਹੈ। ਮੰਡੇਲਾ ਨੇ 2004 ਵਿਚ ਆਪਣੀ ਜਨਤਕ ਜ਼ਿੰਦਗੀ ਨੂੰ ਅਲਵਿਦਾ ਕਹਿ ਦਿਤਾ ਸੀ ਪਰ ਨੈਲਸਨ ਮੰਡੇਲਾ ਫ਼ਾਊਂਡੇਸ਼ਨ ਨੇ ਆਪਣਾ ਕੰਮ ਜਾਰੀ ਰੱਖਿਆ। ਮੰਡੇਲਾ ਦੇ ਦਖਣੀ ਅਫ਼ਰੀਕਾ ਵਿਚ ਲੋਕਤੰਤਰ ਦੀ ਬਹਾਲੀ ਵਾਸਤੇ ਲੰਮਾ ਸੰਘਰਸ਼ ਕਰਦਿਆਂ 27 ਸਾਲ ਜੇਲ ਵਿਚ ਗੁਜ਼ਾਰੇ ਅਤੇ 1990 ਵਿਚ ਆਮ ਚੋਣਾਂ ਵੇਲੇ ਰਿਹਾਅ ਹੋਏ।

## ਉਤਰੀ ਕੋਰੀਆ ਵਲੋਂ ਦੱਖਣੀ ਕੋਰੀਆ ਨੂੰ ਗੱਲਬਾਤ ਦੀ ਪੇਸ਼ਕਸ਼

ਸੀਓਲ (ਨਦਬ) : ਦੋਵਾਂ ਧਿਰਾਂ ਵਿਚਾਲੇ ਚੱਲੀ ਆ ਰਹੀ ਖਿੱਚੋਤਾਣ ਅਤੇ ਤਣਾਅ ਨੂੰ ਦੂਰ ਕਰਨ ਦੇ ਇਰਾਦੇ ਨਾਲ ਉਤਰੀ ਕੋਰੀਆ ਨੇ ਦੱਖਣੀ ਕੋਰੀਆ ਨੂੰ ਨਵੇਂ ਸਿਰੇ ਤੋਂ ਗੱਲਬਾਤ ਸ਼ੁਰੂ ਕਰਨ ਦਾ ਸੱਦਾ ਦਿਤਾ ਹੈ। ਇਹ ਸੱਦਾ 'ਡੈਮੋਕ੍ਰੇਟਿਕ ਫ਼ਰੰਟ ਫ਼ਾਰ ਦੀ ਰੀਯੂਨੀਅਨ ਆਫ਼ ਦੀ ਫ਼ਾਦਰਲੈਂਡ' ਭਾਵ 'ਪਿੱਤਰ ਭੂਮੀ ਵਿਚ ਮੁੜ ਏਕਤਾ ਕਾਇਮ ਕਰਨ ਲਈ ਗਠਤ ਜਮਹੂਰੀ ਫ਼ਰੰਟ' ਨੇ ਇਹ ਸੱਦਾ ਦਿਤਾ ਹੈ। ਦੋਵਾਂ ਧਿਰਾਂ ਦੇ ਅਗਲੇ ਦਿਨੀਂ ਗੱਲਬਾਤ ਲਈ ਮਿਲਣ ਦੀ ਸੰਭਾਵਨਾ ਹੈ। 23 ਨਵੰਬਰ ਨੂੰ ਉਤਰੀ ਕੋਰੀਆ ਦੇ ਫ਼ੌਜੀਆਂ ਨੇ ਦਖਣੀ ਕੋਰੀਆ ਦੇ ਇਕ ਟਾਪੂ 'ਤੇ ਗੋਲੀਬਾਰੀ ਕੀਤੀ ਸੀ, ਜਿਸ ਵਿਚ 4 ਲੋਕ ਮਾਰੇ ਗਏ ਸਨ। ਉਸ ਮੰਦਭਾਗੀ ਘਟਨਾ ਮਗਰੋਂ ਇਹ ਪਹਿਲੀ ਮਿਲਟਰੀ ਬੈਠਕ ਹੋਵੇਗੀ।

## ਚਿਲੀ ਦੇ ਰਾਸ਼ਟਰਪਤੀ ਅਲੈਂਦੇ ਦੀ ਮੌਤ ਦੀ ਜਾਂਚ ਕਰਾਉਣ ਦਾ ਫ਼ੈਸਲਾ

ਚਿਲੀ (ਨਦਬ) : 1973 ਦੇ ਤਖ਼ਤਾ ਪਲਟ ਦੌਰਾਨ ਰਾਸ਼ਟਰਪਤੀ ਦੀ ਰਿਹਾਇਸ਼ ਵਿਖੇ ਸ਼ੱਕੀ ਹਾਲਤ ਵਿਚ ਮਰੇ ਪਾਏ ਗਏ ਰਾਸ਼ਟਰਪਤੀ ਸਲਵਾਡੋਰ ਅਲੈਂਦੇ ਦੀ ਮੌਤ ਦੀ ਜਾਂਚ ਸ਼ਾਇਦ ਹੁਣ ਕੋਈ ਗੁੱਥੀ ਸੁਲਝਾ ਸਕੇ। 38 ਸਾਲ ਬਾਅਦ ਹੁਣ ਚਿਲੀ ਨੇ ਇਸ ਮੌਤ ਦੀ ਜਾਂਚ ਕਰਨ ਦਾ ਫ਼ੈਸਲਾ ਲਿਆ ਹੈ। ਜਗ ਜ਼ਾਹਿਰ ਤੱਥ ਹੈ ਕਿ ਇਸ ਖ਼ੂਨੀ ਤਖ਼ਤਾ ਪਲਟ ਪਿੱਛੇ ਅਮਰੀਕਾ ਦਾ ਹੱਥ ਸੀ, ਜਿਸ ਦੇ ਸਿੱਟੇ ਵਜੋਂ ਫ਼ੌਜੀ ਤਾਨਾਸ਼ਾਹ ਅਗਸਤੋ ਪਿਸੋਚੇ ਗੱਦੀ ਉਪਰ ਕਾਬਜ਼ ਹੋ ਗਿਆ ਸੀ। ਹੁਣ ਤਕ ਚਿਲੀ ਦੇ ਅਧਿਕਾਰੀ ਸਲਵਾਡੋਰ ਅਲੈਂਦੇ ਦੀ ਮੌਤ ਨੂੰ ਖ਼ੁਦਕੁਸ਼ੀ ਦਾ ਹੀ ਨਾਂਅ ਦਿੰਦੇ ਆਏ ਹਨ। ਚਿਲੀ ਦੇ ਵਕੀਲ ਬੀਟ੍ਰੀਜ਼ ਪੈਡਰਸਨ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 726 ਮਾਮਲਿਆਂ ਦੀ ਜਾਂਚ ਲਈ ਅਦਾਲਤ ਦਾ ਬੂਹਾ ਖੜਕਾਇਆ ਹੈ। ਇਸ ਵਿਚ ਅਲੈਂਦੇ ਦੀ ਰਹੱਸਮਈ ਮੌਤ ਦਾ ਮਾਮਲਾ ਵੀ ਸ਼ਾਮਲ ਹੈ। ਬੀਟ੍ਰੀਜ਼ ਪੂਰੇ ਯਕੀਨ ਨਾਲ ਕਹਿੰਦੀ ਹੈ ਕਿ ਹੁਣ ਵੇਲਾ ਆ ਗਿਆ ਹੈ ਜਦੋਂ ਇਕ ਇਕ ਦੋਸ਼ੀ ਨੂੰ ਚੁਣ ਚੁਣ ਕੇ ਸਜ਼ਾ ਦਿਤੀ ਜਾਵੇਗੀ।



ਮਨੁੱਖੀ ਅਧਿਕਾਰਾਂ ਦੇ ਘਾਣ ਦੇ ਸਾਰੇ ਮਾਮਲੇ, ਜ਼ਾਲਮ ਤਾਨਾਸ਼ਾਹ ਪਿਨੋਚੇ ਦੇ 1973-90 ਦੇ ਫ਼ੌਜੀ ਰਾਜ ਸਮੇਂ ਦੇ ਹਨ। ਅਲੈਂਦੇ ਇਕ ਮਾਰਕਸਿਸਟ ਨੇਤਾ ਸੀ ਜੋ 1970 ਵਿਚ ਸੱਤਾ ਵਿਚ ਆਇਆ। ਚਿਲੀ ਅਤੇ ਅਮਰੀਕੀ ਰੂੜੀਵਾਦੀ ਨੇਤਾਵਾਂ ਨੂੰ ਇਹ ਖ਼ਤਰਾ ਪੈਦਾ ਹੋ ਗਿਆ ਕਿ ਕਿਧਰੇ ਅਲੈਂਦੇ ਅਪਣੀਆਂ ਸਮਾਜਵਾਦੀ ਨੀਤੀਆਂ ਨਾਲ ਮੁਲਕ ਨੂੰ ਸੋਸ਼ਲਿਜ਼ਮ ਦੀ ਰਾਹ 'ਤੇ ਨਾ ਲੈ ਜਾਵੇ। ਅਮਰੀਕੀ ਸਕੱਤਰ ਹੈਨਰੀ ਕਿਸਿੰਗਰ ਅਤੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਉਦੋਂ ਹੀ ਆਪਣੀਆਂ ਭਾਵਨਾਵਾਂ ਅਤੇ ਖਦਸ਼ੇ ਜ਼ਾਹਰ ਕਰ ਦਿਤੇ ਸਨ। ਕਿਸਿੰਗਰ ਦੇ ਸ਼ਬਦਾਂ ਵਿਚ ਇਹ ਮਾਮਲਾ ਚਿਲੀ ਦੇ ਵੋਟਰਾਂ ਵਾਸਤੇ ਬੇਹੱਦ ਅਹਿਮ ਹੈ। ਉਨ੍ਹਾਂ ਨੂੰ ਖ਼ੁਦ ਆਪਣਾ ਨੇਤਾ ਚੁਣਨ ਦਾ ਹੱਕ ਮਿਲਣਾ ਚਾਹੀਦਾ ਹੈ। ਮੈਨੂੰ ਨਹੀਂ ਲਗਦਾ ਕਿ ਸਾਡੇ ਕੋਲ ਇਕ ਮੁਲਕ ਨੂੰ ਕਮਿਊਨਿਸਟ ਬਣਦਿਆਂ ਚੁੱਪ ਚਾਪ ਵੇਖਣ ਦਾ ਕੋਈ ਕਾਰਨ ਹੈ।

1973 ਵਿਚ 11 ਸਤੰਬਰ ਦੇ ਦਿਨ ਫ਼ੌਜ ਨੇ ਮੁਲਕ ਦੇ ਪਹਿਲੇ ਸੋਸ਼ਲਿਸਟ ਰਾਸ਼ਟਰਪਤੀ ਦੀ ਰਿਹਾਇਸ਼ ਉਪਰ ਬੰਬਾਰੀ ਕੀਤੀ, ਜਿਸ ਮਗਰੋਂ 65 ਸਾਲਾ ਅਲੈਂਦੇ ਦੀ ਲਾਸ਼ ਮਿਲੀ, ਇਸ ਨੂੰ ਖ਼ੁਦਕੁਸ਼ੀ ਐਲਾਨਿਆ ਗਿਆ ਸੀ। ਤਾਨਾਸ਼ਾਹ ਅਗਸਤੋ ਪਿਨੋਚੇ ਦੀ 2006 ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਉਸ ਦੀ ਉਮਰ 91 ਸਾਲ ਸੀ ਤੇ ਉਸ ਵਿਰੁਧ ਚਲਦੇ ਕੁੱਝ ਮੁਕੱਦਮੇ ਅੱਜ ਵੀ ਆਖ਼ਰੀ ਫ਼ੈਸਲੇ ਦੀ ਉਡੀਕ ਕਰ ਰਹੇ ਹਨ। ਚਿਲੀਅਨ ਅਧਿਕਾਰੀ ਅਜੇ ਵੀ 560 ਅਧਿਕਾਰੀਆਂ ਵਿਰੁਧ ਮਨੁਖੀ ਅਧਿਕਾਰਾਂ ਦੇ ਘਾਣ ਸਬੰਧੀ ਜਾਂਚ ਕਰ ਰਹੇ ਹਨ। ਤਾਨਾਸ਼ਾਹੀ ਦੌਰਾਨ 3,150 ਲੋਕ ਮਾਰ ਦਿਤੇ ਗਏ ਸਨ ਜਾਂ ਲਾਪਤਾ ਹੋ ਗਏ। 28000 ਮਾਮਲੇ ਲੋਕਾਂ ਉਪਰ ਘੋਰ ਤਸ਼ੱਦਦ ਢਹਾਉਣ ਦੇ ਹਨ।


Accounting & Tax Consultants Ltd.
ਅਕਾਊਂਟਿੰਗ ਐਂਡ ਟੈਕਸ ਕੰਸਲਟੈਂਟਸ ਲਿਮ.



Ramneek Trehan
Accountant
(15 years of experience in Accounting Practice)



Mamta Trehan
Accountant
(7 years of experience in Accounting Practice)

Taken Over :
Joginder Kandola Accounting & Tax Services
ਜੋਗਿੰਦਰ ਕੰਡੋਲਾ ਅਕਾਊਂਟਿੰਗ ਐਂਡ ਟੈਕਸ ਸਰਵਿਸਜ਼

Corporate Accounts, Personal Tax Returns & Consultation
ਕਾਰਪੋਰੇਟ ਅਕਾਊਂਟਸ, ਪਰਸਨਲ ਟੈਕਸ ਰਿਟਰਨਸ ਐਂਡ ਕੰਸਲਟੇਸ਼ਨ

Special Services for Personal Tax Returns

North Side office with appointments only

*The difference between Accountants is how they care for their clients.*

We are efficient, easy approachable and value for your time & money.
ਅਸੀਂ ਵਧੀਆ ਅਤੇ ਸਮੇਂ ਸਿਰ ਤੁਹਾਡੇ ਪੈਸੇ ਦੇ ਸਹੀ ਮੁੱਲ ਦੀਆਂ ਸੇਵਾਵਾਂ ਦਿੰਦੇ ਹਾਂ।

9235A - 35 Ave. NW, Edmonton, AB T6E 5Y1 | E-mail : ramneektrehan@gmail.com

Off : 780-462-0919 | Fax : 780-462-0818 | Cell : 780-862-1637

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਸੰਪਾਦਕੀ

# ਭ੍ਰਿਸ਼ਟਾਚਾਰ ਵਿਰੁੱਧ ਲੜਾਈ

ਹੱਦ ਹੋ ਗਈ ਭ੍ਰਿਸ਼ਟਾਚਾਰ ਦੀ। ਇਉਂ ਲਗਦਾ ਹੈ ਜਿਵੇਂ ਭਾਰਤ ਅਤੇ ਭ੍ਰਿਸ਼ਟਾਚਾਰ ਹਮਨਾਮ ਹੋ ਗਏ ਹੋਣ। ਇਕ ਘੁਟਾਲੇ ਦੀ ਗੂੰਜ ਹਾਲੇ ਮੱਠੀ ਨਹੀਂ ਪਈ ਹੁੰਦੀ ਕਿ ਦੂਸਰਾ ਘੁਟਾਲਾ ਸਾਹਮਣੇ ਆ ਜਾਂਦਾ ਹੈ। ਅਗਲੀ ਹੱਦ ਇਹ ਕਿ ਇਨ੍ਹਾਂ ਘੁਟਾਲਿਆਂ ਵਿਚ ਹੁੰਦੀਆਂ ਗ੍ਰਿਫਤਾਰੀਆਂ ਦੇ ਬਾਵਜੂਦ ਕਿਸੇ ਨੂੰ ਕੋਈ ਸਜਾ ਨਹੀਂ ਮਿਲਦੀ।

ਸੀ ਬੀ ਆਈ ਹਾਲੇ ਪੌਣੇ ਦੋ ਲੱਖ ਦੇ ਮਹਾਘੁਟਾਲੇ ਦੀ ਛਾਣਬੀਣ ਤੇ ਸਾਬਕਾ ਟੈਲੀਕਾਮ ਮੰਤਰੀ ਏ ਰਾਜਾ ਦੀ ਪੁਛਗਿਛ ਤੋਂ ਵੀ ਵਿਹਲੀ ਨਹੀਂ ਸੀ ਹੋਈ ਕਿ ਭਾਰਤੀ ਪੁਲਾੜ ਸੰਸਥਾ ਇਸਰੋ ਵਲੋਂ ਬਿਨਾ ਟੈਂਡਰ ਖੋਲਿਆਂ ਹੀ ਇਕ ਨਿੱਜੀ ਕੰਪਨੀ ਨੂੰ ਦੁਰਲੱਭ ਐਸ ਬੈਂਡ ਸਪੈਕਟਰਮ ਕੌਡੀਆਂ ਦੇ ਭਾਅ ਦੇਣ ਦੀ ਖ਼ਬਰ ਆ ਗਈ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਦੋ ਲੱਖ ਕਰੋੜ ਰੁਪਏ ਦਾ ਰਗੜਾ ਲੱਗਿਆ ਦਸਿਆ ਜਾਂਦਾ ਹੈ। ਹੁਣ ਫਿਰ ਜਾਂਚ ਦੇ ਨਾਂ 'ਤੇ 'ਬੜਾ ਕੁੱਝ' ਕਰਨ ਕਰਾਉਣ ਦੇ ਦਾਅਵੇ ਕੀਤੇ ਜਾਣਗੇ ਅਤੇ ਛਾਪਿਆਂ ਦਾ ਸਿਲਸਿਲਾ ਵੀ ਸ਼ੁਰੂ ਹੋਵੇਗਾ ਪਰ ਇਸ ਵਿਚੋਂ ਕੁੱਝ ਸਾਰਥਕ ਸਿੱਟੇ ਨਿਕਲ ਆਉਣਗੇ, ਇਹਦੀ ਆਸ ਮੱਧਮ ਹੀ ਹੈ। ਸੀ ਬੀ ਆਈ ਦੇ ਛਾਪਿਆਂ ਦੌਰਾਨ ਅਕਸਰ ਹੀ ਸਰਕਾਰੀ ਅਧਿਕਾਰੀਆਂ ਤੋਂ ਕਰੋੜਾਂ ਦੀ ਨਕਦੀ ਬਰਾਮਦ ਹੁੰਦੀ ਹੈ ਅਤੇ ਕਰੋੜਾਂ ਦੀਆਂ ਬੇਨਾਮੀਆਂ ਜਾਇਦਾਦਾਂ ਦਾ ਪਤਾ ਲੱਗਦਾ ਹੈ, ਜੋ ਇਹ ਦਰਸਾਉਂਦਾ ਹੈ ਕਿ ਮੁਲਕ ਨੂੰ ਚੁੰਬੜੀਆਂ ਇਹ ਸਰਕਾਰੀ ਜੋਕਾਂ ਕਿਵੇਂ ਆਮ ਬੰਦੇ ਦਾ ਲਹੂ ਚੂਸ ਰਹੀਆਂ ਹਨ। ਜਦੋਂ-ਜਦੋਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਹੁੰਦੀਆਂ ਹਨ ਤਾਂ ਲੱਗਦਾ ਹੈ ਕਿ ਹੁਣ ਭ੍ਰਿਸ਼ਟਾਚਾਰ ਨੂੰ ਠੱਲ ਜ਼ਰੂਰ ਹੀ ਪੈ ਜਾਵੇਗੀ ਪਰ ਹੁੰਦਾ ਹਮੇਸ਼ਾ ਉਲਟ ਹੀ ਹੈ। ਦੋ-ਚਾਰ ਦਿਨਾਂ ਦੀ ਚਰਚਾ ਤੋਂ ਬਾਅਦ ਮੁੜ ਭ੍ਰਿਸ਼ਟ-ਤੰਤਰ ਆਪਣੀ ਰੌਂਅ ਵਿਚ ਆ ਜਾਂਦਾ ਹੈ। ਗਾਹੇ-ਬਗਾਹੇ ਪੈਂਦੇ ਸੀ.ਬੀ.ਆਈ. ਛਾਪੇ ਭ੍ਰਿਸ਼ਟਾਚਾਰ ਦੀਆਂ ਹਨੇਰੀਆਂ ਗੁਫ਼ਾਵਾਂ ਵਿਚ ਰੌਸ਼ਨੀ ਦੀ ਹਲਕੀ ਜਿਹੀ ਲਕੀਰ ਦਾ ਅਹਿਸਾਸ ਹੀ ਪੈਦਾ ਕਰਦੇ ਹਨ, ਇਸ ਤੋਂ ਅੱਗੇ ਫੇਰ ਹਨੇਰੇ ਦਾ ਹੀ ਸਾਮਰਾਜ ਦਿਖਾਈ ਦਿੰਦਾ ਹੈ।

ਦਰਅਸਲ, ਭ੍ਰਿਸ਼ਟਾਚਾਰ ਨੇ ਸਾਡੇ ਮੁਲਕ ਨੂੰ ਇਸ ਕਦਰ ਖੋਖਲਾ ਕਰ ਛੱਡਿਆ ਹੈ ਕਿ ਇਸਦਾ ਇਲਾਜ ਏਨਾ ਸੌਖਾ ਨਹੀਂ ਹੈ। ਇਥੇ ਭ੍ਰਿਸ਼ਟਾਚਾਰ ਦੇ ਤੰਦੂਏ ਜਾਲ ਨੂੰ ਸਮਝਣ ਦੀ ਲੋੜ ਹੈ। ਇਹ ਕੋਈ ਸਾਧਾਰਨ ਅਤੇ ਕਲੀ-ਕਾਰੀ ਸ਼ੈਅ ਨਹੀਂ ਹੈ ਜੋ ਦੋ-ਚਾਰ ਸੀ.ਬੀ.ਆਈ ਦੇ ਛਾਪਿਆਂ ਨਾਲ ਹੀ ਸਮਾਪਤ ਹੋ ਜਾਵੇਗੀ। ਇਸਦੇ ਬਹੁਤ ਡੂੰਘੇ ਪਾਸਾਰ ਹਨ। ਮਿਸਾਲ ਵਜੋਂ ਜਦੋਂ ਕਿਸੇ ਥਾਣੇ ਦਾ ਐਸ.ਐਚ.ਓ ਰਿਸ਼ਵਤ ਲੈਂਦਾ ਹੈ ਤਾਂ ਸਿਰਫ ਉਹ ਇਕੱਲਾ ਹੀ ਇਸ ਵਿਚ ਸ਼ਾਮਲ ਨਹੀਂ ਹੁੰਦਾ। ਉਹ ਤਾਂ ਉਸ ਪੂਰੇ ਦੇ ਪੂਰੇ ਭ੍ਰਿਸ਼ਟ ਪੁਲਸ-ਤੰਤਰ ਦੀ ਸਿਰਫ ਇਕ ਸਾਧਾਰਨ ਗੋਟੀ ਹੀ ਹੁੰਦਾ ਹੈ; ਜਿਹੜਾ ਉਸਨੂੰ ਇਹ ਸਭ ਕਰਨ ਦੀ ਖੁਲ੍ਹੀ ਆਗਿਆ ਹੀ ਨਹੀਂ ਸਗੋਂ ਸ਼ਾਬਾਸ਼ੀ ਭਰੀਆਂ ਥਾਪੀਆਂ ਵੀ ਦਿੰਦਾ ਹੈ।

ਸਮਝਣ ਦੀ ਜ਼ਰੂਰਤ ਹੈ ਕਿ ਭ੍ਰਿਸ਼ਟਾਚਾਰ ਦੀਆਂ ਅਸਲੀ ਜੜਾਂ ਕਿੱਥੇ ਹਨ। ਹਰ ਮਹਿਕਮੇ ਨੂੰ ਭ੍ਰਿਸ਼ਟਾਚਾਰ ਦੇ ਕਾਲੇ ਨਾਗਾਂ ਨੇ ਇਸ ਕਦਰ ਵਲੇਵੇਂ ਮਾਰੇ ਹੋਏ ਹਨ ਕਿ ਅਸੀਂ-ਤੁਸੀਂ ਮੁਕਤੀ ਲਈ ਛਟਪਟਾ ਰਹੇ ਹਾਂ ਪਰ ਮੁਕਤੀ ਮਿਲਣ ਦੀ ਥਾਂ ਸਾਹ ਹੋਰ-ਹੋਰ ਘੁੱਟਿਆ ਜਾ ਰਿਹਾ ਹੈ। ਪਿੱਛੇ ਜਿਹੇ 20 ਸੂਬਿਆਂ ਦੇ ਇਕ ਸੌ ਇਕਵੰਜਾ ਸ਼ਹਿਰਾਂ ਵਿਚ ਰਹਿਣ ਵਾਲੇ ਲਗਭਗ 15 ਹਜ਼ਾਰ ਲੋਕਾਂ ਕੋਲੋਂ ਜਦੋਂ 'ਸੈਂਟਰ ਫਾਰ ਮੀਡੀਆ ਸਟਡੀਜ਼' ਨੇ ਭ੍ਰਿਸ਼ਟਾਚਾਰ ਬਾਰੇ ਰਾਇ ਪੁੱਛੀ ਤਾਂ ਸਾਰੇ ਹੀ ਇਸ ਰਾਇ ਦੇ ਸਨ ਕਿ ਸਾਡੇ ਮੁਲਕ ਦੀ ਵਿਵਸਥਾ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਹੈ। ਸਰਵੇਖਣ ਦੌਰਾਨ ਚਾਰ ਖੇਤਰ ਵਿਸ਼ੇਸ਼ ਤੌਰ 'ਤੇ ਉਭਰ ਕੇ ਸਾਹਮਣੇ ਆਏ। ਇਹ ਹਨ, ਪੁਲਸ, ਸਕੂਲ, ਹਸਪਤਾਲ ਅਤੇ ਨਿਆਂਪਾਲਿਕਾ। ਇਹ ਤੱਥ ਬੇਹੱਦ ਹੈਰਾਨ ਕਰਨ ਵਾਲਾ ਹੈ ਕਿ ਪਿਛਲੇ ਵਰ੍ਹੇ ਭਾਰਤੀ ਨਾਗਰਿਕਾਂ ਨੇ ਕੁਲ 25086 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਹੈ। ਇਹਦੇ ਵਿਚੋਂ 3899 ਕਰੋੜ ਰੁਪਏ ਪੁਲਸ ਕੋਲ ਗਏ ਤੇ ਵੱਡਾ ਹਿੱਸਾ ਮਿਡਲ ਸਕੂਲਾਂ ਨੂੰ ਡੁਨੇਸ਼ਨ ਦੇ ਰੂਪ ਵਿਚ ਮਿਲਿਆ।

ਦਰਅਸਲ, ਅੱਜ ਸਾਡੇ ਮੁਲਕ ਵਿਚ ਕਾਲੇ ਧਨ ਦੀ ਇਕ ਪੂਰੀ ਦੀਪੂਰੀ ਅਰਥ ਵਿਵਸਥਾ ਜਨਮ ਲੈ ਚੁੱਕੀ ਹੈ, ਜੋ ਦਿਨ-ਬ-ਦਿਨ ਜਵਾਨ ਹੁੰਦੀ ਜਾ ਰਹੀ ਹੈ। ਸਰਕਾਰੀ ਦਫਤਰਾਂ ਅਤੇ ਲਗਭਗ ਹਰ ਖੇਤਰ ਵਿਚ ਕੰਮ ਕਰਨ ਦੇ ਤੌਰ ਤਰੀਕੇ ਅਤੇ ਸਿਆਸੀ ਦਖਲ ਅੰਦਾਜ਼ੀ ਆਦਿ ਭ੍ਰਿਸ਼ਟਾਚਾਰ ਦੇ ਵੱਡੇ ਕਾਰਨ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕਈ ਕਾਰਨ ਵੀ ਹੋ ਸਕਦੇ ਹਨ ਪਰ ਸਭ ਤੋਂ ਵੱਡਾ ਕਾਰਨ ਸਿਆਸਤ ਵਿਚ ਭ੍ਰਿਸ਼ਟ ਅਤੇ ਅਪਰਾਧੀ ਕਿਸਮ ਦੇ ਲੋਕਾਂ ਦੀ ਘੁਸਪੈਠ ਹੈ। ਇਸ ਘੁਸਪੈਠ ਨੇ ਭਾਰਤੀ ਸਿਆਸਤ ਨੂੰ ਅਜਿਹੀਆਂ ਕੱਚੀਆਂ ਅਤੇ ਤਿਲਕਵੀਆਂ ਡੰਡੀਆਂ 'ਤੇ ਲਿਆ ਖੜਾ ਕੀਤਾ ਹੈ, ਜਿਥੋਂ ਇਹ ਆਪ ਤਾਂ ਡਿੱਗਣਗੇ ਹੀ ਨਾਲ ਹੀ ਮੁਲਕ ਨੂੰ ਵੀ ਡੂੰਘੀਆਂ ਖਾਈਆਂ ਵਿਚ ਸੁੱਟਣਗੇ। ਅਸਲ ਵਿਚ ਭਾਰਤ ਵਿਚ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਇਸ ਦੀਆਂ ਬਹੁਤ ਹੀ ਡੂੰਘੀਆਂ ਜਮਾਤੀ ਜੜ੍ਹਾਂ ਹਨ, ਜੋ ਕਈ ਵਾਰੀ ਦਿਖਾਈ ਨਹੀਂ ਦਿੰਦੀਆਂ। ਭ੍ਰਿਸ਼ਟ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਨੂੰ ਸਜ਼ਾਵਾਂ ਆਦਿ ਨਾ ਮਿਲਣਾ ਇਹ ਹੀ ਦਰਸਾਉਂਦਾ ਹੈ ਕਿ ਫੜਨ ਵਾਲਿਆਂ ਦੇ ਉਪਰ ਵੀ ਤਾਂ ਭ੍ਰਿਸ਼ਟ ਤਾਣਾ-ਬਾਣਾ ਹੀ ਬੈਠਾ ਹੋਇਆ ਹੈ। ਪੰਜਾਬ ਦੀ ਮਿਸਾਲ ਵੀ ਸਾਡੇ ਸਾਹਮਣੇ ਹੈ। ਅੱਜ ਦੀ ਤਰੀਕ ਵਿਚ ਪੰਜਾਬ 'ਚ ਭ੍ਰਿਸ਼ਟਾਚਾਰ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਕੋਈ ਇਕ ਵੀ ਮਹਿਕਮਾ ਨਹੀਂ ਜਿੱਥੇ ਰਿਸ਼ਵਤ ਬਿਨਾਂ ਕੋਈ ਕੰਮ ਹੋ ਰਿਹਾ ਹੋਵੇ। ਹਾਲ ਤਾਂ ਇਹ ਹੈ ਕਿ ਆਮ ਮਨੁੱਖ ਨੂੰ ਹੁਣ ਇਹ ਲੱਗਣ ਲੱਗ ਪਿਆ ਹੈ ਕਿ ਕੋਈ ਵੀ ਕੰਮ ਪੈਸੇ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਇਹ ਬੜੀ ਖਤਰਨਾਕ ਸਥਿਤੀ ਹੈ, ਧਮਾਕਾਖੇਜ ਹਾਲਤ। ਇਨ੍ਹਾਂ ਪ੍ਰਸਥਿਤੀਆਂ ਵਿਚ ਇਹ ਸਮਝਣਾ ਜ਼ਰੂਰੀ ਹੈ ਕਿ ਹਾਕਮਾਂ ਦੀ ਅਦਲਾ-ਬਦਲੀ ਹੁਣ ਕੋਈ ਅਰਥ ਨਹੀਂ ਰੱਖਦੀ। ਲੋੜ ਉਸ ਲੁੱਟ-ਅਧਾਰਤ ਢਾਂਚੇ ਨੂੰ ਹੀ ਬਦਲਣ ਦੀ ਹੈ, ਜਿਸਨੇ ਇਹ ਭ੍ਰਿਸ਼ਟ ਸਾਮ-ਰਾਜ ਉਸਾਰਿਆ ਹੈ। ਭ੍ਰਿਸ਼ਟਾਚਾਰ ਵਿਰੁੱਧ ਇਹ ਲੜਾਈ ਆਮ ਮਨੁੱਖ ਦੀ ਚੇਤਨਤਾ ਨਾਲ ਜੁੜੀ ਹੋਈ ਹੈ। ਹਨੇਰੇ ਦੀਆਂ ਸੁਰੰਗਾਂ ਨੂੰ ਤਿਆਗ ਕੇ ਨਵੇਂ ਸੂਰਜ ਦੀ ਭਾਲ ਵੱਲ ਵਧਾਇਆ ਲੋਕਾਈ ਇਕ ਕਦਮ ਵੀ ਇਸ ਲੜਾਈ ਦਾ ਆਗਾਜ਼ ਹੋ ਸਕਦਾ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ — ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਖੇਡ ਸੱਭਿਆਚਾਰ ਦਾ ਪਤਨ



ਪ੍ਰੋ. ਰਾਕੇਸ਼ ਰਮਨ

ਸਰੀਰਕ ਹੀ ਨਹੀਂ ਮਾਨਸਿਕ ਤੰਦਰੁਸਤੀ ਲਈ ਵੀ ਖੇਡਾਂ ਮਨੁੱਖੀ ਜੀਵਨ ਵਿਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਪ੍ਰਾਚੀਨ ਕਾਲ ਤੋਂ ਹੀ ਇਹ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣੀਆਂ ਹੋਈਆਂ ਹਨ। ਸਮੇਂ ਦੇ ਤਬਦੀਲ ਹੋਣ ਨਾਲ ਖੇਡਾਂ ਦਾ ਸਰੂਪ ਵੀ ਤਬਦੀਲ ਹੁੰਦਾ ਰਿਹਾ ਹੈ। ਕੁੱਝ ਖੇਡਾਂ ਤਾਂ ਅਸਲੋਂ ਅਲੋਪ ਹੋ ਗਈਆਂ ਹਨ। ਕਈ ਨਵੀਆਂ ਖੇਡਾਂ ਨੇ ਜਨਮ ਲੈ ਲਿਆ ਹੈ। ਪਰ ਇਤਿਹਾਸ ਦਾ ਕੋਈ ਵੀ ਕਾਲ ਖੰਡ ਅਜਿਹਾ ਨਹੀਂ ਜਦੋਂ ਖੇਡਾਂ ਦੀ ਹੋਂਦ ਨਾ ਰਹੀ ਹੋਵੇ। ਮੁਢਲੇ ਸਮਿਆਂ ਦੀਆਂ ਖੇਡਾਂ ਵਧੇਰੇ ਕਰ ਕੇ ਯੁੱਧ ਕੌਸ਼ਲ ਦਾ ਹਿੱਸਾ ਹੀ ਹੁੰਦੀਆਂ ਸਨ। ਇਨ੍ਹਾਂ ਰਾਹੀਂ ਸਰੀਰਕ ਊਰਜਾ ਨੂੰ ਵਧਾਇਆ, ਸਾਧਿਆ ਅਤੇ ਯੁੱਧ ਅਨੁਕੂਲ ਕਰਤੱਵਾਂ ਦੇ ਯੋਗ ਬਣਾਇਆ ਜਾਂਦਾ ਸੀ। ਇਸ ਤੋਂ ਇਲਾਵਾ ਖੇਡਾਂ ਰੰਗ ਤਮਾਸ਼ਿਆਂ ਦੀ ਸ਼ਕਲ ਵਿਚ ਵੀ ਪ੍ਰਚਲਤ ਹੋਈਆਂ ਹਨ। ਅਜੋਕੀਆਂ ਖੇਡਾਂ ਵਿਚ ਸਰੀਰਕ ਬਲ ਤੇ ਮਨੋਰੰਜਨ ਦੇ ਨਾਲ ਨਾਲ ਚੰਗੇਰੇ ਨਾਗਰਿਕ-ਗੁਣਾਂ ਨੂੰ ਵੀ ਸ਼ਾਮਲ ਸਮਝਿਆ ਜਾਂਦਾ ਹੈ। ਖੇਡਾਂ, ਮਨੋਵਿ-ਗਿਆਨ ਮੁਤਾਬਕ ਭਾਵਨਾਵਾਂ ਪੈਦਾ ਕਰਦੀਆਂ ਹਨ। ਇਹ ਭਾਵਨਾਵਾਂ ਇਕ ਆਦਰਸ਼ ਨਾਗਰਿਕ ਦੇ ਵਿਅਕਤੀਤਵ ਦੀਆਂ ਬੁਨਿਆਦੀ ਸ਼ਰਤਾਂ ਵੀ ਸਮਝੀਆਂ ਜਾਂਦੀਆਂ ਹਨ। ਖੇਡਾਂ ਜਿਥੇ ਮਨੁੱਖੀ ਸਰੀਰ ਨੂੰ ਅਰੋਗ ਰਖਦੀਆਂ ਹਨ, ਉਥੇ ਹਾਂ-ਮੁਖੀ ਭਾਵਨਾਵਾਂ ਪੈਦਾ ਕਰਨ ਦੇ ਨਜ਼ਰੀਏ ਤੋਂ ਮਨੁੱਖੀ ਮਨ ਨੂੰ ਵੀ ਨਰੋਇਆਪਣ ਬਖਸ਼ਦੀਆਂ ਹਨ।

ਜ਼ਾਹਿਰ ਹੈ ਕਿ ਖੇਡਾਂ ਮਨੁੱਖ ਲਈ ਬਹੁਮੰਤਵੀ ਮਹੱਤਵ ਰੱਖਦੀਆਂ ਹਨ। ਅਜੋਕੇ ਸਮਾਜਾਂ ਵਿਚ ਇਨ੍ਹਾਂ ਨੂੰ ਜੀਵਤ ਰੱਖਣ ਅਤੇ ਉਤਸ਼ਾਹਿਤ ਕਰਨ ਲਈ ਖੇਡ ਢਾਂਚਿਆਂ ਅਤੇ ਲੋੜੀਂਦੇ ਵਿੱਤ ਦੀ ਬਕਾਇਦਾ ਵਿਵਸਥਾ ਕੀਤੀ ਜਾਂਦੀ ਹੈ। ਫਲਸਰੂਪ, ਵਿਸ਼ਵ ਪੱਧਰ 'ਤੇ ਖੇਡਾਂ ਦੀ ਸਥਿਤੀ ਕਾਫ਼ੀ ਚੰਗੀ ਹੈ। ਕੁੱਝ ਦੇਸ਼ਾਂ ਨੇ ਤਾਂ ਖੇਡਾਂ ਦੇ ਖੇਤਰ ਵਿਚ ਅਦਭੁੱਤ ਪ੍ਰਗਤੀ ਕੀਤੀ ਹੈ। ਪਰ ਭਾਰਤ ਤੇ ਇਸ ਵਰਗੇ ਕਈ ਹੋਰ ਰੀਥ ਦੇਸ਼ ਖੇਡਾਂ ਦੇ ਖੇਤਰ ਵਿਚ ਬਹੁਤ ਪੱਛੜੇ ਹੋਏ ਹਨ। ਇਹ ਪੱਛੜੇਵਾਂ ਨਿਰੰਤਰ ਨਿਘਾਰ ਦੀ ਸ਼ਕਲ ਵਿਚ ਮੌਜੂਦ ਹੈ, ਜਿਸ ਨੂੰ ਕਈ ਧਿਰਾਂ ਨੇ ਮਿਲ ਕੇ ਕਾਇਮ ਰੱਖਿਆ ਹੋਇਆ ਹੈ।



ਖੇਡ ਸਭਿਆਚਾਰ ਦੇ ਨਿਘਾਰ ਦਾ ਪ੍ਰਮੁੱਖ ਕਾਰਨ (ਭਾਰਤ ਵਿਚ) ਇਹ ਹੈ ਕਿ ਖੇਡ ਉਤਸਵਾਂ ਦਾ ਆਯੋਜਨ ਹੀ ਸਹੀ ਭਾਵਨਾ ਨਾਲ ਨਹੀਂ ਕੀਤਾ ਜਾਂਦਾ। ਇਨ੍ਹਾਂ ਖੇਡ ਉਤਸਵਾਂ ਵਿਚ ਪ੍ਰਬੰਧਾਂ ਤੋਂ ਲੈ ਕੇ ਮੁੱਖ ਮਹਿਮਾਨ ਬਣਨ ਤਕ ਰਾਜਨੀਤਿਕ ਸ਼ਖ਼ਸੀਅਤਾਂ ਦਾ ਹੀ ਬੋਲਬਾਲਾ ਬਣਿਆ ਰਹਿੰਦਾ ਹੈ। ਕਈ ਖੇਡ ਮੇਲੇ ਤਾਂ ਅਜਿਹੇ ਦਿਖਾਈ ਦਿੰਦੇ ਹਨ ਜਿਵੇਂ ਕੋਈ ਰਾਜਸੀ ਅਖਾੜੇ ਹੋਣ। ਖੇਡ ਉਤਸਵ ਵਿਚ ਖਿਡਾਰੀਆਂ ਨੂੰ ਆਸ਼ੀਰਵਾਦ ਜਾਂ ਇਨਾਮ ਤਕਸੀਮ ਕਰਨ ਪਹੁੰਚੇ ਸਿਆਸੀ ਲੋਕ ਆਮ ਕਰ ਕੇ ਅਜਿਹੇ ਵਿਅਕਤੀ ਹੁੰਦੇ ਹਨ, ਜਿਨ੍ਹਾਂ ਨੂੰ ਖਿਡਾਰੀਆਂ ਦੇ ਰੋਲ ਮਾਡਲ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਖਿਡਾਰੀਆਂ ਵਜੋਂ ਕੋਈ ਜ਼ਿਕਰਯੋਗ ਪਿਛੋਕੜ ਨਹੀਂ ਹੁੰਦਾ ਸਗੋਂ ਕਈਆਂ ਉਪਰ ਤਾਂ ਭ੍ਰਿਸ਼ਟਾਚਾਰ ਦੇ ਮੁਕੱਦਮੇ ਵੀ ਚੱਲ ਰਹੇ ਹੁੰਦੇ ਹਨ। ਰਾਜਸੀ ਅਖਾੜਿਆਂ ਦੇ ਇਨ੍ਹਾਂ ਭ੍ਰਿਸ਼ਟ ਖਿਡਾਰੀਆਂ ਦਾ ਖੇਡ ਉਤਸਵਾਂ ਅਤੇ ਖਿਡਾਰੀਆਂ ਉਪਰ ਜੋ ਪ੍ਰਭਾਵ ਪੈ ਸਕਦਾ ਹੈ, ਉਸ ਦਾ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ। ਰਾਜਸੀ ਅਖਾੜਿਆਂ ਵਿਚ ਜਿਸ ਪ੍ਰਕਾਰ ਦੀ ਕੁਨਬਾਪ੍ਰਸਤੀ, ਭ੍ਰਿਸ਼ਟਾਚਾਰ ਤੇ ਤਿਕੜਮਬਾਜ਼ੀ ਦੀ ਚੜ੍ਹ ਮੱਚੀ ਹੋਈ ਹੈ। ਉਸ ਦਾ ਪ੍ਰਛਾਵਾਂ ਖੇਡ ਸਭਿਆਚਾਰ ਉਪਰ ਵੀ ਪੈ ਰਿਹਾ ਹੈ।

ਖੇਡ ਉਤਸਵਾਂ ਦੇ ਮੰਚ ਤੋਂ ਰਾਜਸੀ ਨੇਤਾ ਵਾਰ ਵਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਰਹਿਣ ਦਾ ਸੰਦੇਸ਼ ਦਿੰਦੇ ਹਨ। ਉਹ ਬੜੇ ਜ਼ੋਰ ਤੇ ਵਿਸ਼ਵਾਸ ਨਾਲ ਕਹਿੰਦੇ ਹਨ ਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੀਆਂ ਹਨ। ਪਰ ਅਸਲੀਅਤ ਕੁੱਝ ਹੋਰ ਹੀ ਨਜ਼ਰ ਆ ਰਹੀ ਹੈ। ਕਈ ਖੇਡ ਉਤਸਵਾਂ 'ਤੇ ਤਾਂ ਖੇਡ ਸਭਿਆਚਾਰ ਤੇ ਨਸ਼ਿਆਂ ਦਾ ਸਭਿਆਚਾਰ ਪੂਰੀ ਤਰ੍ਹਾਂ ਘੁਲਮਿਲ ਗਏ ਪ੍ਰਤੀਤ ਹੁੰਦੇ ਹਨ। ਪ੍ਰਬੰਧਕ ਅਤੇ ਜ਼ਿਆਦਾਤਰ ਦਰਸ਼ਕ ਤਾਂ ਨਸ਼ਿਆਂ ਦਾ ਸੇਵਨ ਕਰ ਕੇ ਖੇਡ ਮੇਲੇ ਵਿਚ ਖੂਬ ਖੜਮਸਤੀ ਕਰਦੇ ਹਨ। ਇਨ੍ਹਾਂ ਦੀ ਖੜਮਸਤੀ ਨੂੰ ਪੂਰੇ ਜਲੌਅ 'ਚ ਲਿਆਉਣ ਲਈ ਗਾਇਕਾਂ ਦੇ ਅਖਾੜਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਨਸ਼ਾਖੋਰੀ ਤੇ ਗੈਰ ਇਖਲਾਕੀ ਦਾ ਇਹ ਮੰਜ਼ਰ ਉਸ ਧਾਰਨਾ ਦਾ ਮੂੰਹ ਚਿੜਾ ਰਿਹਾ ਹੁੰਦਾ ਹੈ, ਜਿਸ ਅਨੁਸਾਰ ਖੇਡਾਂ ਮਨੁੱਖ ਨੂੰ ਨਸ਼ਿਆਂ ਤੋਂ ਦੂਰ ਕਰਦੀਆਂ ਹਨ। ਕਰਦੀਆਂ ਵੀ ਹੋਣਗੀਆਂ ਪਰ ਉਦੋਂ ਜਦੋਂ ਸਾਡੀ ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਾ ਹੋਵੇ।

ਖੇਡਾਂ ਦਾ ਮਾਨਸਿਕਤਾ ਦੇ ਉੱਚੇ ਪੱਧਰ ਨਾਲ ਸਬੰਧ ਤਾਂ ਜ਼ਰੂਰ ਜੋੜਿਆ ਜਾਂਦਾ ਹੈ ਪਰ ਸ਼ੁਰੂ ਤੋਂ ਹੀ ਖਿਡਾਰੀ ਦੇ ਬੌਧਿਕ ਤੇ ਮਾਨਸਿਕ ਪੱਧਰ ਨੂੰ ਉਚਾ ਚੁੱਕਣ ਵੱਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਖਿਡਾਰੀ ਮਹਿਜ਼ ਸ਼ੁਗਲ ਮੇਲੇ ਅਤੇ ਜ਼ਾਬਤੇ ਪੂਰੇ ਕਰਨ ਦੇ ਸਾਧਨ ਮਾਤਰ ਬਣ ਗਏ ਹਨ। ਸਕੂਲਾਂ, ਕਾਲਜਾਂ ਵਿਚ ਖਿਡਾਰੀਆਂ ਨੂੰ ਮਹਿਜ਼ ਖੇਡਾਂ ਤਕ ਸੀਮਿਤ ਰੱਖਿਆ ਜਾਂਦਾ ਹੈ। ਉਸ ਦੀ ਪੜ੍ਹਾਈ ਦਾ ਸਬੰਧ ਉਸ ਦੇ ਬੌਧਿਕ ਵਿਕਾਸ ਦੀ ਥਾਂ ਉਸ ਨੂੰ ਅਣਉਚਿਤ ਢੰਗ ਨਾਲ ਜਮਾਤਾਂ ਪਾਸ ਕਰਵਾਉਣ ਦੇ ਸਿਲਸਿਲੇ ਨਾਲ ਜੋੜ ਦਿਤਾ ਜਾਂਦਾ ਹੈ। ਇਸ ਮੰਤਵ ਲਈ ਪ੍ਰੀਖਿਆਵਾਂ ਵਿਚ ਖਿਡਾਰੀਆਂ ਨੂੰ ਰੱਜ ਕੇ ਨਕਲ ਕਰਵਾਈ ਜਾਂਦੀ ਹੈ। ਇਹ ਨਕਲ ਆਮ ਕਰ ਕੇ ਖਿਡਾਰੀਆਂ ਨੂੰ ਬੌਧਿਕ ਤੇ ਮਾਨਸਿਕ ਪੱਖੋਂ ਨਕਾਰਾ ਕਰ ਦਿੰਦੀ ਹੈ। ਸਰੀਰਕ ਪੱਖੋਂ ਰਿਸ਼ਟ ਪੁਸ਼ਟ ਹੋਣ ਦੇ ਬਾਵਜੂਦ ਸਾਡੇ ਬਹੁਤੇ ਖਿਡਾਰੀਆਂ ਦੀ ਸ਼ਖ਼ਸੀਅਤ ਸੰਪੂਰਨ ਰੂਪ ਵਿਚ ਪ੍ਰਫੁੱਲਤ ਨਹੀਂ ਹੁੰਦੀ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਬੌਧਿਕਤਾ ਦੀ ਘਾਟ ਨਾ ਕੇਵਲ ਖਟਕਦੀ ਰਹਿੰਦੀ ਹੈ, ਸਗੋਂ ਉਹ ਖੇਡਾਂ ਵਿਚ ਆਪਣੇ ਪ੍ਰਦਰਸ਼ਨ ਦੇ ਮਿਆਰ ਨੂੰ ਬੌਧਿਕਤਾ ਦੇ ਅਭਾਵ ਕਾਰਨ ਲੰਮੇ ਸਮੇਂ ਤਕ ਕਾਇਮ ਵੀ ਨਹੀਂ ਰੱਖ ਸਕਦੇ। ਖੇਡਾਂ ਕੈਰੀਅਰ ਦੇ ਮੁਢਲੇ ਪੜਾਅ 'ਤੇ ਹੀ ਉਨ੍ਹਾਂ ਦੀ ਪ੍ਰਤਿਭਾ ਦਿਸ਼ਾਹੀਣ ਹੋ ਕੇ ਰਹਿ ਜਾਂਦੀ ਹੈ।

ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਖੇਡਾਂ ਰਾਸ਼ਟਰੀ ਗੌਰਵ ਦਾ ਪ੍ਰਤੀਕ ਹੁੰਦੀਆਂ ਹਨ। ਇਨ੍ਹਾਂ ਮੁਕਾਬਲਿਆਂ ਵਿਚ ਕੀਤੇ ਪ੍ਰਦਰਸ਼ਨ ਦੇ ਅਧਾਰ 'ਤੇ ਵੀ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਕਿਸੇ ਦੇਸ਼ ਨੇ ਕਿੰਨਾ ਵਿਕਾਸ ਪੰਧ ਤੈਅ ਕਰ ਲਿਆ ਹੈ। ਇਸ ਨਜ਼ਰੀਏ ਤੋਂ ਖੇਡਾਂ ਦਾ ਸਬੰਧ ਰਾਸ਼ਟਰ ਨਿਰਮਾਣ ਦੇ ਮਹਾਨ ਕਾਰਜ ਨਾਲ ਵੀ ਜੁੜਿਆ ਹੁੰਦਾ ਹੈ। ਰਾਸ਼ਟਰ ਨਿਰਮਾਣ ਦਾ ਗੰਭੀਰ ਮਾਮਲਾ ਹਰ ਕੌਮ ਉਪਰ ਇਕ ਵੱਡੀ ਜ਼ੁੰਮੇਵਾਰੀ ਪਾਉਂਦਾ ਹੈ, ਪੰਤੂ ਅਸੀਂ ਇਸ ਮਾਮਲੇ ਪ੍ਰਤੀ ਕੋਈ ਗੰਭੀਰਤਾ ਨਹੀਂ ਦਿਖਾ ਰਹੇ ਹਾਂ। ਹਰ ਤਰ੍ਹਾਂ ਦੇ ਮਾਫ਼ੀਏ ਵਾਂਗ ਹੁਣ ਖੇਡ ਮਾਫ਼ੀਆ ਵੀ ਵੱਡੀ ਪੱਧਰ 'ਤੇ ਸਰਗਰਮ ਹੈ। ਖੇਡਾਂ ਨਾਲ ਸੱਟਾ ਬਾਜ਼ਾਰੀ, ਅਯਾਸ਼ੀ, ਕੁਟਿਲਤਾ ਤੇ ਤਰ੍ਹਾਂ ਤਰ੍ਹਾਂ ਦੀਆਂ ਸਾਜ਼ਿਸ਼ਾਂ ਜੁੜ ਗਈਆਂ ਹਨ। ਖਿਡਾਉਣ ਵਾਲੇ ਖੇਡਾਂ ਦੀ ਪ੍ਰਗਤੀ ਜਾਂ ਕੌਮ ਦੀ ਪ੍ਰਗਤੀ ਲਈ ਨਹੀਂ ਖਿਡਾ ਰਹੇ, ਉਨ੍ਹਾਂ ਦੇ ਮਨੋਰਥ ਹੀ ਕੋਈ ਹੋਰ ਹਨ। ਖੇਡਣ ਵਾਲੇ ਵੀ ਖੇਡ ਭਾਵਨਾ ਤੋਂ ਕਿਨਾਰਾ ਕਰਨ 'ਚ ਦੇਰ ਨਹੀਂ ਲਾਉਂਦੇ। ਉਹ ਆਪਣਾ ਇਕ ਖੇਡ ਪੈਂਤੜਾ ਬਣਾਉਂਦੇ ਹਨ, ਜਿਸ ਦੇ ਤਹਿਤ ਜੇਕਰ ਉਨ੍ਹਾਂ ਨੂੰ ਵਿਰੋਧੀ ਟੀਮ ਜਾਂ ਵਿਰੋਧੀ ਖਿਡਾਰੀ ਨਾਲ ਅੰਦਰਖਾਤੇ ਰਲਣਾ ਵੀ ਪੈ ਜਾਵੇ ਤਾਂ ਉਹ ਅਜਿਹਾ ਕਰਨ ਤੋਂ ਰਤਾ ਸੰਕੋਚ ਨਹੀਂ ਕਰਦੇ। ਇਸ ਸਥਿਤੀ 'ਚ ਖੇਡ ਮਹਿਜ਼ ਮਜ਼ਾਕ ਬਣ ਕੇ ਰਹਿ ਜਾਂਦੀ ਹੈ। ਖੇਡ ਸਭਿਆਚਾਰ ਦੇ ਪਤਨ ਦੀ ਜ਼ੁੰਮੇਵਾਰੀ ਭਾਵੇਂ ਖੇਡਾਂ ਨਾਲ ਸਬੰਧਿਤ ਸਾਰੀਆਂ ਧਿਰਾਂ ਦੀ ਹੀ ਹੈ, ਪਰ ਜ਼ਿਆਦਾ ਜ਼ੁੰਮੇਵਾਰੀ ਪ੍ਰਬੰਧਕਾਂ ਤੇ ਸਰਪ੍ਰਸਤਾਂ ਸਿਰ ਆਉਂਦੀ ਹੈ ਇਨ੍ਹਾਂ ਲਈ ਖੇਡਾਂ ਅਯਾਸ਼ੀ, ਸਸਤੀ ਸ਼ੁਹਰਤ ਤੇ ਕਮਾਈ ਦਾ ਸਾਧਨ ਬਣ ਗਈਆਂ ਹਨ। ਪੰਜਾਬ ਦੇ ਕਬੱਡੀ ਖਿਡਾਰੀ ਅਤੇ ਸਮੁੱਚੇ ਦੇਸ਼ ਦੇ ਕ੍ਰਿਕਟ ਖਿਡਾਰੀ ਇਸ ਸਮੇਂ ਇਨ੍ਹਾਂ ਦੇ ਮਨੋਰਥਾਂ ਦੀ ਚੰਗੀ ਪੂਰਤੀ ਕਰ ਰਹੇ ਹਨ। ਇਵਜ਼ ਵਿਚ ਕੁੱਝ ਚੋਣਵੇਂ ਕਬੱਡੀ ਤੇ ਕ੍ਰਿਕਟ ਖਿਡਾਰੀਆਂ ਦੀ ਵੀ ਚਾਂਦੀ ਹੈ। ਅੰਤਰਰਾਸ਼ਟਰੀ ਕਬੱਡੀ ਕੱਪ 'ਤੇ ਇੰਡੀਆ ਪ੍ਰੀਮੀਅਮ ਲੀਗ ਜਿਹੇ ਟੂਰਨਾਮੈਂਟ ਖੇਡਾਂ ਦੀ ਕੋਈ ਲਹਿਰ ਪੈਦਾ ਨਹੀਂ ਕਰ ਰਹੇ। ਸਥਿਤੀ ਇਸ ਦੇ ਉਲਟ ਹੀ ਹੈ। ਆਮ ਲੋਕ ਖੇਡਾਂ ਪ੍ਰਤੀ ਆਮ ਨਾਲੋਂ ਕਿਤੇ ਘੱਟ ਉਤਸ਼ਾਹ ਰੱਖਦੇ ਹਨ। ਹਾਂ, ਉਨ੍ਹਾਂ ਨੂੰ ਇਨ੍ਹਾਂ ਨਾਲ ਜੁੜੇ ਹੋਏ ਮਨ ਪ੍ਰਚਾਵੇ ਦੇ ਪ੍ਰੋਗਰਾਮਾਂ ਦੀ ਜ਼ਰੂਰ ਖਿੱਚ ਹੁੰਦੀ ਹੈ। ਇਸੇ ਕਰ ਕੇ ਪ੍ਰਬੰਧਕ ਦਰਸ਼ਕਾਂ ਦੀ ਭੀੜ ਇਕੱਤਰ ਕਰਨ ਲਈ ਗਾਇਕੀ ਅਤੇ ਨਾਚ ਦੇ ਗਲੈਮਰ ਦਾ ਸਹਾਰਾ ਲੈਂਦੇ ਹਨ ਅਤੇ ਅੰਤ ਨੂੰ ਖੇਡ ਮੁਕਾਬਲੇ ਖੇਡ ਦੀ ਥਾਂ ਖਰਮਸਤੀ ਦਾ ਨਜ਼ਾਰਾ ਪੇਸ਼ ਕਰਨ ਲਗਦੇ ਹਨ ਤੇ ਇਉਂ ਇਸ ਸ਼ੋਰ ਸ਼ਰਾਬੇ ਵਿਚ ਖੇਡਾਂ ਦੇ ਵਿਕਾਸ ਦਾ ਹਰ ਪੱਖ ਗੁੰਮ ਹੋ ਕੇ ਰਹਿ ਜਾਂਦਾ ਹੈ।

ਖੇਡ ਸਭਿਆਚਾਰ ਦੀ ਉਪਰੋਕਤ ਪਤਨਮੁਖੀ ਦਸ਼ਾ ਦੇਸ਼ ਦੇ ਸਰਦੇ-ਪੁਜਦੇ ਵਰਗ ਦੀ ਹੈ। ਗਰੀਬ ਭਾਰਤਵਾਸੀਆਂ ਲਈ ਤਾਂ ਖੇਡਾਂ ਖੇਡ ਸਕਣਾ ਸੰਭਵ ਹੀ ਨਹੀਂ ਰਿਹਾ। ਖੇਡਾਂ ਇਨ੍ਹਾਂ ਲਈ ਕੇਵਲ ਛੋਟੇ ਪਰਦੇ 'ਤੇ ਦੇਖਣ ਵਾਲੀਆਂ ਆਈਟਮਾਂ ਹਨ। ਇਸ ਲਈ ਤਾਂ ਆਪਣਾ ਸਰੀਰ 'ਕਾਇਮ' ਰੱਖਣਾ ਹੀ ਬਹੁਤ ਵੱਡੀ ਸਮੱਸਿਆ ਹੈ, ਖੇਡਾਂ ਰਾਹੀਂ ਸਰੀਰ ਕਮਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ।

## ਛੋਟੀ ਜਿਹੀ ਪਰ ਵੱਡੀ ਗੱਲ

ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਹਰ ਸਾਲ ਪਦਮ ਪੁਰਸਕਾਰਾਂ ਦੀ ਇਕ ਸੂਚੀ ਜਾਰੀ ਹੁੰਦੀ ਹੈ ਇਸ ਸਾਲ ਇਸ ਨੂੰ ਲੈ ਕੇ ਇਕ ਵਿਵਾਦ ਉਠ ਖੜਾ ਹੋਇਆ। ਪਦਮ ਭੂਸ਼ਣ ਨਾਲ ਸਨਮਾਨਿਤ ਲੋਕਾਂ ਵਿਚ ਇਕ ਨਾਂ ਇੰਡੀਅਨ ਟਬੈਗੋ ਕੰਪਨੀ ਦੇ ਮੁਖੀ ਯੋਗੇਸ਼ ਚੰਦਰ ਦਾਵੇਸ਼ਵਰ ਦਾ ਵੀ ਹੈ। ਇਹ ਕੰਪਨੀ ਭਾਰਤ ਵਿਚ ਸਿਗਰਟ ਬਣਾਉਣ ਤੇ ਵੇਚਣ ਵਾਲੀ ਸੱਭ ਤੋਂ ਵੱਡੀ ਕੰਪਨੀ ਹੈ। ਮੁਲਕ ਦੇ ਕਈ ਚਰਚਿਤ ਡਾਕਟਰਾਂ ਅਤੇ ਸਮਾਜਿਕ ਕਾਰਕੁੰਨਾਂ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਉਨ੍ਹਾਂ ਤੋਂ ਇਹ ਸਨਮਾਨ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿਗਰਟਨੋਸ਼ੀ ਨਾਲ ਹਰ ਸਾਲ ਲੱਖਾਂ ਭਾਰਤੀਆਂ ਨੂੰ ਗਲੇ ਦਾ ਕੈਂਸਰ ਹੁੰਦਾ ਹੈ ਅਤੇ ਉਹ ਮਰਦੇ ਜਾਂ ਅਪਾਹਜ ਹੁੰਦੇ ਹਨ। ਸਵਾਲ ਇਹ ਉਠਦਾ ਹੈ ਕਿ ਕੀ ਸਰਕਾਰ ਨੂੰ ਇਹ ਜਾਣਕਾਰੀ ਨਹੀਂ ਸੀ? ਪੁਰਸਕਾਰ ਦੀ ਚੋਣ ਕਰਦੇ ਸਮੇਂ ਲੋਕਾਂ ਦੀ ਸਿਹਤ ਅਤੇ ਲੋਕ ਹਿੱਤ ਦੇ ਇਸ ਪਹਿਲੂ 'ਤੇ ਧਿਆਨ ਕਿਉਂ ਨਹੀਂ ਦਿਤਾ ਗਿਆ?

ਇਸ ਸਾਲ ਦੇ ਪਦਮ ਪੁਰਸਕਾਰਾਂ ਦੀ ਸੂਚੀ ਦੇਖੀ ਜਾਵੇ ਤਾਂ ਉਸ ਵਿਚ ਇਸੇ ਤਰ੍ਹਾਂ ਕੰਪਨੀਆਂ ਦੇ ਮਾਲਕਾਂ, ਕਮਰਸ਼ੀਅਲ ਅਫ਼ਸਰਾਂ ਅਤੇ ਪੂੰਜੀਪਤੀਆਂ ਦੇ ਕੋਈ 10 ਨਾਮ ਮਿਲਣਗੇ। ਇਸ ਨਾਲ ਸਰਕਾਰ ਭਲਾ ਕੀ ਸੁਨੇਹਾ ਦੇਣਾ ਚਾਹੁੰਦੀ ਹੈ? ਕੀ ਇਹੀ ਕਿ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ਾ ਕਮਾਉਣਾ ਹੀ ਜ਼ਿਆਦਾ ਸਨਮਾਨਯੋਗ ਹੈ? ਇਸ ਦੇਸ਼ ਦੇ ਸਧਾਰਨ ਕਿਸਾਨ, ਮਜ਼ਦੂਰ, ਕਾਰੀਗਰ, ਮਛੇਰਿਆਂ ਜਾਂ ਸਾਧਾਰਨ ਸੁਆਣੀ ਨੂੰ ਅਸੀਂ ਕਦੋਂ ਸਨਮਾਨਤ ਕਰਾਂਗੇ ਜਿਨ੍ਹਾਂ ਦੀ ਕਿਰਤ ਦੇ ਸਹਾਰੇ ਇਹ ਦੇਸ਼ ਚਲ ਰਿਹਾ ਹੈ।

ਸੁਨੀਲ

# ਮਹਾਂਘੁਟਾਲਿਆਂ ਦਾ ਮੌਸਮ

ਵੇਦਪ੍ਰਤਾਪ ਵੈਦਿਕ

ਹੁਣ ਤਕ ਰਾਜਾ ਸੀ, ਹੁਣ ਮਹਾਰਾਜਾ ਹੈ। ਏ. ਰਾਜਾ ਨੇ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ ਲਾਇਸੈਂਸ ਦਿੱਤੇ ਅਤੇ ਦੇਸ਼ ਦੇ ਪੌਣੇ ਦੋ ਲੱਖ ਕਰੋੜ ਰੁਪਏ ਦਾ ਨੁਕਸਾਨ ਕੀਤਾ, ਪਰ ਸਰਕਾਰੀ ਸੰਗਠਨ 'ਇਸਰੋ' ਨੇ ਦੇਵਾਸ ਮਲਟੀਮੀਡੀਆ ਨੂੰ ਐਸ-ਬੈਂਡ ਦੀ ਲੀਜ਼ ਦਿੱਤੀ ਅਤੇ ਪੂਰੇ ਦੋ ਲੱਖ ਕਰੋੜ ਰੁਪਏ ਦਾ ਨੁਕਸਾਨ ਕਰ ਦਿੱਤਾ। ਰਾਜਾ ਨੇ ਆਪਣੀਆਂ ਰੇਓੜੀਆਂ ਦਰਜਨਾਂ ਕੰਪਨੀਆਂ ਨੂੰ ਵੰਡੀਆਂ, ਜਦਕਿ 'ਇਸਰੋ' ਨੇ ਇਕੱਲੀ ਇਕ ਕੰਪਨੀ ਨੂੰ ਨਿਹਾਲ ਕਰ ਦਿੱਤਾ।

ਇਕ ਸੀ ਸੌ ਸੁਨਾਰ ਦੀ ਅਤੇ ਇਹ ਹੈ ਇਕ ਲੁਹਾਰ ਦੀ!

ਏਨਾ ਵੱਡਾ ਘੁਟਾਲਾ ਹੋਇਆ ਕਿਵੇਂ? 'ਦ ਹਿੰਦੂ' ਵੱਲੋਂ ਕੀਤੇ ਗਏ ਖੁਲਾਸੇ ਤੋਂ ਪਤਾ ਚਲਦਾ ਹੈ ਕਿ ਇਸ ਘੁਟਾਲੇ ਦੇ ਸੂਤਰਧਾਰ ਸਾਡੇ ਨੌਕਰਸ਼ਾਹ ਹਨ। 'ਇਸਰੋ' ਭਾਵ ਭਾਰਤੀ ਪੁਲਾੜ ਖੋਜ ਸੰਸਥਾ। ਬੰਗਲੌਰ ਸਥਿਤ ਇਸ ਸੰਗਠਨ ਦੇ ਇਕ ਸਾਬਕਾ ਸਕੱਤਰ ਡਾ. ਚੰਦਰਸ਼ੇਖਰ ਨੇ 2004 ਵਿੱਚ ਇਕ ਕੰਪਨੀ ਬਣਾਈ, ਦੇਵਾਸ ਮਲਟੀਮੀਡੀਆ ਅਤੇ ਉਸ ਨੇ 'ਇਸਰੋ' ਤੋਂ ਇਕ ਸਮਝੌਤੇ ਤਹਿਤ ਪੁਲਾੜ ਵਿੱਚ ਦੋ ਉਪਗ੍ਰਹਿ ਛੱਡਣ ਦਾ ਸਮਝੌਤਾ ਕੀਤਾ। 2005 ਵਿੱਚ ਹੋਏ ਸਮਝੌਤੇ ਅਨੁਸਾਰ 'ਦੇਵਾਸ' ਨੂੰ ਐਸ-ਬੈਂਡ ਸਪੈਕਟਰਮ ਦੀ 70 ਮੈਗਾ ਹਰਟਜ਼ ਤਰੰਗਾਂ ਦੇ ਇਸਤੇਮਾਲ ਦਾ ਅਧਿਕਾਰ ਆਪਣੇ ਆਪ ਮਿਲ ਗਿਆ। ਇਹ 'ਲੀਜ਼' 20 ਸਾਲ ਲਈ ਸੀ। ਇਸ ਦੇ ਬਦਲੇ 'ਦੇਵਾਸ' ਨੇ 'ਇਸਰੋ' ਨੂੰ 1000 ਕਰੋੜ ਰੁਪਏ ਦੇਣਾ ਤੈਅ ਕੀਤਾ।

ਹੁਣ ਜ਼ਰਾ ਅਸੀਂ ਇਹ ਦੇਖੀਏ ਕਿ 'ਦੇਵਾਸ' ਵਰਗੀ ਨਿੱਜੀ ਕੰਪਨੀ ਦੇ ਮੁਕਾਬਲੇ ਸਰਕਾਰੀ ਕੰਪਨੀਆਂ ਬੀ.ਐਸ.ਐਨ.ਐਲ. ਅਤੇ ਐਮ.ਟੀ.ਐਨ.ਐਲ. ਨੂੰ ਇਹੀ ਤਰੰਗਾਂ ਕਿਸ ਭਾਅ ਵੇਚੀਆਂ ਗਈਆਂ ਹਨ। ਉਨ੍ਹਾਂ ਨੂੰ ਸਿਰਫ 20 ਮੈਗਾਹਰਟਜ਼ ਲਈ 12, 487 ਕਰੋੜ ਰੁਪਏ ਦੇਣੇ ਪੈਣਗੇ। ਪਿਛਲੇ ਸਾਲ ਸਰਕਾਰ ਨੇ ਇਨ੍ਹਾਂ ਤਰੰਗਾਂ ਦੀ ਨਿਲਾਮੀ ਕੀਤੀ ਤਾਂ ਸਿਰਫ 15 ਮੈਗਾਹਰਟਜ਼ ਉਪਰ ਉਸ ਨੂੰ 67,719 ਕਰੋੜ ਰੁਪਏ ਮਿਲੇ। ਜੇਕਰ ਇਹ ਨਿਲਾਮੀ 70 ਮੈਗਾਹਰਟਜ਼ ਦੀ ਹੁੰਦੀ ਤਾਂ ਉਸ ਨੂੰ ਕਿੰਨੇ ਕਰੋੜ ਮਿਲਦੇ? ਢਾਈ ਤਿੰਨ ਲੱਖ ਕਰੋੜ ਤੋਂ ਘੱਟ ਕੀ ਮਿਲਦਾ ਭਾਵ 'ਇਸਰੋ' ਅਤੇ 'ਦੇਵਾਸ' ਨੇ ਮਿਲ ਕੇ ਦੇਸ਼ ਨੂੰ ਦੋ ਲੱਖ ਕਰੋੜ ਤੋਂ ਜ਼ਿਆਦਾ ਦਾ ਚੂਨਾ ਲਾਇਆ। ਏਨਾ ਹੀ ਨਹੀਂ 'ਇਸਰੋ' ਦੇ ਸਾਬਕਾ ਸਕੱਤਰ ਅਤੇ ਦੇਵਾਸ ਦੇ ਮੌਜੂਦਾ ਚੇਅਰਮੈਨ ਚੰਦਰਸ਼ੇਖਰ ਨੇ ਸਮਝੌਤਾ ਕੁਝ ਇਸ ਢੰਗ ਨਾਲ ਲਿਖਵਾਇਆ ਕਿ ਉਹ 20 ਸਾਲ ਦੀ 'ਲੀਜ਼' ਕਦੇ ਖਤਮ ਹੀ ਨਾ ਹੋਵੇ। ਭਾਵ ਭਾਰਤ ਦੇ ਸਰੋਤਾਂ ਦੀ ਲੁੱਟ ਅਨੰਤ ਕਾਲ ਤੱਕ ਚਲਦੀ ਰਹੇ।

ਰਾਜਾ ਨੇ 2 ਜੀ ਸਪੈਕਟਰਮ ਦੀਆਂ ਜੋ ਤਰੰਗਾਂ ਵੰਡੀਆਂ ਸਨ, ਉਸ ਦੇ ਮੁਕਾਬਲੇ ਐਸ-ਬੈਂਡ ਦੀਆਂ ਇਹ ਤਰੰਗਾਂ ਕਿਤੇ ਵੱਧ ਸ਼ਕਤੀਸ਼ਾਲੀ ਹਨ। ਪੁਲਾੜ ਵਿਗਿਆਨ ਵਿੱਚ ਅੱਗੇ ਵਧੇ ਹੋਏ ਦੁਨੀਆ ਦੇ ਪ੍ਰਗਤੀਸ਼ੀਲ ਦੇਸ਼ ਆਪਣੇ ਇੰਟਰਨੈਟ, ਮੋਬਾਈਲ ਫੋਨਾਂ ਅਤੇ ਹੋਰ ਦੂਰਸੰਚਾਰ ਸਹੂਲਤਾਂ ਲਈ ਇਨ੍ਹਾਂ ਤਰੰਗਾਂ ਦਾ ਇਸਤੇਮਾਲ ਕਰਦੇ ਹਨ। ਪੁਲਾੜ ਵਿਗਿਆਨ ਦੇ ਖੇਤਰ ਵਿੱਚ ਭਾਰਤ ਕਾਫੀ ਅੱਗੇ ਵਧ ਚੁੱਕਾ ਹੈ। ਜੇਕਰ ਆਪਣੀ ਇਸ ਤਰੰਗ ਸਮਰੱਥਾ ਨੂੰ ਇਹ ਜ਼ਰੂਰਤਮੰਦ ਦੇਸ਼ਾਂ ਨੂੰ ਵੇਚਣ ਲੱਗੇ ਤਾਂ ਅਰਬਾਂ ਰੁਪਏ ਕਮਾ ਸਕਦਾ ਹੈ, ਪਰ ਜੇਕਰ ਇਹ ਸਾਡੇ ਆਪਣੇ ਨਾਗਰਿਕ ਆਪਣੀਆਂ ਹੀ ਸੰਸਥਾਵਾਂ ਨੂੰ ਲੁੱਟਣ ਵਿੱਚ ਲੱਗ ਜਾਣ ਤਾਂ ਦੇਸ਼ ਦਾ ਔਲਾ ਹੀ ਮਾਲਕ ਹੈ।

ਡਾ. ਚੰਦਰਸ਼ੇਖਰ ਦਾ ਕਹਿਣਾ ਹੈ ਕਿ 2005 ਵਿੱਚ ਉਨ੍ਹਾਂ ਨੇ ਜਦੋਂ ਇਹ ਸਮਝੌਤਾ ਕੀਤਾ ਤਾਂ ਠੇਕਿਆਂ ਦੀ ਨਿਲਾਮੀ ਦੀ ਪ੍ਰਥਾ ਸੀ ਹੀ ਨਹੀਂ। ਉਨ੍ਹਾਂ ਤੋਂ ਇਲਾਵਾ ਕਿਸੇ ਨੇ ਐਸ-ਬੈਂਡ ਲਈ ਅਪੀਲ ਕੀਤੀ ਹੀ ਨਹੀਂ। ਇਸ ਲਈ ਜੇਕਰ ਉਨ੍ਹਾਂ ਨੂੰ ਇਹ ਠੇਕਾ ਮਿਲ ਗਿਆ ਤਾਂ ਇਸ ਵਿੱਚ ਗਲਤ ਕੀ ਹੈ? ਮੋਟੇ ਤੌਰ 'ਤੇ ਚੰਦਰਸ਼ੇਖਰ ਦੀ ਗੱਲ ਠੀਕ ਲਗਦੀ ਹੈ, ਪਰ ਕੀ ਇਹ ਸੱਚ ਨਹੀਂ ਹੈ ਕਿ ਉਨ੍ਹਾਂ ਨੇ 'ਇਸਰੋ' ਦੇ ਅੰਦਰੂਨੀ ਆਦਮੀ ਹੋਣ ਦਾ ਲਾਭ ਲਿਆ? ਜੇਕਰ ਉਹ 'ਇਸਰੋ' ਦੇ ਵਿਗਿਆਨਕ ਸਕੱਤਰ ਨਾ ਰਹੇ ਹੁੰਦੇ ਤਾਂ ਕੀ ਉਨ੍ਹਾਂ ਨੂੰ ਪਤਾ ਹੁੰਦਾ ਕਿ ਐਸ-ਬੈਂਡ ਦੇ ਲਾਭ ਕੀ ਕੀ ਹੋ ਸਕਦੇ ਹਨ ਅਤੇ ਉਨ੍ਹਾਂ ਤੋਂ 2005 ਵਿੱਚ ਕਿਵੇਂ ਲਾਭ ਲਿਆ ਜਾ ਸਕਦਾ ਹੈ? ਜੇਕਰ ਉਹ 'ਇਸਰੋ' ਦੇ ਉਚ ਅਹੁਦੇ 'ਤੇ ਨਾ ਰਹੇ ਹੁੰਦੇ ਤਾਂ ਕੀ 'ਇਸਰੋ' ਦੇ ਅਫਸਰਾਂ ਤੋਂ ਅਜਿਹੇ ਪੱਖਪਾਤੀ ਸਮਝੌਤੇ ਉਪਰ ਹਸਤਾਖਰ ਕਰਵਾ ਸਕਦੇ ਸਨ? ਉਨ੍ਹਾਂ ਦੀ ਸੇਵਾਮੁਕਤੀ ਹੋਣ ਤੋਂ ਬਾਅਦ ਜੋ ਅਫਸਰ 'ਇਸਰੋ' ਵਿੱਚ ਉਚ ਅਹੁਦਿਆਂ 'ਤੇ ਨਿਯੁਕਤ ਹੋਏ ਹੋਣਗੇ, ਕੀ ਉਨ੍ਹਾਂ ਵਿੱਚ ਕਈ ਉਨ੍ਹਾਂ ਦੇ ਮਾਤਹਤ ਨਹੀਂ ਰਹੇ ਹੋਣਗੇ? ਜੇਕਰ ਉਸ ਸਮਝੌਤੇ 'ਤੇ ਹਸਤਾਖਰ ਕਰਦੇ ਸਮੇਂ ਉਨ੍ਹਾਂ ਦੇ ਅੱਖ-ਕੰਨ ਖੁੱਲ੍ਹੇ ਰਹੇ ਹੋਣਗੇ ਤਾਂ ਉਨ੍ਹਾਂ ਨੂੰ ਪਤਾ ਰਿਹਾ ਹੋਵੇਗਾ ਕਿ ਐਸ-ਬੈਂਡ ਦੀ ਮਹੱਤਤਾ ਕੀ ਹੈ ਅਤੇ ਦੁਨੀਆ ਵਿੱਚ ਉਸ ਦੀ ਕੀਮਤ ਕਿੰਨੀ ਹੈ?

2009 ਵਿੱਚ ਇਸੇ ਬੈਂਡ ਨੂੰ ਨਿਲਾਮ ਕਰਨ 'ਤੇ ਦੁਨੀਆ ਦੇ ਕਈ ਦੇਸ਼ਾਂ ਨੇ ਅਰਬਾਂ ਡਾਲਰ ਕਮਾਏ ਹਨ। ਬ੍ਰਾਜ਼ੀਲ, ਦੱਖਣੀ ਅਫਰੀਕਾ ਅਤੇ ਦੱਖਣੀ ਸਾਬਕਾ ਏਸ਼ੀਆ ਦੇ ਕੁਝ ਦੇਸ਼ ਇਨ੍ਹਾਂ ਤਰੰਗਾਂ ਨੂੰ ਖਰੀਦਣ ਲਈ ਉਤਾਵਲੇ ਹਨ। ਜਦੋਂ ਚੰਦਰਸ਼ੇਖਰ ਨੇ ਇਹ ਤਰੰਗਾਂ ਖਰੀਦਣ ਦਾ ਸੌਦਾ ਕੀਤਾ, ਉਦੋਂ ਉਨ੍ਹਾਂ ਦੀ ਕੰਪਨੀ ਦੀ ਹੈਸੀਅਤ ਕੀ ਸੀ? 2007 ਤੱਕ ਵੀ ਸ਼ਿਅਰ ਹੋਲਡਰਾਂ ਦੀ ਰਕਮ ਸਿਰਫ 67.5 ਕਰੋੜ ਰੁਪਏ ਸੀ, ਪਰ 2010 ਵਿੱਚ ਉਹ ਉਛਲ ਕੇ 8 ਗੁਣਾ ਭਾਵ 578 ਕਰੋੜ ਰੁਪਏ ਹੋ ਗਈ। ਜੇਕਰ ਇਹ ਸੌਦਾ ਰੱਦ ਨਾ ਹੁੰਦਾ ਤਾਂ ਕੁਝ ਹੀ ਸਾਲਾਂ ਵਿੱਚ 'ਦੇਵਾਸ' ਦੁਨੀਆ ਦੀਆਂ ਵੱਡੀਆਂ ਕੰਪਨੀਆਂ ਵਿੱਚ ਗਿਣੀ ਜਾਣ ਲੱਗਦੀ। 'ਇਸਰੋ' ਦੇ ਨਾਲ ਸੌਦਾ ਹੁੰਦੇ ਹੀ ਇਸ ਕੰਪਨੀ ਵਿੱਚ ਚਾਰ ਚੰਨ ਲੱਗ ਗਏ।

ਇਹ ਠੀਕ ਹੈ ਕਿ ਚੰਦਰਸ਼ੇਖਰ ਨੇ ਕੋਈ ਗੈਰਕਾਨੂੰਨੀ ਕੰਮ ਨਹੀਂ ਕੀਤਾ ਹੈ ਅਤੇ ਆਪਣੇ ਵੱਲੋਂ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਧੋਖਾ ਵੀ ਨਹੀਂ ਦਿੱਤਾ ਹੈ, ਪਰ ਕੀ 'ਇਸਰੋ' ਨੂੰ ਅਸੀਂ ਨਿਰਦੋਸ਼ ਮੰਨ ਸਕਦੇ ਹਾਂ? ਇਹ ਵੀ ਸੰਭਵ ਹੈ ਕਿ 2ਜੀ ਸਪੈਕਟਰਮ ਸੌਦੇ ਦੀ ਤਰ੍ਹਾਂ ਐਸ-ਬੈਂਡ ਸੌਦੇ ਵਿੱਚ ਕੋਈ ਰਿਸ਼ਵਤਖੋਰੀ ਨਾ ਹੋਈ ਹੋਵੇ, ਪਰ ਕੀ ਇਹ ਸ਼ੁੱਧ ਲਾਪ੍ਰਵਾਹੀ ਦਾ ਮਾਮਲਾ ਨਹੀਂ ਹੈ? ਦੇਸ਼ ਦੀ ਸੰਪਤੀ ਅਤੇ ਦੇਸ਼ ਦੀ ਆਮਦਨੀ ਪ੍ਰਤੀ ਲਾਪ੍ਰਵਾਹੀ ਦਾ ਮਾਮਲਾ! ਜਿਵੇਂ ਹੀ ਚੰਦਰਸ਼ੇਖਰ ਨੇ ਆਪਣੀ ਚਾਲ ਚਲਾਈ, 'ਇਸਰੋ' ਦੇ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਕਾਰਜਕਾਲ ਨੂੰ ਚੌਕਸ ਕਿਉਂ ਨਹੀਂ ਕੀਤਾ ਅਤੇ ਜਿਵੇਂ ਹੀ ਬਾਅਦ ਵਿੱਚ ਪ੍ਰਧਾਨ ਮੰਤਰੀ ਕਾਰਜਕਾਲ ਨੂੰ ਇਸ ਦਾ ਪਤਾ ਲੱਗਾ, ਉਸ ਨੇ ਇਸ ਵਿਰੁੱਧ ਸਿੱਧੀ ਕਾਰਵਾਈ ਕਿਉਂ ਨਹੀਂ ਕੀਤੀ? ਇਸ ਲਈ ਕੌਣ ਜ਼ਿੰਮੇਵਾਰ ਹੈ? ਜ਼ਿੰਮੇਵਾਰੀ ਕਿਸ ਦੇ ਮੱਥੇ 'ਤੇ ਪਾਈ ਜਾਵੇ?

ਵਿਰੋਧੀ ਪਾਰਟੀਆਂ ਪ੍ਰਧਾਨ ਮੰਤਰੀ ਤੋਂ ਜਵਾਬ ਮੰਗ ਰਹੀਆਂ ਹਨ, ਕਿਉਂ ਕਿ 'ਇਸਰੋ' ਸਿੱਧੇ ਪ੍ਰਧਾਨ ਮੰਤਰੀ ਦੇ ਮਾਤਹਤ ਹਨ। ਇਥੇ ਇਹ ਕਲਪਨਾ ਕਰਨਾ ਵੀ ਮੁਸ਼ਕਲ ਹੈ ਕਿ ਡਾ. ਮਨਮੋਹਨ ਸਿੰਘ ਵਰਗਾ ਸਿੱਧਾ-ਸੱਚਾ ਅਤੇ ਭੋਲਾ-ਭਾਲਾ ਵਿਅਕਤੀ ਨੌਕਰਸ਼ਾਹਾਂ ਦੀ ਚਾਲ ਵਿੱਚ ਸ਼ਾਮਲ ਹੋ ਸਕਦਾ ਹੈ। ਖਬਰ ਹੈ ਕਿ ਸਰਕਾਰ ਇਸ ਸੌਦੇ ਦੀ ਸਮੀਖਿਆ ਕਰ ਰਹੀ ਹੈ ਅਤੇ ਆਡੀਟਰ ਐਂਡ ਕੰਟਰੋਲਰ ਜਨਰਲ ਇਸ ਦੀ ਜਾਂਚ ਕਰ ਰਹੇ ਹਨ। ਸਮੀਖਿਆ ਅਤੇ ਜਾਂਚ ਤਾਂ ਹੁੰਦੀ ਰਹੇਗੀ, ਪਰ ਸੌਦੇ ਨੂੰ ਰੱਦ ਕਰਨ ਵਿੱਚ ਸਰਕਾਰ ਜਿੰਨੀ ਦੇਰ ਲਗਾਏਗੀ, ਉਸਦਾ ਮਾਨ-ਸਨਮਾਨ ਓਨੀ ਹੀ ਤੇਜ਼ੀ ਨਾਲ ਹੇਠਾਂ ਡਿੱਗਦਾ ਜਾਏਗਾ। ਆਦਰਸ਼ ਸੁਸਾਇਟੀ, ਰਾਸ਼ਟਰਮੰਡਲ ਖੇਡਾਂ ਅਤੇ ਰਾਜਾ ਘੁਟਾਲਿਆਂ ਦੇ ਮੁਕਾਬਲੇ ਇਹ ਮਹਾਰਾਜਾ ਘੁਟਾਲਾ ਹੈ। ਇਸ ਘੁਟਾਲੇ ਦੇ ਤਾਰ ਕਿਸੇ ਮੰਤਰੀ ਜਾਂ ਮੁੱਖ ਮੰਤਰੀ ਨਾਲ ਨਹੀਂ ਸਿੱਧੇ ਪ੍ਰਧਾਨ ਮੰਤਰੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਮੱਧ ਪੂਰਬ ਦੀ ਉਥਲ-ਪੁੱਥਲ : ਨਵੀਂ ਵਿਸ਼ਵ ਚੇਤਨਾ ਦੀ ਪ੍ਰਤੀਕ

**ਟਿਊਨਿਸ਼ੀਆ ਦਾ ਰਾਜ ਪਲਟਾ**

ਟਿਊਨੇਸ਼ੀਆ ਵਿਚ ਲੋਕ ਵਿਦਰੋਹ ਦੀ ਜਵਾਲਾ ਇਕ ਨੌਜਵਾਨ ਮੁਹੰਮਦ ਬੋਅਜ਼ੀਜ਼ੀ ਵਲੋਂ ਆਤਮਦਾਹ ਕਰਨ ਦੀ ਘਟਨਾ ਨਾਲ ਭੜਕੀ। ਇਹ ਛੱਬੀ ਸਾਲਾ ਨੌਜਵਾਨ ਆਪਣੀ ਵਿਧਵਾ ਮਾਂ ਅਤੇ ਪਰਿਵਾਰ ਦਾ ਇਕਲੌਤਾ ਪਾਲਨਹਾਰ ਸੀ ਅਤੇ ਸਬਜ਼ੀਆਂ ਵੇਚ ਕੇ ਗੁਜ਼ਾਰਾ ਕਰਦਾ ਸੀ। ਸਰਕਾਰੀ ਅਧਿਕਾਰੀਆਂ ਨੇ ਉਸ ਨੂੰ ਸਬਜ਼ੀ ਵੇਚਣ ਤੋਂ ਰੋਕ ਦਿੱਤਾ ਤੇ ਉਸ ਨੂੰ ਅਪਮਾਨਿਤ ਵੀ ਕੀਤਾ। ਉਸ ਨੇ ਦੁਬਾਰਾ ਸਬਜ਼ੀਆਂ ਵੇਚਣ ਲਈ ਮਨਜ਼ੂਰੀ ਲੈਣ ਦਾ ਯਤਨ ਵੀ ਕੀਤਾ ਪਰ ਅਧਿਕਾਰੀਆਂ ਦਾ ਵਤੀਰਾ ਨਾ ਬਦਲਿਆ। ਅੰਤ ਨੂੰ ਨਿਰਾਸ਼ਾ ਦੇ ਆਮਲ ਵਿਚ ਇਸ ਨੌਜਵਾਨ ਨੇ ਆਤਮ ਹੱਤਿਆ ਕਰ ਲਈ। ਬੋਅਜ਼ੀਜ਼ੀ ਦੀ ਇਸ ਦੁੱਖ ਭਰੀ ਗਾਥਾ ਨੇ ਸਿੱਡੀ-ਬੋਜ਼ੀਡ ਕਸਬੇ ਦੇ ਲੋਕਾਂ ਦਾ ਰੋਹ ਭੜਕਾ ਦਿੱਤਾ ਤੇ ਉਹ ਰੋਸ ਮੁਜ਼ਾਹਰੇ ਕਰਨ ਲਈ ਸੜਕਾਂ 'ਤੇ ਉਤਰ ਆਏ। ਇਕ ਹੋਰ ਅਪਮਾਨਿਤ ਨੌਜਵਾਨ ਹੌਸੀਨੇ ਫ਼ਾਹਲੀ ਦੀ ਆਤਮ ਹੱਤਿਆ ਨਾਲ ਰੋਸ ਮੁਜ਼ਾਹਰੇ ਦੇਸ਼ ਵਿਆਪੀ ਬਗਾਵਤ ਵਿਚ ਬਦਲ ਗਏ। ਹਾਲਾਤ ਦੀ ਨਜ਼ਾਕਤ ਨੂੰ ਦੇਖ ਕੇ ਟਿਊਨਿਸ਼ੀਆ ਦਾ ਰਾਸ਼ਟਰਪਤੀ ਬੇਨਅਲੀ ਆਪਣੇ ਪਰਿਵਾਰਕ ਮੈਂਬਰਾਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਸਮੇਤ ਮੁਲਕ ਛੱਡ ਕੇ ਨੱਠ ਗਿਆ। ਫਰਾਂਸ ਨੇ ਉਸ ਨੂੰ ਸ਼ਰਣ ਦੇਣ ਤੋਂ ਇਨਕਾਰ ਕਰ ਦਿੱਤਾ। ਹੁਣ ਉਹ ਸਾਊਦੀ ਅਰਬ 'ਚ ਡੇਰਾ ਲਾਈ ਬੈਠਾ ਹੈ। ਦੂਜੇ ਪਾਸੇ ਟਿਊਨਿਸ਼ੀਆ ਦੇ ਵਿਰੋਧ ਦੀ ਅਗਨੀ ਮੱਧ ਪੂਰਬ ਦੇ ਹੋਰ ਦੇਸ਼ਾਂ ਵਿਚ ਵੀ ਫੈਲ ਗਈ ਹੈ। ਮਿਸਰ, ਯਮਨ ਤੇ ਜਾਰਡਨ ਦੀਆਂ ਹਕੂਮਤਾਂ ਦੇ ਵਿਰੁਧ ਲੋਕ ਵੱਡੀ ਪੱਧਰ 'ਤੇ ਰੋਸ ਮੁਜ਼ਾਹਰੇ ਕਰ ਰਹੇ ਹਨ।

ਮਿਸਰ ਦਾ ਜਨ-ਵਿਦਰੋਹ

ਅਤਿਅੰਤ ਗੌਰਵਸ਼ਾਲੀ ਸਮਝੀ ਜਾਂਦੀ ਪ੍ਰਾਚੀਨ ਸਭਿਅਤਾ ਦੇ ਜਨਮਦਾਤਾ ਮੁਲਕ ਮਿਸਰ ਦੇ ਰੋਸ ਮੁਜ਼ਾਹਰਿਆਂ ਨੇ ਸਮੁੱਚੇ ਅਰਬ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਮਿਸਰ ਦੇ ਰਾਸ਼ਟਰਪਤੀ ਹੋਸਨੀ ਮੁਬਾਰਕ ਉਪਰ ਵੀ ਮੁਲਕ ਛੱਡਣ ਲਈ ਜਨਤਕ ਦਬਾਅ ਬਣਿਆ ਹੋਇਆ ਹੈ। ਭਾਵੇਂ ਹੋਸਨੀ ਮੁਬਾਰਕ ਨੇ ਮੁਜ਼ਾਹਰਾਕਾਰੀਆਂ ਦੀ ਮੁਲਕ ਛੱਡ ਜਾਣ ਦੀ ਮੰਗ ਅਜੇ ਨਹੀਂ ਮੰਨੀ, ਪਰ ਜਨਤਕ ਵਿਰੋਧ ਨੇ ਉਸ ਦੀ ਸਥਿਤੀ ਬੇਹੱਦ ਕਮਜ਼ੋਰ ਕਰ ਦਿੱਤੀ ਹੈ, ਉਸ ਨੂੰ ਆਪਣਾ ਮੰਤਰੀ ਮੰਡਲ ਭੰਗ ਕਰਨਾ ਪਿਆ ਹੈ ਅਤੇ ਕੁੱਝ ਨਵੀਆਂ ਨਿਯੁਕਤੀਆਂ ਵੀ ਕਰਨੀਆਂ ਪਈਆਂ ਹਨ। 82 ਸਾਲਾ ਹੋਸਨੀ ਮੁਬਾਰਕ ਪਿਛਲੇ 30 ਸਾਲਾਂ ਤੋਂ ਹਕੂਮਤ ਕਰਦਾ ਆ ਰਿਹਾ ਹੈ ਅਤੇ ਆਪਣੇ 47 ਸਾਲਾ ਪੁੱਤਰ ਦਾਮਲ ਮੁਬਾਰਕ ਨੂੰ ਆਪਣੇ ਵਾਰਸ ਵਜੋਂ ਭਾਵ ਮਿਸਰ ਦੇ ਅਗਲੇ ਰਾਸ਼ਟਰਪਤੀ ਵਜੋਂ ਵੀ ਪੇਸ਼ ਕਰਦਾ ਆ ਰਿਹਾ ਹੈ। ਹੋਸਨੀ ਮੁਬਾਰਕ ਨੇ ਜਨ ਵਿਦਰੋਹ ਅੱਗੇ ਝੁਕਦਿਆਂ ਅਗਲੇ ਕੁੱਝ ਮਹੀਨਿਆਂ ਤਕ ਸੱਤਾ 'ਚੋਂ ਹੱਟ ਜਾਣ ਦਾ ਐਲਾਨ ਤਾਂ ਕਰ ਦਿਤਾ ਪਰ ਤੁਰੰਤ ਸੱਤਾ ਤਿਆਗਣ ਲੀ ਅਜੇ ਤਿਆਰ ਨਹੀਂ ਹੈ। ਦੂਜੇ ਪਾਸੇ ਮੁਜ਼ਾਹਰਾਕਾਰੀ ਆਪਣੀ ਇਸ ਮੰਗ 'ਤੇ ਅੜੇ ਹੋਏ ਹਨ ਕਿ ਹੋਸਨੀ ਮੁਬਾਰਕ ਤੁਰੰਤ ਸੱਤਾ ਤੋਂ ਲਾਂਭੇ ਹੋਵੇ।

ਜਾਨ ਵਿਦਰੋਹ ਦਾ ਸਾਰ

ਅਰਬ ਜਗਤ ਵਿਚ ਨਵ ਬਸਤੀਵਾਦੀਆਂ ਦੀਆਂ ਕਈ ਕਠਪੁਤਲੀ ਸਰਕਾਰਾਂ ਹਨ, ਜਿਹੜੀਆਂ ਆਪਣੇ ਮੁਲਕ ਦੇ ਲੋਕਾਂ ਦੇ ਸਵੈਮਾਣ ਨੂੰ ਅਕਸਰ ਅਣਡਿੱਠ ਕਰਦੀਆਂ ਰਹਿੰਦੀਆਂ ਹਨ। ਨਵ-ਬਸਤੀਵਾਦੀ ਤਾਕਤਾਂ ਇਨ੍ਹਾਂ ਕਠਪੁਤਲੀ ਸਰਕਾਰਾਂ ਦੇ ਸਹਾਰੇ ਆਪਣੀ ਧੌਂਸ ਵੀ ਜਮਾਉਂਦੀਆਂ ਹਨ ਤੇ ਆਪਣੇ ਹਿੱਤ ਵੀ ਸੁਰੱਖਿਅਤ ਰੱਖਦੀਆਂ ਹਨ। ਅਸਿੱਧੇ ਰੂਪ ਵਿਚ ਮੱਧ ਪੂਰਬ ਦਾ ਵਿਦਰੋਹ ਨਵਬਸਤੀਵਾਦ ਦੇ ਵਿਰੁਧ ਹੀ ਹੈ। ਇਸ ਤੋਂ ਇਲਾਵਾ ਅਰਬ ਦੇਸ਼ਾਂ ਵਿਚ 16 ਤੋਂ ਲੈ ਕੇ 30 ਸਾਲ ਤਕ ਦੀ ਨੌਜਵਾਨ ਪੀੜ੍ਹੀ ਵਿਚ ਬੇਰੁਜ਼ਗਾਰੀ ਕਾਰਨ ਵੀ ਬਹੁਤ ਨਿਰਾ-ਸਤਾ ਪਾਈ ਜਾ ਰਹੀ ਹੈ। ਕਠਪੁਤਲੀ ਸਰਕਾਰਾਂ ਦੀ ਕਾਇਮੀ ਨਬਸਤੀਵਾਦੀਆਂ ਲਈ ਉਸ ਦੀ ਇਜ਼ਰਾਹਈਲ ਨੀਤੀ ਦਾ ਹਿੱਸਾ ਹੈ। ਮਿਸਰ ਵਿਚ ਥਾਂ-ਥਾਂ ਫੈਲੀ ਗੰਦਗੀ, ਝੁੱਗੀ-ਝੌਂਪੜੀਆਂ ਦੀ ਭਰਮਾਰ, ਜੇਲਾਂ ਵਿਚ ਵਧ ਰਹੇ ਕੈਦੀਆਂ ਦੀ ਗਿਣਤੀ, ਸਰਕਾਰੀ ਖੇਤਰ 'ਚ ਫੈਲੇ ਭ੍ਰਿਸ਼ਟਾਚਾਰ ਅਤੇ ਹਾਸੋਹੀਣੀਆਂ ਚੋਣਾਂ ਦਾ ਲੰਮਾ ਤੇ ਅਕਾਊ ਸਿਲਸਿਲਾ ਮਿਸਰੀਆਂ ਨੂੰ ਹੋਸਨੀ ਮੁਬਾਰਕ ਦੀ ਹਕੂਮਤ ਵਿਰੁਧ ਸੜਕਾਂ 'ਤੇ ਲੈ ਆਇਆ ਹੈ। ਮੱਧ ਪੂਰਬ ਦੇ ਜਨਤਕ ਉਭਾਰ ਦਾ ਅਰਬ 'ਤੇ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਦੀ ਰਾਜਨੀਤੀ 'ਤੇ ਗਹਿਰਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। (ਨਵੀਂ ਦੁਨੀਆ ਬਿਊਰੋ)

ਧੁਖ਼ਦਾ ਕਾਲਮ

# ਸੰਸਾਰੀਕਰਨ ਦੇ ਨੇਜ਼ੇ ਦੀ ਨੋਕ 'ਤੇ ਲੋਕ ਭਾਸ਼ਾਵਾਂ

ਸੁਸ਼ੀਲ ਦੁਸਾਂਝ

ਗਲ ਰਸੂਲ ਹਮਜ਼ਾਤੋਵ ਤੋਂ ਸ਼ੁਰੂ ਕਰਦੇ ਹਾਂ। ਰਸੂਲ 'ਮੇਰਾ ਦਾਗਿਸਤਾਨ' ਵਿਚ ਲਿਖਦਾ ਹੈ ਕਿ ਕਿਸੇ ਨੂੰ ਸਭ ਤੋਂ ਵੱਡੀ ਦੁਰਅਸੀਸ ਹੁੰਦੀ ਹੈ-'ਜਾਹ ਤੈਨੂੰ ਤੇਰੀ ਮਾਂ-ਬੋਲੀ ਭੁੱਲ ਜਾਵੇ।' ਅੱਜ ਸਮਾਂ ਦੁਰਅਸੀਸ ਤੋਂ ਵੀ ਅਗਾਂਹ ਦਾ ਆ ਖਲੋਤਾ ਹੈ। ਲੋਕ-ਭਾਸ਼ਾਵਾਂ ਸੰਸਾਰੀਕਰਨ ਦੇ ਨੇਜ਼ੇ ਦੀ ਨੋਕ 'ਤੇ ਹਨ। ਸੰਸਾਰੀਕਰਨ ਦੇ ਧੁਤੂਆਂ ਨੂੰ ਇਲਮ ਹੈ ਕਿ ਸੰਸਾਰ 'ਤੇ ਰਾਜ ਕਰਨ ਲਈ ਸਭ ਤੋਂ ਪਹਿਲਾਂ ਲੋਕ ਭਾਸ਼ਾਵਾਂ ਦਾ ਫਸਤਾ ਵਢਣਾ ਪੈਣਾ ਹੈ। ਲੋਕ ਭਾਸ਼ਾਵਾਂ ਮਰਨਗੀਆਂ ਤਾਂ ਹੀ ਤਾਂ ਉਨ੍ਹਾਂ ਨੂੰ ਲੋੜੀਂਦਾ ਸੰਸਾਰ ਇਕ ਪਿੰਡ ਬਣ ਸਕੇਗਾ; ਅਜਿਹਾ ਪਿੰਡ ਜਿਸ ਵਿਚ ਸਿਰਫ਼ ਉਨ੍ਹਾਂ ਦੀ ਸ਼ੈਤਾਨੀਅਤ ਦਾ ਰਾਜ ਹੋਵੇਗਾ। ਇਸੇ ਲਈ ਜਦੋਂ ਆਪਣੀ ਮਾਂ-ਬੋਲੀ ਦੀ ਗਲ ਕਰਦੇ ਹਾਂ ਤਾਂ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਵਾਲ ਸਿਰਫ਼ ਆਪਣੀ ਪੰਜਾਬੀ ਦਾ ਹੀ ਨਹੀਂ ਹੈ; ਸੰਸਾਰ ਭਰ ਦੀਆਂ ਲੋਕ-ਭਾਸ਼ਾਵਾਂ ਅੱਜ ਆਪਣੇ ਆਪ ਨੂੰ ਬਚਾਉਣ ਲਈ ਜੂਝ ਰਹੀਆਂ ਹਨ। ਸੰਸਾਰੀਕਰਨ ਦੇ ਇਸ ਦੌਰ ਦਾ ਹੀ ਨਤੀਜਾ ਹੈ ਕਿ ਦੁਨੀਆ ਦੇ ਹਰ ਮੁਲਕ ਵਿਚ ਲੋਕ ਭਾਸ਼ਾਵਾਂ ਹੌਲੀ-ਹੌਲੀ ਮਰਣਾਊ ਸਥਿਤੀ ਵਿਚ ਪਹੁੰਚ ਰਹੀਆਂ ਹਨ। ਸ਼ਾਇਦ ਬਹੁਤੇ ਪਾਠਕਾਂ ਨੂੰ ਨਾ ਪਤਾ ਹੋਵੇ ਕਿ ਕਦੇ ਬਰਤਾਨੀਆ ਵਿਚ ਅੰਗਰੇਜ਼ੀ ਦੇ ਨਾਲ-ਨਾਲ ਬਹੁਤ ਸਾਰੀਆਂ ਹੋਰ ਭਾਸ਼ਾਵਾਂ ਵੀ ਹੁੰਦੀਆਂ ਸਨ। ਅੱਜ ਗੈਲਿਕ ਆਇਰਿਸ਼, ਮੈਕਸ ਅਤੇ ਕਾਰਨਿਸ਼ ਭਾਸ਼ਾਵਾਂ ਬਰਤਾਨੀਆ ਵਿਚ ਕੋਈ ਨਹੀਂ ਜਾਣਦਾ ਤੇ ਵੇਲਸ ਅਤੇ ਸਕਾਟਿਸ਼ ਆਖਰੀ ਸਾਹ ਲੈ ਰਹੀਆਂ ਹਨ। ਬਰਤਾਨੀਆ ਹੀ ਨਹੀਂ ਅੰਗਰੇਜ਼ੀ ਹੁਣ ਸਾਰੇ ਸੰਸਾਰ 'ਤੇ ਰਾਜ ਕਰਨ ਵੱਲ ਕਦਮ ਵਧਾ ਰਹੀ ਹੈ। ਅੰਗਰੇਜ਼ੀ ਵੀ ਇਕ ਭਾਸ਼ਾ ਹੈ ਤੇ ਕਿਸੇ ਨੂੰ ਵੀ ਕਿਸੇ ਵੀ ਭਾਸ਼ਾ ਨਾਲ ਕੋਈ ਪ੍ਰੇਸ਼ਾਨੀ ਭਲਾ ਕਿਉਂ ਹੋਵੇਗੀ? ਅੰਗਰੇਜ਼ੀ ਕੌਮਾਂਤਰੀ ਭਾਸ਼ਾ ਦਾ ਦਰਜਾ ਹਾਸਲ ਕਰ ਗਈ ਹੈ; ਇਸ 'ਤੇ ਵੀ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਸਵਾਲ ਤਾਂ ਸਿਰਫ਼ ਇਹ ਹੈ ਕਿ ਅੰਗਰੇਜ਼ੀ ਇਸ ਮੁਕਾਮ 'ਤੇ ਪਹੁੰਚਣ ਲਈ ਕਿੰਨੀਆਂ ਲੋਕ-ਭਾਸ਼ਾਵਾਂ ਦੇ ਸਿਵੇ ਸੇਕ ਕੇ ਆਈ ਹੈ? ਦਰਅਸਲ, ਮਸਲਾ ਸਿਰਫ਼ ਸੰਸਾਰੀਕਰਨ ਦੀ ਉਸ ਚਾਲ ਨੂੰ ਸਮਝਣ ਦਾ ਹੈ; ਜਿਸ ਰਾਹੀਂ ਉਹ ਅੰਗਰੇਜ਼ੀ ਦੇ ਘੋੜੇ 'ਤੇ ਸਵਾਰ ਹੋ ਕੇ ਸਾਡੀਆਂ ਲੋਕ-ਭਾਸ਼ਾਵਾਂ ਨੂੰ ਆਪਣਿਆਂ ਖੂੰਖਾਰ ਖੁਰਾਂ ਹੇਠ ਲਿਤਾੜਦਾ ਹੋਇਆ ਅੱਗੇ ਵੱਧ ਰਿਹਾ ਹੈ।

ਇਸ ਤੋਂ ਪਹਿਲਾਂ ਕਿ ਆਪਣੀ ਬੋਲੀ ਵੱਲ ਆਈਏ; ਪਹਿਲਾਂ ਸੰਸਾਰੀਕਰਨ ਦੇ ਇਸ ਬੇਰਹਿਮ ਘੋੜ-ਸਵਾਰ ਅਮਰੀਕਾ ਅਤੇ ਕੁਝ ਹੋਰ ਵਿਕਸਤ ਮੁਲਕਾਂ ਵਿਚ ਲੋਕ-ਭਾਸ਼ਾਵਾਂ ਦੀ ਦੁਰਦਸ਼ਾ 'ਤੇ ਹਲਕੀ ਜਿਹੀ ਝਾਤ ਪਾ ਲਈਏ। ਬਰਤਾਨੀਆ ਦੀ ਗੱਲ ਤਾਂ ਕਰ ਹੀ ਚੁੱਕੇ ਹਾਂ। ਅਮਰੀਕਾ ਅਤੇ ਕਨੇਡਾ ਵਿਚ ਸੌ ਸਾਲ ਪਹਿਲਾਂ ਰੈੱਡ ਇੰਡੀਅਨ ਅਤੇ ਐਸਕਿਮੋ ਆਦਿ ਭਾਸ਼ਾਵਾਂ ਸਣੇ 187 ਭਾਸ਼ਾਵਾਂ ਸਨ। ਪਰ ਅੱਜ ਇਨ੍ਹਾਂ ਵਿਚੋਂ ਸਿਰਫ਼ 38 ਭਾਸ਼ਾਵਾਂ ਹੀ ਬਚੀਆਂ ਹਨ; ਬਾਕੀ ਪੂਰੀ ਤਰ੍ਹਾਂ ਲੁਪਤ ਹੋ ਚੁੱਕੀਆਂ ਹਨ। ਆਸਟਰੇਲੀਆ ਵਿਚ ਵੀ 300 ਵਿਚੋਂ ਸਿਰਫ਼ 65 ਭਾਸ਼ਾਵਾਂ ਬਚੀਆਂ ਹਨ; ਇਨ੍ਹਾਂ ਦੇ ਸਾਹ ਵੀ ਬਹੁਤੀ ਦੇਰ ਚਲਦੇ ਨਜ਼ਰ ਨਹੀਂ ਆਉਂਦੇ।ਇਸੇ ਤਰ੍ਹਾਂ ਅਲਾਸਕਾ ਵਿਚ 20 ਵਿਚੋਂ ਸਿਰਫ਼ 10 ਭਾਸ਼ਾਵਾਂ ਬਚੀਆਂ ਹਨ।

ਆਪਣੇ ਮੁਲਕ ਵਿਚ ਵੀ ਲੋਕ-ਭਾਸ਼ਾਵਾਂ ਲਗਾਤਾਰ ਖਤਮ ਹੋ ਰਹੀਆਂ ਹਨ। ਭੋਜਪੁਰੀ ਫਿਲਮਾਂ ਤਾਂ ਬਣਦੀਆਂ ਹਨ ਪਰ ਅਸਲ ਵਿਚ ਭੋਜਪੁਰੀ ਆਪਣੀ ਹੋਂਦ ਦੀ ਆਖਰੀ ਲੜਾਈ ਲੜ ਰਹੀ ਹੈ। ਬ੍ਰਜ, ਅਵਧੀ ਅਤੇ ਮੈਥਿਲੀ ਆਦਿ ਭਾਸ਼ਾਵਾਂ ਤਾਂ ਕਿਤੇ ਲੱਭਦੀਆਂ ਹੀ ਨਹੀਂ। ਹੋਰ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਨਾਂਅ ਵੀ ਲਏ ਜਾ ਸਕਦੇ ਹਨ। ਕੁੱਝ ਸਾਲ ਪਹਿਲਾਂ ਚੰਡੀਗੜ੍ਹ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਦੋ ਦਿਨਾਂ ਭਾਰਤੀ ਕਵਿਤਾ ਉਤਸਵ 'ਤੇ ਪਹੁੰਚੇ ਰਾਜਸਥਾਨੀ ਸ਼ਾਇਰ ਚੰਦਰ ਪ੍ਰਕਾਸ਼ ਦੇਵਲ ਜਦੋਂ ਇਹ ਦੱਸ ਰਹੇ ਸਨ ਕਿ 'ਰਾਜਿਆਂ ਦੇ ਸਥਾਨ' ਦਾ ਨਾਂਅ ਰਾਜਸਥਾਨ ਤਾਂ ਰੱਖ ਦਿੱਤਾ ਗਿਆ ਪਰ ਅੱਜ ਤੱਕ ਰਾਜਸਥਾਨੀ ਭਾਸ਼ਾ ਨੂੰ ਰਾਜ ਭਾਸ਼ਾ ਨਹੀਂ ਮੰਨਿਆ ਗਿਆ ਤਾਂ ਉਨ੍ਹਾਂ ਦੀ ਪੀੜਾ ਉਨ੍ਹਾਂ ਦੇ ਚਿਹਰੇ 'ਤੇ ਸਾਫ ਝਲਕ ਰਹੀ ਸੀ।

ਭਾਸ਼ਾਈ ਸਾਮਰਾਜ ਦੇ ਇਨ੍ਹਾਂ ਹਮਲਿਆਂ ਦੀ ਮਾਰ ਹੇਠ ਆਪਣੀ ਪੰਜਾਬੀ ਵੀ ਬੁਰੀ ਤਰ੍ਹਾਂ ਆਈ ਹੋਈ ਹੈ। ਇਹ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਦਾ ਸਮਾਂ ਹੈ। ਬਾਹਰਲਿਆਂ ਨਾਲ ਤਾਂ ਕਰਾਰੇ ਹੱਥੀਂ ਟੱਕਰਿਆ ਜਾ ਸਕਦਾ ਹੈ ਪਰ ਉਦੋਂ ਸਥਿਤੀਆਂ ਉਲਟ ਹੋ ਜਾਇਆ ਕਰਦੀਆਂ ਹਨ ਜਦੋਂ 'ਘਰਦੇ' ਬਾਹਰਲਿਆਂ ਨਾਲ ਰਲ ਗਏ ਹੋਣ। ਹੁਣ ਤੱਕ ਦੀਆਂ ਕੇਂਦਰੀ ਸਰਕਾਰਾਂ ਅਤੇ ਵੱਖ-ਵੱਖ ਸੂਬਾਈ ਸਰਕਾਰਾਂ ਆਪਣੇ ਲੋਕਾਂ ਦੀ ਥਾਂ ਸਦਾ ਹੀ ਵਿਦੇਸ਼ੀਆਂ ਦੇ ਹੱਕ ਵਿਚ ਭੁਗਤਦੀਆਂ ਰਹੀਆਂ ਹਨ। ਲੋਕ-ਭਾਸ਼ਾਵਾਂ ਦੇ ਮਾਮਲੇ ਵਿਚ ਵੀ ਸਰਕਾਰਾਂ ਦੀ ਬਦਨੀਅਤੀ ਸਾਫ ਝਲਕਦੀ ਹੈ। ਜੇ ਕੇਂਦਰੀ ਸਰਕਾਰ ਦੀ ਕੋਈ ਭਾਸ਼ਾ ਨੀਤੀ ਨਹੀਂ ਹੈ ਤਾਂ ਪੰਜਾਬ ਸਰਕਾਰ ਨੇ ਵੀ ਅੱਜ ਤੱਕ ਭਾਸ਼ਾ ਨੀਤੀ ਬਣਾਉਣ ਤੋਂ ਟਾਲਾ ਹੀ ਵੱਟਿਆ ਹੈ। ਪੰਜਾਬੀ ਕਾਗਜ਼ਾਂ ਵਿਚ ਤਾਂ ਰਾਜ ਭਾਸ਼ਾ ਹੈ ਪਰ ਅਮਲ ਵਿਚ ਕਿਸੇ ਵੀ ਸਰਕਾਰ ਨੇ ਅੱਜ ਤੱਕ ਆਪਣੇ ਹੀ ਘਰ ਵਿਚ ਪੰਜਾਬੀ ਨੂੰ ਉਸਦਾ ਬਣਦਾ ਰੁਤਬਾ ਦਿਵਾਉਣ ਦੀ ਭੋਰਾ ਵੀ ਕੋਸ਼ਿਸ਼ ਨਹੀਂ ਕੀਤੀ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ ਪਿਛਲੇ ਕਈ ਵਰ੍ਹਿਆਂ ਤੋਂ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਧਰਨੇ ਵੀ ਲਾਏ ਗਏ ਪਰ ਹਰ ਵਾਰੀ ਵਾਅਦਾ ਕਰਨ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਅੱਜ ਤੱਕ ਰਾਜ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਨਹੀਂ ਜੋੜੀ। ਦਰਅਸਲ, ਕੇਂਦਰੀ ਅਤੇ ਖੇਤਰੀ ਪਾਰਟੀਆਂ ਦੇ ਏਜੰਡੇ 'ਤੇ ਕਦੇ ਲੋਕ ਭਾਸ਼ਾਵਾਂ ਰਹੀਆਂ ਹੀ ਨਹੀਂ। ਹੋਰ ਪਾਰਟੀਆਂ ਦੀ ਗੱਲ ਤਾਂ ਛੱਡੋ ਮੁਲਕ ਦੀਆਂ ਕਮਿਊਨਿਸਟ ਪਾਰਟੀਆਂ ਨੇ ਵੀ ਲੋਕ-ਭਾਸ਼ਾਵਾਂ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ। ਅੱਜ ਪੰਜਾਬੀ ਲੇਖਕਾਂ, ਵਿਦਵਾਨਾਂ ਅਤੇ ਭਾਸ਼ਾ ਵਿਗਿਆਨੀਆਂ ਅੱਗੇ ਸਭ ਤੋਂ ਅਹਿਮ ਮਸਲਾ ਆਪਣੀ ਭਾਸ਼ਾ, ਆਪਣੀ ਬੋਲੀ ਦੀ ਰਾਖੀ ਦਾ ਹੈ। ਸਵਾਲ ਹੋ ਸਕਦਾ ਹੈ ਕਿ ਪੰਜਾਬ ਵਿਚ ਦੋ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਹਨ; ਜਿਨ੍ਹਾਂ ਨਾਲ ਕੋਈ 100 ਦੇ ਕਰੀਬ ਸਾਹਿਤ ਸਭਾਵਾਂ ਜੁੜੀਆਂ ਹੋਈਆਂ ਹਨ। ਇਵੇਂ ਹੀ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਆਪਣੀ ਬੁੱਕਲ ਵਿਚ ਸੈਂਕੜੇ ਲੇਖਕਾਂ ਨੂੰ ਸਮੋਈ ਬੈਠੀ ਹੈ। ਇਨ੍ਹਾਂ ਦੇ ਸੱਦੇ 'ਤੇ ਹਰ ਵਰ੍ਹੇ ਹੀ ਪੰਜਾਬੀ ਭਾਸ਼ਾ ਦੀ ਹੱਕ ਦੀ ਲੜਾਈ ਵਿਚ ਧਰਨੇ-ਮਾਰਚ ਵੀ ਆਯੋਜਤ ਕੀਤੇ ਜਾਂਦੇ ਹਨ ਪਰ ਇਸਦੇ ਬਾਵਜੂਦ ਪੰਜਾਬੀ ਭਾਸ਼ਾ ਦਾ ਇਹ ਸੰਘਰਸ਼ ਹਰ ਪੰਜਾਬੀ ਦਾ ਸੰਘਰਸ਼ ਕਿਉਂ ਨਹੀਂ ਬਣ ਸਕਿਆ? ਅਸਲ ਵਿਚ ਹਰ ਪੰਜਾਬੀ ਲੇਖਕ ਨੂੰ ਅੱਜ ਰਾਜਸੀ ਪਾਰਟੀਆਂ ਦੇ ਭੁਚਲਾਵਿਆਂ ਵਿਚ ਆਉਣ ਦੀ ਥਾਂ ਆਪਣੇ ਮਸਤਕ ਵਿਚ ਆਪਣੀ ਮਾਂ-ਬੋਲੀ ਦੀ ਰੌਸ਼ਨੀ ਦੇ ਦੀਵੇ ਬਾਲਣੇ ਪੈਣੇ ਹਨ। ਉਹ ਮਾਂ-ਬੋਲੀ ਜਿਹੜੀ ਜਨਮ ਤੋਂ ਲੈ ਕੇ ਜ਼ਿੰਦਗੀ ਦੀ ਆਖਰੀ ਘੜੀ ਤੱਕ ਸੱਚੀ ਸਾਥੀ ਹੁੰਦੀ ਹੈ।

ਆਖਰੀ ਗੱਲ, ਜੇਕਰ ਅੱਜ ਵੀ ਮਾਂ-ਬੋਲੀ ਦਾ ਸੰਘਰਸ਼ ਸਭਨਾਂ ਪੰਜਾਬੀਆਂ ਦਾ ਸੰਘਰਸ਼ ਨਹੀਂ ਬਣ ਸਕਿਆ ਤਾਂ ਦੋਵਾਂ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਨੂੰ ਵੀ ਇਹਦੇ 'ਤੇ ਡੂੰਘੀ ਨੀਝ ਨਾਲ ਸੋਚਣ ਦੀ ਲੋੜ ਹੈ। ਪਹਿਲਾ ਸਵਾਲ ਤਾਂ ਇਹ ਹੀ ਹੋ ਸਕਦਾ ਹੈ ਕਿ ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਦਾ ਦਮ ਭਰਨ ਵਾਲੇ ਦੋ-ਦੋ ਕੇਂਦਰੀ ਲੇਖਕ ਸਭਾਵਾਂ ਕਿਉਂ ਬਣਾਈ ਬੈਠੇ ਹਨ? ਜਿੱਥੇ ਇਨ੍ਹਾਂ ਦੋਵਾਂ ਸੰਸਥਾਵਾਂ ਨੂੰ ਨਵੀਆਂ ਪ੍ਰਸਥਿਤੀਆਂ ਵਿਚ ਆਪਣੀ ਭਾਸ਼ਾ ਦੀ ਲੜਾਈ ਨੂੰ ਕੁਲ ਦੁਨੀਆ ਦੀਆਂ ਲੋਕ-ਭਾਸ਼ਾਵਾਂ ਦੀ ਹੋਂਦ ਦੀ ਲੜਾਈ ਨਾਲ ਜੋੜਨ ਦੀ ਲੋੜ ਹੈ; ਉਥੇ ਲੜਾਈ ਦੇ ਕੁਝ ਅਜਿਹੇ ਢੰਗ ਤਰੀਕੇ ਵੀ ਲੱਭਣ ਦੀ ਡਾਢੀ ਲੋੜ ਹੈ ਜਿਨ੍ਹਾਂ ਨਾਲ ਇਹ ਲੜਾਈ ਸਮੂਹ ਪੰਜਾਬੀਆਂ ਦੀ ਲੜਾਈ ਹੋ ਨਿਬੜੇ। ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਉਹ ਕਾਰਣ ਵੀ ਜ਼ਰੂਰ ਲਭਣੇ ਪੈਣਗੇ ਜਿਨ੍ਹਾਂ ਕਰਕੇ ਗਿਆਨੀ ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਰ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰਿੰਸੀਪਲ ਸੁਜਾਨ ਸਿੰਘ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ ਅਤੇ ਸੰਤੋਖ ਸਿੰਘ ਧੀਰ ਵਰਗੇ ਅਜ਼ੀਮ ਲੇਖਕਾਂ ਦੀ ਇਸ ਸਭਾ ਤੋਂ ਅੱਜ ਪੰਜਾਬੀ ਦੇ ਵੱਡੇ ਲੇਖਕ ਕਤਰਾਉਂਦੇ ਨਜ਼ਰ ਆ ਰਹੇ ਹਨ। ਇਸਦੇ ਨਾਲ ਹੀ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਤੋਂ ਲਗਾਤਾਰ ਦੂਰ ਹੁੰਦੇ ਜਾਣਾ ਵੀ ਪੰਜਾਬੀ ਲੇਖਕਾਂ, ਬੁੱਧੀਜੀਵੀਆਂ, ਅਖ਼ਬਾਰਾਂ, ਰਸਾਲਿਆਂ ਅਤੇ ਮਾਂ-ਬੋਲੀ ਨੂੰ ਪ੍ਰਣਾਈਆਂ ਜਥੇਬੰਦੀਆਂ ਲਈ ਇਕ ਵੱਡੀ ਵੰਗਾਰ ਹੈ।

### ਕਾਲੀ ਕਮਾਈ

ਆਮ ਜਨਤਾ ਕਾਲੇ ਧਨ ਤੋਂ ਜਿੰਨਾ ਆਰਥਿਕ ਤੌਰ 'ਤੇ ਪ੍ਰੇਸ਼ਾਨ ਹੈ ਉਸ ਨਾਲੋਂ ਕਿਤੇ ਜ਼ਿਆਦਾ ਮਾਨਸਿਕ ਤੌਰ 'ਤੇ। ਸਫੇਦਪੋਸ਼ਾਂ ਵੱਲੋਂ ਵਿਦੇਸ਼ਾਂ ਵਿੱਚ ਜਮ੍ਹਾ ਕੀਤੇ ਗਏ ਲੱਖਾਂ ਕਰੋੜ ਰੁਪਇਆਂ ਦੇ ਕਾਲੇ ਧਨ ਦੇ ਅੰਕੜੇ ਸੁਣਕੇ ਅਤੇ ਇਸ ਨੂੰ ਰੋਕਣ ਵਿੱਚ ਨੀਤੀ ਬਣਾਉਣ ਵਾਲਿਆਂ ਦੀ ਬੇਰੁਖੀ ਦੇਖ ਕੇ ਹੀ ਉਸ ਨੂੰ ਸਿਰਦਰਦ ਹੋਣ ਲਗਦਾ ਹੈ।

### ਵੱਡਾ ਸਵਾਲ

ਆਮ ਲੋਕਾਂ ਦਾ ਚੁੱਪ ਹੋ ਜਾਣਾ ਤਾਂ ਸੁਭਾਵਿਕ ਹੈ ਪਰ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਲੇ ਧਨ 'ਤੇ ਚੁੱਪੀ ਕਈ ਸਵਾਲ ਖੜੇ ਕਰਦੀ ਹੈ। ਘੁਣ ਵਾਂਗ ਅਰਥ ਵਿਵਸਥਾ ਨੂੰ ਚੱਟਣ ਵਾਲੀ ਇਸ ਗੈਰ ਕਾਨੂੰਨੀ ਕਮਾਈ ਨੂੰ ਜ਼ਬਤ ਕਰਨ ਅਤੇ ਇਸ ਨੂੰ ਇਕੱਤਰ ਕਰਨ ਵਾਲਿਆਂ ਪ੍ਰਤੀ ਸਰਕਾਰ ਦੀ ਸੁਸਤੀ ਹੈਰਾਨ ਕਰਨ ਵਾਲੀ ਹੈ। ਇਹ ਹਾਲਾਤ ਉਦੋਂ ਹਨ ਜਦੋਂ ਇਸ ਮਾਮਲੇ 'ਤੇ ਦੇਸ਼ ਦੀ ਚੋਟੀ ਦੀ ਅਦਾਲਤ ਕਈ ਵਾਰ ਸਰਕਾਰ ਨੂੰ ਝਾੜ ਪਾ ਚੁੱਕੀ ਹੈ ਅਤੇ ਕਈ ਸਿਆਸੀ, ਸਮਾਜਕ ਅਤੇ ਆਰਥਕ ਸੰਗਠਨਾਂ ਨੇ ਇਸ ਖਿਲਾਫ ਮੋਰਚਾ ਖੋਲ੍ਹ ਰੱਖਿਆ ਹੈ।

### ਹੋਵਾਂਗੇ ਕਾਮਯਾਬ

ਮੰਨਿਆ ਜਾਂਦਾ ਹੈ ਕਿ ਕੁੱਲ ਕਾਲੇ ਧਨ ਨੂੰ ਦੇਸ਼ ਦੇ ਜਨ ਕਲਿਆਣ ਯੋਜਨਾਵਾਂ ਵਿੱਚ ਲਗਾ ਕੇ ਆਮ ਆਦਮੀ ਦੇ ਜੀਵਨ ਪੱਧਰ ਨੂੰ ਬੇਹਤਰ ਕੀਤਾ ਜਾ ਸਕਦਾ ਹੈ।

# ਕਾਲੇ ਕਮਾਈ ਦਾ ਸਫੇਦ ਸੱਚ

## ਸਭ ਤੋਂ ਵਧ ਘਾਤਕ ਹੈ ਅਪਰਾਧਿਕ ਸਰੋਤਾਂ ਤੋਂ ਆਇਆ ਧਨ

ਦਿਨੋਂ ਦਿਨ ਕਾਲੇ ਧਨ ਉਪਰ ਜਨਤਾ ਦਾ ਗੁੱਸਾ ਵਧਦਾ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਜਮ੍ਹਾ ਇਸ ਕਾਲੇ ਧਨ ਨੂੰ ਦੇਸ਼ ਵਿੱਚ ਲਿਆਏ ਜਾਣ ਦੀ ਲੜਾਈ ਵਿੱਚ ਕਈ ਸਿਆਸੀ ਦਲ ਅਤੇ ਬੁੱਧੀਜੀਵੀ ਸ਼ਾਮਲ ਹੋ ਚੁੱਕੇ ਹਨ। ਕੁਝ ਦਿਨ ਪਹਿਲਾਂ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਵਿਦੇਸ਼ਾਂ ਵਿੱਚ ਜਮ੍ਹਾ ਦੇਸ਼ ਦੇ ਕਾਲੇ ਧਨ ਉਪਰ ਟਿੱਪਣੀ ਕਰਦੇ ਹੋਏ ਦੱਸਿਆ ਕਿ ਹਾਲੇ ਇਸਦੀ ਮਾਤਰਾ 'ਤੇ ਵੱਖ ਵੱਖ ਅਨੁਮਾਨ ਲਾਏ ਜਾ ਰਹੇ ਹਨ ਪਰ ਇਹ ਕਾਲਾ ਧਨ 25 ਲੱਖ ਕਰੋੜ ਰੁਪਏ ਤੋਂ 75 ਲੱਖ ਕਰੋੜ ਰੁਪਏ ਦਰਮਿਆਨ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਹੁਣ ਮੂਲ ਸਵਾਲ, ਜੋ ਹਰ ਆਮ ਭਾਰਤੀ ਨੂੰ ਸੋਚਣ 'ਤੇ ਮਜਬੂਰ ਕਰਦਾ ਹੈ, ਉਹ ਹੈ ਕਿ ਇਸ ਕਾਲੇ ਧਨ ਦੀ ਉਤਪਤੀ ਕਿਵੇਂ ਹੁੰਦੀ ਹੈ? ਇਹ ਵਿਦੇਸ਼ਾਂ ਤੱਕ ਕਿਵੇਂ ਪੁੱਜਦਾ ਹੈ? ਵਿਦੇਸ਼ਾਂ ਵਿੱਚ ਇਹ ਕਿਸ ਵਿਵਸਥਾ ਅਨੁਸਾਰ ਸੁਰੱਖਿਅਤ ਜਮ੍ਹਾ ਕੀਤਾ ਜਾਂਦਾ ਹੈ? ਕਾਲੇ ਧਨ ਦੀ ਏਨੀ ਵੱਡੀ ਮਾਤਰਾ ਹੋਣ ਦੇ ਚੱਲਦੇ ਹਰ ਆਦਮੀ ਦੇ ਦਿਮਾਗ ਵਿੱਚ ਅਜਿਹੇ ਸਵਾਲ ਖੜੇ ਹੋਣੇ ਸੁਭਾਵਕ ਹਨ।

ਕਾਲੇ ਧਨ ਦਾ ਜਨਮ ਕਈ ਤਰ੍ਹਾਂ ਨਾਲ ਹੁੰਦਾ ਹੈ। ਇਸ ਵਿੱਚ ਪ੍ਰਮੁੱਖ ਹੈ ਅਪਰਾਧਿਕ ਸਰੋਤਾਂ ਤੋਂ ਪੈਦਾ ਕੀਤਾ ਜਾਣ ਵਾਲਾ ਧਨ। ਇਸ ਦੇ ਵੀ ਦੋ ਰੂਪ ਹੁੰਦੇ ਹਨ। ਪਹਿਲੇ ਵਿੱਚ ਸੰਗਠਤ ਅਪਰਾਧਾਂ ਦੇ ਸਹਾਰੇ ਖੜੀ ਕੀਤੀ ਗਈ ਸੰਪਤੀ ਸ਼ਾਮਲ ਹੈ। ਜਿਵੇਂ ਡਰਗਜ਼, ਅਤਿਵਾਦ, ਵਿਦੇਸ਼ਾਂ ਵਿੱਚ ਪ੍ਰਾਪਤ ਕੀਤੀਆਂ ਫਿਰੌਤੀਆਂ ਦੀ ਰਕਮ ਅਤੇ ਤਸਕਰੀ ਆਦਿ ਦਾ ਪੈਸਾ। ਇਕ ਮੋਟੇ ਅਨੁਮਾਨ ਅਨੁਸਾਰ ਭਾਰਤ ਤੋਂ ਵਿਦੇਸ਼ਾਂ ਵਿੱਚ ਭੇਜੇ ਗਏ ਧਨ ਦਾ 13 ਤੋਂ 15 ਫੀਸਦੀ ਕਾਲਾ ਧਨ ਅਪਰਾਧ ਜਗਤ ਪੈਦਾ ਕਰਦਾ ਹੈ। ਇਸ ਅਪਰਾਧ ਜਗਤ ਨੂੰ ਕੁਝ ਸੱਤਾਧਾਰੀ ਨੇਤਾਵਾਂ, ਭ੍ਰਿਸ਼ਟ ਨੌਕਰਸ਼ਾਹਾਂ ਦਾ ਥਾਪੜਾ ਮਿਲਿਆ ਹੋਣ ਕਾਰਨ ਪੁਲੀਸ ਇਨ੍ਹਾਂ ਖਿਲਾਫ ਉਚਿਤ ਕਾਰਵਾਈ ਨਹੀਂ ਕਰਦੀ। ਪਰ 60 ਤੋਂ 65 ਫੀਸਦੀ ਧਨ ਉਨ੍ਹਾਂ ਸਫੇਦਪੋਸ਼ ਅਪਰਾਧੀਆਂ ਵੱਲੋਂ ਪੈਦਾ ਕੀਤਾ ਜਾਂਦਾ ਹੈ ਜੋ ਸੱਤਾ ਵਿੱਚ ਰਹਿੰਦੇ ਹੋਏ ਆਪਣੇ ਤਾਕਤਵਰ ਅਹੁਦਿਆਂ ਦੀ ਦੁਰਵਰਤੋਂ ਕਰ ਕੇ ਕਾਲੇ ਧਨ ਨੂੰ ਪੈਦਾ ਕਰਦੇ ਹਨ। ਸਮਾਜ ਵਿੱਚ ਉਨ੍ਹਾਂ ਦੀ ਦਿੱਖ ਕਿਸੇ ਅਪਰਾਧੀ ਦੀ ਨਹੀਂ ਬਲਿਕ ਇਕ ਜ਼ਿੰਮੇਵਾਰ ਆਗੂ, ਸੀਨੀਅਰ ਅਧਿਕਾਰੀ ਜਾਂ ਲਗਨਸ਼ੀਲ ਕਾਰੋਬਾਰੀ ਦੀ ਹੁੰਦੀ ਹੈ। ਇਹ ਧਨ ਸਰਕਾਰ ਵੱਲੋਂ ਖਰੀਦੀ ਗਈ ਰੱਖਿਆ ਸਮੇਤ ਹੋਰਨਾਂ ਸਮਗਰੀਆਂ ਤੋਂ ਪ੍ਰਾਪਤ ਕਮਿਸ਼ਨ, ਵਿਦੇਸ਼ੀ ਅਤੇ ਦੇਸ਼ੀ ਕੰਪਨੀਆਂ ਨੂੰ ਦਿੱਤੇ ਗਏ ਵੱਡੇ ਵੱਡੇ ਠੇਕਿਆਂ ਦੇ ਏਵਜ ਵਿੱਚ ਮਿਲੇ ਕਮਿਸ਼ਨ ਅਤੇ ਸੱਤਾ ਵਿੱਚ ਰਹਿੰਦੇ ਹੋਏ ਸਰਕਾਰ ਤੋਂ ਕਰਵਾਏ ਗਏ ਵੱਖ ਵੱਖ ਕੰਮਾਂ ਜਾਂ ਪੱਖਪਾਤ ਕਰਨ ਲਈ ਕੀਤੇ ਗਏ ਭ੍ਰਿਸ਼ਟਾਚਾਰ ਦੇ ਪੈਸਿਆਂ ਦੇ ਰੂਪ ਵਿੱਚ ਹੁੰਦਾ ਹੈ। ਜ਼ਿਆਦਾਤਰ ਕੰਪਨੀਆਂ ਇਸ ਰਕਮ ਦਾ ਵੱਡਾ ਹਿੱਸਾ ਸਿੱਧਾ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾ ਕਰਦੀਆਂ ਹਨ।

ਇਕ ਹੋਰ ਕਿਸਮ ਦੇ ਕਾਲੇ ਧਨ ਨੂੰ ਕੁਝ ਵਪਾਰੀ ਲੋਕ ਜਾਂ ਉਨ੍ਹਾਂ ਦੀਆਂ ਕੰਪਨੀਆਂ ਵੱਲੋਂ ਟੈਕਸ ਦੀ ਚੋਰੀ ਕਰ ਕੇ ਜੁਟਾਇਆ ਜਾਂਦਾ ਹੈ। ਇਹ ਰਕਮ ਅਸ਼ੁੱਧ ਰੂਪ ਵਿੱਚ ਨਕਦੀ ਦੇ ਰੂਪ ਵਿੱਚ ਹੁੰਦੀ ਹੈ। ਇਸ ਧਨ ਦੇ ਵੱਡੇ ਹਿੱਸੇ ਨੂੰ ਇਹ ਲੋਕ ਬੇਨਾਮੀ ਜ਼ਮੀਨਾਂ, ਪ੍ਰਾਪਰਟੀਆਂ ਆਦਿ ਖਰੀਦਣ ਵਿੱਚ ਲਗਾਉਂਦੇ ਹਨ। ਜੇਕਰ ਅਸੀਂ ਵਿਦੇਸ਼ਾਂ ਵਿੱਚ ਜਮ੍ਹਾ ਭਾਰਤ ਦੇ ਕਾਲੇ ਧਨ ਦੇ ਹੇਠਲੇ ਪੱਧਰ ਵਾਲੇ ਘੱਟੋ-ਘੱਟ ਅਨੁਮਾਨ ਭਾਵ 25 ਲੱਖ ਕਰੋੜ ਰੁਪਏ ਨੂੰ ਵੀ ਲਈਏ ਤਾਂ ਅਨੁਮਾਨ ਮੁਤਾਬਕ 4-5 ਲੱਖ ਕਰੋੜ ਰੁਪਏ ਦੀ ਰਕਮ ਅਪਰਾਧ ਜਗਤ ਨਾਲ ਸਬੰਧਤ ਹੈ ਜਦਕਿ 15 ਲੱਖ ਕਰੋੜ ਰੁਪਏ ਭ੍ਰਿਸ਼ਟਾਚਾਰ ਅਤੇ ਰਿਸ਼ਵਤ ਵਜੋਂ ਦੇਸ਼ ਤੋਂ ਬਾਹਰ ਭੇਜੇ ਗਏ ਹਨ। ਕਿਉਂਕਿ ਕੁਲ ਕਾਲੇ ਧਨ ਦਾ 80 ਫੀਸਦੀ ਤੋਂ ਵੱਧ ਦਾ ਹਿੱਸਾ ਅਪਰਾਧ ਤੇ ਗੈਰ ਕਾਨੂੰਨੀ ਸਰੋਤਾਂ ਤੋਂ ਆਉਂਦਾ ਹੈ। ਇਸ ਕਾਰਨ ਇਹ ਦੇਸ਼ ਲਈ ਬੇਹੱਦ ਘਾਤਕ ਹੈ। ਇਹ ਵੀ ਜ਼ਿਕਰਯੋਗ ਹੈ ਕਿ ਅਪਰਾਧ ਰਾਹੀਂ ਇਕੱਤਰ ਕੀਤੇ ਗਏ ਧਨ ਉਪਰ ਜੇਕਰ ਟੈਕਸ ਚੁਕਾ ਵੀ ਦਿੱਤਾ ਜਾਵੇ ਤਾਂ ਵੀ ਉਸ ਦਾ ਅਪਰਾਧ ਘਟ ਨਹੀਂ ਹੁੰਦਾ। ਸਰਕਾਰ ਜਦੋਂ ਦੋਹਰੀ ਟੈਕਸ ਸੰਧੀ ਰਾਹੀਂ ਵਿਦੇਸ਼ਾਂ ਤੋਂ ਧਨ ਵਾਪਸ ਲਿਆਉਣ ਦੀ ਗੱਲ ਕਰਦੀ ਹੈ ਤਾਂ ਉਸ ਦਾ ਮਤਲਬ ਉਸ ਰਕਮ ਲਈ ਹੁੰਦਾ ਹੈ ਜਿਸ ਉਪਰ ਟੈਕਸ ਚੁਕਾਇਆ ਗਿਆ ਹੈ। ਅਪਰਾਧ ਨਾਲ ਸਬੰਧਤ ਧਨ ਦੇ ਵਿਸ਼ੇ ਵਿੱਚ ਦੋਹਰੀ ਟੈਕਸ ਸੰਧੀ ਦਾ ਕੋਈ ਅਰਥ ਨਹੀਂ ਹੈ। ਜੇਕਰ ਅਪਰਾਧਿਕ ਮਾਮਲਿਆਂ ਦੀ ਜਾਂਚ ਲਈ ਸਰਕਾਰ ਵਿਦੇਸ਼ੀ ਸਰਕਾਰਾਂ, ਉਨ੍ਹਾਂ ਦੇਸ਼ਾਂ ਦੀਆਂ ਜਾਂਚ ਏਜੰਸੀਆਂ ਅਤੇ ਬੈਂਕਾਂ ਕੋਲੋਂ ਪੁੱਛਪੜਤਾਲ ਕਰਨ ਦੀ ਪਹਿਲ ਕਰੇ ਤਾਂ ਇਸ ਕਾਲੇ ਧਨ ਦਾ ਪਰਦਾਫਾਸ਼ ਵੀ ਹੋ ਸਕਦਾ ਹੈ ਅਤੇ ਇਸ ਨੂੰ ਦੇਸ਼ ਵਿੱਚ ਲਿਆਉਣਾ ਸੰਭਵ ਹੋ ਸਕਦਾ ਹੈ।



ਅਨੁਪਮਾ ਝਾ (ਕਾਰਜਕਾਰੀ ਨਿਰਦੇਸ਼ਕ, ਟਰਾਂਸਪਰੇਸੀ ਇੰਟਰਨੈਸ਼ਨਲ ਇੰਡੀਆ)

ਬਿਨਾਂ ਸ਼ੱਕ ਕਾਲਾ ਧਨ ਅੱਜ ਵੱਡੀ ਸਮੱਸਿਆ ਬਣ ਚੁੱਕਾ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਇਸ ਸਮੱਸਿਆ ਨਾਲ ਨਜਿਠਣ ਲਈ ਕੋਈ ਗੰਭੀਰ ਕਦਮ ਨਹੀਂ ਚੁੱਕੇ ਜਾਂਦੇ ਅਤੇ ਸ਼ੁੱਧ ਰੂਪ ਨਾਲ ਵਿਕਾਸ ਦੇ ਮੁੱਦੇ ਨਾਲ ਜੁੜੀ ਇਸ ਸਮੱਸਿਆ ਨੂੰ ਸਿਆਸੀ ਮੁੱਦੇ ਦਾ ਚੋਲਾ ਪਹਿਨਾ ਦਿੱਤਾ ਜਾਂਦਾ ਹੈ। ਜੇਕਰ ਕਾਲੇ ਧਨ 'ਤੇ ਰੋਕ ਲਾ ਦਿੱਤੀ ਜਾਵੇ ਤਾਂ ਅਸੀਂ ੀ ਵਿਕਾਸ ਟੀਚੇ ਨੂੰ ਆਸਾਨੀ ਨਾਲ ਹਾਸਲ ਕਰ ਸਕਦੇ ਹਾਂ। ਸਾਡੇ ਇਥੇ ਇਸ ਮਸਲੇ ਨਾਲ ਲੜਨ ਲਈ ਸਿਆਸੀ ਇੱਛਾਸ਼ਕਤੀ ਦੀ ਕਮੀ ਹੈ। ਸਰਕਾਰ ਕੋਲ ਬੈਂਕਾਂ ਨੇ ਖੁਦ ਉਨ੍ਹਾਂ ਲੋਕਾਂ ਦੀ ਸੂਚੀ ਭੇਜ ਰੱਖੀ ਹੈ ਜਿਨ੍ਹਾਂ ਦੀ ਕਾਲੇ ਧਨ ਦੇ ਰੂਪ ਵਿੱਚ ਬੇਹਿਸਾਬ ਸੰਪਤੀਆਂ ਉਥੇ ਜਮ੍ਹਾ ਹੇ ਪਰ ਸਰਕਾਰ ਉਨ੍ਹਾਂ ਦਾ ਨਾਮ ਦੱਸਣ ਤੋਂ ਪਰਹੇਜ਼ ਕਰ ਰਹੀ ਹੈ। ਵਿਦੇਸ਼ਾਂ ਵਿੱਚ ਜਮ੍ਹਾ ਕਾਲੇ ਧਨ ਨੂੰ ਵਾਪਸ ਲਿਆਉਣ ਦਾ ਦਮ ਭਰਿਆ ਜਾਂਦਾ ਹੈ ਪਰ ਅੱਜ ਤੱਕ ਸਰਕਾਰ ਨੇ ਭ੍ਰਿਸ਼ਟਾਚਾਰ ਉਪਰ ਸੰਯੁਕਤ ਰਾਸ਼ਟਰ ਦੀ ਸੰਧੀ ਦੀ ਪੁਸ਼ਟੀ ਹੀ ਨਹੀਂ ਕੀਤੀ ਹੈ। ਜੇਕਰ ਇਸ ਸੰਧੀ ਨੂੰ ਲਾਗੂ ਕਰ ਦਿੱਤਾ ਜਾਏ ਤਾਂ ਸਾਰੇ ਦੇਸ਼ ਦੇ ਨਾਲ ਬੈਂਕਾਂ ਦੇ ਗੁਪਤ ਕਾਨੂੰਨ ਦਾ ਅੜਿਕਾ ਹੀ ਖਤਮ ਹੋ ਜਾਵੇਗਾ ਅਤੇ ਅਸੀਂ ਆਸਾਨੀ ਨਾਲ ਦੇਸ਼ ਤੋਂ ਬਾਹਰ ਭੇਜੇ ਗਏ ਕਾਲੇ ਧਨ ਦੀ ਜਾਣਕਾਰੀ ਹਾਸਲ ਕਰ ਸਕਦੇ ਹਾਂ।




### ਲੋਕ ਰਾਏ

ਕੀ ਕਾਲਾ ਧਨ ਦੇਸ਼ ਦੀ ਆਰਥਿਕ ਰੀੜ ਲਈ ਬਿਮਾਰੀ ਸਿੱਧ ਹੋ ਰਿਹਾ ਹੈ?

ਕੀ ਲਗਾਤਾਰ ਵਧਦੇ ਕਾਲੇ ਧਨ ਪਿਛੇ ਕਾਨੂੰਨੀ ਕਮੀਆਂ ਜ਼ਿੰਮੇਵਾਰ ਹਨ?

## ਹਰ ਸਾਲ ਤਿਆਰ ਹੁੰਦਾ ਹੈ ਕਰੋੜਾਂ ਦਾ ਕਾਲਾ ਸਾਮਰਾਜ

ਕਾਲੇ ਧਨ ਦੀ ਅਰਥਵਿਵਸਥਾ ਦੇਸ਼ ਦੀ ਸਭ ਤੋਂ ਪ੍ਰਮੁੱਖ ਸਮੱਸਿਆਵਾਂ ਵਿਚੋਂ ਇਕ ਹੈ। ਇਹ ਦੇਸ਼ ਦੀ ਅਰਥਵਿਵਸਥਾ ਦੇ ਬਰਾਬਰ ਇਕ ਵੱਖਰੀ ਕਿਸਮ ਦੀ ਅਰਥਵਿਵਸਥਾ ਦੇ ਰੂਪ ਵਿੱਚ ਵਿਕਸਿਤ ਹੋ ਚੁੱਕੀ ਹੈ। ਸਾਡੇ ਦੇਸ਼ ਵਿੱਚ ਇਸ ਗੰਭੀਰ ਸਮੱਸਿਆ ਦੇ ਵਿਸ਼ੇ ਵਿੱਚ



ਅਰੁਣ ਕੁਮਾਰ (ਜੇ.ਐਨ.ਯੂ. ਵਿੱਚ ਪ੍ਰੋਫੈਸਰ ਅਤੇ ਚਰਚਿਤ ਪੁਸਤਕ 'ਦ ਬਲੈਕ ਇਕਾਨਮੀ ਇਨ ਇੰਡੀਆ' ਦੇ ਲੇਖਕ)

ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾਂ 1955-56 ਵਿੱਚ ਬਰਤਾਨੀਆ ਦੇ ਪ੍ਰੋਫੈਸਰ ਕੈਲਡਰ ਨੇ ਰੌਸ਼ਨੀ ਪਾਈ ਸੀ। ਉਨ੍ਹਾਂ ਦਾ ਉਸ ਵਕਤ ਅੰਦਾਜ਼ਾ ਸੀ ਕਿ ਦੇਸ਼ ਦੇ ਕੁਲ ਘਰੇਲੂ ਉਤਪਾਦਨ ਦਾ ਇਹ 4-5 ਫੀਸਦੀ ਹੈ। ਉਦੋਂ ਤੋਂ ਲਗਾਤਾਰ ਇਸ ਵਿੱਚ ਵਾਧਾ ਹੁੰਦਾ ਗਿਆ ਹੈ। 1995-96 ਵਿੱਚ ਇਹ ਕੁਲ ਘਰੇਲੂ ਉਤਪਾਦ ਦਾ 40 ਫੀਸਦੀ ਸੀ ਅਤੇ 2005-06 ਵਿੱਚ ਵਧ ਕੇ ਤਕਰੀਬਨ 50 ਫੀਸਦੀ ਹੋ ਗਈ। ਇਸ ਲਿਹਾਜ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਪਿਛਲੇ 40-50 ਸਾਲਾਂ ਵਿੱਚ ਕਾਲੇ ਧਨ ਦਾ ਅਰਥਸ਼ਾਸ਼ਤਰ ਇਕ ਬਰਾਬਰ ਅਰਥਵਿਵਸਥਾ ਦੇ ਰੂਪ ਵਿੱਚ ਵਿਕਸਿਤ ਹੋ ਚੁੱਕਾ ਹੈ। ਹਰ ਸਾਲ ਦੇਸ਼ ਵਿੱਚ ਕਰੀਬ 35 ਲੱਖ ਕਰੋੜ ਰੁਪਏ ਦੀ ਬਲੈਕ ਇਕਾਨਮੀ ਤਿਆਰ ਹੁੰਦੀ ਹੈ। ਇਸ ਰਕਮ ਦਾ ਤਕਰੀਬਨ 10 ਫੀਸਦੀ ਭਾਵ ਕਰੀਬ ਤਿੰਨ ਲੱਖ ਕਰੋੜ ਸਾਲਾਨਾ ਕਾਲੇ ਧਨ ਦੇ ਰੂਪ ਵਿੱਚ ਵਿਦੇਸ਼ਾਂ ਵਿੱਚ ਜਮ੍ਹਾ ਹੁੰਦਾ ਜਾ ਰਿਹਾ ਹੈ। ਜੋ 2005-06 ਤੱਕ ਵਧ ਕੇ ਕਰੀਬ 2 ਟ੍ਰਿਲੀਅਨ ਡਾਲਰ (90 ਲੱਖ ਕਰੋੜ) ਤੱਕ ਪਹੁੰਚ ਗਿਆ ਹੈ। ਮੌਜੂਦਾ ਸਮੇਂ ਇਹ ਰਕਮ ਹੋਰ ਵੀ ਵਧ ਚੁੱਕੀ ਹੋਵੇਗੀ. ਇਹ ਕਾਲਾ ਧਨ 77 ਟੈਕਸ ਹੈਵਨ (ਜਿਥੇ ਟੈਕਸਾਂ ਉਪਰ ਬਹੁਤ ਰਿਆਯਤ ਹੈ) ਦੇਸ਼ਾਂ ਭਾਵ ਮਾਰੀਸ਼ਸ, ਬਹਿਮਾਸ, ਸਵਿਟਜ਼ਰਲੈਂਡ ਆਦਿ ਵਿੱਚ ਜਮ੍ਹਾ ਹੈ। ਇਸ ਬਾਰੇ ਕਿਆਸ ਲਾਉਣ ਵਾਲੇ ਲੋਕਾਂ ਦੇ ਅਨੁਮਾਨ ਨਾਲੋਂ ਵੀ ਜ਼ਿਆਦਾ ਇਹ ਰਕਮ ਵਿਦੇਸ਼ੀ ਬੈਂਕ ਖਾਤਿਆਂ ਵਿੱਚ ਜਮ੍ਹਾ ਹੈ।

ਦਰਅਸਲ ਇਹ ਕਾਲੀ ਕਮਾਈ ਕਾਨੂੰਨੀ ਅਤੇ ਗੈਰਕਾਨੂੰਨੀ ਦੋਵਾਂ ਗਤੀਵਿਧੀਆਂ ਨਾਲ ਪੈਦਾ ਹੋ ਰਹੀ ਹੈ। ਗੈਰ ਕਾਨੂੰਨੀ ਭਾਵ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ, ਸਮਗਲਿੰਗ ਵਰਗੇ ਧੰਦਿਆਂ ਨਾਲ 10 ਫੀਸਦੀ ਹੀ ਕਾਲਾ ਧਨ ਪੈਦਾ ਹੋ ਰਿਹਾ ਹੈ। ਜਦਕਿ ਕਾਨੂੰਨੀ ਤੌਰ 'ਤੇ ਮਨਜ਼ੂਰ ਮਨਜ਼ੂਰ ਵਪਾਰਾਂ ਮਸਲਨ ਰਿਅਲ ਐਸਟੇਟ ਅਤੇ ਵਪਾਰਕ ਗਤੀਵਿਧੀਆਂ ਵਿੱਚ ਜੋ ਗੈਰ ਕਾਨੂੰਨੀ ਗਤੀਵਿਧੀਆਂ ਵਰਤੋਂ ਵਿੱਚ ਲਿਆਂਦੀਆਂ ਜਾਂਦੀਆਂ ਹਨ ਉਨ੍ਹਾਂ ਤੋਂ ਕਰੀਬ 40 ਫੀਸਦੀ ਇਹ ਕਾਲਾ ਧਨ ਪੈਦਾ ਹੋ ਰਿਹਾ ਹੈ। ਇਹ ਪੂਰੀ ਕਾਲੀ ਕਮਾਈ ਦੀ ਅਰਥਵਿਵਸਥਾ ਸਿਆਸੀ ਆਗੂਆਂ, ਵਪਾਰੀਆਂ ਅਤੇ ਕਾਰਜ ਪਾਲਿਕਾ ਦੇ ਗਠਜੋੜ ਨਾਲ ਵਧ ਫੁੱਲ ਰਹੀ ਹੈ। ਇਸ ਤ੍ਰਿਗੁਟ ਨੇ ਇਸ ਨੂੰ ਸਥਾਪਤ ਕਰ ਦਿੱਤਾ ਹੈ। ਇਸ ਤਰ੍ਹਾਂ ਕਾਲੇ ਧਨ ਦੀ ਅਰਥਵਿਵਸਥਾ ਪੂਰੇ ਸਿਸਟਮ ਵਿੱਚ ਇਕ ਉਪਤੰਤਰ ਦੇ ਰੂਪ ਵਿੱਚ ਵਿਕਸਤ ਹੋ ਗਈ ਹੈ। ਆਮ ਬੰਦਾ ਵੀ ਇਸ ਨੂੰ ਲੈ ਕੇ ਹੁਣ ਸਹਿਣਸ਼ੀਲ ਹੋ ਗਿਆ ਹੈ। ਭਾਵ ਕਿ ਲੋਕ ਹੁਣ ਮੰਨਣ ਲੱਗੇ ਹਨ ਕਿ ਕਿਸੇ ਕੰਮ ਨੂੰ ਕਰਾਉਣ ਲਈ ਕਮਿਸ਼ਨ ਦੇਣਾ ਹੀ ਪਏਗਾ। ਭਾਵ ਇਕ ਰਿਅਲ ਐਸਟੇਟ ਦਾ ਬਿਲਡਰ ਜੇਕਰ ਕੋਈ ਕਾਲੋਨੀ ਬਣਾਉਣੀ ਚਾਹੁੰਦਾ ਹੈ ਤਾਂ ਉਪਰ ਤੋਂ ਲੈ ਕੇ ਹੇਠਾਂ ਤਕ ਕਿਥੇ ਕਿੰਨਾ ਕਮਿਸ਼ਨ ਦੇਣਾ ਹੋਵੇਗਾ, ਇਹ ਉਸ ਨੂੰ ਪਤਾ ਹੁੰਦਾ ਹੈ। ਉਸ ਲਈ ਇਹ ਹੁਣ ਸਮੱਸਿਆ ਨਹੀਂ ਰਹੀ। ਇਸ ਲਈ ਚਾਰੇ ਪਾਸੇ ਗੈਰ ਕਾਨੂੰਨੀ ਕਾਲੋਨੀਆਂ ਦਾ ਨਿਰਮਾਣ ਹੋ ਰਿਹਾ ਹੈ ਬੇਸ਼ੱਕ ਹੀ ਉਹ ਵਾਤਾਵਰਣ ਦੀ ਕੀਮਤ ਉਪਰ ਹੋਣ। ਪਰ ਇਸ ਉਪਤੰਤਰ ਰਾਹੀਂ ਜੋ ਆਮਦਨ ਨਿਕਲ ਰਹੀ ਹੈ, ਉਸ ਦਾ ਕਿਸੇ ਵੀ ਸਰਕਾਰੀ ਖਾਤੇ ਵਿੱਚ ਕੋਈ ਜ਼ਿਕਰ ਨਹੀਂ ਹੈ। ਕੁਲ ਮਿਲਾ ਕੇ ਇਹ ਕਾਲਾ ਧਨ ਸੰਗਠਤ ਅਤੇ ਵਿਵਸਥਿਤ ਰੂਪ ਲੈ ਚੁੱਕਾ ਹੈ ਅਤੇ ਦੇਸ਼ ਲਈ ਇਕ ਗੰਭੀਰ ਸਮਾਜਕ ਸਮੱਸਿਆ ਬਣ ਚੁੱਕਾ ਹੈ।

### ਲੈਣ-ਦੇਣ ਦਾ ਚੱਕਰ

#### ਖੂਬੀ ਹੀ ਖੂਬੀ



ਪਾਰਟੀਸਪੇਟਰੀ ਨੋਟ ਜ਼ਰੀਏ ਕਾਲੇ ਧਨ ਦੀ ਖੇਡ ਨੂੰ ਇਸ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ। ਦੇਸ਼ ਦੇ ਸ਼ੇਅਰ ਬਾਜ਼ਾਰ ਵਿੱਚ ਸਰਗਰਮ ਕੋਈ ਬਰੋਕਰ ਕਿਸੇ ਕੰਪਨੀ ਦੀ ਇਕਵਿਟੀ ਖਰਦੀਦਾ ਹੈ ਅਤੇ ਉਸ ਦੇ ਏਵਜ ਵਿੱਚ ਵਿਦੇਸ਼ੀ ਨਿਵੇਸ਼ਕ ਨੂੰ ਪਾਰਟੀਸਪੇਟਰੀ ਨੋਟ ਜਾਰੀ ਕਰ ਦਿੰਦਾ ਹੈ। ਇਸ ਨੋਟ ਦੇ ਬਦਲੇ ਜੋ ਸ਼ੇਅਰ ਖਰੀਦੇ ਗਏ ਹਨ ਉਨ੍ਹਾਂ ਉਪਰ ਮਿਲਣ ਵਾਲਾ ਲਾਭ ਵਿਦੇਸ਼ੀ ਨਿਵੇਸ਼ਕ ਦੇ ਖਾਤੇ ਵਿੱਚ ਜਮ੍ਹਾ ਹੁੰਦਾ ਹੈ। ਵਿਦੇਸ਼ੀ ਨਿਵੇਸ਼ਕ ਇਸ ਪਾਰਟੀਸਪੇਟਰੀ ਨੋਟ ਦਾ ਇਸਤਮਾਲ ਆਪਣੇ ਦੇਸ਼ ਵਿੱਚ ਸੂਚੀਬੱਧ ਸ਼ੇਅਰਾਂ ਨੂੰ ਖਰਦੀਣ ਵਿੱਚ ਕਰਦਾ ਹੈ। ਇਹ ਪਾਰਟਸਪੇਟਰੀ ਨੋਟ ਫਿਰ ਵਿਦੇਸ਼ੀ ਨਿਵੇਸ਼ ਦੇ ਰੂਪ ਵਿੱਚ ਵਾਪਸ ਭਾਰਤ ਆ ਜਾਂਦਾ ਹੈ। ਇਕ ਅਨੁਮਾਨ ਅਨੁਸਾਰ ਦੇਸ਼ ਦੇ ਸ਼ੇਅਰ ਬਾਜ਼ਾਰ ਵਿੱਚ ਵਿਦੇਸ਼ੀ ਨਿਵੇਸ਼ਕਾਂ ਦੇ ਨਿਵੇਸ਼ ਦਾ ਲਗਭਗ 50 ਫੀਸਦੀ ਇਸੇ ਨੋਟ ਦੇ ਜ਼ਰੀਏ ਆਉਂਦਾ ਹੈ।

### ਪਾਰਟੀਸਪੇਟਰੀ ਨੋਟ

ਇਸ ਪ੍ਰਕਿਰਿਆ ਵਿੱਚ ਪਾਰਟੀਸਪੇਟਰੀ ਨੋਟ (ਪੀ.ਐਨ.) ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਅਜਿਹੇ ਵਿੱਤੀ ਪੱਤਰ (ਨਿਵੇਸ਼ ਕਰਨ ਦਾ ਸਾਧਨ) ਹੁੰਦੇ ਹਨ ਜਿਨ੍ਹਾਂ ਵਿੱਚ ਨਿਵੇਸ਼ ਕਰਨ ਵਾਲੇ ਦਾ ਨਾਮ ਗੁਪਤ ਰੱਖਿਆ ਜਾਂਦਾ ਹੈ। ਇਸ ਲਈ ਸਿਆਸੀ ਆਗੂ, ਨੌਕਰਸ਼ਾਹ ਅਤੇ ਵਪਾਰੀ ਵਿਦੇਸ਼ ਵਿੱਚ ਜਮ੍ਹਾ ਕਾਲੇ ਧਨ ਨੂੰ ਵਾਪਸ ਲਿਆਉਣ ਲਈ ਇਸ ਦਾ ਧੱੜਲੇ ਨਾਲ ਇਸਤੇਮਾਲ ਕਰਦੇ ਹਨ। □

# ਚੰਡੀਗੜ੍ਹ ਪੰਜਾਬ ਦਾ ਕਿਉਂ ਹੈ?

ਈਸ਼ਰ ਸਿੰਘ ਸੋਬਤੀ

ਚੰਡੀਗੜ੍ਹ ਦਾ ਮਾਮਲਾ ਲਗਾਤਾਰ ਲਟਕਿਆ ਜਾ ਰਿਹਾ ਹੈ। ਚੰਡੀਗੜ੍ਹ ਪੰਜਾਬ ਦਾ ਹੈ ਅਤੇ ਕਿਸੇ ਪੱਖੋਂ ਵੀ ਘੋਖੀਏ ਤਾਂ ਇਸ ਉਤੇ ਹਰਿਆਣਾ ਦਾ ਜ਼ਰਾ ਜਿੰਨਾ ਵੀ ਹੱਕ ਨਹੀਂ ਬਣਦਾ। ਮੈਂ ਇਸ ਬਾਰੇ ਹਰ ਦ੍ਰਿਸ਼ਟੀਕੋਣ ਤੋਂ ਛਾਣ-ਬੀਣ ਕਰ ਕੇ ਪਾਠਕਾਂ ਦੇ ਸਾਹ-ਮਣੇ ਰੱਖਦਾ ਹਾਂ। ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਪੰਜਾਬ ਦੀਆਂ ਦੋ ਰਾਜਧਾਨੀਆਂ ਸਨ। ਸਰਦੀ ਵਿਚ ਲਾਹੌਰ ਅਤੇ ਗਰਮੀ ਵਿਚ ਸ਼ਿਮਲਾ। ਵੰਡ ਵਿਚ ਲਾਹੌਰ ਪਾਕਿਸਤਾਨ ਨੂੰ ਮਿਲ ਗਿਆ ਅਤੇ ਸ਼ਿਮਲਾ ਸਾਡੇ ਹਿੱਸੇ ਆਇਆ। ਸ਼ਿਮਲਾ ਵਿਚ ਸਰਦੀ ਵਿਚ ਕਿਸੇ ਵੀ ਤਰ੍ਹਾਂ ਲੋਕਾਂ ਅਤੇ ਕਰਮਚਾਰੀਆਂ ਲਈ ਯੋਗ ਥਾਂ ਨਹੀਂ ਸੀ, ਜਿਸ ਕਾਰਨ ਨਵੀਂ ਰਾਜਧਾਨੀ ਬਣਾਉਣ ਦੀ ਲੋੜ ਪਈ। ਆਜਾਦੀ ਤੋਂ ਬਾਅਦ ਕਾਂਗਰਸ ਸੱਤਾ ਵਿਚ ਆਈ ਅਤੇ ਉਸ ਨੇ 1937 ਦੇ ਮਤੇ ਅਨੁਸਾਰ ਜ਼ੁਬਾਨ (ਬੋਲੀ) ਦੇ ਅਧਾਰ 'ਤੇ ਸੂਬਿਆਂ ਦੀ ਨਵੇਂ ਸਿਰਿਉਂ ਹੱਦਬੰਦੀ ਕੀਤੀ ਅਤੇ ਕਈ ਨਵੇਂ ਸੂਬੇ ਵੀ ਬਣੇ ਪਰ ਪੰਜਾਬ ਦੋ ਭਾਸ਼ਾਈ ਹੀ ਰਿਹਾ। ਸੱਚਰ ਫ਼ਾਰਮੂਲੇ ਦੇ ਅਧਾਰ 'ਤੇ ਹਿੰਦੀ ਅਤੇ ਪੰਜਾਬੀ ਦੋ ਖੇਤਰ ਬਣਾਏ ਗਏ। ਕੋਈ ਵੀ ਸਹੀ ਸੋਚ ਰੱਖਣ ਵਾਲਾ ਵਿਅਕਤੀ ਇਸ ਗੱਲੋਂ ਇਨਕਾਰ ਨਹੀਂ ਕਰ ਸਕਦਾ ਕਿ 'ਸੱਚਰ ਫ਼ਾਰਮੂਲਾ' ਹੀ ਪੰਜਾਬ ਸੂਬੇ ਦਾ ਨੀਂਹ ਪੱਥਰ ਹੈ।

ਜੋ ਵੀ ਪੰਜਾਬ ਵਿਚ ਉਨਤੀ ਦੀ ਵਿਉਂਤਬੰਦੀ ਹੋਈ, ਉਸ ਨੂੰ ਦੋਵੇਂ ਪਾਸੀਂ ਇਕ ਸਾਰ ਰੱਖਣ ਦਾ ਧਿਆਨ ਰੱਖਿਆ ਗਿਆ ਤਾਂ ਜੋ ਕਿਸੇ ਨਾਲ ਵੀ ਬੇਇਨਸਾਫ਼ੀ ਨਾ ਹੋਵੇ। ਚੰਡੀਗੜ੍ਹ ਜੇ ਪੰਜਾਬੀ ਖੇਤਰ ਵਿਚ ਬਣਿਆ ਤਾਂ ਉਸ ਨਾਲ ਹੀ ਨਵਾਂ ਸਨਅਤੀ ਸ਼ਹਿਰ ਦਿੱਲੀ ਦੇ ਨੇੜੇ ਫ਼ਰੀਦਾਬਾਦ, ਹਿੰਦੀ ਖੇਤਰ ਵਿਚ ਉਸਾਰਿਆ ਗਿਆ। ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੋਂਦ ਵਿਚ ਆਈ ਤਾਂ ਉਸ ਦੇ ਨਾਲ ਹੀ ਹਿੰਦੀ ਯੂਨੀਵਰਸਿਟੀ ਕੁਰੂਕਸ਼ੇਤਰ ਬਣਾਈ ਗਈ। ਜੇ ਸੈਨਿਕ ਸਕੂਲ ਪੰਜਾਬ ਖੇਤਰ ਵਿਚ ਕਪੂਰਥਲੇ ਬਣਿਆ ਤਾਂ ਸ. ਪ੍ਰਤਾਪ ਸਿੰਘ ਕੈਰੋਂ ਨੇ ਕੰਜਪੁਰੇ ਕਰਨਾਲ ਵਿਚ ਇਸ ਦਾ ਬਦਲਾ ਦਿੱਤਾ। ਇਹ ਕੁੱਝ ਦੱਸਣ ਦਾ ਮੇਰਾ ਮਤਬਲ ਇਹ ਹੈ ਕਿ ਚੰਡੀਗੜ੍ਹ ਦੇ ਨਾਲ ਫ਼ਰੀਦਾਬਾਦ ਬਣਿਆ, ਜਿਸ ਉਤੇ ਉਸ ਸਮੇਂ ਪੰਜਾਬ ਸਰਕਾਰ ਦਾ ਚੰਡੀਗੜ੍ਹ ਤੋਂ ਵੱਧ ਪੈਸਾ ਲੱਗਾ ਹੋਣਾ ਹੈ, ਕਿਉਂ ਜੋ ਦਿੱਲੀ ਦੇ ਨੇੜੇ ਆਗਰਾ, ਮਥੁਰਾ ਦੀ ਮੁੱਖ ਸੜਕ 'ਤੇ ਹੋਣ ਕਰ ਕੇ ਜ਼ਮੀਨ ਦਾ ਮੁਆਵਜ਼ਾ ਜ਼ਿਆਦਾ ਦੇਣਾ ਪਿਆ ਹੋਵੇਗਾ। ਚੰਡੀਗੜ੍ਹ ਰਕੜ ਜ਼ਮੀਨ 'ਤੇ ਬਣਿਆ ਹੈ ਜਿਸ 'ਤੇ ਪੈਸੇ ਲਾਜ਼ਮੀ ਘੱਟ ਲੱਗੇ ਹੋਣੇ ਨੇ। ਇਸ ਤੋਂ ਇਲਾਵਾ ਫ਼ਰੀਦਾਬਾਦ ਇਕ ਵੱਡਾ ਸਨਅਤੀ ਸ਼ਹਿਰ ਹੈ ਅਤੇ ਉਸ ਦੇ ਆਵਾਜਾਈ ਦੇ ਸਾਧਨ ਰੇਲ ਅਤੇ ਸੜਕ ਦੁਆਰਾ ਚੰਡੀਗੜ੍ਹ ਤੋਂ ਵੱਧ ਚੰਗੇਰੇ ਹਨ। ਇੰਨਾ ਹੁੰਦੇ ਹੋਏ ਵੀ ਪੰਜਾਬ ਨੇ ਫ਼ਰੀਦਾਬਾਦ ਵਿਚੋਂ ਆਪਣਾ ਹਿੱਸਾ ਨਹੀਂ ਮੰਗਿਆ। ਸੋ ਅੱਜ ਜੇਕਰ ਚੰਡੀਗੜ੍ਹ, ਪੰਜਾਬ ਨੂੰ ਆਉਂਦਾ ਹੈ ਤਾਂ ਹਰਿਆਣਾ ਕਿਸ ਅਧਾਰ 'ਤੇ ਆਪਣਾ ਹੱਕ ਜਤਾ ਕੇ ਕਾਫ਼ੀ ਰਕਬੇ ਅਤੇ ਪੈਸਿਆਂ ਦੀ ਮੰਗ ਕਰਦਾ ਹੈ।

ਇਸ ਤੋਂ ਇਲਾਵਾ ਚੰਡੀਗੜ੍ਹ ਦੀਆਂ ਪੰਜਾਬ ਵਿਚ ਮਿਲਣ ਦੀਆਂ ਹੋਰ ਵੀ ਠੋਸ ਦਲੀਲਾਂ ਹਨ:

1 ਚੰਡੀਗੜ੍ਹ ਪੰਜਾਬ ਲਈ ਬਣਿਆ ਅਤੇ ਪੰਜਾਬ ਵਿਚ ਰਹਿਣਾ ਹੀ ਮੁਨਾਸਿਬ ਹੈ।

2 ਮੁੰਬਈ ਸੂਬੇ ਦੀ ਵੰਡ ਕਰ ਕੇ ਮਹਾਂਰਾਸ਼ਟਰ ਅਤੇ ਗੁਜਰਾਤ ਦੋ ਸੂਬੇ ਬਣਾਏ ਗਏ। ਮਹਾਰਾਸ਼ਟਰ ਦਾ ਰਕਬਾ ਗੁਜਰਾਤ ਤੋਂ ਜ਼ਿਆਦਾ ਸੀ, ਇਸ ਲਈ ਮੁੰਬਈ ਜੋ ਰਾਜਧਾਨੀ ਸੀ, ਉਹ ਮਹਾਰਾਸ਼ਟਰ ਨੂੰ ਦਿਤੀ ਗਈ। ਇਸੇ ਅਧਾਰ 'ਤੇ ਪੰਜਾਬ ਹਰਿਆਣੇ ਤੋਂ ਵੱਡਾ ਹੈ। ਰਾਜਧਾਨੀ ਭਾਵ ਚੰਡੀਗੜ੍ਹ, ਪੰਜਾਬ ਨੂੰ ਮਿਲਣਾ ਹੀ ਯੋਗ ਹੈ।

3 ਪੰਜਾਬੀ ਸੂਬੇ ਦੀ ਹੱਦਬੰਦੀ ਵਕਤ ਸ਼ਿਮਲਾ ਜੋ ਪੰਜਾਬ ਦੀ ਰਾਜਧਾਨੀ ਸੀ, ਉਹ ਹਿਮਾਚਲ ਪ੍ਰਦੇਸ਼ ਨੂੰ ਦਿਤਾ ਗਿਆ। ਫ਼ਰੀਦਾਬਾਦ ਜੋ ਸੂਬੇ ਦੇ ਸਾਂਝੇ ਖ਼ਰਚੇ 'ਤੇ ਬਣਿਆ, ਉਹ ਹਰਿਆਣੇ ਹਵਾਲੇ ਹੋਇਆ। ਪੰਜਾਬ ਦਾ ਹਿੱਸਾ ਇਨ੍ਹਾਂ ਦੋਵਾਂ ਤੋਂ ਜ਼ਿਆਦਾ ਬਣਦਾ ਹੈ, ਉਸ ਨੂੰ ਬਿਲਕੁਲ ਹੀ ਵਾਂਝਾ ਰੱਖਿਆ ਗਿਆ।

4 ਚੰਡੀਗੜ੍ਹ ਪੰਜਾਬੀ ਬੋਲਣ ਵਾਲਿਆਂ ਦੇ ਘੇਰੇ ਵਿਚ ਹੈ, ਇਹ ਕਿਸੇ ਤਰ੍ਹਾਂ ਵੀ ਹਰਿਆਣੇ ਵਿਚ ਨਹੀਂ ਜਾ ਸਕਦਾ ਸੀ ਤਾਂ ਕੇਂਦਰ ਨੇ ਆਪਣੇ ਕਬਜ਼ੇ ਵਿਚ ਰੱਖ ਲਿਆ।

ਹਰ ਤਰ੍ਹਾਂ ਨਾਲ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੁੰਦਿਆਂ ਹੋਇਆਂ ਵੀ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ। ਕੀ ਜੇ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾਵੇ ਤਾਂ ਉਹ ਭਾਰਤ ਦਾ ਹਿੱਸਾ ਨਹੀਂ ਰਹੇਗਾ? ਜਾਂ ਕੇਂਦਰੀ ਪ੍ਰਸ਼ਾਸ਼ਨ ਵਿਚ ਲੈ ਕੇ ਦੇਸ਼ ਦੇ ਵਖਰੇ ਖ਼ਰਚ ਦਾ ਬੋਝ ਨਹੀਂ ਪੈ ਰਿਹਾ? ਇਸ ਗੱਲ ਨੂੰ ਬਾਰੀਕੀ ਨਲ ਕਿਉਂ ਨਹੀਂ ਸੋਚਿਆ ਜਾਂਦਾ।

ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰੱਖਣ ਦਾ ਕਾਰਨ ਇਹ ਹੈ ਕਿ ਗੁਲਜ਼ਾਰੀ ਲਾਲ ਨੰਦਾ ਉਸ ਵਕਤ ਗ੍ਰਹਿ ਮੰਤਰੀ ਸੀ, ਇੰਦਰਾ ਗਾਂਧੀ ਨਵੀਂ ਨਵੀਂ ਪ੍ਰਧਾਨ ਮੰਤਰੀ ਬਣੀ ਸੀ, ਜਿਸ ਕਾਰਨ ਨੰਦਾ ਦੀ ਰਾਇ ਨੂੰ ਕਿਸੇ ਤਰ੍ਹਾਂ ਵੀ ਤਬਦੀਲ ਨਹੀਂ ਸੀ ਕੀਤਾ ਜਾ ਸਕਦਾ। ਨੰਦਾ ਗੁਜਰਾਤ ਦੇ ਸੂਰਤ ਹਲਕੇ ਤੋਂ ਚੋਣ ਲੜਦਾ ਸੀ, ਬੰਬੇ ਸੂਬੇ ਦੀ ਵੰਡ ਕਾਰਨ ਗੁਜਰਾਤੀ ਇਸ ਤੋਂ ਨਾਰਾਜ਼ ਸਨ ਅਤੇ ਉਹ ਆਪਣਾ ਚੋਣ ਦਾ ਹਲਕਾ ਬਦਲ ਕੇ ਹਰਿਆਣੇ ਤੋਂ ਲੜਨਾ ਚਾਹੁੰਦਾ ਸੀ ਅਤੇ ਇਸੇ ਲਈ ਪੰਜਾਬ ਦੀ ਵੰਡ ਸਮੇਂ ਹਰਿਆਣੇ ਦੇ ਪੱਖ ਵਿਚ ਰਿਹਾ। ਇਹ ਵੱਡਾ ਕਾਰਨ ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰੱਖਣ ਦਾ ਹੈ। ਪੰਜਾਬੀ ਸੂਬਾ ਬਣਨ ਵਕਤ ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ ਗਲਤੀ ਹੈ ਅਤੇ ਇਸ ਨੂੰ ਹੋਰ ਲੰਬਾ ਕਰਨ ਵਿਚ ਇਕ ਵੱਡੀ ਭੁਲ ਹੋਵੇਗੀ। ਕਿਉਂ ਜੋ ਕੇਂਦਰ ਪਾਸ ਕੇਵਲ ਬਹਾਨੇਬਾਜ਼ੀ ਤੋਂ ਬਗੈਰ ਕੋਈ ਠੋਸ ਦਲੀਲ ਨਹੀਂ ਹੈ ਜੋ ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰੱਖਿਆ ਜਾਵੇ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX

KAPIL SHARMA
◈ INDIVIDUAL TAX RETURNS
◈ INCORPORATION OF COMPANIES
◈ PAYROLL, T4 SLIPS
◈ CORPORATE TAX RETURNS
◈ TAX RETURNS FOR SELF EMPLOYED
◈ SMALL BUSINESS SETUP & BOOKKEEPING
◈ ACCOUNTING & G.S.T. RETURNS
◈ FINANCIAL STATEMENTS
FOR FAST REFUND USE E-FILES
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ
ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ ਨਾਲ ਸੰਪਰਕ ਕਰੋ
780-469-2677
FAX : 780-469-2026



# ਭਾਰਤੀ ਪ੍ਰਸ਼ਾਸਨ ਭ੍ਰਿਸ਼ਟ ਕਿਉਂ, ਇਲਾਜ ਕੀ?



ਸਤਨਾਮ ਚਾਨਾ
94172-70411

**ਪ੍ਰਸ਼ਾਸਨ ਦੀ ਉਸਾਰੀ ਇਕ ਇਤਿਹਾਸਕ ਕ੍ਰਿਆ ਹੈ ਜਿਸ ਵਿਚ ਅਣਸੁਖਾਵਾਂ ਬਾਹਰੀ ਦਖਲ ਬਹੁਤੀ ਦੇਰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਇਸ ਦਾ ਆਪਣੀਆਂ ਰਵਾਇਤਾਂ ਉਪਰ ਉਸਰਨਾ ਹੀ ਵਧੇਰੇ ਸਫਲ ਅਤੇ ਹੰਢਣਸਾਰ ਸਾਬਤ ਹੁੰਦਾ ਹੈ। ਇਹ ਨਿਰੰਤਰ ਚੱਲਣ ਵਾਲਾ ਇਕ ਅਜਿਹਾ ਗੈਰ ਕੁਦਰਤੀ ਸੰਗਠਨ ਹੈ ਜਿਹੜਾ ਹਰ ਨਵੇਂ ਹਾਕਮ ਨੂੰ ਵਿਰਸੇ ਵਿਚ ਮਿਲਦਾ ਹੈ ਅਤੇ ਉਸ ਨੂੰ ਤੱਟਫੱਟ ਇਸੇ ਉਪਰ ਹੀ ਨਿਰਭਰ ਕਰਨਾ ਪੈਂਦਾ ਹੈ। ਬਦਲਾਵਾਂ ਹਾਕਮ ਭਾਵੇਂ ਦੇਸੀ ਹੋਵੇ ਅਤੇ ਭਾਵੇਂ ਵਿਦੇਸ਼ੀ ਹਮਲਾਵਰ, ਇਸੇ ਕਰਕੇ ਸਥਾਪਤ ਪ੍ਰਸ਼ਾਸਨ ਦਾ ਨਵੇਂ ਹਾਕਮ ਦੇ ਰਾਸ ਆ ਜਾਣਾ ਲਾਜ਼ਮੀ ਨਹੀਂ।**

ਜਿਹੜਾ ਵਿਅਕਤੀ ਇਹ ਕਹਿੰਦਾ ਹੈ ਕਿ ਉਹ ਭਾਰਤੀ ਪ੍ਰਸ਼ਾਸਨ ਵਿਚੋਂ ਭ੍ਰਿਸ਼ਟਾਚਾਰ ਹਟਾ ਦੇਵੇਗਾ, ਉਹ ਦੁਨੀਆ ਦਾ ਸਭ ਤੋਂ ਝੂਠਾ ਬੰਦਾ ਹੈ। ਜੇਕਰ ਉਹ ਸੁਹਿਰਦ ਹੈ ਤਾਂ ਉਹ ਖੁਦ ਹੀ ਆਪਣੀ ਸੁਹਿਰਦਤਾ ਦਾ ਮਖੌਲ ਉਡਾ ਰਿਹਾ ਹੈ। ਭਾਰਤੀ ਪ੍ਰਸ਼ਾਸਨ ਦਾ ਭ੍ਰਿਸ਼ਟਾਚਾਰ ਕਿਸੇ ਦੀ ਇੱਛਾ ਦਾ ਫਲ ਨਹੀਂ। ਇਸ ਪ੍ਰਬੰਧ ਨੂੰ ਉਸਰਨ ਲਈ ਕਈ ਸਦੀਆਂ ਲੱਗੀਆਂ ਹਨ। ਜਿਸ ਨੂੰ ਅਸੀਂ ਰਿਸ਼ਵਤ ਕਹਿੰਦੇ ਹਾਂ ਉਹ ਅਸਲ ਅਰਥਾਂ ਵਿਚ ਮੁਨਾਫਾ ਹੈ। ਪ੍ਰਸ਼ਾਸਨ ਦੀ ਕੇਂਦਰੀ ਸਰਗਰਮੀ ਆਰਥਕ ਹੈ, ਰਾਜਨੀਤਿਕ ਨਹੀਂ। ਕੋਈ ਵੀ ਅਰਥਚਾਰਾ ਮੁਨਾਫੇ ਤੋਂ ਬਿਨਾਂ ਢੈਅ-ਢੇਰੀ ਹੋ ਜਾਵੇਗਾ। ਜਿੰਨੀ ਦੇਰ ਵਰਤਮਾਨ ਪ੍ਰਸ਼ਾਸਨ ਦਾ ਮੁਕੰਮਲ ਬਦਲ ਸਾਹ-ਮਣੇ ਨਹੀਂ ਆਉਂਦਾ ਓਨੀ ਦੇਰ ਉਪਰੋਕਤ ਦਾਅਵਾ ਸ਼ੇਖਚਿਲੀ ਦਾ ਸੁਪਨਾ ਹੈ।

ਰਾਜਭਾਗ ਪ੍ਰਸ਼ਾਸਨ ਹੀ ਹੁੰਦਾ ਹੈ ਜਿਸ ਦੀ ਪ੍ਰਾਪਤੀ ਲਈ ਰਾਜਨੀਤਿਕ ਸਰਗਰਮੀ ਕੀਤੀ ਜਾਂਦੀ ਹੈ। ਕਿਸੇ ਵੀ ਸਿਆਸਤਦਾਨ ਜਾਂ ਬਾਦਸ਼ਾਹ ਦੀ ਸਥਿਰਤਾ ਉਸ ਦੀ ਪ੍ਰਸ਼ਾਸਨ ਵਿਧੀ ਉਪਰ ਨਿਰਭਰ ਹੁੰਦੀ ਹੈ। ਪ੍ਰਸ਼ਾਸਨ ਦਾ ਚਰਿੱਤਰ ਹੀ ਤੈਅ ਕਰਦਾ ਹੈ ਕਿ ਉਸ ਵਿਚ ਮਾਨਵਤਾ ਅਤੇ ਸਮਾਜਿਕ ਉਸਾਰੀ ਦੀ ਭਾਵਨਾ ਕਿੰਨੀ ਕੁ ਹੈ। ਪ੍ਰਸ਼ਾਸਨ ਨੂੰ ਯੋਗ ਬਣਾਉਣ ਦੇ ਤਜਰਬਿਆਂ ਦਾ ਇਤਿਹਿਾਸ ਵੀ ਰਾਜਨੀਤਿਕ ਸਰਗਰਮੀਆਂ ਦੇ ਇਤਿਹਾਸ ਜਿੰਨਾ ਹੀ ਪੁਰਾ-ਣਾ ਹੈ। ਦੁਨੀਆ ਦੇ ਮਹਾਨ ਦਾਰਸ਼ਨਿਕ ਇਸੇ ਹੀ ਜੱਦੋ-ਜਹਿਦ ਵਿਚ ਲਗੇ ਸਨ ਪ੍ਰੰਤੂ ਰਾਜਨੀਤਕਾਂ ਲਈ ਉਨ੍ਹਾਂ ਦੇ ਵਿਚਾਰਾਂ ਦੀ ਕੀਮਤ, ਉਹਨਾਂ ਦੇ ਜੀਉਂਦੇ ਜੀਅ, ਨਿਗੂਣੀ ਜਾਂ ਬਿਲਕੁਲ ਹੀ ਸਿਫ਼ਰ ਸੀ।

ਕਨਫਿਊਸ਼ਿਅਸ ਆਪਣੀ ਅਸਫਲਤਾ ਉਪਰ ਰੋਣਹ-ਾਕਾ ਹੋ ਕੇ ਮਰਿਆ ਸੀ। ਉਸ ਕਦਾਵਾਰ ਫਿਲਾਸਫਰ ਦੀ ਤੁਲਨਾ ਚੰਦ ਕੁ ਮਹਾਨ ਸ਼ਖਸੀਅਤਾਂ ਨਾਲ ਕੀਤੀ ਜਾ ਸਕਦੀ ਹੈ ਜਿਹੜਾ ਪੂਰਵ ਈਸਾ ਦੀ ਛੇਵੀਂ ਸਦੀ ਵਿਚ ਪੈਦਾ ਹੋਇਆ ਸੀ। ਮਰਨ ਤੋਂ ਪਹਿਲਾਂ ਉਸ ਨੇ ਕਿਹਾ ਸੀ ਕਿ, "ਕੋਈ ਵੀ ਬੁੱਧੀਵਾਨ ਬਾਦਸ਼ਾਹ ਮੈਨੂੰ ਆਪਣਾ ਉਸਤਾਦ ਬਣਾਉਣ ਲਈ ਤਿਆਰ ਨਹੀਂ ਹੋਇਆ ਤੇ ਹੁਣ ਮੇਰਾ ਮਰਨ ਦਾ ਸਮਾਂ ਆ ਗਿਆ ਹੈ।" ਕਨਫਿਊਸ਼ਿਅਸ ਚੀਨ ਦੇ ਲੁ ਪ੍ਰਾਂਤ ਦੇ ਕੁਲੀਨ ਪਿਛੋਕੜ ਵਾਲਾ ਅਜਿਹਾ ਵਿਅਕਤੀ ਸੀ ਜਿਸ ਨੇ ਗਿਆਨ ਦੀ ਖੋਜ ਲਈ ਇਕ ਅਕਾਦਮੀ ਸਥਾਪਿਤ ਕੀਤੀ ਅਤੇ ਆਪਣੇ ਵਿਚਾਰਾਂ ਨੂੰ ਆਖਰੀ ਸ਼ਕਲ ਦੇ ਕੇ ਉਹ ਰਾਜਿਆਂ ਨੂੰ ਪ੍ਰਭਾਵਿਤ ਕਰਨ ਲਈ ਨਿਕਲਿਆ। ਉਦੋਂ ਚੀਨ ਵਿਚ ਛੇ ਹਜ਼ਾਰ ਦੇ ਆਸ-ਪਾਸ ਛੋਟੇ ਛੋਟੇ ਰਾਜੇ ਸਨ। ਕਿਸੇ ਨੇ ਉਸ ਦੀ ਗੱਲ ਨਾ ਸੁਣੀ। ਜੇਕਰ ਇਕ ਰਾਜ ਕੁਮਾਰ ਨੇ ਉਸ ਵੱਲ ਧਿਆਨ ਦਿੱਤਾ ਵੀ ਤਾਂ ਉਸ ਦੇ ਦਰਬਾਰੀਆਂ ਨੇ ਕਨਫਿਊਸ਼ਿਅਸ ਦੇ ਵਿਚਾਰਾਂ ਦੀ ਘੁੰਡ ਠੱਪ ਦਿੱਤੀ। ਉਹ ਸੁਹਿਰਦ ਪ੍ਰਸ਼ਾਸਕ ਪੈਦਾ ਕਰਨ ਦਾ ਵਿਚਾਰ ਲੈ ਕੇ ਗਿਆ ਸੀ ਜਿਸ ਨਾਲ ਸੁਹਿਰਦ ਪ੍ਰਸ਼ਾਸਨ ਦੀਆਂ ਸੰਭਾਵਨਾਵਾਂ ਉਸਨੂੰ ਨਜ਼ਰ ਆਉਂਦੀਆਂ ਸਨ। ਇਸ ਤੋਂ 150 ਸਾਲ ਬਾਦ ਪਲੇਟੋ ਨੂੰ ਵੀ ਆਪਣੇ ਵਿਚਾਰ ਲਾਗੂ ਕਰਨ ਲਈ ਇਕ ਹਾਕਮ ਦੀ ਲੋੜ ਪੈ ਗਈ ਸੀ। ਕਨਫਿਊਸ਼ਿਅਸ ਦਾ ਸਾਰਾ ਜ਼ੋਰ ਜਨ-ਸਧਾਰਨ ਦੇ ਪ੍ਰਸੰਗ ਵਿਚ ਨਿੱਜੀ ਰਵੱਈਏ ਉਪਰ ਸੀ। ਉੱਤਮ ਜੀਵਨ ਉਸ ਦੀ ਸਿੱਖਿਆ ਦਾ ਕੇਂਦਰੀ ਨੁਕਤਾ ਸੀ ਜਿਹੜਾ ਮਹਾਤਮਾ ਬੁੱਧ ਦੇ 'ਤਿਆਗ' ਤੇ ਵਿਚਾਰਾਂ ਦੇ ਉਲਟ ਸੀ। ਉਸ ਦੇ ਇਹਨਾਂ ਮਹਾਨ ਵਿਚਾਰਾਂ ਦੀ ਸਮਝ ਚੀਨੀਆਂ ਨੂੰ ਵੀ ਅਤੇ ਸੰਸਾਰ ਨੂੰ ਵੀ ਕਈ ਸਦੀਆਂ ਬਾਦ ਆਈ। ਉਸ ਤੋਂ ਅੱਠ ਸਦੀਆਂ ਬਾਦ, ਦੂਜੀ ਸਦੀ ਵਿਚ ਕਨਫਿਊਸ਼ਿਅਸ ਸਕੂਲ ਨੇ ਹਾਨ ਸਲਤਨਤ ਦੀ ਸਹਾਇਤਾ ਨਾਲ ਪ੍ਰਸ਼ਾਸਕੀ ਵਿਦਵਤਾ ਨੂੰ ਉਨ੍ਹਾਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਕਿ ਜੇਕਰ ਕਨਫਿਊਸ਼ਿਅਸ ਜਿਉਂਦਾ ਹੁੰਦਾ ਤਾਂ ਹੈਰਾਨ ਹੀ ਰਹਿ ਜਾਂਦਾ। ਇਹ ਪ੍ਰਸ਼ਾਸਨਿਕ ਢਾਂਚਾ ਚੀਨ ਦੀਆਂ ਰਵਾਇਤਾਂ ਉਤੇ ਉਸਰਿਆ ਸੀ ਅਤੇ ਇਸ ਦੇ ਆਧਾਰ 'ਤੇ ਹੀ ਅੱਗੋਂ ਵਿਕਸਤ ਹੁੰਦਾ ਰਿਹਾ ਦੁਨੀਆ ਦਾ ਅਤਿਅੰਤ ਸਫਲ ਪ੍ਰਸ਼ਾਸਨ।

ਇਸੇ ਤਰ੍ਹਾਂ ਹੀ ਰੋਮ ਨੇ ਵੀ ਇਨ੍ਹਾਂ ਸਮਿਆਂ ਵਿਚ ਹੀ ਆਪਣੀਆਂ ਸਮਾਜਿਕ ਅਤੇ ਸੱਭਿਆਚਾਰਕ ਰਵਾਇਤਾਂ ਦੀਆਂ ਨੀਹਾਂ ਉਪਰ ਪ੍ਰਸ਼ਾਸਨਕ ਢਾਂਚਾ ਉਸਾਰਿਆ ਸੀ। ਤਾਂ ਵੀ ਰੋਮਨਾਂ ਦਾ ਪ੍ਰਸ਼ਾਸਨਿਕ ਢਾਂਚਾ ਪ੍ਰਮੁੱਖ ਤੌਰ 'ਤੇ ਕੁਲੀਨ ਵਰਗਾਂ 'ਤੇ ਆਧਾਰਿਤ ਸੀ। ਰੋਮ ਦੇ ਸੇਨੇਟਰਾਂ ਦੀ ਇਸ ਵਿਚ ਕੁੰਜੀਵਤ ਭੂਮਿਕਾ ਸੀ, ਜਿਸ ਤੋਂ ਬਾਦ ਵਿਚ (ਮਲੀਏਸ਼ਨ ਦੇ ਜ਼ਮਾਨੇ ਵਿਚ) ਜਾਨ ਛੁਡਾਉਣ ਲਈ 50 ਸਾਲ ਲੱਗੇ ਸਨ। ਉਹ ਵੀ ਥੋੜ੍ਹੀ ਥੋੜ੍ਹੀ ਕਰਕੇ। ਉਂਝ ਇਹ ਧਾਰਮਿਕ ਸੁਭਾਅ ਵਰਗਾ ਸੈਕੂਲਰ ਢਾਂਚਾ ਸੀ ਜਿਸ ਨੂੰ ਸੁਪਰ ਹੁਮਅਨ ਬਣਾ ਦਿੱਤਾ ਗਿਆ ਸੀ ਜਦੋਂ ਕਿ ਚੀਨ ਦੇ ਪ੍ਰਸ਼ਾਸਨ ਦੇ ਹੰਢਣ ਦਾ ਸਮਾਂ 2000 ਸਾਲ ਤੋਂ ਵੀ ਵਧੇਰੇ ਹੈ। ਇਹ ਹੀ ਕਨਫਿਊਸ਼ਿਅਸ ਪ੍ਰਸ਼ਾਸਨ ਹੈ।

ਬਾਕੀ ਸਾਰੇ ਸੰਸਾਰ ਦੀਆਂ ਸੱਭਿਆਤਾਵਾਂ ਨੇ ਆਪਣੇ ਆਪਣੇ ਪ੍ਰਸ਼ਾਸਨ ਢਾਂਚੇ ਉਸਾਰਨ ਲਈ ਭਿੰਨ ਭਿੰਨ ਤਜਰਬੇ ਕੀਤੇ ਸਨ ਅਤੇ ਅਨੇਕਾਂ ਨੇ ਦੂਜੀਆਂ ਸਲਤਨਤਾਂ ਦੀ ਨਕਲ ਕਰਨ ਦੇ ਅਭਿਆਸ ਕੀਤੇ। ਇਹ ਪ੍ਰਸ਼ਾਸਨਕ ਢਾਂਚੇ ਸਧਾਰਨ ਤਾਣੇ-ਬਾਣੇ ਤੋਂ ਉਠ ਕੇ ਪੇਚੀਦਾ ਹੁੰਦੇ ਗਏ। ਨਕਲ ਦੇ ਤਜਰਬੇ ਆਧੁਨਿਕ ਕਾਲ ਤੱਕ ਚਲਦੇ ਆਏ ਪ੍ਰੰਤੂ ਉਹਨਾਂ ਸਾਰੇ ਹਾਕਮਾਂ ਨੂੰ ਪੱਥਰ ਚੱਟ ਕੇ ਮੁੜਨਾ ਪਿਆ। ਰੂਸ ਦੇ ਮਹਾਨ ਪੀਟਰ ਨੇ ਮਾਸਕੋ ਦੇ ਦੇਸੀ ਪ੍ਰਸ਼ਾਸਕਾਂ ਨੂੰ ਪੱਛਮੀ ਸੱਭਿਅਤਾ ਦੀ ਪ੍ਰਸ਼ਾਸਨਿਕ ਵਿਧੀ ਨਾਲ ਸਿੱਖਿਅਤ ਕਰਨ ਅਤੇ ਚਲਾਉਣ ਦਾ ਅਭਿਆਸ ਕੀਤਾ। ਉਸ ਨੇ ਆਪਣਾ ਇਹ ਤਜਰਬਾ ਦੋ ਪੀੜੀਆਂ ਤੱਕ ਚਾਲੂ ਕਰਨ ਤੋਂ ਬਾਦ ਪੂਰੀ ਤਰ੍ਹਾਂ ਤਿਆਗ ਦਿੱਤਾ ਅਤੇ ਕਿਹਾ ਕਿ ਇਹ ਇਕ ਫਜ਼ੂਲ ਕ੍ਰਿਆ ਸੀ। ਰੂਸੀ ਆਪਣੇ ਰਵਾਇਤੀ ਤੌਰ ਤਰੀਕਿਆਂ ਵੱਲ ਵਾਪਸ ਮੁੜ ਗਏ। ਇਸੇ ਤਰ੍ਹਾਂ ਦਾ ਤਜਰਬਾ ਜਾਪਾਨ ਦੀ ਤਕੁਮਾਵਾ ਸਰਕਾਰ ਨੇ ਕੀਤਾ ਸੀ ਜਿਸ ਨੇ ਪੱਛਮੀ ਸੱਭਿਆਚਾਰ ਨੂੰ ਬਾਹਾਂ ਫੈਲਾ ਕੇ ਜੀ ਆਇਆਂ ਕਿਹਾ ਸੀ ਪ੍ਰੰਤੂ ਉਸ ਦੀ ਮੁਕੰਮਲ ਅਸਫਲਤਾ ਉਪਰੰਤ ਉਸ ਨੇ ਵਿਗਿਆਨਕ ਖੇਤਰ ਨੂੰ ਛੱਡ ਕੇ ਬਾਕੀ ਸਾਰਿਆਂ ਵਿਚ ਹੀ ਪੱਛਮੀ ਤੌਰ ਤਰੀਕਿਆਂ ਤੋਂ ਦੂਰ ਚਲੇ ਜਾਣ ਦੇ ਫੈਸਲੇ ਲਏ। ਜਾਪਾਨੀਆਂ ਦਾ ਝੁਕਾਅ ਨਵ-ਕਨਫਿਊਸ਼ਿਅਨਵਾਦ ਵਲ ਹੋ ਗਿਆ।

ਵੱਖ ਵੱਖ ਤਜਰਬਿਆਂ ਵਿਚ ਮਧ ਵਰਗੀ ਲੋਕ ਪ੍ਰਸ਼ਾਸਨਕ ਸਰਗਰਮੀਆਂ ਵਿਚ ਵਧੇਰੇ ਪ੍ਰਭਾਵਸ਼ਾਲੀ ਸਾਬਤ ਹੋਏ। ਸਪੇਨ ਵਿਚ ਤਾਂ ਪ੍ਰਸ਼ਾਸਨ ਦੇ ਸਾਰੇ ਔਖੇ ਮੁੱਦੇ ਮੱਧ ਵਰਗੀ ਵਕੀਲਾਂ ਦੇ ਹਵਾਲੇ ਕਰਨ ਦੇ ਤਜਰਬੇ ਕੀਤੇ ਗਏ ਸਨ।

ਇਸ ਤਰ੍ਹਾਂ, ਸਪਸ਼ਟ ਹੈ ਕਿ ਪ੍ਰਸ਼ਾਸਨ ਦੀ ਉਸਾਰੀ ਇਕ ਇਤਿਹਾਸਕ ਕ੍ਰਿਆ ਹੈ ਜਿਸ ਵਿਚ ਅਣਸੁਖਾਵਾਂ ਬਾਹਰੀ ਦਖਲ ਬਹੁਤੀ ਦੇਰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਇਸ ਦਾ ਆਪਣੀਆਂ ਰਵਾਇਤਾਂ ਉਪਰ ਉਸਰਨਾ ਹੀ ਵਧੇਰੇ ਸਫਲ ਅਤੇ ਹੰਢਣਸਾਰ ਸਾਬਤ ਹੁੰਦਾ ਹੈ। ਇਹ ਨਿਰੰਤਰ ਚੱਲਣ ਵਾਲਾ ਇਕ ਅਜਿਹਾ ਗੈਰ ਕੁਦਰਤੀ ਸੰਗਠਨ ਹੈ ਜਿਹੜਾ ਹਰ ਨਵੇਂ ਹਾਕਮ ਨੂੰ ਵਿਰਸੇ ਵਿਚ ਮਿਲਦਾ ਹੈ ਅਤੇ ਉਸ ਨੂੰ ਤੱਟਫੱਟ ਇਸੇ ਉਪਰ ਹੀ ਨਿਰਭਰ ਕਰਨਾ ਪੈਂਦਾ ਹੈ। ਬਦਲਾਵਾਂ ਹਾਕਮ ਭਾਵੇਂ ਦੇਸੀ ਹੋਵੇ ਅਤੇ ਭਾਵੇਂ ਵਿਦੇਸ਼ੀ ਹਮਲਾਵਰ, ਇਸੇ ਕਰਕੇ ਸਥਾਪਤ ਪ੍ਰਸ਼ਾਸਨ ਦਾ ਨਵੇਂ ਹਾਕਮ ਦੇ ਰਾਸ ਆ ਜਾਣਾ ਲਾਜ਼ਮੀ ਨਹੀਂ। ਪ੍ਰਮੁੱਖ ਮੁੱਦਾ ਇਹ ਹੈ ਕਿ ਉਪਲਭਦ ਪ੍ਰਸ਼ਾਸਨ ਕਿਹੜੇ ਉਦੇਸ਼ਾਂ ਲਈ ਉਸਾਰਿਆ ਗਿਆ ਸੀ। ਆਮ ਕਰਕੇ ਇਹ ਧਾਰਨਾ ਵਿਕਸਿਤ ਕੀਤੀ ਹੋਈ ਹੈ ਕਿ ਪ੍ਰਸ਼ਾਸਨ ਇਕ ਮਸ਼ੀਨ ਹੈ ਜਿਸ ਕਰਕੇ ਸੁਭਾਵਿਕ ਹੀ ਇਸ ਨੂੰ ਸਰਕਾਰੀ ਮਸ਼ੀਨਰੀ ਕਹਿ ਲੈਂਦੇ ਹਨ। ਪ੍ਰੰਤੂ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਇਹ ਮਸ਼ੀਨ ਜਾਨਦਾਰ ਅਤੇ ਸੋਚਣ ਵਾਲੀ ਮਸ਼ੀਨ ਹੈ, ਜਿਸ ਦਾ ਸਮਾਜਿਕ ਅਤੇ ਨਿੱਜੀ ਸਰੋਕਾਰ ਹੈ। ਇਹ ਰਾਜ ਭਾਗ ਕਿਸੇ ਵਸਤੂ ਦਾ ਬਣਿਆ ਹੋਇਆ ਤਖ਼ਤ ਅਤੇ ਤਾਜ ਨਹੀਂ ਜਿਸ ਨੂੰ ਪਹਿਨ ਕੇ ਹਾਕਮ ਬੈਠ ਜਾਂਦਾ ਹੈ।

ਇਸੇ ਹੀ ਪ੍ਰਸੰਗ ਵਿਚ ਭਾਰਤੀ ਪ੍ਰਸ਼ਾਸਨ ਨੂੰ ਪਰਖਣਾ ਚਾਹੀਦਾ ਹੈ। ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਭਾਰਤੀ ਪ੍ਰਸ਼ਾਸਨ ਦਾ ਬਹੁਤ ਲੰਬਾ ਇਤਿਹਾਸ ਹੋਣ ਦੇ ਬਾਵਜੂਦ ਵਰਤਮਾਨ ਪ੍ਰਸ਼ਾਸਨ ਨਾਲ ਇਸ ਦਾ ਕੋਈ ਵੀ ਲੈਣਾ ਦੇਣਾ ਨਹੀਂ ਹੈ। ਹਾਲਾਂ ਕਿ ਭਾਰਤੀ ਪ੍ਰਸ਼ਾਸਨ ਜਦੋਂ ਤੋਂ ਹੋਂਦ ਵਿਚ ਆਇਆ ਹੈ, ਜਨ-ਸਧਾਰਨ ਦਾ ਦੋਸਤ ਕਦੇ ਨਹੀਂ ਰਿਹਾ। ਭਾਰਤੀ ਸਮਾਜ ਵਿਚ ਦੋ ਸਮਾਨਾਂਤਰ ਸਰਕਾਰਾਂ ਚਲਦੀਆਂ ਆਈਆਂ ਸਨ ਅਤੇ ਦੋਹਾਂ ਦਾ ਹੀ ਕੇਂਦਰੀ ਮਨੋਰਥ ਧਨ ਇਕੱਠਾ ਕਰਨਾ ਸੀ। ਸਮਾਜ ਦਾ ਆਰਥਿਕ ਵਿਕਾਸ ਦੋਹਾਂ ਹੀ ਪ੍ਰਸ਼ਾਸਨਾਂ ਦੇ ਏਜੰਡੇ ਤੇ ਨਹੀਂ ਰਿਹਾ। ਇਸੇ ਕਰਕੇ ਭਾਰਤੀ ਅਰਥਚਾਰੇ ਨੇ ਹਜ਼ਾਰਾਂ ਸਾਲ ਇਕ ਵੀ ਕਦਮ ਅੱਗੇ ਨਹੀਂ ਪੁੱਟਿਆ ਸੀ। ਉਹ ਤਕਰੀਬਨ ਚਾਰ ਹਜ਼ਾਰ ਸਾਲ ਲਗਾਤਾਰ ਉਹੀ ਔਜ਼ਾਰ ਇਸਤੇਮਾਲ ਕਰਦਾ ਰਿਹਾ। ਇਹ ਦੋ ਵੱਖਰੇ ਵੱਖਰੇ ਸਮਾਨਾਂਤਰ ਪ੍ਰਸ਼ਾਸਨ 'ਰਾਜਨੀਤਿਕ ਪ੍ਰਸ਼ਾਸਨ' ਅਤੇ 'ਪੁਜਾਰੀ ਪ੍ਰਸ਼ਾਸਨ' ਸਨ। ਰਾਜਨੀਤਿਕ ਹਾਕਮ ਟੈਕਸਾਂ ਤੇ ਲੁੱਟ-ਖੋਹ ਰਾਹੀਂ ਅਤੇ ਧਾਰਮਿਕ ਹਾਕਮ ਮਾਨਸਿਕ ਜਬਰ ਨਾਲ ਦੱਛਣਾ ਰਾਹੀਂ ਧਨ ਇਕੱਤਰ ਕਰਦੇ ਸਨ। ਦੋਹਾਂ ਦਾ ਸਾਂਝਾ ਮੋਰਚਾ ਵੀ ਸੀ ਅਤੇ ਧਨ ਦੀ ਵੰਡ ਉਪਰ ਇਕ ਦੂਜੇ ਦਾ ਖੂਨ ਖਰਾਬਾ ਵੀ ਕਰਦੇ ਸਨ। ਇਹ ਲੰਬਾ ਵਿਸ਼ਲੇਸ਼ਣ ਕਿਸੇ ਹੋਰ ਮੌਕੇ ਵਾਸਤੇ ਇਥੇ ਹੀ ਛਡਦਿਆਂ ਵਰਤਮਾਨ ਪ੍ਰਸ਼ਾਸਨ ਦਾ ਚਰਿੱਤਰ ਜਾਣਨ ਦਾ ਯਤਨ ਕਰਦੇ ਹਾਂ ਜਿਸ ਨੂੰ ਪੁਰਾਤਨ ਜਾਂ ਮੱਧਕਾਲੀ ਪ੍ਰਸ਼ਾਸਨ ਦੀ ਲਾਗ ਨਹੀਂ ਲੱਗੀ ਹੋਈ ਪ੍ਰੰਤੂ ਪ੍ਰਸ਼ਾਸਕਾਂ ਦੇ ਵੱਡੇ ਹਿੱਸੇ ਦਾ ਪਿਛੋਕੜ ਉਪਰੋਕਤ ਦੋ ਵਰਗਾਂ ਨਾਲ ਜ਼ਰੂਰ ਜੁੜਿਆ ਹੋਇਆ ਹੈ।

ਇਹ ਸੱਜਰਾ ਪ੍ਰਸ਼ਾਸਨ ਕੀ ਹੈ ਅਤੇ ਇਸ ਦੀ ਸਿੱਖਿਆ ਕਿਹੜੀ ਹੈ?

ਮੁਗਲ ਰਾਜ ਦੇ ਢੈਅ-ਢੇਰੀ ਹੋਣ ਨਾਲ ਭਾਰਤ ਦਾ ਰਾਜਨੀਤਿਕ ਪ੍ਰਬੰਧ ਬਰਤਾਨੀਆ ਦੀ 'ਈਸਟ ਇੰਡੀਆ ਕੰਪਨੀ' ਦੇ ਹੱਥਾਂ ਵਿਚ ਚਲਾ ਗਿਆ, ਜਿਹੜੀ ਕਿ ਵਪਾਰਕ ਕੰਪਨੀ ਸੀ ਅਤੇ ਮੁਨਾਫੇ ਕਮਾਉਣ ਲਈ ਭਾਰਤ ਵਿਚ ਆਈ ਸੀ।। ਇਸ ਦਾ ਸਾਰਾ ਹੀ ਅਮਲਾ ਫੈਲਾ ਅਤੇ ਅਫ਼ਸਰ ਵਧ ਤੋਂ ਵਧ ਕਮਾਉਣ ਲਈ ਆਪਣੇ ਘਰਾਂ ਤੋਂ ਦੂਰ ਵਿਦੇਸ਼ ਵਿਚ ਆਏ ਸਨ। ਉਹਨਾਂ ਨੂੰ ਮੁਨਾਫਾ ਕਮਾਉਣ ਦੀ ਵਪਾਰਕ ਟ੍ਰੇਨਿੰਗ ਦਿੱਤੀ ਹੋਈ ਸੀ ਅਤੇ ਇਸੇ ਹੀ ਕੰਪਨੀ ਦੇ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਹੀ ਭਾਰਤ ਦਾ ਪ੍ਰਸ਼ਾਸਨ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸੇ ਹੀ ਕੰਪਨੀ ਨੇ ਪ੍ਰਸ਼ਾਸਨ ਚਲਾਉਣ ਲਈ ਜਿੰਨ੍ਹਾਂ ਭਾਰਤੀ ਵਿਅਕਤੀਆਂ ਨੂੰ ਭਰਤੀ ਕੀਤਾ, ਉਹ ਮੁਗਲਾਂ ਦੇ ਜ਼ਮਾਨੇ ਵਾਂਗ ਰਵਾਇਤੀ ਬ੍ਰਾਹਮਣ ਅਤੇ ਪ੍ਰਸ਼ਾਸਕੀ ਮਾਹਿਰ ਨਹੀਂ ਸਨ ਸਗੋਂ ਉਹਨਾਂ ਨੇ ਕੁਲੀਨ ਵਰਗਾਂ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਆਪਣੀ ਵੱਖਰੀ ਵਿਧੀ ਨਾਲ ਟ੍ਰੇਂਡ ਕੀਤਾ। ਬਰਤਾਨਵੀ ਹਾਕਮਾਂ ਦੇ ਪ੍ਰਸ਼ਾਸਕਾਂ ਦੀ ਟ੍ਰੇਨਿੰਗ ਦੇਣ ਲਈ ਬਰਤਾਨੀਆ ਦੀਆਂ ਪਹਿਲਾਂ ਤੋਂ ਸਥਾਪਿਤ ਅਕਾਦਮੀਆਂ ਦੀ ਵਰਤੋਂ ਨਹੀਂ ਕੀਤੀ ਗਈ ਸਗੋਂ ਵੱਖਰੀ ਕਿਸਮ ਦੀ ਟ੍ਰੇਨਿੰਗ ਵਿਧੀ ਅਪਣਾਈ ਗਈ ਜਿਹੜੀ ਪ੍ਰਸ਼ਾਸਨ ਨੂੰ ਲਾਹੇਵੰਦ ਬਣਾਉਂਦੀ ਸੀ। ਮੁਨਾਫੇ ਦੀ ਟ੍ਰੇਨਿੰਗ ਨਾਲ ਤਿਆਰ ਕੀਤੇ ਹੋਏ ਅਮਲੇ ਫੈਲੇ ਦੇ ਹੱਥ ਰਾਜਸੀ ਤਾਕਤ ਵੀ ਆ ਗਈ ਸੀ। ਉਹਨਾਂ ਨੇ ਰਾਜਸੀ ਤਾਕਤ ਨੂੰ ਵੀ ਆਪਣੇ ਵਪਾਰ ਦੇ ਵਾਧੇ ਲਈ ਅਤੇ ਆਪਣੇ ਨਿੱਜੀ ਧਨ ਵਿਚ ਵਾਧਾ ਕਰਨ ਲਈ ਹੀ ਇਸਤੇਮ-ਾਲ ਕਰਨਾ ਸੀ। ਭਾਰਤ ਉਪਰ ਮੁਕੰਮਲ ਕਬਜ਼ੇ ਤੱਕ ਵੀ ਬਰਤਾਨਵੀ ਪ੍ਰਸ਼ਾਸਨ ਦੀਆਂ ਪੰਜ ਪੀੜੀਆਂ ਗੁਜ਼ਰ ਚੁੱਕੀਆਂ ਸਨ। ਬਰਤਾਨਵੀ ਭਾਰਤੀਆਂ ਨੂੰ ਵੀ ਅਮਲ ਵਿਚ ਅਹਿਸਾਸ ਕਰਾ ਦਿੱਤਾ ਗਿਆ ਕਿ ਪ੍ਰਸ਼ਾਸਨ ਧਨ ਕਮਾਉਣ ਦਾ ਇਕ ਲਾਜਵਾਬ ਸਰੋਤ ਹੈ, ਜਿਸ ਨੂੰ ਸਫਲਤਾ ਨਾਲ ਚਲਾਉਣਾ ਉਹਨਾਂ ਦੇ ਆਪਣੇ ਹਿੱਤ ਵਿਚ ਹੈ। ਇਹ ਚੀਨੀ ਫਿਲਾਸਫਰਾਂ ਦੇ ਉਸ ਸਿਧਾਂਤ ਦਾ ਵਧੇਰੇ ਸੁਧਰਿਆ ਹੋਇਆ ਰੂਪ ਸੀ, ਜਿਹੜਾ ਉਹਨਾਂ ਨੇ 200 ਸਾਲ ਪੂਰਵ ਈਸਾ ਦੇ ਆਸ-ਪਾਸ ਦਿੱਤਾ ਸੀ। ਉਸ ਸਿਧਾਂਤ ਨੂੰ ਉਹਨਾਂ ਨੇ 'ਦਰਮਿਆਨੀ ਹਕੂਮਤ' (Middle Kingdom) ਦਾ ਨਾਮ ਦਿੱਤਾ ਸੀ ਕਿ ਆਪਣੀ ਸੁਰੱਖਿਆ ਲਈ ਉਹਨਾਂ ਲੋਕਾਂ ਵਿਚੋਂ ਭਰਤੀ ਕਰੋ, ਜਿੰਨ੍ਹਾਂ ਤੋਂ ਖ਼ਤਰਾ ਹੈ। ਉਹ ਆਪਣੀ ਨਿੱਜੀ ਸੁਖ-ਸਹੂਲਤ ਲਈ ਤੁਹਾਡੇ ਰਾਜ ਦੀ ਰਾਖੀ ਕਰਨਗੇ। ਉਹਨਾਂ ਨੂੰ ਆਪਣੇ ਤੌਰ ਤਰੀਕਿਆਂ ਅਨੁਸਾਰ ਢਾਲੋ।

ਵਰਤਮਾਨ ਭਾਰਤੀ ਪ੍ਰਸ਼ਾਸਨ ਦੀ ਨੀਂਹ ਮੁਨਾਫੇ ਉਪਰ ਰੱਖੀ ਗਈ ਸੀ, ਜਿਹੜਾ ਕਿ ਬਰਤਾਨੀਆ ਦੇ ਆਪਣੇ ਪ੍ਰਸ਼ਾਸਨ ਨਾਲੋਂ ਗੁਣਾਤਮਕ ਤੌਰ 'ਤੇ ਵੱਖਰਾ ਸੀ। ਇਸੇ ਹੀ ਦਿਸ਼ਾ ਵਿਚ ਉਸ ਨੂੰ ਟ੍ਰੇਂਡ ਕੀਤਾ ਗਿਆ ਸੀ। ਜਿੰਨ੍ਹਾ ਬਰਤਾਨਵੀ ਰਾਜ ਨੂੰ ਸੁਰੱਖਿਅਤ ਰੱਖੋਗੇ, ਉਨ੍ਹੇ ਹੀ ਸੁਰੱਖਿਅਤ ਰਹੋਗੇ। ਜਿੰਨਾ ਬਰਤਾਨਵੀ ਰਾਜ ਨੂੰ ਪ੍ਰਫੁੱਲਤ ਰੱਖੋਗੇ, ਉਨ੍ਹਾ ਹੀ ਖੁਸ਼ਹਾਲ ਰਹੋਗੇ। ਇਸ ਕਰਕੇ ਸਰਕਾਰੀ ਆਮਦਨ ਵਿਚ ਹਿੱਸੇਦਾਰੀ ਉਪਰ ਹੀ ਬਰਤਾਨਵੀ ਪ੍ਰਸ਼ਾਸਨ ਉਸਾਰਿਆ ਗਿਆ ਸੀ।

ਦੇਸ਼ ਦੀ ਆਜ਼ਾਦੀ ਤੋਂ ਬਾਦ, ਆਜ਼ਾਦ ਭਾਰਤ ਦੇ ਪ੍ਰਸ਼ਾਸਨ ਵਿਚ ਕੋਈ ਵੀ ਕ੍ਰਾਂਤੀਕਾਰੀ ਤਬਦੀਲੀ ਨਹੀਂ ਲਿਆਂਦੀ ਗਈ। ਭਾਰਤੀ ਕੌਮ ਅਤੇ ਭਾਰਤੀ ਸੱਤਾ ਦੀਆਂ ਪ੍ਰਾਥਮਿਕਤਾਵਾਂ ਵਿਚ ਅਤੇ ਉਦੇਸ਼ਾਂ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਆ ਗਈਆਂ ਪ੍ਰੰਤੂ ਉਹਨਾਂ ਨੂੰ ਅਮਲੀ ਜਾਮਾ ਪਵਾਉਣ ਦੀ ਵਿਧੀ ਵਿਚ ਤਬਦੀਲੀ ਨਹੀਂ ਆਈ। ਆਜ਼ਾਦ ਭਾਰਤ ਨੂੰ ਜਿਹੜਾ ਮੁਨਾਫਾਖੋਰ ਪ੍ਰਸ਼ਾਸਨਕ ਢਾਂਚਾ ਵਿਰਸੇ ਵਿਚ ਮਿਲਿਆ ਸੀ, ਉਹ ਜਿਉਂ ਦਾ ਤਿਉਂ ਜਾਰੀ ਰਿਹਾ। ਫੈਸਲੇ ਲੈਣ ਵਾਲੇ ਲੋਕ ਬਦਲ ਗਏ, ਪਰ ਫੈਸਲੇ ਲਾਗੂ ਕਰਨ ਵਾਲਿਆਂ ਵਿਚ ਕੋਈ ਤਬਦੀਲੀ ਨਾ ਆਈ। ਜੇਕਰ ਰੋਮ ਦੇ ਗਲੀਏਸ਼ਨ ਵਾਂਗ ਹੌਲੀ ਹੌਲੀ ਤਬਦੀਲੀਆਂ ਦਾ ਦੌਰ ਵੀ ਆਰੰਭਿਆ ਹੁੰਦਾ ਤਾਂ ਵੀ ਅਸਲੋਂ ਹੀ ਨਵੇਂ ਚਰਿ-ੱਤਰ ਵਾਲਾ ਪ੍ਰਸ਼ਾਸਨਕ ਢਾਂਚਾ ਉਸਾਰ ਲੈਣਾ ਸੰਭਵ ਸੀ। ਪ੍ਰੰਤੂ ਅਜਿਹਾ ਕੁਝ ਵੀ ਨਹੀਂ ਹੋਇਆ। ਫਰਕ ਸਿਰਫ਼ ਇੰਨਾ ਪਿਆ ਹੈ ਕਿ ਪ੍ਰਸ਼ਾਸਨਕਾਂ ਦੀ ਗਿਣਤੀ ਵਿਚ ਹੈਰਾਨੀਜਨਕ ਵਾਧਾ ਹੋ ਗਿਆ ਹੈ। ਪਹਿਲਾਂ ਜਿਸ ਵਿਭਾਗ ਨੂੰ ਤਿੰਨ ਅਫ਼ਸਰ ਚਲਾਉਂਦੇ ਸਨ, ਹੁਣ ਉਸ ਦੀ ਥਾਂ ਤੇ ਤੇਰਾਂ ਹੋ ਗਏ ਹਨ। ਇਸ ਦੇ ਉਲਟ 'ਮੁਨਾਫਾ' ਤੇਰਾਂ ਹਿੱਸਿਆਂ ਵਿਚ ਵੰਡੇ ਜਾਣ ਦੀ ਥਾਂ 'ਮੁਨਾਫਾ' ਇਕੱਲੇ ਇਕੱਲੇ ਦਾ ਤੇਰਾਂ ਗੁਣਾ ਹੋ ਗਿਆ ਹੈ। ਰਾਜਨੀਤਿਕ, ਕੰਪਨੀ (ਈਸਟ ਇੰਡੀਆ) ਦੇ ਮਾਲਕਾਂ ਸਮਾਨ ਹੋ ਗਏ ਜਾਪਦੇ ਹਨ। ਅਦਾਲਤਾਂ ਭ੍ਰਿਸ਼ਟਾਚਾਰ ਦੇ ਕੇਸਾਂ ਨਾਲ ਭਰੀਆਂ ਪਈਆਂ ਹਨ।

'ਮਸ਼ੀਨ' ਜਿਹੜਾ ਉਤਪਾਦਨ ਕਰਨ ਵਾਸਤੇ ਬਣਾਈ ਜਾਂਦੀ ਹੈ ਉਹ ਉਹੀ ਜਿਣਸ ਮੈਨੂਫੈਕਚਰ ਕਰ ਸਕਦੀ ਹੈ। ਖਰਾਦ ਉਪਰ ਕੱਪੜਾ ਜਾਂ ਲੱਡੂ ਨਹੀਂ ਬਣਾਏ ਜਾ ਸਕਦੇ। ਲੋੜ, ਆਜ਼ਾਦੀ ਉਪਰੰਤ ਪ੍ਰਸ਼ਾਸਨ ਵਿਚ ਕ੍ਰਾਂਤੀਕਾਰੀ ਤਬਦੀਲੀ ਕਰਨ ਦੀ ਸੀ। ਸਾਡੇ ਜਨ-ਸਧਾਰਨ ਦੀਆਂ, ਗੁਰੂਆਂ ਅਤੇ ਭਗਤਾਂ ਦੀਆਂ ਸ਼ਾਨਦਾਰ ਸਿੱਖਿਆਵਾਂ ਅਤੇ ਰਵਾਇਤਾਂ ਰਹੀਆਂ ਹਨ ਜਿਹਨਾਂ ਦੇ ਆਧਾਰ 'ਤੇ ਅਸਲੋਂ ਹੀ ਨਵਾਂ ਪ੍ਰਸ਼ਾਸਨਕ ਢਾਂਚਾ ਉਸਾਰਿਆ ਜਾਣਾ ਚਾਹੀਦਾ ਸੀ। ਜਿਵੇਂ ਕਿ ਚੀਨੀਆਂ ਨੇ ਕਨਫਿਊਸ਼ਿਅਸ ਦੇ ਵਿਚਾਰਾਂ 'ਤੇ ਉਸਾਰਿਆ ਸੀ। ਭਾਰਤ ਦਾ ਅਜਿਹਾ ਪ੍ਰਸ਼ਾਸਨਕ ਢਾਂਚਾ ਸ਼ਾਇਦ ਕਨਫਿਊਸ਼ਿਅਸ ਦੇ ਪ੍ਰਸ਼ਾਸਨਕ ਢਾਂਚੇ ਤੋਂ ਥੋੜਾ ਬਿਹਤਰ ਹੀ ਹੁੰਦਾ। ਇਸ ਵਿਚ ਸਾਂਝੀਵਾਲਤਾ ਅਤੇ ਮਾਨਵਤਾ ਹੁੰਦੀ। ਪ੍ਰੰਤੂ ਅਜਿਹਾ ਨਹੀਂ ਹੋਇਆ।

ਸਗੋਂ ਇਸ ਦੇ ਇਕਦਮ ਉਲਟ ਹੋਇਆ। ਵਿਰਸੇ ਵਿਚ ਮਿਲੇ ਪ੍ਰਸ਼ਾਸਨ ਢਾਂਚੇ ਦੀ ਰਾਖੀ ਲਈ ਆਜ਼ਾਦ ਭਾਰਤ ਦੇ ਹਾਕਮਾਂ ਨੇ ਹਰ ਲੋੜੀਂਦਾ ਕਦਮ ਉਠਾਇਆ। ਬਰਤਾਨਵੀ ਹਾਕਮਾਂ ਦੇ ਚਲੇ ਜਾਣ ਉਪਰੰਤ ਇਹ ਹੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਵੱਲੋਂ ਪਿੱਛੇ ਛੱਡੀ ਗਈ 'ਮਸ਼ੀਨ' ਨੂੰ ਹੋਰ ਵੀ ਸ਼ਿੰਗਾਰ ਕੇ ਰੱਖਿਆ ਜਾਵੇ। ਜਿਹੜੇ ਲੋਕ ਪਵਿੱਤਰ ਭਾਵਨਾ ਨਾਲ ਦੇਸ਼ ਨੂੰ ਆਜ਼ਾਦ ਕਰਾਉਣ ਲਈ ਲੜੇ, ਉਹਨਾਂ ਤੋਂ ਹੀ ਬਰਤਾਨਵੀ ਪ੍ਰਸ਼ਾਸਨ ਨੂੰ ਸੁਰੱਖਿਤ ਰੱਖਣ ਦੇ ਯਤਨ ਕੀਤੇ ਗਏ। ਜਿੰਨ੍ਹਾਂ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਆਜ਼ਾਦੀ ਦੀ ਭਾਵਨਾ ਨਾਲ ਬਗਾਵਤਾਂ ਕੀਤੀਆਂ ਸਨ, ਆਜ਼ਾਦੀ ਉਪਰੰਤ ਉਹ ਬਹਾਲ ਨਾ ਕੀਤੇ ਗਏ। ਜਦੋਂ ਕਿ ਚਾਹੀਦਾ ਇਹ ਸੀ ਕਿ ਉਹਨਾਂ ਨੂੰ ਮਹਿਕਮਿਆਂ ਵਿਚ ਵਧੇਰੇ ਸੰਜੀਦਾ ਜ਼ਿੰਮੇਵਾਰੀਆਂ ਮਿਲਦੀਆਂ। ਇਹ ਉਹਨਾਂ ਦੀ ਅਨੁਸ਼ਾਸਨਹੀਣਤਾ ਨਹੀਂ ਸੀ ਸਗੋਂ ਦੇਸ਼-ਭਗਤੀ ਸੀ। ਉਹ ਦੇਸ਼ ਵਾਸਤੇ ਅਤੇ ਦੇਸ਼ ਵਾਸੀਆਂ ਵਾਸਤੇ ਵਧੇਰੇ ਵਫ਼ਾਦਾਰ ਸਨ। ਜਿਹੜੇ ਕੁਰਬਾਨ ਹੋਣ ਨਿਕਲੇ ਸਨ ਉਹਨਾਂ ਨੂੰ ਕੋਈ ਵੀ ਭ੍ਰਿਸ਼ਟ ਨਹੀਂ ਕਰ ਸਕਦਾ ਸੀ। ਉਹ ਭਾਵੇਂ ਥੋੜ੍ਹੇ ਸਨ ਪਰ ਪ੍ਰੇਰਨਾ ਸ੍ਰੋਤ ਵਜੋਂ ਕਾਫ਼ੀ ਸਨ।

ਲੋੜ ਇਸ ਗੱਲ ਦੀ ਵੀ ਸੀ ਕਿ ਪ੍ਰਸ਼ਾਸਨਕ ਢਾਂਚਾ ਇਕ ਵਾਢਿਉਂ ਹੀ ਨਵਾਂ ਉਸਾਰਿਆ ਜਾਂਦਾ। ਉਸ ਫਲਸਫੇ ਤੇ ਉਸਾਰਿਆ ਜਾਂਦਾ ਜਿਸ ਵਾਸਤੇ ਇਸ ਦੇਸ਼ ਦੇ ਮਹਾਂਪੁਰਸ਼ ਅਤੇ ਲੋਕ ਜਦੋ-ਜਹਿਦ ਕਰਦੇ ਰਹੇ ਸਨ। ਇਹ ਪ੍ਰਮੁੱਖ ਤੌਰ 'ਤੇ ਗੁਰੂ ਨਾਨਕ ਦਾ ਸਾਂਝੀਵਾਲਤਾ ਦਾ ਮਾਨਵਵਾਦੀ ਫਲਸਫਾ ਸੀ। ਪ੍ਰਸ਼ਾਸਨ ਦਾ ਚਰਿੱਤਰ ਲੋਕ ਹਿੱਤਾਂ ਦੇ ਪ੍ਰਸੰਗ ਵਿਚ ਹੋਣਾ ਚਾਹੀਦਾ ਹੈ ਨਾ ਕਿ ਮੁਨਾਫੇ ਦੇ ਪ੍ਰਸੰਗ ਵਿਚ। ਵਰਤਮਾਨ ਪ੍ਰਸ਼ਾਸਕੀ ਢਾਂਚੇ ਵਿਚ ਭ੍ਰਿਸ਼ਟਾਚਾਰ ਖਤਮ ਕਰਨ ਦੀ ਕੋਈ ਸੰਭਾਵਨਾ ਨਹੀਂ। ਇਸ ਦੀ ਉਸਾਰੀ ਦਾ ਆਧਾਰ ਅਸਲੋਂ ਹੀ ਵੱਖਰੀ ਭਾਵਨਾ ਉਪਰ ਜੇਕਰ ਨਹੀਂ ਹੁੰਦਾ ਅਤੇ ਇਸ ਦੀ ਬਣਤਰ ਵੀ ਅਸਲੋਂ ਹੀ ਵੱਖਰੀ ਨਹੀਂ ਹੁੰਦੀ ਤਾਂ ਉਮੀਦਾਂ ਕੇਵਲ ਆਪਣੇ ਆਪ ਨੂੰ ਸ਼ਰਮਿੰਦਾ ਕਰਨ ਲਈ ਪੈਦਾ ਹੋਣਗੀਆਂ। ਇਹ ਵੀ ਜ਼ਰੂਰੀ ਨਹੀਂ ਕਿ ਪ੍ਰਸ਼ਾਸਨ ਆਪਣੀ ਵਰਤਮਾਨ ਬਣਤਰ ਤੋਂ ਬਿਨਾਂ ਕੋਈ ਹੋਰ ਬਣਤਰ ਨਹੀਂ ਲੈ ਸਕਦਾ। ਇਹ ਤਜਰਬੇ ਸੱਭਿਆਤਾਵਾਂ ਦੇ ਜਨਮ ਤੋਂ ਹੀ ਹੁੰਦੇ ਆਏ ਹਨ। ਆਪਣੇ ਆਪਣੇ ਤਜਰਬੇ ਦੇ ਆਧਾਰ 'ਤੇ ਸੱਭਿਆਤਾਵਾਂ ਰਾਜਸੀ ਢਾਂਚੇ ਵਿਕਸਤ ਕਰਦੀਆਂ ਆਈਆਂ ਹਨ। ਦੇਖ ਰੇਖ ਵਾਲੇ ਸਧਾਰਨ ਸਕੱਤਰਾਂ ਤੇ ਇਨਸਪੈਕਟਰਾਂ (Emporar's eyes) ਤੋਂ ਸਿਵਲ ਪ੍ਰਸ਼ਾਸਨ ਤਕ ਪਹੁੰਚਣ ਲਈ ਇਸ ਨੂੰ ਅਨੇਕਾਂ ਪੜਾਵਾਂ ਵਿਚੋਂ ਲੰਘਣਾ ਪਿਆ ਸੀ। (ਅਕਾਇਮੇਨੀਅਨ ਰਾਜ ਤੋਂ ਓਟੋਮਨ ਰਾਜ ਤਕ)

ਵਰਤਮਾਨ ਪ੍ਰਸ਼ਾਸਕੀ ਤਾਣਾ ਬਾਣਾ ਭਾਰਤੀ ਜਨ-ਸਮੂਹ ਦੀਆਂ ਭਾਵਨਾਵਾਂ ਦੇ ਅਨੁਕੂਲ ਨਹੀਂ ਹੈ। ਇਹ ਜਨ-ਸਧਾਰਨ ਦੀਆਂ ਇੱਛਾਵਾਂ ਤੇ ਪੂਰਾ ਨਹੀਂ ਉਤਰ ਰਿਹਾ। ਲੋਕਾਂ ਦੇ ਮਨੋਂ ਲਹਿ ਗਿਆ ਹੈ। ਇਸ ਕਰਕੇ ਇਸ ਦੀ ਸਾਰਥਕਤਾ ਬਹਾਲ ਕਰਨ ਲਈ ਬੱਜਰ ਤਬਦੀਲੀਆਂ ਦੀ ਲੋੜ ਹੈ। ਇਹ ਭਾਰਤੀ ਵਿਦਵਤਾ ਦੇ ਇਮਤਿਹਾਨ ਦਾ ਸਮਾਂ ਹੈ ਕਿ ਉਹ ਪ੍ਰਸ਼ਾਸਨ ਦੀ ਕਿਹੜੀ ਬਦਲਵੀਂ ਵਿਧੀ ਨੂੰ ਵਿਕਸਤ ਕਰਦੀ ਹੈ। ਸੱਚ ਇਹ ਹੈ ਕਿ ਬਦਲ ਅਟੱਲ ਹੁੰਦਾ ਜਾ ਰਿਹਾ ਹੈ।

# ਆਰਥਿਕ ਸੰਕਟ, ਵਿਸ਼ਵ ਜੰਗ ਦੀ ਸੰਭਾਨਵਾ ਅਤੇ ਹੱਲ

ਕੰਵਲਜੀਤ

> ਅੱਜ ਦੁਨੀਆ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੈ। ਇਹ ਆਰਥਿਕ ਮੰਦਵਾੜਾ ਉਤਰ-ਅਧੁਨਿਕ ਅਰਥ ਵਿਵਸਥਾ ਦੇ ਅੰਦਰਲੇ ਅੰਤਰਦਵੰਦਾਂ ਦਾ ਸਿੱਟਾ ਹੈ ਜਾਂ ਇਸ ਦੇ ਪਿਛੋਕੜ ਵਿਚ ਕੁੱਝ ਹੋਰ ਵਰਤਾਰੇ ਵੀ ਕਾਰਜਸ਼ੀਲ ਹਨ? ਇਸ ਸਬੰਧ ਵਿਚ ਕੰਵਲਜੀਤ ਦਾ ਵਿਸ਼ੇਸ਼ ਲੇਖ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਆਰਥਿਕ ਸੰਕਟ ਅੱਜ ਵਿਸ਼ਵ ਭਰ ਦੇ ਤਮਾਮ, ਆਰਥਿਕ, ਰਾਜਨੀਤਿਕ ਸਵਾਲਾਂ ਦਾ ਕੇਂਦਰ ਬਿੰਦੂ ਬਣਿਆ ਹੋਇਆ ਹੈ। ਅਰਾਥਿਕ ਮਾਹਰ ਮੌਜੂਦਾ ਸੰਕਟ ਨੂੰ 'ਮਹਾਂਮੰਦੀ' (1929-33 ਦੌਰਾਨ ਸੰਸਾਰ ਭਰ ਵਿਚ ਲੱਖਾਂ ਜਾਨਾਂ ਲੈਣ ਵਾਲਾ ਆਰਥਿਕ ਸੰਕਟ) ਤੋਂ ਵੱਡਾ ਸੰਕਟ ਗਰਦਾਨ ਰਹੇ ਹਨ। ਵਿਸ਼ਵ ਭਰ ਦੇ ਆਰਥਿਕ ਮਾਹਰ, ਸਰਮਾਏਦਾਰ ਆਨੀ-ਬਹਾਨੀ ਜੁੜ ਬੈਠਦੇ ਹਨ ਅਤੇ ਇਸ ਸੰਕਟ ਵਿਚੋਂ ਨਿਕਲਣ ਦਾ ਰਾਹ ਭਾਲਣ ਦੀ ਕੋਸ਼ਿਸ਼ ਵਿਚ ਹਨ। ਸੰਕਟ ਦੀ ਸੱਭ ਤੋਂ ਪਹਿਲੀ ਮਾਰ ਸੇਵਾ ਅਤੇ ਵਿੱਤ ਖੇਤਰ 'ਤੇ ਪਈ ਹੈ। ਇਹ ਉਹ ਖੇਤਰ ਹਨ ਜਿਨ੍ਹਾਂ ਬਾਰੇ ਹਵਾਲਾ ਦੇ ਕੇ ਸਰਮਾਏਦਾਰੀ ਪੱਖੀ ਬੁੱਧੀਜੀਵੀ ਸਰਬੰਗੀ ਵਿਕਾਸ ਅਤੇ ਮਨੁੱਖਤਾ ਦੇ ਭਲੇ ਵਰਗੇ ਤਮਾਮ ਸੰਕਲਪਾਂ ਨੂੰ 'ਵੇਲਾ ਵਿਹਾ ਚੁੱਕੇ' ਸੰਕਲਪ ਐਲਾਨਦੇ ਹੋਏ ਉਨ੍ਹਾਂ ਦੀ ਥਾਂ ਮੁਕਾਬਲੇਬਾਜ਼ੀ, ਵਿਅਕਤੀਗਤ ਵਿਕਾਸ ਗਰੋਥ' ਆਦਿ ਵਰਗੇ ਸੰਕਲਪਾਂ ਨੂੰ ਪ੍ਰਚੱਲਤ ਕਰਦੇ ਰਹੇ ਹਨ। ਇਨ੍ਹਾਂ ਖੇਤਰਾਂ ਵਿਚ ਕੰਮ ਕਰਦੇ ਉਚ ਸਿਖਿਅਤ ਕਾਮੇ ਅਤੇ ਇਸ ਸ਼੍ਰੇਣੀ ਵਿਚ ਦਾਖ਼ਲ ਹੋਣ ਦੇ ਇੱਛੁਕ ਵਿਦਿਆਰਥੀ ਹਾਲੇ ਵੀ ਡੌਰ ਭੌਰ ਹਨ- ਟਾਂਈਟਾਨਿਕ ਤਾਂ ਨਾ ਡੁੱਬਣਯੋਗ ਜਹਾਜ਼ ਹੈ!! ਪਰ ਸੱਚ ਇਹ ਹੈ ਕਿ ਆਰਥਿਕਤਾ ਦੇ 'ਟਾਈਟਾਨਿਕ' ਦੇ ਕਪਤਾਨ ਬਰਾਕ ਓਬਾਮਾ ਵੀ ਇਸ ਦਾਅਵੇ ਦੇ ਗਲਤ ਹੋ ਜਾਣ ਬਾਰੇ ਦਬਵੀਂ ਸੁਰ ਵਿਚ ਮੰਨ ਰਹੇ ਹਨ। ਇਸ ਦੌਰਾਨ ਉਨ੍ਹਾਂ ਦੀ ਸੱਭ ਤੋਂ ਪ੍ਰਮੁੱਖ ਚਿੰਤਾ ਕੁੱਝ ਕੰਪਨੀਆਂ ਨੂੰ ਬਚਾਉਣ ਦੀ ਨਹੀਂ ਹੈ ਸਗੋਂ ਉਨ੍ਹਾਂ ਦੀ ਪ੍ਰਮੁੱਖ ਚਿੰਤਾ ਹੈ ਆਰਥਿਕਤਾ ਦੇ ਸਰਮਾਏਦਾਰਾਨਾ ਮਾਡਲ ਨੂੰ ਫੇਲ ਹੋ ਜਾਣ ਤੋਂ ਬਚਾਉਣਾ। ਠੀਕ ਇਸੇ ਕਾਰਨ ਮੀਡੀਆ ਵਿਚ ਬੇਹੱਦ ਆਪਾ ਵਿਰੋਧੀ ਪ੍ਰਚਾਰ ਭਰਿਆ ਪਿਆ ਹੈ ਜਿਸ ਦੇ ਕਾਰਨ ਮੱਧ ਵਰਗ ਕਦੀ ਆਪਣੇ ਹੱਥੋਂ ਖੁੱਸਦੇ ਰੁਜ਼ਗਾਰ, ਕਦੀ ਡਿੱਗਦੇ ਜਾਂਦੇ ਸ਼ੇਅਰ ਬਾਜ਼ਾਰ ਵਲ ਵੇਖ ਕੇ ਮਾਯੂਸ ਹੁੰਦਾ ਹੈ। ਕਦੀ ਰਾਸ਼ਟਪਤੀਆਂ, ਪ੍ਰਧਾਨ ਮੰਤਰੀਆਂ ਦੇ ਭਾਸ਼ਣ ਸੁਣ ਕੇ ਮੁੜ ਹੌਸਲਾ ਫੜ ਜਾਂਦਾ ਹੈ। ਸਰਮਾਏਦਾਰੀ ਨੇ ਇਸ ਦੌਰ ਵਿਚ ਆਰਥਿਕ ਵਰਤਾਰਿਆਂ ਨੂੰ ਸਮੁੱਚਤਾ ਵਿਚ ਵੇਖਣ, ਸਮਝਣ ਦੀ ਬਜਾਏ 'ਚੰਗੇ ਲੱਛਣਾਂ' ਅਤੇ 'ਮਾੜੇ ਲੱਛਣਾਂ' ਦੀਆਂ ਟੁੱਟਵੀਆਂ ਸੂਚੀਆਂ ਤਿਆਰ ਕਰ ਕੇ ਉਨ੍ਹਾਂ ਦੇ ਆਧਾਰ ਤੇ ਭਵਿੱਖਬਾਣੀਆਂ ਕਰਨ ਦਾ ਰਾਹ ਫੜਿਆ ਹੈ। ਇਹ ਰਾਹ ਏਨਾ ਦੰਭੀ ਹੈ ਕਿ ਉਦਾਹਰਣ ਵਜੋਂ, ਮੁੱਦਰਾ ਸਫਿਤੀ ਦਾ ਘਟਦੇ ਜਾਣਾ, ਇਕ ਚੰਗੇ ਲੱਛਣ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਦੋਂ ਕਿ ਸੱਚਾਈ ਇਹ ਹੈ ਕਿ ਬਾਜ਼ਾਰ ਵਿਚੋਂ 'ਮੰਗ' ਖ਼ਤਮ ਹੋ ਜਾਣ ਕਾਰਨ ਮੁੱਦਰਾ ਦੀ ਲੋੜ ਹੀ ਖ਼ਤਮ ਹੋ ਰਹੀ ਹੈ। ਸੋ ਮੁੱਦਰਾ ਸਫ਼ਿਤੀ ਦਾ ਤੇਜ਼ੀ ਨਾਲ ਘਟਦੇ ਜਾਣਾ ਅਸਲ ਵਿਚ ਠੱਪ ਹੁੰਦੇ ਜਾ ਰਹੇ ਬਾਜ਼ਾਰ ਦਾ ਲਖਾਇਕ ਹੈ। ਪਰ ਹਾਕਮ ਹਿੱਸੇ ਇਸ ਨੂੰ ਆਪਣੀ 'ਅਰਥਵਿਵਸਥਾ 'ਤੇ ਕੰਟਰੋਲ' ਦਾ ਸੂਚਕ ਬਣਾ ਕੇ ਪੇਸ਼ ਕਰ ਰਹੇ ਹਨ।

ਕੀ ਇਹ ਮੌਜੂਦਾ ਆਰਥਿਕ ਮੰਦਵਾੜਾ ਅਚਾਨਕ ਹੀ ਆ ਗਿਆ?

ਨਹੀਂ, ਆਰਥਿਕ ਸੰਕਟ ਮਹਿਜ਼ ਉਦੋਂ ਦੁਨੀਆ ਵਿਚ ਨਹੀਂ ਆਇਆ ਜਦੋਂ ਅਖ਼ਬਾਰਾਂ ਨੇ ਉਸ ਬੋਲਣਾ ਸ਼ੁਰੂ ਕੀਤਾ ਸਗੋਂ ਇਹ ਸੰਕਟ 80ਵਿਆਂ ਦੇ ਦੂਜੇ ਅੱਧ ਤੋਂ ਹੀ ਲਗਾਤਾਰ ਅਮਰੀਕੀ ਅਰਥ ਵਿਵਸਥਾ 'ਤੇ ਮੰਡਰਾ ਰਿਹਾ ਹੈ। ਪ੍ਰੰਤੂ ਅਮਰੀਕਨ ਆਰਥਿਕਤਾ ਦੇ ਮੋਢੀ ਲਗਾਤਾਰ ਇਸ ਨੂੰ ਟਾਲਦੇ ਅਤੇ ਮੁਲਤਵੀ ਕਰਦੇ ਰਹੇ ਹਨ। ਆਰਥਿਕਤਾ ਤੇ ਕਾਬਜ਼ ਵਿੱਤੀ ਘਰਾਣਿਆਂ ਨੇ ਆਪਣੇ ਵਿੱਤ ਦੇ ਚਕੱਰ ਨੂੰ ਚੱਲਦਾ ਰੱਖਣ ਲਈ ਹਰ ਵਾਰ ਨਵੇਂ ਉਪਰਾਲੇ ਕੀਤੇ। ਵਿਸ਼ਵ ਦੇ ਲੋਕਾਂ ਵਲੋਂ ਕਿਤੇ ਵੀ ਜਮ੍ਹਾ ਕਰ ਕੇ ਰੱਖੀ ਪੂੰਜੀ ਨੂੰ ਵਿੱਤ ਬਾਜ਼ਾਰ ਵਿਚ ਖਿੱਚ ਲਿਆਉਣ ਦੇ ਸਿਰ ਤੋੜ ਅਤੇ ਨਿੱਤ ਨਵੇਂ ਯਤਨ ਕੀਤੇ। ਨਤੀਜੇ ਵਜੋਂ ਵਿੱਤ ਬਾਜ਼ਾਰ ਭੁਕਾਨੇ ਵਾਂਗ ਫੁਲਦਾ ਰਿਹਾ। ਵਿੱਤ ਦੇ ਅਜਾਰੇਦਾਰ ਆਪਣੀ ਪੂੰਜੀ ਨਾਲੋਂ ਕਈ ਗੁਣਾ ਵੱਡੀ ਪੂੰਜੀ ਬਾਜ਼ਾਰ ਵਿਚ ਛੱਡ ਕੇ ਬਾਹਰ ਨਿਕਲ ਜਾਣ 'ਤੇ ਮਜਬੂਰ ਕਰਦੇ ਰਹੇ। ਨਤੀਜੇ ਵਜੋਂ ਵਿੱਤ ਦੀ ਸੰਘਣਤਾ ਵੱਧਦੀ ਗਈ ਅਤੇ ਇਸ ਦੀ ਰਫ਼ਤਾਰ ਘਟਦੀ ਰਹੀ। ਇਸ ਪ੍ਰਕ੍ਰਿਆ ਨੂੰ ਚਾਲੂ ਰੱਖਣ ਲਈ ਇਸੇ ਦੌਰਾਨ ਤੀਜੀ ਦੁਨੀਆ ਦੇ ਮੁਲਕਾਂ ਦੇ ਬਾਜ਼ਾਰ ਨੂੰ 'ਨਵੀਂ ਆਰਥਕ ਨੀਤੀ' ਅਤੇ 'ਸਟਰਕਲਚਰ ਐਡਜਸਟਮੈਂਟਾ' ਰਾਹੀਂ ਵਿੱਤੀ ਪੂੰਜੀ ਦੀਆਂ ਲੋੜਾਂ ਅਨੁਰੂਪ ਢਾਲਿਆ ਗਿਆ। ਇਸੇ ਦੌਰਾਨ ਤੀਜੀ ਦੁਨੀਆ ਦੇ ਮੁਲਕਾਂ ਵਿਚ ਨਵੇਂ ਦੌਰ ਦੇ ਅਨੁਰੂਪ ਅਤੇ ਵਿਸ਼ਵ ਸਾਮਰਾਜ ਦੀਆਂ ਨਵੀਆਂ ਲੋੜਾਂ ਦੇ ਅਨੁਕੂਲ ਕਦਮ ਮਿਲਾ ਕੇ ਚੱਲਣ ਵਾਲੇ ਉਦਯੋਗਕ ਘਰਾਣੇ ਅੱਗੇ ਆਏ। ਇਸੇ ਦੌਰਾਨ ਕਦੀ 'ਆਈ.ਟੀ.ਬੂਮ' ਅਤੇ ਕਦੀ 'ਰੀਅਲ ਅਸਟੇਟ ਬੂਮ' ਨੇ ਵਿੱਤੀ ਗੇੜਾਂ ਨੂੰ ਹੁਲਾਰੇ ਦਿਤੇ ਪਰ ਸਭ ਕੁੱਝ ਦੇ ਬਾਵਜੂਦ ਸੰਕਟ ਮੁੜ ਮੁੜ ਪਹਿਲਾਂ ਨਾਲੋਂ ਗਹਿਰਾ ਹੋ ਕੇ ਸਿਰ ਚੁੱਕਦਾ ਰਿਹਾ। ਇਸ ਦੇ ਮੁੜ ਆਉਣ ਦਾ ਸਮਾਂ ਅੰਤਰਾਲ ਹਰ ਵਾਰ ਫਟਦਾ ਰਿਹਾ ਅਤੇ ਇਸ ਵਿਚੋਂ ਨਿਕਲਣ ਦੇ ਰਾਹ ਹਰ ਵਾਰ ਘਟਦੇ ਗਏ। ਮੌਜੂਦਾ ਸੰਕਟ ਪਹਿਲਾਂ ਸਬ-ਪ੍ਰਾਈਮ ਸੰਕਟ ਦੇ ਰੂਪ ਵਿਚ ਅਮਰੀਕਨ ਹਾਊਸਿੰਗ ਫਾਈਨਾਂਸ ਦੇ ਖੇਤਰ ਵਿਚ ਉਭਰਿਆ। ਬੇਰੁਜ਼ਗਾਰੀ ਦੇ ਵਾਧੇ ਅਤੇ ਘਰਾਂ ਦੀਆਂ ਕੀਮਤਾਂ ਚੜ੍ਹਨ ਕਰ ਕੇ ਇਹ ਖੇਤਰ ਸੰਕਟ ਵਿਚ ਫਸਿਆ।

ਇਸ ਨੇ ਨਾਜੁਕ -ਸਮਤੋਲ 'ਤੇ ਟਿਕੇ ਸਾਰੇ ਵਿਤ ਬਾਜ਼ਾਰ ਨੂੰ ਹਲੂਣਾ ਦੇ ਦਿਤਾ ਜਿਸ ਨੇ ਆਪਣੀ ਵਾਰੀ ਉਸ ਨਾਲ ਜੁੜੀਆਂ ਵਿਸ਼ਵ ਦੀਆਂ ਤਮਾਮ ਸਟਾਕ ਐਕਸਚੇਂਜਾਂ ਵਿਚੋਂ ਪੈਸਾ ਕੱਢਣ ਕੇ ਆਪਣਾ ਘਰੇਲੂ ਸੰਕਟ ਹੱਲ ਕਰਨ ਦੇ ਚੱਕਰ ਵਿਚ ਬਾਕੀ ਅਰਥ ਵਿਵਸਥਾਵਾਂ ਨੂੰ ਵੀ ਝਟਕਾ ਦੇ ਦਿਤਾ। ਇਹ ਝਟਕੇ ਏਨੇ ਵੱਡੇ ਅਤੇ ਵਿਸ਼ਵ ਵਿਆਪੀ ਸਨ ਕਿ ਆਰਥਕ ਮੰਦਵਾੜਾ ਫਿਰ ਲੁਕੋਇਆਂ ਲੁਕਿਆ ਨਹੀਂ ਅਤੇ ਵਿਸ਼ਵ ਸਾਮਰਾਜ ਨੂੰ ਕਬੂਲ ਕਰਨਾ ਪਿਆ ਕਿ ਉਹ ਸਕੰਟ ਵਿਚ ਫਸ ਚੁਕਿਆ ਹੈ। ਸਾਲ 2008 ਵਿਚ ਜਨਵਰੀ ਤੋਂ ਲੈ ਕੇ ਸਤੰਬਰ ਮਹੀਨੇ ਤਕ ਅਮਰੀਕਾ ਦੇ 20 ਸਿਖਰਲੇ ਸੇਵਾ ਖੇਤਰ ਦੀਆਂ ਕੰਪਨੀਆਂ ਨੇ ਆਪਣੇ ਮੁਲਾਜ਼ਮਾਂ ਦੀ ਛੁੱਟੀ ਕਰਨੀ ਸ਼ੁਰੂ ਕਰ ਦਿਤੀ। ਉਹ ਮਹਿਜ਼ ਮੁਲਾਜ਼ਮ ਹੀ ਨਹੀਂ ਸਨ। ਉਹ ਬਾਜ਼ਾਰ ਦੇ ਉਪਭੋਗਤਾ ਵੀ ਸਨ ਓਤੇ ਫ਼ਾਈਨਾਂਸ ਕੰਪਨੀਆਂ ਦੇ ਕਰਜ਼ਦਾਰ ਵੀ ਸਨ। ਨਤੀਜੇ ਵਜੋਂ ਸੰਕਟ ਹੋਰ ਡੂੰਘਾ ਹੋਇਆ ਅਤੇ ਗੱਲ ਪੈਦਾਵਾਰੀ ਇਕਾਈਆਂ ਤਕ ਚਲ ਗਈ। ਬਾਜ਼ਾਰ ਵਿਚੋਂ ਮੰਗ ਘਟਣ ਕਾਰਨ ਪੈਦਾਵਾਰ ਘਟੀ ਗਈ। ਇਹੋ ਚੱਕਰ ਹੈ ਜੋ ਰੁਕਣ ਦਾ ਹਾਲੇ ਤਕ ਨਾਮ ਨਹੀਂ ਲੈ ਰਿਹਾ।

ਸਾਰੇ ਵਿਸ਼ਵ ਦੇ ਸਰਮਾਏਦਾਰੀ ਸਾਮਰਾਜ ਪੱਖੀ ਆਰਥਕ ਮਾਹਰ ਕਹਿੰਦੇ ਰਹੇ ਕਿ ਮੰਦੀ ਨੂੰ ਜ਼ਰੂਰ ਹੀ ਸੁਲਝਾ ਲਿਆ ਜਾਵੇਗਾ। ਉਨ੍ਹਾਂ ਦਾ ਤਰਕ ਹੈ ਕਿ ਇਹ ਦਸ ਸਾਲਾ ਸੰਕਟੀ ਚੱਕਰ ਹੈ ਭਾਵ ਇਹ ਮਹਿਜ ਇਕ 'ਰੁਟੀਨ' ਹੈ। ਉਹ ਇਹ ਵੀ ਮੰਨ ਗਏ ਹਨ ਕਿ ਇਹ ਬਹੁਤ ਗਹਿਰਾ ਹੈ ਅਤੇ ਕਾਫ਼ੀ ਲੰਮਾ ਚਲ ਸਕਦਾ ਹੈ। ਉਨ੍ਹਾਂ ਨੇ ਇਸ ਦਾ ਜ਼ਿੰਮੇਵਾਰ ਕੁੱਝ ਵਪਾਰਕ ਘਰਾਣਿਆਂ ਦੀ ਅੰਨੀ ਲਾਲਸਾ ਨੂੰ ਗਰਦਾਨਿਆ ਹੈ। ਕੁੱਝ ਉਦਾਰਵਾਦੀਆਂ ਨੇ ਰਾਜਸੱਤਾ ਦੇ ਵਧੇਰੇ ਸਖਤ ਦਖ਼ਲ ਦੀ ਵਕਾਲਤ ਵੀ ਕੀਤੀ ਹੈ।

ਰਾਜਸੱਤਾ ਦਾ ਸਖ਼ਤ ਦਖ਼ਲ ਕਿਹੋ ਜਿਹਾ ਹੋਵੇਗਾ, ਇਸ ਬਾਰੇ ਚਰਚਾ ਅੱਗੇ ਕਰਦੇ ਹਾਂ ਪਰ ਫਿਲਹਾਲ ਜੋ ਕੀਤਾ ਗਿਆ ਹੈ ਉਹ ਹੈ ਰਾਜ ਸੱਤਾ ਦਾ 'ਨਰਮ' ਦਖਲ ਅਤੇ ਡੁੱਬ ਰਹੇ ਨਿੱਜੀ ਵਪਾਰਕ ਘਰਾਣਿਆਂ ਦੇ ਸਿਰ 'ਤੇ ਰਾਜ ਸੱਤਾ ਦਾ ਮਮਤਾਮਈ ਹੱਥ! ਇਸ ਨੂੰ ਬੇਲ ਆਊਟ ਦਾ ਨਾਂ ਵੀ ਦਿੱਤਾ ਗਿਆ ਹੈ ਅਤੇ ਇਸ ਦਾ ਦੂਜਾ ਰੂਪ ਬੈਂਕਾਂ ਵਲੋਂ ਵਿਆਜ਼ ਦਰਾਂ ਵਿਚ ਕਟੌਤੀ ਸੀ.ਆਰ.ਆਰ. ਅਤੇ ਰਿਵਰਸ ਰੈਪੋ ਰੇਟ ਘਟਾ ਕੇ ਲੋਕਾਂ ਦੀਆਂ ਬੱਚਤਾਂ ਨੂੰ ਅਸੁਰੱਖਿਅਤ ਕਰ ਕੇ ਅਤੇ ਉਨ੍ਹਾਂ ਨੂੰ ਬਾਜ਼ਾਰ ਚਲਾਉਣ ਲਈ ਵਰਤਣ ਦੀ ਕੋਸ਼ਿਸ਼ ਹੈ। ਪ੍ਰੰਤੂ ਬਾਜ਼ਾਰ ਹਾਲੇ ਵੀ ਨਹੀਂ ਚਲ ਸਕੇ। ਖ਼ਬਰਾਂ ਮੁਤਾਬਕ ਇਕ ਪਾਸੇ ਸਰਕਾਰ ਬੈਂਕਾਂ 'ਤੇ ਦਬਾਅ ਪਾ ਰਹੀ ਹੈ ਕਿ ਉਹ ਵੱਧ ਤੋਂ ਵੱਧ ਖਪਤਕਾਰ ਕਰਜ਼ੇ ਵੰਡਣ ਅਤੇ ਦੂਜੇ ਪਾਸੇ ਹਿੰਦੁਸਤਾਨ ਦੇ ਸਿਖਰਲੇ ਅੱਠ ਬੈਂਕਾਂ ਦੇ ਅਣਮੁੜੇ ਕਰਜ਼ਿਆਂ ਦੀ ਗਿਣਤੀ ਪਿਛਲੇ 1 ਸਾਲ ਦੌਰਾਨ 30 ਫੀਸਦੀ ਵਧੀ ਹੈ। 'ਨਾਨ ਪਰਫਾਰਮਿੰਗ ਅਸੈਟ' ਵਿਚ ਕੁੱਲ 7218 ਕਰੋੜ ਦਾ ਵਾਧਾ ਹੋਇਆ ਹੈ।

| ਬੈਂਕ ਦਾ ਨਾਂ | ਦਸੰਬਰ 08 | ਨਵੰਬਰ 08 |
|---|---|---|
| ਐਸ.ਬੀ.ਆਈ. | 13314 | 12552 |
| ਕੇਨਰਾ ਬੈਂਕ | 2515 | 1574 |
| ਬੈਂਕ ਆਫ਼ ਇੰਡੀਆ | 2213 | 1978 |
| ਯੂਨੀਅਨ ਬੈਂਕ | 1564 | 1475 |
| ਆਈ.ਸੀ.ਆਈ.ਸੀ.ਆਈ. | 8988 | 8501 |

ਇਸ ਦੇ ਕੁੱਝ ਲੁਕਵੇਂ ਤੇ ਟੇਢੇ ਰੂਪ ਵੀ ਵੇਖਣ ਵਿਚ ਆ ਰਹੇ ਹਨ। ਮਿਤੀ 30.2.08 ਦੇ ਪੰਜਾਬੀ ਟ੍ਰਿਬਿਊਨ ਵਿਚ ਖ਼ਬਰਾਂ ਹਨ :

1. ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਟਾਟਾ ਮੋਟਰਜ਼ ਨੂੰ 2200 ਕਰੋੜ ਦਾ ਆਰਡਰ ਦੇਣ ਦੀ ਅਤੇ ਦੂਜੀ 'ਫੋਰਟਿਸ ਹਰਟ' ਹਸਪਤਾਲ ਸਮੂਹ ਵਲੋਂ 70 ਲੱਖ ਅਮਰੀਕੀ ਡਾਲਰ ਦੀ ਕੀਮਤ ਦਾ ਮਾਰੀਸ਼ਿਆਈ ਹਸਪਤਾਲ ਖ਼ਰੀਦਣ ਅਤੇ 1000 ਕਰੋੜ ਦੀ ਪੂੰਜੀ ਇਕੱਠੀ ਕਰਨ ਲਈ 'ਰਾਈਟਸ' ਇਸ਼ੂ ਕਰਨ ਦਾ ਫ਼ੈਸਲਾ। ਮੰਦਵਾੜੇ ਦੇ ਇਸ ਦੌਰ ਵਿਚ ਸਪੱਸ਼ਟ ਹੈ ਕਿ ਜੇਕਰ ਪਬਲਿਕ ਕਾਰਪੋਰੇਸ਼ਨਾਂ 2200 ਕਰੋੜ ਦਾ ਆਰਡਰ ਦੇਣਗੀਆਂ ਤਾਂ ਉਸ ਦਾ ਕੀ ਮਤਲਬ ਹੋਵੇਗਾ ਅਤੇ ਜੇ ਇਕ ਹਸਪਤਾਲ ਦੀ ਖ਼ਰੀਦ ਵਿਖਾ ਕੇ ਨਿਵੇਸ਼ਕਾਂ ਨੂੰ 1000 ਕਰੋੜ ਰੁਪਏ ਦਾ ਨਿਵੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਉਸ ਵਿਚ ਛੁਪਿਆ ਦੰਭ ਕਿਸੇ ਤੋਂ ਬਹੁਤ ਦੇਰ ਲੁਕਿਆ ਨਹੀਂ ਰਹਿ ਸਕਦਾ।

ਪ੍ਰੰਤੂ ਸਮੱਸਿਆ ਇਸ ਤੋਂ ਕਿਤੇ ਗੰਭੀਰ ਹੈ। ਸਮੱਸਿਆ ਇਹ ਹੈ ਕਿ ਅਗਰ ਸਰਕਾਰ ਦੇ ਸਾਰੇ 'ਬੇਲ ਆਊਟ', ਬੈਂਕਾਂ ਰਾਹੀਂ ਖਪਤਕਾਰ ਪੈਦਾ ਕਰਨ ਦੀ ਸਕੀਮ ਅਤੇ ਲੋਕਾਂ ਨੂੰ ਭਰਮਾ ਕੇ ਉਨ੍ਹਾਂ ਵਲੋਂ ਬਚਾਇਆ ਧਨ ਬਾਜ਼ਾਰ ਵਿਚ ਵੀ ਜਾਏ ਤਾਂ ਵੀ ਸੰਕਟ ਹੱਲ ਦੇ ਕੋਈ ਅਸਾਰ ਨਜ਼ਰ ਨਹੀਂ ਆ ਰਹੇ। ਕਿਉਂਕਿ ਬਿਨਾਂ ਠੋਸ ਪੈਦਾਵਾਰ ਅਤੇ ਉਸ ਦੀ ਲੋੜ ਮੁਤਾਬਕ ਵੰਡ ਤੋਂ ਮਹਿਜ਼ ਪੈਸੇ ਨਾਲ ਪੈਸਾ ਕਮਾਉਣ ਦਾ ਸਮਾਰਾਜੀ ਤਰੀਕਾ ਆਪਣੀ ਸਾਰਥਕਤਾ ਹੁਣ ਗੁਆ ਚੁੱਕਾ ਹੈ। ਕਿਉਂਕਿ ਸਾਮਰਾਜੀ ਫ਼ਾਈਨਾਂਸ ਦੀਆਂ ਇਜਾਰੇਦਾਰ ਕੰਪਨੀਆਂ ਅਜਿਹੇ ਆਰਥਕ 'ਚੁੰਬਕ' ਵਾਂਗ ਕੰਮ ਕਰ ਰਹੀਆਂ ਹਨ ਜੋ ਬਾਜ਼ਾਰ ਵਿਚ ਆਉਂਦਿਆਂ ਹੀ ਮੁਦਰਾ ਨੂੰ ਇਕਦਮ ਖਿੱਚ ਲੈਂਦਾ ਹੈ, ਬਾਜ਼ਾਰ ਨੂੰ ਚੱਲਣ ਨਹੀਂ ਦਿੰਦਾ ਭਾਵੇਂ ਇਹ ਖੁਦ ਉਸ ਲਈ ਇਕ ਦੁਖਦਾਈ ਸਮੱਸਿਆ ਹੀ ਹੈ।

ਹੁਣ ਤਕ ਸੁਝਾਏ ਗਏ ਤਮਾਮ 'ਹੱਲ' ਬੇਹੱਦ ਵਕਤੀ ਸਾਬਤ ਹੋਏ ਹਨ, ਜਿਨ੍ਹਾਂ ਡੁੱਬਦੀਆਂ ਕੰਪਨੀਆਂ ਅਤੇ ਫਰਮਾਂ ਨੂੰ ਬੇਲ ਆਊਟ ਜਾਂ ਅਜਿਹੀਆਂ ਹੋਰ ਸਰਕਾਰੀ ਸਹਾਇਤਾਵਾਂ ਨਾਲ ਚਾਲੂ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਬਿਲਕੁਲ ਉਹੋ ਕੰਪਨੀਆਂ ਹਨ ਜਿਨ੍ਹਾਂ ਦੇ ਚੱਲਣ ਦੀ ਪ੍ਰਕ੍ਰਿਆ ਆਪਣੇ ਆਪ ਵਿਚ ਆਰਥਕ ਸੰਕਟ ਪੈਦਾ ਕਰਨ ਦੀ ਪ੍ਰਕ੍ਰਿਆ ਵੀ ਸੀ। ਉਨ੍ਹਾਂ ਨੂੰ ਚਲਾ ਕੇ ਕਿਸ ਆਰਥਕ ਸੰਕਟ ਦਾ ਹੱਲ ਕਢਿਆ ਜਾ ਸਕਦਾ ਹੈ?

ਕੀ ਇਹ ਗੱਲ ਸਰਕਾਰਾਂ ਚਲਾਉਣ ਵਾਲੇ ਸਿਆਸਤਦਾਨਾਂ ਨੂੰ ਨਜ਼ਰ ਨਹੀਂ ਆਉਂਦੀ? ਬਿਲਕੁਲ ਨਜ਼ਰ ਆਉਂਦੀ ਹੈ। ਪ੍ਰੰਤੂ ਜੋ ਆਮ ਆਦਮੀ ਨੂੰ ਅੱਜ ਤਕ ਨਜ਼ਰੀ ਨਹੀਂ ਸੀ ਆਉਂਦਾ ਉਹ ਹੈ ਅਸਲ ਵਿਚ ਇਸ ਘਟਨਾਕ੍ਰਮ ਵਿਚੋਂ ਬਿਲਕੁਲ ਸਪੱਸ਼ਟ ਵੇਖਿਆ ਜਾ ਸਕਦਾ ਹੈ। ਕੀ ਸਰਕਾਰ ਸਰਮਾਏਦਾਰਾਂ ਨੂੰ ਬਚਾਉਂਦੀ ਹੈ ਜਾਂ ਅਸਲ ਵਿਚ ਸਰਕਾਰ ਖ਼ੁਦ ਹੀ ਉਨ੍ਹਾਂ ਸਰਮਾਏਦਾਰਾਂ ਦੇ ਰਹਿਮੋਕਰਮ 'ਤੇ ਟਿੱਕੀ ਹੋਈ ਹੈ? ਦੇਸ਼ ਦੇ ਵੱਡੇ ਸਰਮਾਏਦਾਰਾਂ ਵਲੋਂ ਸਰਕਾਰ ਨੂੰ ਚਲਾਉਣਾ ਜੇ ਅੱਜ ਤਕ ਸਪੱਸ਼ਟ ਰੂਪ ਵਿਚ ਵੇਖਿਆ ਨਹੀਂ ਜਾ ਸਕਿਆ ਤਾਂ ਸਿਰਫ ਇਸ ਕਰ ਕੇ ਕਿਉਂਕਿ ਉਹ ਸਕੰਟ ਵਿਚ ਇਸ ਹੱਦ ਤਕ ਫਸੇ ਹੋਏ ਨਹੀਂ ਸਨ ਇਸੇ ਲਈ 'ਐਂਟੀ ਇਨਕੰਬੈਸੀ' ਵਰਗ 'ਫਿਨਾਮਿਨੇ' ਚੋਣ ਵਿਚ ਵੇਖੇ ਜਾਂਦੇ ਸਨ। ਪ੍ਰੰਤੂ ਸੰਕਟ ਵਿਚ ਫਸੀ ਸਾਡੇ ਦੇਸ਼ ਦੀ ਸਰਮਾਏਦਾਰੀ ਅਤੇ ਵਿਸ਼ਵ ਸਾਮਰਾਜ ਆਪਣੇ ਅਤੀਤ ਦੇ ਖ਼ੂਨੀ ਪੰਨੇ ਵੀ ਫਰੋਲ ਰਿਹਾ ਹੈ।

ਇਸ ਦੀ ਤਾਜ਼ਾ ਤੇ ਉਭਰਵੀਂ ਉਦਾਹਰਣ ਹੈ ਗੁਜਰਾਤ ਵਿਚ 'ਵਾਈਬਰੈਂਟ ਗੁਜ਼ਰਾਤ ਗਲੋਬਲ ਇਨਵੈਸਟਰਜ਼ ਸਮਿਟ'' ਦੇ ਨਾਂ ਹੇਠ, 12-13 ਜਨਵਰੀ ਨੂੰ ਹੋਈ ਇਕ ਵੱਡੀ ਕਾਨਫ਼ਰੰਸ ਜਿਸ ਵਿਚ ਦੇਸ਼ ਦੇ ਚੋਟੀ ਦੇ ਸਰਮਾਏਦਾਰਾਂ ਤੋਂ ਬਿਨਾਂ ਜਾਪਾਨ, ਕੋਰੀਆ, ਇੰਡੋਨੇਸ਼ੀਆ, ਹਾਂਗਕਾਂਗ ਆਦਿ ਮੁਲਕਾਂ ਦੇ ਵੀ ਚੋਟੀ ਦੇ ਸਰਮਾਏਦਾਰ ਸ਼ਾਮਲ ਹੋਏ। ਉਸ ਕਾਨਫ਼ਰੰਸ ਦੀ ਕਾਰਵਾਈ ਜੋ ਸੁਰਖੀਆਂ ਵਿਚ ਆਈ, ਉਹ ਸੀ ਕਿ ਟਾਟਾ, ਬਿਰਲਾ, ਅੰਬਾਨੀ, ਜਿੰਦਲ, ਮਿੱਤਲ ਆਦਿ ਤਮਾਮ ਸਰਮਾਏਦਾਰਾਂ ਨੇ ਖੁਲ੍ਹੇਆਮ ਜ਼ੋਰ ਦੇ ਕੇ ਕਿਹਾ ਕਿ ਗੁਜ਼ਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਹੀ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋਣੇ ਚਾਹੀਦੇ ਹਨ। ਇਸ ਗੱਲ ਨੇ ਕਾਫ਼ੀ ਗੰਭੀਰ ਸਵਾਲ ਖੜੇ ਕਰ ਦਿਤੇ ਹਨ।

ਪਹਿਲਾ, ਕੀ ਸਰਮਾਏਦਾਰਾਂ ਦੀ ਵਿਸ਼ਵ ਪੱਧਰੀ ਕਾਨਫ਼ਰੰਸ, ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਤੈਅ ਕਰਨ ਲਈ ਕੀਤੀ ਗਈ ਸੀ? ਕੀ ਆਰਥਿਕ ਮੰਦਵਾੜੇ ਦਾ ਇਹੋ ਹੱਲ ਹੈ, ਜੋ ਉਸ ਕਾਨਫ਼ਰੰਸ ਨੇ ਤੈਅ ਕੀਤਾ ਹੈ?

ਦੂਸਰਾ, ਸਰਮਾਏਦਾਰਾਂ ਦੇ ਜਿਹਨ ਵਿਚ ਨਰਿੰਦਰ ਮੋਦੀ ਪ੍ਰਤੀ ਏਨੇ ਉਲਾਰ ਵਿਚਾਰ ਕਿਉਂ ਆਏ? ਉਨ੍ਹਾਂ ਨੇ ਆਪਣੇ ਮੂੰਹੋਂ ਇਸ ਦਾ ਕਾਰਨ ਦਸਿਆ ਹੈ ਕਿ ਅਸਲ ਵਿਚ ਗੁਜ਼ਰਾਤ ਅੰਦਰ ਸਨਅਤੀ ਵਿਕਾਸ ਦਾ ਇਕ ਅਜ਼ੀਮ ਮਾਡਲ ਨਰਿੰਦਰ ਮੋਦੀ ਨੇ ਉਸਾਰਿਆ ਹੈ, ਉਸੇ ਕਰ ਕੇ ਉਸ ਨੂੰ ਚੁਣਿਆ ਗਿਆ ਹੈ। ਪ੍ਰੰਤੂ ਇਹ ਕਾਰਨ ਕਾਫ਼ੀ ਸੰਦੇਹ ਜਨਕ ਹੈ। ਕੀ ਰਿਆਇਤਾਂ ਦੇ ਕੇ ਦੂਜੇ ਸੂਬਿਆਂ ਤੋਂ ਸਨਅਤੀ ਨਿਵੇਸ਼ ਆਪਣੇ ਸੂਬੇ ਵਿਚ ਖਿੱਚ ਲਿਆਉਣਾ ਉਸ 'ਮਾਡਲ' ਦਾ ਪ੍ਰਮੁੱਖ ਲੱਛਣ ਨਹੀਂ? ਕੀ ਇਸ ਨਾਲ ਰਲਦਾ ਮਿਲਦਾ ਕੰਮ ਹਿਮਾਚਲ, ਛਤੀਸਗੜ੍ਹ ਵਿਚ ਨਹੀਂ ਹੋਇਆ? ਇਸ ਤੋਂ ਵੀ ਅੱਗੇ, ਕੀ ਅੱਜ ਦੇ ਆਰਥਕ ਸੰਕਟ ਦੇ ਦੌਰ ਵਿਚ, ਜਦੋਂ ਬਾਜ਼ਾਰ ਇਸ ਹੱਦ ਤਕ ਰੁਕ ਗਿਆ ਹੈ ਤਾਂ ਕੀ ਅਜਿਹੇ ਕਦਮਾਂ ਦਾ ਕੋਈ ਮਾਇਨਾ ਹੋ ਸਕਦਾ ਹੈ?

ਸਵਾਲਾਂ ਦਾ ਸਵਾਲ ਇਹ ਕਿ ਕੀ 'ਗੁਜ਼ਰਾਤ ਮਾਡਲ' ਆਰਥਕ ਮੰਦਵਾੜੇ ਦਾ ਸ਼ਿਕਾਰ ਨਹੀਂ ਹੋਇਆ? ਕੀ ਸੂਰਤ ਦੀ 'ਹੀਰਾ' ਸਨਅਤ ਬੁਰੇ ਤਰੀਕੇ ਨਾਲ ਤਬਾਹੀ ਤੋਂ ਬਚਾਈ ਜਾ ਸਕੀ? ਸਪੱਸ਼ਟ ਹੈ ਕਿ ਮੋਦੀ ਦੀ ਚੋਣ ਲਈ 'ਸਨਅਤੀ ਵਿਕਾਸ ਮਾਡਲ' ਵਾਲਾ ਤਰਕ ਅਤਿਅੰਤ ਦੰਭੀ ਹੈ। ਅਸਲ ਗੱਲ ਹੋਰ ਹੈ। ਮੋਦੀ ਨੇ ਅੱਜ ਤਕ ਜੋ 'ਵਿਲੱਖਣ' ਕੰਮ ਸਪੱਸ਼ਟ ਰੂਪ ਵਿਚ ਅਤੇ ਬੇਕਿਰਕ ਹੋ ਕੇ ਕੀਤਾ ਹੈ ਉਹ ਹੈ ਗੋਧਰਾ ਕਾਂਡ ਤੋਂ ਬਾਅਦ ਮੁਸਲਮਾਨਾਂ ਤੇ ਯੋਜਨਾਬੱਧ ਹਮਲੇ-ਸਫ਼ਾਏ ਦੀ ਮੁਹਿੰਮ। ਇਤਿਹਾਸ ਗਵਾਹ ਹੈ ਕਿ ਆਰਥਕ ਸੰਕਟ ਵਿਚੋਂ ਨਿਕਲਣ ਦੇ ਆਰਥਕ ਹੱਲ ਬੇਅਸਰ ਹੋਣ ਦੀ ਸੂਰਤ ਵਿਚ ਵਿੱਤੀ ਸਮਰਾਏ ਨੇ ਫਾਸੀਵਾਦ ਦਾ ਸਹਾਰਾ ਲਿਆ ਹੈ। ਦੇਸ਼ ਦੇ ਅੰਦਰ ਅੰਨਾ ਕੌਮਵਾਦ, ਫਿਰਕਾਪ੍ਰਸਤੀ ਫੈਲਾ ਕੇ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਜੰਗਾਂ ਲਗਾ ਕੇ ਹੀ ਸੰਕਟਗ੍ਰਸਤ ਸਰਮਾਏਦਾਰੀ ਅੱਗੇ ਵਧਦੀ ਰਹੀ ਹੈ। ਠੀਕ ਇਹੋ ਲੱਛਣ, ਪਿਛਲੀ ਮਹਾਂਮੰਦੀ ਨਾਲੋਂ ਵੀ ਵੱਡੇ ਦੱਸੇ ਜਾ ਰਹੇ, ਅਜੋਕੇ ਵਿਸ਼ਵ ਆਰਥਕ ਸੰਕਟ ਦੌਰਾਨ ਵੀ ਉਭਰ ਰਹੇ ਹਨ।

ਮੁੰਬਈ ਹਮਲੇ ਤੋਂ ਬਾਅਦ ਦੇਸ਼ ਅੰਦਰ ਇਕ ਅੰਧ-ਰਾਸ਼ਟਰਵਾਦੀ ਜਨੂੰਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅੱਤਵਾਦ ਵਿਰੁਧ ਜੰਗ ਵਿਚ ਅਮਰੀਕਾ ਨਾਲ ਧਿਰ ਬਣ ਕੇ ਖਲੋ ਜਾਣਾ ਠੀਕ ਇਸੇ ਦਿਸ਼ਾ ਵਲ ਇਸ਼ਾਰਾ ਕਰਦੇ ਲੱਛਣ ਹਨ। ਇਸ ਸੰਦਰਭ ਵਿਚ ਵਰਤਾਰਿਆਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਅਤੇ 1929-33 ਦੀ ਮਹਾਂਮੰਦੀ ਦੌਰਾਨ ਵਿਸ਼ਵ ਭਰ ਵਿਚ ਵਾਪਰੀਆਂ ਸਿਆਸੀ ਤੇ ਆਰਥਕ ਘਟਨਾਵਾਂ 'ਤੇ ਜ਼ਰੂਰ ਨਿਗ੍ਹਾ ਮਾਰਨੀ ਚਾਹੀਦੀ ਹੈ। ਨਵੰਬਰ 1933 ਚ ਡੈਨਮਾਰਕ ਤੋਂ ਖ਼ਬਰ ਸੀ ਕਿ ਸਰਕਾਰੀ ਪਸ਼ੂ ਫ਼ਾਰਮਾਂ ਵਿਚ 5 ਹਜ਼ਾਰ ਪਸ਼ੂ ਪ੍ਰਤੀ ਹਫ਼ਤਾ ਮਾਰੇ ਜਾ ਰਹੇ ਹਨ। ਸਰਕਾਰ ਨੇ ਵਿਸ਼ੇਸ਼ ਫ਼ੰਡ ਸਥਾਪਤ ਕਰਕੇ ਮਰੇ ਪਸ਼ੂ ਜਲਾਉਣ ਦਾ ਪ੍ਰਬੰਧ ਕੀਤਾ ਸੀ ਜੋ ਨਾਕਾਫ਼ੀ ਸਾਬਤ ਹੋਇਆ ਅਤੇ ਸਰਕਾਰ ਨੂੰ ਪਾਰਲੀਮੈਂਟ ਵਿਚ ਹੋਰ ਫ਼ੰਡ ਲਈ ਮਤਾ ਪੇਸ਼ ਕਰਨਾ ਪਿਆ।

ਅਮਰੀਕਾ ਦੇ ਰੂਜਵੈਲਟ ਸ਼ਾਸ਼ਨ ਵਲੋਂ ਫਸਲੀ ਪੈਦਾਵਾਰ ਘਟਾਉਣ ਲਈ 'ਐਗਰੀਕਲਚਰ ਐਡਜਸਟਮੈਂਟ ਐਡਮਨਿਸਟਰੇਸ਼ਨ' ਸਥਾਪਤ ਕੀਤੀ ਗਈ ਜਿਸ ਦੀ ਖਰਚਿਆਂ ਦੀ ਲਿਸਟ ਧਿਆਨ ਯੋਗ ਹੈ :

| | |
|---|---|
| ਕਪਾਹ ਦੀ ਖੜੀ ਫਸਲ ਨਸ਼ਟ ਕਰਨ 'ਤੇ | : 110 ਮਿਲੀਅਨ ਡਾਲਰ |
| ਕਪਾਹ ਹੇਠ ਰਕਬਾ ਘਟਾਉਣ 'ਤੇ | : 150 ਮਿਲੀਅਨ ਡਾਲਰ |
| ਸੂਰ ਮਾਰਨ 'ਤੇ | : 33 ਮਿਲੀਅਨ ਡਾਲਰ |
| ਕਣਕ ਹੇਠ ਰਕਬਾ ਘਟਾਉਣ 'ਤੇ | : 102 ਮਿਲੀਅਨ ਡਾਲਰ |
| ਤੰਬਾਕੂ ਹੇਠ ਰਕਬਾ ਘਟਾਉਣ 'ਤੇ | : 21 ਮਿਲੀਅਨ ਡਾਲਰ |

ਬਰਤਾਨੀਆਂ ਵਿਚ 1930 ਵਿਚ 'ਨੈਸ਼ਨਲ ਸ਼ਿਪ ਬਿਲਡਿੰਗ ਸਕਿਊਰਿਟੀ ਲਿਮਟਿਡ' ਨਾਂ ਦੀ ਕੰਪਨੀ ਸਥਾਪਤ ਕੀਤੀ ਗਈ ਜਿਸ ਦਾ ਕੰਮ ਸੀ ਚੋਣਵੇਂ ਜਹਾਜ਼ਰਾਨੀ ਦੇ ਕਾਰਖ਼ਾਨਿਆਂ ਨੂੰ ਖ਼ਰੀਦ ਕੇ ਬੰਦ ਕਰ ਦੇਣਾ। ਇਸ ਕੰਮ ਲਈ ਇਸ ਕੰਪਨੀ ਨੂੰ 3 ਮਿਲੀਅਨ ਡਾਲਰ ਦਾ ਵਿਸ਼ੇਸ ਬਜਟ ਵੀ ਦਿਤਾ ਗਿਆ। ਇਸ ਕੰਪਨੀ ਨੇ 3 ਸਾਲਾਂ ਵਿਚ 100 ਤੋਂ ਵੱਧ ਜਹਾਜ਼ਰਾਨੀ ਦੇ ਕਾਰਖਾਨੇ ਖ਼ਰੀਦ ਕੇ ਬੰਦ ਕੀਤੇ ਅਤੇ ਲੱਖਾਂ ਕਾਮਿਆਂ ਨੂੰ ਵਿਹਲਾ ਕੀਤਾ।

ਬਰੱਸਲਜ਼ ਵਿਖੇ ਦੁਨੀਆ ਦੇ ਪ੍ਰਮੁੱਖ ਤਾਂਬਾ ਉਤਪਾਦਕਾਂ ਦੀ ਮੀਟਿੰਗ ਦਸੰਬਰ 1931 ਵਿਚ ਹੋਈ ਜਿਸ ਵਿਚ ਉਨ੍ਹਾਂ ਨੇ ਸਮਝੋਤਾ ਕੀਤਾ ਕਿ ਆਪਣੀਆਂ ਖਾਣਾਂ ਤੋਂ ਕੈਪੇਸਿਟੀ ਦੇ 26 ਫੀਸਦੀ ਤੋਂ ਵੱਧ ਪੈਦਾਵਾਰ ਨਹੀਂ ਲੈਣਗੇ। ਬਰਾਜੀਲ ਦੀ ਨੈਸ਼ਨਲ ਕੌਂਸ਼ਲ 1931 ਵਿਚ ਫੈਸਲਾ ਲਿਆ ਗਿਆ ਕਿ 12 ਮਿਲੀਅਨ ਕਾਫੀ ਬੈਸ਼ ਨਸ਼ਟ ਕਰ ਦਿਤੇ ਜਾਣ। 1932-33 ਦੌਰਾਨ ਕੁਲ 96 ਲੱਖ ਕੁਇੰਟਲ ਕਾਫ਼ੀ ਨਸ਼ਟ ਕੀਤੀ ਗਈ। 1933 ਦੇ ਅਖ਼ੀਰ ਤਕ ਘੱਟੋ ਘੱਟ 22,000,000 ਕੁਇੰਟਲ ਕਾਫੀ ਸਮੁੰਦਰ ਵਿਚ ਨਸ਼ਟ ਕਰ ਦਿਤੀ ਗਈ। ਇਸ ਕੰਮ ਲਈ ਖ਼ਰਚਾ ਸਰਕਾਰ ਵਲੋਂ, ਕਾਫ਼ੀ ਦੀ ਦਰਾਮਦ 'ਤੇ ਟੈਕਸ ਲਗਾ ਕੇ ਪੂਰਾ ਕੀਤਾ ਗਿਆ। ਵਰਣਨਯੋਗ ਹੈ ਕਿ ਇਹ ਸਾਰੀ ਕਾਫ਼ੀ ਸਰਕਾਰ ਵਲੋਂ ਮਾਲਕਾਂ ਤੋਂ ਖ਼ਰੀਦ ਕੇ ਨਸ਼ਟ ਕੀਤੀ ਗਈ (ਹਵਾਲਾ ਲੀਗ ਆਫ਼ ਨੇਸ਼ਨਜ਼, ਵਰਲਡ ਪਰੋਡਕਸ਼ਨ ਐਂਡ ਪਰਾਈਜ਼ਿਜ਼ 1925-32 ਪੀ. 28)।

ਟੈਕਸਾਸ ਤੇ ਉਖਲਾਮਾ ਦੇ ਗਵਰਨਰਾਂ ਨੇ ਕੌਮੀ ਗਾਰਡਾਂ ਨੂੰ ਆਦੇਸ਼ ਦਿਤਾ ਕਿ ਤੇਲ ਦੇ ਖੂਹਾਂ 'ਤੇ ਕਬਜ਼ਾ ਕਰ ਕੇ ਪੈਦਾਵਾਰ ਬੰਦ ਕਰ ਦੇਣ। ਸਿਆਸੀ ਖੇਤਰ ਵਿਚ ਇਸੇ ਸਮੇਂ ਦੌਰਾਨ ਇਟਲੀ ਵਿਚ ਮੁਸੋਲਿਨੀ, ਜਰਮਨੀ ਵਿਚ ਹਿਟਲਰ ਅਤੇ ਆਸਟਰੀਆ ਵਿਚ ਡੌਲਫਾਸ ਜਿਹੇ ਫਾਸਿਸਟ ਡਿਕਟੇਟਰਾਂ ਦੇ ਹੱਥਾਂ ਵਿਚ ਸੱਤਾ ਦਾ ਵੱਧ ਤੋਂ ਵੱਧ ਕੇਂਦਰੀਕਰਣ। ਵਿਤੀ ਸਰਮਾਏ ਦੇ ਇਜ਼ਾਰੇਦਾਰਾਂ ਵਲੋਂ ਪੂਰੀ ਤਰ੍ਹਾਂ ਇਨ੍ਹਾਂ ਦੀ ਪਿੱਠ ਥਾਪੜ ਕੇ ਤਮਾਮ ਕਿਸਮ ਦੀਆਂ ਜਮਹੂਰੀ, ਖੱਬੇ ਪੱਖੀ ਆਵਾਜ਼ਾਂ ਦਾ ਗਲਾ ਘੁੱਟ ਕੇ ਵਿਸ਼ਵ ਪੱਧਰੀ ਜੰਗ ਦੀ ਧਿਰ ਬਣਨ ਦੀ ਤਿਆਰੀ ਅਤੇ ਖਾਸ ਤੌਰ 'ਤੇ ਇਨ੍ਹਾਂ ਫਾਸ਼ਿਸ਼ਟ ਸਥਾਪਤੀਆਂ ਤੇ ਪੈਦਾ ਹੋਣ ਅਤੇ ਵਿਕਾਸ ਕਰ ਕੇ ਸੱਤਾ 'ਤੇ ਕਾਬਜ਼ ਹੋਣ ਦੌਰਾਨ, ਹੋਰਨਾ ਸਰਮਾਏਦਾਰ ਪਾਰਟੀਆਂ ਅਤੇ ਉਦਾਰਵਾਦੀਆਂ ਦੀ ਭੂਮਿਕਾ ਵੀ ਵੇਖਣਯੋਗ ਹੈ।

ਪਾਠਕ ਵੇਖ ਸਕਣਗੇ ਕਿ ਮੌਜੂਦਾ ਆਰਥਕ ਸੰਕਟ, ਉਸੇ ਨਕਸ਼ੇ 'ਤੇ ਉਭਰਣ ਤੋਂ ਠੀਕ ਪਹਿਲਾਂ ਅਤੇ ਇਸ ਦੌਰਾਨ ਦੀਆਂ ਰਾਜਨੀਤਕ ਅਤੇ ਆਰਥਕ ਪ੍ਰਕਿਰਿਆਵਾਂ 'ਮੂਲ ਰੂਪ' ਵਿਚ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਦੀਆਂ ਘਟਨਾਵਾਂ ਨਾਲ ਕਾਫੀ ਸਾਂਝ ਰਖਦੀਆਂ ਹਨ। ਸੰਕਟ ਵਿਚ ਫਸੀ ਸਰਮਾਏਦਾਰੀ ਮਨੁੱਖਤਾ ਦੇ ਖਿਲਾਫ਼ ਭੈੜੇ ਤੋਂ ਭੈੜੇ ਹਮਲੇ ਅਤੇ ਪੈਦਾਵਾਰੀ ਸ਼ਕਤੀਆਂ ਤੇ ਘਿਨਾਉਣੀ ਤਬਾਹੀ ਬਰਪਾਣ ਲਈ ਕਮਰਕਸੇ ਕਰ ਰਹੀ ਹੈ।

ਹੱਲ ਕੀ ਹੈ?

ਸਰਮਾਏਦਾਰੀ ਕਿੰਨੀ ਵੀ ਚਰਮਰਾ ਕਿਉਂ ਨਾ ਜਾਵੇ, ਕਿੰਨੀ ਵੀ ਜੱਜਰ ਕਿਉਂ ਨਾ ਹੋ ਜਾਵੇ ਇਹ ਆਪਣੇ ਆਪ ਸੱਤਾ ਨਹੀਂ ਛੱਡਦੀ। ਢਹਿੰਦੀ ਨਹੀਂ। ਇਹ ਇਤਿਹਾਸਕ ਸਚਾਈ ਹੈ। 1929-33 ਦੀ ਮਹਾਂਮੰਦੀ ਦੌਰਾਨ ਵੀ ਇਹ ਇਸ ਕਰ ਕੇ ਨਹੀਂ ਸੀ ਢਹਿ ਢੇਰੀ ਹੋਈ, ਕਿਉਂਕਿ ਕਿਰਤੀਆਂ ਦੀ ਵਿਸ਼ਾਲ ਬਹੁਗਿਣਤੀ ਇਸ ਹੱਦ ਤਕ ਸੰਗਠਤ, ਅਨੁਸ਼ਾਸਤ ਅਤੇ ਚੇਤਨ ਨਹੀਂ ਸੀ ਕਿ ਜੰਗਬਾਜ਼ ਸਰਮਾਏਦਾਰੀ ਦੇ ਹੱਥੋਂ ਸੱਤਾ ਖੋਹ ਲੈਂਦੀ ਅਤੇ ਵਿਸ਼ਵ ਨੂੰ ਨੁਕਸਾਨ ਤੋਂ ਬਚਾ ਕੇ ਵਿਕਾਸ ਵੱਲ ਲੈ ਤੁਰਦੀ।

ਇਹੋ ਸਵਾਲ ਅੱਜ ਵੀ ਕਿਰਤੀ ਜਮਾਤ ਦੇ ਸਾਹਮਣੇ ਹੈ। ਇਹ ਇਕੋ ਇਕ ਹੱਲ ਹੈ। □



# ਪੰਜਾਬ ਦੀ ਧਰਤੀ ਆਪਣਾ ਨਵਾਂ ਜਨਮ ਚਾਹੁੰਦੀ ਏ



ਅਫ਼ਜ਼ਲ ਤੌਸੀਫ਼

ਦੁਨੀਆ ਦਾ ਨਕਸ਼ਾ ਦੇਖੋ, ਦੁਨੀਆ, ਗੇਂਦ ਜਿਹੀ, ਦਿਨ ਰਾਤ ਸੂਰਜ ਦੁਆਲੇ ਘੁੰਮਦੀ ਏ, ਮਾੜੀ ਜਿਹੀ ਰੋਸ਼ਨੀ ਮੰਗਦੀ ਹੋਈ। ਇਸ ਨਕਸ਼ੇ ਉਤੇ ਵਿਸ਼ਾਲ ਪੂਰਬ ਵੱਲ ਦਾ ਵੱਡਾ ਮਹਾਂਦੀਪ ਏਸ਼ੀਆ ਦਿਸਦਾ ਏ। ਉਹ ਤਹਿਜ਼ੀਬਾਂ ਦਾ ਪਹਿਲਾ ਘਰ ਬਣਿਆ। ਏਸ ਘਰ ਦਾ ਸਭ ਤੋਂ ਚਾਨਣਾ ਹਿੱਸਾ ਵਾਦੀ-ਏ-ਸਿੰਧ ਹੈ, ਯਾਨੀ ਕਿ ਹਿੰਦ ਤੇ ਸਿੰਧ ਦੇ ਵਿਚਕਾਰ ਪਸਰੀ ਹੋਈ ਅਤਿ ਸੋਹਣੀ ਧਰਤੀ।

ਹਿੰਦ ਤੇ ਸਿੰਧ ਅਜ਼ਲ (ਪੁਰਾਣੇ ਸਮਿਆਂ) ਤੋਂ ਇੱਕ ਵਖਰੀ ਤੇ ਜੁੜੀ ਹੋਈ ਦੁਨੀਆ ਏ। ਦੁਨੀਆ ਦੇ ਪਹਿਲੇ ਸਭਿਆਚਾਰ ਦੀ ਧਰਤੀ, ਇੰਡਸ ਵੈਲੀ, ਇਸ ਦੀ ਮਿੱਟੀ ਸੋਨੇ ਵਰਗੀ, ਇਸ ਵਿਚ ਵਗਦੇ ਛੇ ਦਰਿਆ, ਪੰਜ ਭੈਣਾਂ ਤੇ ਇਕ ਭਰਾ। ਦਰਿਆਵਾਂ ਦੇ ਕੰਢਿਆਂ ਵਿਚਕਾਰ ਵਸਦੇ, ਕਈ ਦੁਆਬੇ। ਇਕ ਨਜ਼ਰ ਭੂਗੋਲ ਤਾਂ ਦੇਖੋ। ਸਿੰਧ ਤੋਂ ਲੈ ਕੇ ਦਿੱਲੀ ਤੋੜੀਂ, ਸ਼ਿਮਲੇ ਤੋਂ ਲੈ ਕੇ ਰਾਜਸਥਾਨ ਤੋੜੀਂ ਪਸਰਿਆ ਤੇ ਕਸ਼ਮੀਰ ਨਾਲ ਜੁੜਦਾ ਇਲਾਕਾ ਪੰਜਾਬ ਦਾ। ਬੜੀ ਵੱਡੀ ਹਿਸਟਰੀ ਏ, ਐਸ ਧਰਤੀ ਦੀ, ਬੜਾ ਵੱਡਾ ਜਹਾਨ ਏ, ਤਹਿਜ਼ੀਬ ਏਥੇ 'ਕਠੀ ਹੋ ਕੇ ਵੱਸੀ। ਗਿਆਨ (ਇਲਮ) ਤੇ ਅਨਾਜ ਇਥੇ ਵਧੇ ਫੁੱਲੇ। ਰੰਗ ਰੂਪ ਬੇਹਿਸਾਬ। ਪੰਜਾਬ ਦਾ ਕਿਰਦਾਰ, ਦੁਨੀਆ 'ਚ, ਖਾਸ ਕਰ ਕੇ, ਪੂਰਬ ਵਿਚ ਬੜਾ ਖਾਸ ਰਿਹਾ ਏ। ਇਸ ਧਰਤੀ ਦੀ ਤਾਰੀਖ ਅੰਦਰ ਬੜੇ ਬੜੇ ਜ਼ਮਾਨੇ ਹੋ ਗੁਜ਼ਰੇ। ਬਸਤੀਆਂ ਵਸੀਆਂ ਵੀ ਤੇ ਉਜੜੀਆਂ ਵੀ। ਲੋਕੀ ਬਾਹਰੋਂ ਆਏ ਆਬਾਦ ਹੋਏ, ਲੋਕ ਅੰਦਰੋਂ ਉਜੜ ਕੇ ਬਾਹਰ ਚਲੇ ਗਏ। ਪੰਜਾਬ ਬਦਲਦਾ ਰਿਹਾ। ਤਾਰੀਖ, ਕਿਤੇ ਬੋਲਦੀ ਏ, ਕਿਤੇ ਚੁੱਪ ਕਰ ਜਾਂਦੀ ਏ। ਕਿਤੇ ਰੋਂਦੀ ਏ। ਕਿਤੇ ਹੱਸਦੀ ਏ। ਲਿਖੀ ਤੇ ਅਣਲਿਖੀ ਤਾਰੀਖ ਦੇ ਵਰਕੇ ਫੋਲੋ, ਕਈ ਪੰਜਾਬ ਲੱਭਦੇ ਨੇ, ਕਈ ਗਵਾਚ ਜਾਂਦੇ ਨੇ। ਇਕ ਪੰਜਾਬ ਉਹ ਸੀ, ਜਿਸ ਦੀ ਪਹਿਲੀ ਰਾਜਧਾਨੀ ਹੜੱਪਾ ਬਣਿਆ। ਇਕ ਪੰਜਾਬ ਉਹ ਸੀ ਜਿਥੇ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਬਣੀ।

ਮੈਂ ਨਹੀਂ ਕਹਿੰਦੀ, ਇਹ ਗੱਲ ਕਈ ਸਿਆਣੇ ਕਹਿੰਦੇ ਨੇ ਸਈਅਦ ਅਫ਼ਜ਼ਲ ਹੈਦਰ ਜੋ ਸਮਾਜ ਦੇ ਲੋਕ ਰਾਜ ਤੋਂ ਪਹਿਲਾਂ, ਅੰਤਰ ਆਤਮਾ ਦੇ ਲੋਕ ਰਾਜ ਦਾ ਨਜ਼ਰੀਆ ਦੇਂਦੇ ਨੇ, ਆਪਣੀ ਤਾਜ਼ਾ ਕਿਤਾਬ 'ਬਾਬਾ ਨਾਨਕ ਸਾਹਿਬ' ਵਿਚ ਲਿਖਦੇ ਨੇ : 'ਵਿਦਵਾਨ ਲੋਕਾਂ ਨੇ ਪੰਜਾਬ ਦੀ ਧਰਤੀ ਨੂੰ ਕਈ ਧਰਮਾਂ ਤੇ ਪੰਥਾਂ ਦੀ ਧਰਤੀ ਕਰਾਰ ਦਿੱਤਾ ਹੈ। ਜੋ ਆਪਣੇ ਆਪ 'ਚ ਇਕ ਵੱਡੀ ਸਚਾਈ ਹੈ। ਮਿਸਾਲ ਦੇ ਤੌਰ 'ਤੇ ਹਿੰਦੂ ਮੱਤ ਦੀ ਕਿਤਾਬ ਰਿਗਵੇਦ ਇਸੇ ਧਰਤੀ 'ਤੇ ਰਚੀ ਗਈ। ਕੌਰਵਾਂ ਪਾਂਡਵਾਂ ਦੀ ਲੜਾਈ ਇਸੇ ਧਰਤੀ 'ਤੇ ਲੜੀ ਗਈ। ਨਾਥ ਜੋਗੀਆਂ ਅਤੇ ਤਾਂਤਰਿਕ ਫਲਸਫੇ ਦੇ ਪੈਰੋਕਾਰਾਂ ਦਾ ਘਰ ਵੀ ਇਥੇ ਈ ਸੀ। ਬੁੱਧ ਮਤ ਦਾ ਮੱਕਾ ਜੇ ਬਿਹਾਰ 'ਚ ਸੀ ਤਾਂ ਵਿਦਵਾਨਾਂ ਨੇ ਪੰਜਾਬ ਨੂੰ ਉਸ ਦਾ ਮਦੀਨਾ ਦਸਿਆ। ਅਧਿਆਤਮਵਾਦ ਦੀਆਂ ਕਈ ਸ਼ਾਖਾਵਾਂ ਇਸ ਖਿਤੇ ਵਿਚ ਪਰਵਾਨ ਚੜ੍ਹੀਆਂ' (ਉਰਦੂ ਅਨੁਵਾਦ)।

ਹਜ਼ਾਰਾਂ ਸਾਲਾਂ ਦੀ ਤਾਰੀਖ ਦੇ ਵਹਿਣ 'ਚ ਕਈ ਪੰਜਾਬ ਉਭਰੇ ਤੇ ਡੁਬਦੇ ਰਹੇ। ਦੇਸ਼ ਪੰਜਾਬ ਕਦੀ ਵਸਿਆ ਦੇ ਕਦੀ ਉਜੜਿਆ। ਪੰਜਾਬ ਦਾ ਬੇਹਿਸਾਬ ਹੁਸਨ ਤੇ ਰਿਜ਼ਕ ਹੀ ਉਸ ਦਾ ਵੈਰੀ ਹੋਇਆ। ਕਿੰਨੇ ਈ ਹਮਲੇ, ਕਿੰਨੇ ਈ ਧਾੜਵੀ, ਲਸ਼ਕਰੀ ਚੜ੍ਹਾਈਆਂ ਕਰਦੇ, ਲੁੱਟ ਮਾਰ ਮਚਾਉਂਦੇ, ਸ਼ਹਿਰਾਂ ਨੂੰ ਕਬਰਸਤਾਨ ਬਣਾਉਂਦੇ ਤੇ ਪਿਛਾਂਹ ਮੁੜ ਜਾਂਦੇ ਪਰ ਅਗਲੀ ਵਾਰੀ ਆਵਣ ਦੀ ਤਿਆਰ ਵਾਸਤੇ। ਦੌਲਤ ਤੇ ਹੁਸਨ ਦੇ ਕਾਫ਼ਲੇ ਲੈ ਕੇ ਹਮਲਾਵਰ ਚਲੇ ਜਾਂਦੇ। ਪੰਜਾਬ ਕਦੇ ਆਪਣੀ ਤਾਕਤ ਵਰਤ ਵੀ ਲੈਂਦਾ। ਕਦੇ ਆਪ ਮੂਥੇ ਮੂੰਹ ਡਿਗਦਾ ਤੇ ਉਠਣ ਜੋਗਾ ਨਾ ਰਹਿੰਦਾ। ਕਈ ਵਾਰੀ ਪੰਜਾਬ ਦੀ ਧਰਤੀ ਬਾਹਰਲਿਆਂ ਦੀ ਗੁਲਾਮ ਹੋ ਜਾਂਦੀ ਰਹੀ। ਕਲੋਨੀ ਬਣ ਜਾਂਦੀ। ਐਸੇ ਪੰਜਾਬ ਨੇ ਵੱਡੇ ਵੱਡੇ ਫ਼ਰੀਡਮ ਫ਼ਾਈਟਰ ਪੈਦਾ ਕੀਤੇ।

ਦੁੱਲਾ ਭੱਟੀ, ਅਹਿਮਦ ਖਰਲ, ਗਦਰੀ ਬਾਬੇ, ਭਗਤ ਸਿੰਘ ਆਪਣੇ ਆਪਣੇ ਪੰਜਾਬ ਨੂੰ ਗੁਲਾਮੀ ਤੋਂ ਛੁਡਾਉਣ ਲਈ ਉੱਠੇ ਪਰ ਪੰਜਾਬ ਦੀ ਰੂਹ ਨੂੰ ਆਜ਼ਾਦ ਕਰਾਉਣ ਲਈ ਸੂਫ਼ੀਆਂ ਦੇ ਕਈ ਡੇਰੇ ਲੱਗੇ। ਰੂਹਾਨੀ ਆਜ਼ਾਦੀ ਦੀ ਖੋਜ ਵੀ ਸ਼ੁਰੂ ਹੋਈ।

ਏਸ ਅਮਲ ਦੇ ਨਾਲ ਪੰਜਾਬ ਜੋ ਪਹਿਲਾਂ ਈ ਕੱਟ ਵੱਢ ਹੋ ਕੇ ਹਜ਼ਾਰ ਟੋਟੇ ਹੋ ਗਿਆ ਸੀ, ਹੁਣ ਬਰੇਨ ਡਰੇਨ ਹੋਈ ਜਾ ਰਿਹਾ ਏ। ਅੱਜ ਬਹੁਤ ਪੰਜਾਬੀ ਬਾਹਰ ਏ। ਦਿੱਲੀ ਪੰਜਾਬੀਆਂ ਦਾ ਵੱਡਾ ਸ਼ਹਿਰ ਏ ਪਰ ਦਿੱਲੀ ਪੰਜਾਬ ਤਾਂ ਨਹੀਂ। ਇਸੇ ਤਰ੍ਹਾਂ ਬੰਬਈ 'ਫ਼ਾਈਨੈਂਸ਼ੀਅਲ ਕੈਪੀਟਲ ਆਫ਼ ਇੰਡੀਆ', ਪੰਜਾਬੀਆਂ ਲਈ ਖਿੱਚ ਰੱਖਦਾ ਏ ਪਰ ਪੰਜਾਬ ਦੀ ਧਰਤੀ ਨੂੰ ਕਿਸੇ ਤਰ੍ਹਾਂ ਕੋਈ ਫ਼ਾਇਨੈਂਸ ਨਹੀਂ ਕਰਦਾ। ਅੱਜ ਵੀ ਫਿਲਮ ਇੰਡਸਟਰੀ ਦੇ ਕਈ ਥੰਮ, ਪੰਜਾਬੀ ਹਨ ਪਰ ਪੰਜਾਬੀਅਤ ਬਿਲਕੁਲ ਲਿੱਸੀ। ਅੱਜ ਤੋੜੀਂ ਕੋਈ ਚੰਗੀ ਪੰਜਾਬੀ ਫਿਲਮ ਨਹੀਂ ਬਣਾ ਸਕੇ। ਹਿੰਦੀ ਫਿਲਮਾਂ ਦੇ ਗੀਤਾਂ ਵਿਚ ਪੰਜਾਬੀ ਟੋਟੇ, ਭੰਗੜੇ ਟੱਪੇ ਵਰਤ ਕੇ ਉਨ੍ਹਾਂ ਨੂੰ ਮਕਬੂਲ ਬਣਾਉਂਦੇ ਨੇ ਪਰ ਪੰਜਾਬ ਦੀਆਂ ਕਹਾਣੀਆਂ ਤੇ ਕਿਰਦਾਰ ਲੈ ਕੇ ਫਿਲਮ ਦੀ ਸਕ੍ਰਿਪਟ ਬਣਾਉਣ ਵਲ ਧਿਆਨ ਨਹੀਂ ਦੇਂਦੇ।

ਅੱਜ ਦਾ ਪੰਜਾਬੀ ਭਾਵੇਂ ਹਰ ਸਾਲ ਖੱਟੀ ਖੱਟਣ ਬਾਹਰ ਜਾਂਦਾ ਏ ਪਰ ਖੱਟ ਕੇ ਕੁੱਝ ਨਹੀਂ ਲਿਆਉਂਦਾ। ਬਾਰੀਂ ਬਰਸੀਂ ਵੀ ਮੁੜ ਕੇ ਨਹੀਂ ਆਉਂਦਾ। ਕੁੱਝ ਚਿਰ, ਖਿਆਲੀ ਪੰਜਾਬ ਵਸਾਉਂਦਾ। ਫਿਰ ਕੈਨੇਡੀਅਨ ਪੰਜਾਬ ਹੋ ਜਾਂਦਾ। ਦੂਜੇ ਪਾਸੇ ਦੇ ਪੰਜਾਬ ਦੀ ਕਹਾਣੀ ਹੋਰ ਵੀ ਗੰਭੀਰ ਏ। ਅਸਲੀ ਤੇ ਵੱਡਾ ਪੰਜਾਬ ਜਿਥੇ ਬਾਬਾ ਨਾਨਕ ਤੇ ਫਰੀਦ ਨੇ ਵਹਦਾਨੀਅਤ (ਇਕੋ ਰੱਬ) ਦੇ ਗੀਤ ਗਾਏ। ਜਿਥੇ ਵਾਰਿਸ ਨੇ ਹੀਰ ਲਿਖੀ, ਉਥੇ ਹੁਣ ਗਰੀਬੀ ਵੱਧ ਰਹੀ ਏ। ਪੰਜਾਬੀਅਤ ਦੀ ਇਨਟਿਉਲੈਕਚੁਅਲ ਪਾਵਰ ਜੋ ਉਤਪਤੀ ਦਾ ਸਾਧਨ ਬਣੀ, ਮੁੱਕ ਗਈ। ਅਸਲ ਲੋਕ ਰਾਜ ਨਹੀਂ ਮਿਲਿਆ, ਨਾ ਰੂਹਾਨੀ ਨਾ ਸਿਆਸੀ। ਪੈਦਾਵਾਰੀ ਤਬਕੇ, ਕਾਮੇ ਤੇ ਕਿਸਾਨ ਕਮਜ਼ੋਰ ਹੋ ਚੁੱਕੇ ਹਨ। ਪੰਜਾਬੀ ਕਲਚਰ ਦਾ ਤਾਂ ਬਚਿਆ ਕੱਖ ਨਹੀਂ। ਧਰਤੀ ਪਿਆਸੀ, ਅੰਨਦਾਤਾ ਆਪ ਹੀ ਭੁੱਖਾ। ਭਿੱਖ ਮੰਗਾ ਤੇ ਬਿਮਾਰ ਪੰਜਾਬ। ਉਪਰ ਫ਼ਿਊਡਲ ਫੌਜੀ ਤਾਕਤ, ਥੱਲੇ ਬੇ-ਆਸ ਤੇ ਬੇਵੱਸ, ਲੋਕਾਈ। ਐਸ ਤਰ੍ਹਾਂ ਦੀ ਹਾਲਤ 'ਚ ਪੰਜਾਬ ਨੂੰ ਡਾਲਰ ਦੀ ਨਹੀਂ ਫਲਸਫਸੇ ਦੀ ਜ਼ਰੂਰਤ ਹੈ। ਕੋਈ ਵਾਰਿਸ, ਕੋਈ ਬੁਲ੍ਹਾ, ਕੋਈ ਫ਼ਰੀਦ, ਕੋਈ ਨਾਨਕ ਚਾਹੀਦਾ ਏ। ਪੰਜਾਬ ਦੇ ਪੱਲੇ ਕੀ ਏ? ਪਛਾਣ ਮੁੱਕ ਗਈ, ਬੋਲੀ ਮੁੱਕ ਗਈ ਤੇ ਸਭਿਆਚਾਰ ਗਵਾਚ ਗਿਆ। ਇਹ ਤਾਂ ਪੰਜਾਬ ਦੀ ਹੋਣੀ ਏ।

ਪਰ ਇਕ ਸਹਾਰਾ, ਇਕ ਉਮੀਦ ਹੈ ਪੰਜਾਬ ਤੇ ਪੰਜਾਬੀਅਤ ਦੇ ਬਚ ਜਾਣ ਦੀ। ਚੜ੍ਹਦੇ, ਪੰਜਾਬ ਦੀ ਜੱਦੋ ਜ਼ਹਿਦ। ਇਥੋਂ ਦੇ ਅਦਾਰੇ, ਯੂਨੀਵਰਸਿਟੀਆਂ ਤੇ ਪੰਜਾਬੀ ਵਾਸਤੇ ਸੰਘਰਸ਼ ਕਰਨ ਵਾਲੇ ਸਾਹਿਤਕਾਰ। ਪੰਜਾਬੀ ਜ਼ਬਾਨ ਨੂੰ ਆਲ੍ਹਾ ਦਰਜੇ ਦੀ ਪੜ੍ਹਾਈ ਲਿਖਾਈ ਤਕ ਲਿਆਵਣ ਵਾਲੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਇਕ ਚਾਨਣ ਮੁਨਾਰਾ। ਐਸ ਤਰ੍ਹਾਂ ਦੇ ਅਦਾਰੇ ਜੜ੍ਹਾਂ ਹੀ ਨਹੀਂ, ਤਾਕਤ ਦੇ ਸੋਮੇ ਨੇ, ਪੰਜਾਬੀ ਇੰਟਲੈਕਟ ਦੇ ਸਰੋਤ। ਸਲਾਮ ਉਨ੍ਹਾਂ ਪੰਜਾਬੀਆਂ ਨੂੰ ਜਿਨ੍ਹਾਂ ਮਿਹਨਤ ਕੀਤੀ। ਉੱਜੜੇ ਪੰਜਾਬ ਨੂੰ ਮੁੜ ਆਬਾਦ ਕਰਨ ਲਈ ਤਨ ਮਨ ਲਾਇਆ। ਧਰਤੀ ਬਚਾਈ, ਬੋਲੀ ਬਚਾਈ। ਨਵਾਂ ਇਲਮ ਤੇ ਸਾਹਿਤ ਪੈਦਾ ਕੀਤਾ। ਮਿਹਨਤ ਦੇ ਹੁਨਰ ਦੇ ਬੂਟੇ ਪਾਲੇ। ਵੰਡ ਪਿਛੋਂ ਬਚਿਆ ਕੁੱਝ ਨਹੀਂ ਸੀ। ਤਾਰੀਖ ਦੀ ਇਕਾਈ ਟੁੱਟ ਗਈ ਪਰ ਹਿੰਮਤ ਵਾਲਿਆਂ ਅੱਧੀ ਸਦੀ ਪੱਬਾਂ ਭਾਰ ਹੋ ਕੇ ਕੁੱਝ ਬਚਾਇਆ। ਕੁਝ ਬਣਾਇਆ।

ਉਸ ਵੇਲੇ ਪੰਜਾਬ ਛੱਡ ਕੇ ਜਾਣਾ ਆਸਾਨ ਸੀ। ਮੁੜ ਕੇ ਪੰਜਾਬ ਵਸਾਣਾ ਬਹੁਤ ਮੁਸ਼ਕਲ।

ਅੱਜ ਦੇਖੋ, ਕੀ ਕਮਾਈ ਤੁਸੀਂ ਕੀਤੀ? ਘਾਟੇ ਵਿਚ ਰਹੇ- ਉਹ ਸਾਰੇ ਜੋ ਦੇਸ਼ ਛੱਡ ਗਏ। ਕਹਿਣ ਨੂੰ ਉਨ੍ਹਾਂ ਚੋਪੜੀਆਂ ਵੀ ਖਾਧੀਆਂ ਤੇ ਦੋ ਦੋ ਵੀ। ਅੱਜ ਆਪਣੀ ਪਛਾਣ, ਪਰਾਈ ਧਰਤੀ ਉਤੇ ਨਿਖਾਰਨ ਦੀ ਕੋਸ਼ਿਸ਼ ਵੀ ਕਰ ਰਹੇ ਨੇ ਅੱਜ ਉਹ ਭਾਰੀ ਗਿਣਤੀ ਵਿਚ ਗਲੋਬ ਉਤੇ ਖਿਲਰੇ ਹੋਏ ਨੇ ਪਰ ਉਨ੍ਹਾਂ ਨੂੰ ਪੰਜਾਬ ਦੀ ਧਰਤੀ ਵਲੋਂ ਕਰੈਡਿਟ ਨਹੀਂ ਮਿਲ ਸਕਦਾ ਜੋ ਇਥੇ ਰਹਿ ਕੇ ਮਿਹਨਤ ਕਰਨ ਤੇ ਜ਼ਿੰਦਗੀ ਨਿਖਾਰਨ ਵਾਲਿਆਂ ਨੂੰ ਧਰਤੀ ਦੇਂਦੀ ਏ। ਪੰਜਾਬ ਛੱਡ ਕੇ ਜਾਣ ਵਾਲਿਆਂ ਵੀ ਘੱਟ ਮਿਹਨਤ ਨਹੀਂ ਕੀਤੀ। ਹੁਣ ਤੇ ਉਹ ਦੁਨੀਆ ਦੇ ਕਈ ਵੱਡੇ ਮੁਲਕਾਂ ਅੰਦਰ ਤੀਜੀ ਚੌਥੀ ਪੀੜ੍ਹੀ ਨਿਭਾ ਕੇ ਆਬਾਦੀ ਦਾ ਹਰ ਚੌਥਾ ਆਦਮੀ ਬਣ ਗਏ ਹਨ। ਉਨ੍ਹਾਂ ਦੀ ਮਿਹਨਤ ਨਾਲ ਉਸ ਧਰਤੀ ਨੂੰ ਫ਼ਾਇਦੇ ਵੀ ਬੜੇ ਹੋਏ। ਵੱਡੇ ਵੱਡੇ ਟੈਕਸ ਦੇਣ ਵਾਲੇ ਵੀ ਉਹੋ ਨੇ, ਗੁਡ ਸਿਟੀਜ਼ਨ ਵੀ ਹੈਗੇ ਨੇ। ਸਹੂਲਤਾਂ ਬਥੇਰੀਆਂ ਪਰ ਕੀ ਪਤਾ ਉਨ੍ਹਾਂ ਕੋਲ ਘਰ ਦੀ ਗਰੀਬੀ ਦਾ ਕੋਈ ਅਹਿਸਾਸ ਵੀ ਹੈ ਕਿ ਨਹੀਂ। ਵੱਡੀ ਵੱਡੀ ਜੈ ਜੈ ਕਾਰ। ਆਪਣੀ ਸਿਫ਼ਤ ਆਪ। ਅੱਗਾ ਦੌੜ, ਪਿਛਾ ਚੌੜ, ਜੋ ਵਧ ਰਿਹਾ ਏ। ਜੀਵਨ ਦੀ ਆਖ਼ਰੀ ਉਦਾਸੀ ਦਾ ਮਤਲਬ ਸਿਰਫ਼ ਆਪਣੀ ਮਿੱਟੀ ਸਮਝਦੀ ਏ। ਲੋਕ ਰਾਜ ਕਾਇਮ ਕਰਨ ਵਾਸਤੇ ਵੱਡੇ ਸੂਫੀ ਸਈਯਦ ਉਠੇ। ਸਈਯਦ ਅਫ਼ਜ਼ਲ ਹੈਦਰ ਇਸ ਲਾਈਨ ਦੇ ਸਕਾਲਰ ਨੇ, ਪਹਿਲਾਂ ਨਾਂ ਬਾਬਾ ਫ਼ਰੀਦ ਦਾ ਲਿਆ ਜਾਂਦਾ, ਦੂਜਾ ਨਾਨਕ ਸਾਹਿਬ। ਬਾਬਾ ਫ਼ਰੀਦ ਇਹ ਦੇਖ ਕੇ ਪੰਜਾਬ ਆਏ ਕਿ ਉਸ ਵੇਲੇ ਇਥੋਂ ਦੇ ਲੋਕਾਂ ਦਾ ਤਨ ਮਨ ਸਖਤ ਗੁਲਾਮੀ ਦੀ ਜਕੜ 'ਚ ਸੀ। ਫਿਰ ਆਮ ਲੋਕਾਂ 'ਚੋਂ ਨਾਨਕ ਸਾਹਿਬ ਉੱਠੇ, ਜੋ ਰੂਹਾਨੀ ਜਮੂਰੀਅਤ ਲੱਭਦੇ ਲੱਭਦੇ ਦੁਨੀਆ ਵਿਚ ਆਏ। ਪੂਰੇ ਚੌਵੀ ਸਾਲ ਬਾਹਰ ਫਿਰ ਕੇ ਖੋਜ ਕੀਤੀ। ਇਕ ਸ਼ਾਨਦਾਰ ਖੱਟੀ ਪੰਜਾਬ ਦੀ ਰੂਹ ਉਸਾਰਨ ਲਈ ਖੱਟ ਕੇ ਲਿਆਂਦੀ ਗਈ। ਇਹ ਬ੍ਰਹਮ-ਗਿਆਨ ਦੀ ਖੱਟੀ ਸੀਗੀ।

ਇਕ ਵਾਰੀ ਤਾਂ ਕਮਾਲ ਦੀ ਖੱਟੀ ਆਈ। ਅੰਗਰੇਜ਼ ਦੀ ਗੁਲਾਮੀ ਦੇ ਸਤਾਏ ਹੋਏ ਕੁੱਝ ਪੰਜਾਬੀ ਅਮਰੀਕਾ ਤੁਰ ਗਏ। ਗਏ ਤਾਂ ਮਜ਼ਦੂਰੀ ਲਈ ਪਰ ਖੱਟ ਲਿਆਏ ਆਜ਼ਾਦੀ। ਕਹਿ ਸਕਦੇ ਹਾਂ ਕਿ ਪੰਜਾਬੀਆਂ ਦੀ ਬਾਹਰ ਜਾਣ ਦੀ ਰੀਤ ਪੁਰਾਣੀ ਏ। ਉਨ੍ਹਾਂ ਵਿਚੋਂ ਕੋਈ ਵੀ ਮੁੜ ਕੇ ਨਹੀਂ ਆਇਆ। ਪਿੱਛੇ ਕੋਈ ਗਾਵਣ ਵਾਲਾ ਵੀ ਨਹੀਂ ਸੀ ਰਿਹਾ, ਜੋ ਗਾਉਂਦਾ 'ਸੱਜਣ ਮੋੜ ਮੁਹਾਰਾਂ...' ਹੁਣ ਪਤਾ ਨਹੀਂ ਉਹ ਸਾਰੇ ਪੰਜਾਬੀ ਕਿਹੜੀ ਖੱਟੀ ਖੱਟਣ ਗਏ। ਮਾਲ ਦੌਲਤ? ਰਿਜ਼ਕ ਰੋਟੀ? ਲੋਕਤੰਤਰ, ਆਜ਼ਾਦੀ? ਜਾਂ ਫਿਰ ਨਿਰਾ ਦਰਦ, ਬੇਵਤਨੀ, ਉਦਾਸੀ ਤੇ ਉਦਰੇਵਾਂ। ਪਤਾ ਨਹੀਂ ਕਿਵੇਂ ਹੋਇਆ ਕਿ ਪੰਜਾਬੀਆਂ ਨੂੰ ਬੇਵਤਨੀ ਦਾ ਚਾਅ ਚੜਿਆ।

ਪੰਜਾਬ ਵਿਚ ਥਾਂ ਖਾਲੀ ਹੋਵੇ ਤਾਂ ਬਾਹਰਲੇ ਆਣ ਵੜਦੇ ਨੇ। ਸਾਇੰਸ ਦਾ ਦਸਤੂਰ ਏ। ਹਵਾ ਦੀ ਥਾਂ ਹਵਾ ਫੈਲੀ ਏ। ਪੰਜਾਬ ਵਿਚ ਇਲਾਕਾ ਮੁੜ ਕੇ ਭਰ ਗਿਆ। ਥਾਵਾਂ ਮੱਲੀਆਂ ਵੀ ਗਈਆਂ ਪਰ ਕਿਸ ਮੱਲੀਆਂ ਥਾਵਾਂ? ਆਵਣ ਵਾਲੇ ਕਈ ਤਰ੍ਹਾਂ ਦੇ ਨਾਂ ਲੈ ਕੇ ਆਏ। ਮੁਹਾਜਰ, ਪਨਾਹਗੀਰ, ਸ਼ਰਨਾਰਥੀ, ਰਿਫਿਊਜੀ ਜਾਂ ਲੋਕਲ। ਪੰਜਾਬੀ ਕੌਮ ਤਾਂ ਬੜੀ ਲਿਬਰਲ ਹੁੰਦੀ ਸੀ। ਪਤਾ ਨਹੀਂ ਲਗਾ ਕਿੱਥੇ ਚਲੀ ਗਈ। ਮੈਨੂੰ ਲਗਦਾ ਏ ਪੰਜਾਬੀਆਂ ਦੇ ਬਹਾਰ ਜਾਣ ਦੀ ਕਹਾਣੀ, ਪੰਜਾਬ ਦੇ ਗਵਾਚ ਜਾਣ ਦੀ ਕਹਾਣੀ ਏ, ਬੜੀ ਵੱਡੀ ਗਲਤੀ ਹੋ ਰਹੀ ਏ। ਪੰਜਾਬ ਨੂੰ ਉਜਾੜ ਕੇ ਪਰਾਏ ਦੇਸ਼ਾਂ ਦਾ ਨਾਂ ਪੰਜਾਬ ਰੱਖਣ ਦੀ ਗੱਲ। 'ਖਾਅਬ ਹੈ ਏਕ ਦੀਵਾਨੇ ਕਾ'।

ਇੰਜ ਇਹ ਕਿੱਸਾ ਬਹੁਤ ਪੁਰਾਣਾ ਏ। ਵਿਛੋੜੇ ਦੇ ਗੀਤ। ਪਰਦੇਸੀਆਂ ਦੇ ਕਿੱਸੇ, ਢੋਲੇ। ਉਡੀਕਾਂ, ਕਿਸੇ ਦੇ ਮੁੜ ਆਵਣ ਦੀਆਂ ਆਸਾਂ। ਨਿਰੀ ਖੱਟ ਕਮਾਣ ਦੀ ਗੱਲ ਵੀ ਨਹੀਂ, ਪੰਜਾਬੀਆਂ ਦੇ ਪੈਰਾਂ ਵਿਚ ਚੱਕਰ ਏ। ਅੱਜ ਤਾਂ ਸਾਰੀ ਦੁਨੀਆਂ ਵਿਚ ਪੰਜਾਬੀ ਖਿਲਰ ਚੁੱਕੇ ਨੇ। ਇਕੋ ਮਿਸਾਲ ਹੈ ਏਡੀ ਵੱਡੀ ਵਤਨ ਤਲਾਂਜਲੀ।

ਅਮਰੀਕਾ, ਕੈਨੇਡਾ, ਬਰਤਾਨੀਆਂ, ਆਸਟਰੇਲੀਆ ਬਹੁਤੇ ਜਾਂਦੇ। ਉਥੇ ਉਨ੍ਹਾਂ ਦੇ ਆਪਣੇ ਇਲਾਕੇ, ਬਸਤੀਆਂ, ਸਕੂਲ, ਅਮੀਰੀ, ਖ਼ੁਸਹਾਲੀ, ਤਿਜਾਰਤ, ਕਾਰੋਬਾਰ, ਦੌਲਤ ਸਭੈ ਕੁੱਝ, ਅਧਿਕਾਰ ਪੂਰੇ। ਸਿੱਖਾਂ ਨੇ ਆਪਣੀ ਪਛਾਣ ਬਚਾਉਣ ਦੀ ਪੂਰੀ ਵਾਹ ਲਾਈ। ਤਰੱਕੀ ਤਾ ਮਤਲਬ, ਆਪਣੀ ਧਰਤੀ ਉਤੇ ਡਿੱਗੇ ਢੱਠੇ ਲੋਕਾਂ ਦੀ ਤਰੱਕੀ ਹੁੰਦਾ ਏ, ਅਮੀਰ ਦੀ ਅਮੀਰੀ ਵਧਾਉਣ ਵਿਚ ਨਹੀਂ। ਹੁਣ ਇਹ ਖਿਆਲ ਕਿ ਤੁਸੀਂ ਪੰਜਾਬੋਂ ਬਾਹਰ ਜਾ ਕੇ ਕੋਈ ਨਵਾਂ ਪੰਜਾਬ ਵਸਾ ਰਹੇ ਹੋ। ਹਵਾਈ ਕਿਲ੍ਹੇ, ਜਾਂ ਸ਼ੁਦਾਈਆਂ ਦੇ ਸੁਪਨੇ। ਧਰਤੀ ਆਪਣੀ ਥਾਂ 'ਤੇ ਉਗਦੀ ਏ। ਲੱਖਾਂ ਵਰ੍ਹਿਆਂ ਦੀ ਕਿਰਿਆ। ਧਰਤੀ ਦਾ ਕਲਚਰ ਹਜ਼ਾਰਾਂ ਸਾਲ ਆਪਣੇ ਖੇਤਾਂ ਦੀ ਮਿੱਟੀ ਤੇ ਪਾਣੀ 'ਚ ਉਗਦਾ ਏ। ਕਿਸੇ ਥਾਂ ਦੀ ਮਿੱਟੀ ਬਦਲੀ ਨਹੀਂ ਜਾ ਸਕਦੀ। ਤਬਦੀਲੀ ਦਾ ਅਮਲ ਤੇ ਵੇਲੇ ਦਾ ਮੁਕਾਬਲਾ ਕੋਈ ਕਿੰਜ ਕਰੇ?

ਆਖਿਰ ਕਦੋਂ ਤੋੜੀਂ, ਕੈਨੇਡਾ ਦੇ ਪੰਜਾਬੀ, ਅੰਮ੍ਰਿਤਸਰ ਜਾਂ ਪਟਿਆਲੇ ਦੀਆਂ ਕੁੜੀਆਂ ਵਿਆਹ ਕੇ ਲਿਜਾਂਦੇ ਰਹਿਣਗੇ। ਤੁਸੀਂ ਆਪ ਦੇਖ ਸਕਦੇ ਹੋ ਫ਼ਰਕ, ਬੰਬਈ ਰਹਿੰਦੀ ਤੇ ਹੁਸ਼ਿਆਰਪੁਰ ਰਹਿੰਦੀ ਕੁੜੀ ਦਾ। ਅੱਜ ਇਕ ਸਿਰ 'ਤੇ ਚੁੰਨੀ ਲੈਂਦੀ ਏ, ਦੂਜੀ ਸਕਰਟ ਪਾਉਂਦੀ ਏ। ਕਦੋਂ ਤਕ ਅਮਰੀਕਾ ਰਹਿੰਦੀ ਕੁੜੀ ਨੂੰ ਮਿੰਨੀ ਸਕਰਟ ਤੋਂ ਬਚਾਂਦੇ ਰਵੋਂਗੇ। ਕਦੋਂ ਤਕ ਪੁਰਾਣੀ ਪੀੜ੍ਹੀ ਦੇ ਬਾਬੇ ਵਾਰਿਸ ਤੇ ਬੁਲ੍ਹੇ ਦੀ ਬੋਲੀ ਬਚਾ ਕੇ ਰੱਖਣਗੇ?

ਗਲੋਬਲਾਈਜ਼ੇਸ਼ਨ ਦੀ ਹਨੇਰੀ ਝੁੱਲ ਗਈ ਏ। ਕਈ ਦੇਸੀ ਜ਼ੁਬਾਨਾਂ, ਤਹਿਜ਼ੀਬਾਂ ਨੇ ਉਡ ਪੁਡ ਜਾਣਾ। ਲੋਕੀਂ ਆਪਣੇ ਬੂਹੇ ਬਾਰੀਆਂ ਬੰਦ ਕਰ ਰਹੇ ਨੇ ਪਰ ਪੰਜਾਬ ਤਾਂ ਪਹਿਲਾਂ ਈ ਆਪਣੀਆਂ ਕੰਧਾਂ ਢਾਹੀ ਬੈਠਾ ਏ। ਵੱਡੀ ਟਰੈਜਡੀ ਵੰਡ ਦਰ ਵੰਡ। ਟੁੱਟ ਭੱਜ ਅੰਦਰ ਬਾਹਰ ਨੁਕਸਾਨ ਵਧ ਰਿਹਾ ਏ। ਉਜੜਨ ਦਾ ਅਮਲ ਅਜੇ ਵੀ ਜਾਰੀ ਏ। ਚੜ੍ਹਦੇ ਪੰਜਾਬ ਦੀ ਗੱਲ ਕਰੀਏ। ਹਾਂ ਚੰਗੇ ਖੇਤ ਵਸਦੇ ਨੇ, ਚੰਗੀ ਇੰਡਸਟਰੀ ਏ ਪਰ ਖੇਤ ਮਜ਼ਦੂਰ ਤੇ ਫੈਕਟਰੀ ਵਰਕਰ ਬਿਹਾਰ ਤੋਂ ਆਂਵਦਾ ਏ, ਘੱਟ ਮਜ਼ਦੂਰੀ ਦੀ ਖਾਤਰ।

ਅੱਜ ਪੰਜਾਬ ਨੂੰ ਇਨਕਲਾਬ ਦੀ ਲੋੜ ਏ। ਆਪਣੇ ਆਪ ਦੀ ਪਛਾਣ ਸਵੈ-ਪੜਚੋਲ/ਅੱਜ ਪੰਜਾਬੀ ਉਦਾਸ ਫਿਰਦਾ ਏ/ ਆਪਣੇ ਆਪ ਨੂੰ ਝੂਠੀ ਤਸੱਲੀ ਦੇਂਦਾ ਏ। ਕੈਨੇਡਾ 'ਚ ਪੰਜਾਬ ਵਸਦਾ? ਕਿਤੋਂ ਕੋਈ ਉਜੜੇ ਕਿਤੋਂ ਕੋਈ ਵੱਸੇ, ਧਰਤੀ ਆਪਣੀ ਥਾਂ 'ਤੇ ਰਹਿੰਦੀ ਏ। ਆਵਣ ਵਾਲਿਆਂ ਨੂੰ ਥਾਂ ਦੇਂਦੀ ਏ, ਜਾਣ ਵਾਲਿਆਂ ਨੂੰ ਯਾਦ ਵੀ ਰਖਦੀ ਏ। ਮੁੜ ਕੇ ਆਵਣ ਦੀ ਉਡੀਕ ਕਰਦੀ ਏ। ਅੱਜ ਪੰਜਾਬ ਦੀ ਧਰਤੀ ਨਵਾਂ ਜਨਮ ਚਾਹੁੰਦੀ ਏ। ਅੱਜ ਪੰਜਾਬ ਨੂੰ ਬਸੰਤੀ ਚੋਲਾ ਚਾਹੀਦਾ ਏ ਅਤੇ ਰੱਤੜੇ ਫੁੱਲਾਂ ਦੇ ਕੈਂਠੇ।

ਲਿਪੀਅੰਤਰ : ਸੁਰਿੰਦਰ ਸਿੰਘ ਓਬਰਾਏ □

ਸੰਵਾਦ

# ਫ਼ਰਵਰੀ.... ਸਕੂਲ ਨੂੰ ਮੁਹੱਬਤ ਕਰਨ ਦਾ ਸਮਾਂ

ਅਸੀਂ ਸਕੂਲ ਦੇ ਦੂਜੇ ਸਮੈਸਟਰ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਮੈਂ ਧੁੱਪ ਤੇ ਪੰਛੀਆਂ ਦੀ ਚਿਹਚਿਹਾਟ ਨੂੰ ਮਹਿਸੂਸ ਕਰ ਸਕਦੀ ਹਾਂ। ਦਿਨ ਜ਼ਰਾ ਕੁ ਲੰਮੇ ਹੁੰਦੇ ਜਾ ਰਹੇ ਹਨ। ਬਰਫ਼? ਠੀਕ ਹੈ, ਅਸਲੀਅਤ ਕਠੋਰ ਹੁੰਦੀ ਹੈ। ਮੇਰਾ ਵਿਸ਼ਵਾਸ ਹੈ ਕਿ ਅਸੀਂ ਸਾਰਿਆਂ ਨੇ ਜਨਵਰੀ ਦੀ ਠੰਢ ਜੀਵੀ ਹੈ ਅਤੇ ਅੱਗੇ ਫ਼ਰਵਰੀ ਵਲ ਦੇਖ ਸਕਦੇ ਹਾਂ ਤੇ.... ਬਸੰਤ!! ਸੋ, ਅਸੀਂ ਸਾਲ ਦੇ ਮੱਧ ਵਿਚ ਹਾਂ। ਸਾਡੇ ਵਿਚੋਂ ਬਹੁਤਿਆਂ ਕੋਲ ਨਵੀਂ ਸਲੇਟ ਹੈ ਕਿਉਂਕਿ ਨਵੀਆਂ ਕਲਾਸਾਂ ਪਹਿਲੀ ਫ਼ਰਵਰੀ ਤੋਂ ਸ਼ੁਰੂ ਹੁੰਦੀਆਂ ਹਨ।

ਇਹ ਯਕੀਨੀ ਬਣਾਉਣ ਲਈ ਕਿ ਦੂਜਾ ਸਮੈਸਟਰ ਸਾਡੇ ਬੱਚਿਆਂ ਲਈ ਸਫ਼ਲ ਰਹੇ, ਮਾਪਿਆਂ ਵਜੋਂ ਅਸੀਂ ਕੀ ਕਰ ਸਕਦੇ ਹਾਂ। ਪਹਿਲੀ ਗੱਲ, ਉਨ੍ਹਾਂ ਦੀ ਸਿੱਖਿਆ ਤੇ ਸਾਡੇ ਸਕੂਲ ਨਾਲ ਜੁੜੇ ਰਹੋ।

1. ਆਪਣੇ ਵਿਦਿਆਰਥੀ ਦੇ ਕਾਰਜ ਕ੍ਰਮ 'ਤੇ ਨਜ਼ਰ ਮਾਰੋ ਅਤੇ ਇਹ ਜਾਣਕਾਰੀ ਲਵੋ ਕਿ ਦੂਜੇ ਸਮੈਸਟਰ ਵਿਚ ਉਹ ਕਿਹੜੀਆਂ ਕਲਾਸਾਂ ਲੈ ਰਿਹਾ ਹੈ ਅਤੇ ਉਨ੍ਹਾਂ ਦੇ ਅਧਿਆਪਕ ਕੌਣ ਹਨ। ਸਾਡੀ ਵੈਬਸਾਈਟ 'ਤੇ ਸਾਰੇ ਅਧਿਆਪਕਾਂ ਦੇ ਈ-ਮੇਲ ਪਤੇ ਦਿੱਤੇ ਹੋਏ ਹਨ। ਛੋਟੀਆਂ ਸਮੱਸਿਆਵਾਂ ਦੇ ਵੱਡੀਆਂ ਬਣਨ ਤੋਂ ਪਹਿਲਾਂ ਹੀ ਸਕੂਲ ਨੂੰ ਈ-ਮੇਲ ਕਰੋ। ਸਿਰਫ਼ ਹੈਲੋ! ਕਹਿਣ ਲਈ ਵੀ ਜ਼ਰੂਰ ਫ਼ੋਨ ਕਰੋ। ਆਪਣੇ ਵਿਦਿਆਰਥੀਆਂ ਦੇ ਅਧਿਆਪਕਾਂ ਨਾਲ ਸਬੰਧ ਵਧਾਉਣਾ ਤੁਹਾਡੇ ਵਿਦਿਆਰਥੀਆਂ ਲਈ ਪੜ੍ਹਾਈ ਦਾ ਵਧੀਆ ਵਾਤਾਵਰਣ ਉਸਾਰਨ ਵਿਚ ਮਦਦਗਾਰ ਹੁੰਦਾ ਹੈ।
2. ਜਾਣਕਾਰੀ ਲਵੋ ਕਿ ਕਿਹੜੇ ਵਿਸ਼ੇ ਵਿਚ ਤੁਹਾਡਾ ਬੱਚਾ ਮਜ਼ਬੂਤ ਨਹੀਂ ਹੈ ਅਤੇ ਇਹ ਵੀ ਜਾਣੋ ਕਿ ਉਨ੍ਹਾਂ ਦੀ ਸਹਾਇਤਾ ਲਈ ਕਿਹੜੇ ਸਰੋਤ ਉਪਲਬੱਧ ਹਨ। ਹਰ ਵਿਭਾਗ ਕੋਲ ਲੋੜੀਂਦੀ ਸਹਾਇਤਾ ਅਤੇ ਟਟੋਰੀਅਲ ਉਪਲਬੱਧ ਹਨ। ਜਦੋਂ ਬੱਚੇ ਕਲਾਸ ਵਿਚ ਨਿਰਾਸ਼ ਮਹਿਸੂਸ ਕਰਦੇ ਹਨ, ਉਹ ਕੰਮ ਕਰਨਾ ਬੰਦ ਕਰ ਦਿੰਦੇ ਹਨ ਜਾਂ ਤਿੱਖਾ ਮੋੜ ਕੱਟ ਜਾਂਦੇ ਹਨ, ਜਿਵੇਂ ਕਿ ਸਫਲਤਾ ਯਕੀਨੀ ਬਣਾਉਣ ਲਈ ਨਕਲ ਕਰਦੇ ਹਨ। ਆਓ, ਇਨ੍ਹਾਂ ਮਾੜੀਆਂ ਚੀਜ਼ਾਂ ਤੋਂ ਬਚਣ ਵਿਚ ਉਨ੍ਹਾਂ ਦੀ ਮਦਦ ਕਰੀਏ।



ਕੌਲੀਨ ਮਕਲੌ ਕਲਿੰਕ

3. ਉਨ੍ਹਾਂ ਦੇ ਹਾਜ਼ਰੀ ਅੰਕਾਂ ਤੇ ਸਕੂਲ ਦੇ ਕੰਮ ਲਈ ਸਕੂਲ ਜ਼ੋਨ ਚੈੱਕ ਕਰੋ। ਕੇਵਲ ਇਹ ਨਾ ਪੁੱਛੋ ਕਿ ਉਨ੍ਹਾਂ ਨੂੰ ਘਰ ਦਾ ਕੰਮ ਮਿਲਿਆ ਹੈ, ਸਗੋਂ ਅਜਿਹੀ ਸਾਂਝੀ ਥਾਂ ਲੱਭੋ ਜਿਥੋਂ ਤੁਸੀਂ ਉਨ੍ਹਾਂ ਨੂੰ ਕੰਮ ਕਰਦਿਆਂ ਦੇਖ ਸਕੋ। ਉਨ੍ਹਾਂ ਨੂੰ ਪ੍ਰਸ਼ਨ ਪੁੱਛੋ। ਉਨ੍ਹਾਂ ਨੂੰ ਪ੍ਰਸ਼ਨ ਪ੍ਰੀਖਿਆ ਵਿਚ ਤਿਆਰ ਹੋਣ ਲਈ ਮਦਦ ਦਿਉ।
4. ਯਕੀਨੀ ਬਣਾਉ ਕਿ ਤੁਹਾਡਾ ਵਿਦਿਆਰਥੀ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹ ਰਿਹਾ ਹੈ। ਲਾਇਬਰੇਰੀ ਦਾ ਚੱਕਰ ਲਗਾਉ।
5. ਸਾਡੀ ਆਈ.ਬੀ. ਸੂਚਨਾ ਰਾਤਰੀ 16 ਫਰਵਰੀ ਨੂੰ ਹੈ, ਜੇਕਰ ਤੁਹਾਡਾ ਵਿਦਿਆਰਥੀ ਸਕੂਲ ਵਿਚ 10 ਗਰੇਡ ਵਿਚ ਹੈ ਅਤੇ ਰੈਗੂਲਰ ਪ੍ਰੋਗਰਾਮ ਵਿਚ ਹੈ, ਤਾਂ ਇਹ ਦੇਖਣ ਲਈ ਕਿਉਂ ਨਹੀਂ ਆਉਂਦੇ ਕਿ ਉਹ 11ਵੇਂ ਗਰੇਡ ਲਈ ਵੀ ਉਮੀਦਵਾਰ ਹੋ ਸਕਦਾ ਹੈ?
6. ਮਾਪੇ ਅਧਿਆਪਕ ਮੁਲਾਕਾਤਾਂ ਦਾ ਪ੍ਰੋਗਰਾਮ ਮੰਗਲਵਾਰ 22 ਮਾਰਚ ਨੂੰ 4.30 ਤੋਂ 7 ਵਜੇ ਤਕ ਦਾ ਹੈ। ਆਉ ਅਤੇ ਸਾਨੂੰ ਮਿਲੋ।
7. ਸਕੂਲ ਸਵੇਰੇ 9 ਵਜੇ ਲਗਦਾ ਹੈ। ਕ੍ਰਿਪਾ ਕਰ ਕੇ ਯਕੀਨੀ ਬਣਾਓ ਕਿ ਤੁਸੀਂ ਆਪਣੇ ਵਿਦਿਆਰਥੀ ਨੂੰ 8.45 ਤਕ ਸਕੂਲ ਛੱਡ ਦਿੰਦੇ ਹੋ ਤਾਂ ਕਿ ਉਹ ਆਪਣੇ ਲਾਕਰ ਤਕ ਆ ਸਕਣ ਤੇ ਸਮੇਂ ਸਿਰ ਕਲਾਸ ਵਿਚ ਚਲੇ ਜਾਣ। ਜਾਂ ਯਕੀਨੀ ਬਣਾਉ ਕਿ ਉਨ੍ਹਾਂ ਕੋਲ ਬੱਸ ਫੜਨ ਲਈ ਕਾਫ਼ੀ ਸਮਾਂ ਹੁੰਦਾ ਹੈ ਅਤੇ ਉਹ ਸਮੇਂ ਸਿਰ ਸਕੂਲ ਚਲੇ ਜਾਂਦੇ ਹਨ।
8. ਸੈੱਲ ਫੋਨ ਨਿਰਉਤਸ਼ਾਹਿਤ ਕੀਤੇ ਜਾਂਦੇ ਹਨ। ਵਿਦਿਆਰਥੀਆਂ ਨੂੰ ਕਲਾਸਾਂ ਵਿਚ ਆਪਣੇ ਸੈੱਲ ਫੋਨ ਲਿਆਉਣ ਦੀ ਆਗਿਆ ਨਹੀਂ ਹੈ। ਅਸੀਂ ਸੈੱਲ ਫੋਨ ਲੈ ਕੇ ਰੱਖ ਲੈਂਦੇ ਹਾਂ ਅਤੇ ਵਿਦਿਆਰਥੀ ਲਗਾਤਾਰ ਇਸ ਖੇਤਰ ਵਿਚ ਸੁਰੱਖਿਅਤ ਰਹਿੰਦੇ ਹਨ। ਅਸੀਂ ਘਰ ਵਿਚ ਤੁਹਾਨੂੰ ਫੋਨ ਕਰਾਂਗੇ ਕਿ ਆਓ ਤੇ ਉਨ੍ਹਾਂ ਦੇ ਫ਼ੋਨ ਲੈ ਜਾਓ।
9. ਆਪਣੇ ਵਿਦਿਆਰਥੀ ਦਾ ਹੌਸਲਾ ਵਧਾਉ। ਹਾਈ ਸਕੂਲ ਦੇ ਵਿਦਿਆਰਥੀ ਪ੍ਰਬੰਧਾਂ ਨੂੰ ਪਿਆਰ ਕਰਦੇ ਹਨ ਅਤੇ ਇਹ ਪਤਾ ਕਰਨ ਨੂੰ ਕਿ ਉਨ੍ਹਾਂ ਦੇ ਯਤਨਾਂ ਨੂੰ ਬੂਰ ਪਿਆ ਹੈ ਤੇ ਤੁਹਾਨੂੰ ਉਨ੍ਹਾਂ ਦੇ ਕੀਤੇ 'ਤੇ ਮਾਣ ਹੈ।
10. ਅੰਤ ਵਿਚ, ਆਓ ਮਿਲ ਕੇ ਕੰਮ ਕਰੀਏ ਅਤੇ ਸਿੱਖਿਆ ਵਿਚ ਹਿੱਸੇਦਾਰ ਬਣੀਏ। ਜਦੋਂ ਸਾਡੇ ਬੱਚਿਆਂ ਨੂੰ ਇਹ ਪਤਾ ਲਗਦਾ ਹੈ ਕਿ ਅਸੀਂ ਮਿਲ ਕੇ ਕੰਮ ਕਰ ਰਹੇ ਹਾਂ, ਉਹ ਹੋਰ ਸਫਲਤਾ ਹਾਸਲ ਕਰਨ ਦਾ ਯਤਨ ਕਰਨਗੇ ਅਤੇ ਆਪਣੀ ਸਿਖਿਆ ਦੀ ਖ਼ੁਦ ਜ਼ਿੰਮੇਵਾਰੀ ਚੁੱਕਣਗੇ।

ਦਬਾਅ ਪੂਰਨ ਆਰੰਭ ਲਈ ਸ਼ੁੱਭ ਕਾਮਨਾਵਾਂ। ਮੈਂ ਆਪਣੇ ਨਵੇਂ ਵਿਦਿਆਰਥੀਆਂ ਨੂੰ ਭਲਕੇ ਮਿਲਣ ਜਾ ਰਹੀ ਹਾਂ। ਇਸ ਸਮੈਸਟਰ ਵਿਚ ਮੈਂ ਉਨ੍ਹਾਂ ਸਾਰਿਆਂ ਦੀ ਸਫ਼ਲਤਾ ਲਈ ਕਾਮਨਾ ਕਰਦੀ ਹਾਂ। ਮੈਂ ਜੇ ਪਰਸੀ ਸਕੂਲ ਦੇ ਹਰ ਸਟਾਫ਼ ਮੈਂਬਰ ਤੇ ਸਾਡੇ ਵਿਦਿਆਰਥੀਆਂ ਨੂੰ ਸ਼ੁੱਭ ਇਛਾਵਾਂ ਭੇਜਦੀ ਹਾਂ।

ਆਓ! ਫਿਰ ਸ਼ੁਰੂ ਕਰੀਏ।






# Guaranteed Paid up Life Insurance

## Get your money back if you don't develop any critical illness



Life Insurance
ਲਾਈਫ ਇੰਸ਼ੋਰੈਂਸ



Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼




Mortgage Insurance
ਮੋਰਟਗੇਜ ਇੰਸ਼ੋਰੈਂਸ



Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ



Health Plans
ਹੈਲਥ ਪਲੈਨਜ਼



Disability Insurance
ਡਿਸਏਬਿਲਟੀ ਇੰਸ਼ੋਰੈਂਸ



Travel Insurance
ਟਰੈਵਲ ਇੰਸ਼ੋਰੈਂਸ

For More Information Please Contact :

Jasvir Deol
Phone: 780-465-6900
Cell: 780-906-4497

DEOL
Insurance & Financial Planning

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**

Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*

Family Physician

By Appointment Only

**Dr. B. Jassar** (M.D., Ph. D, CCFP)*

Family Physician

Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

**Tel: 780-462-4229 Fax: 780-462-3315** *Professional Corporation

# Passport Photos

by Kanwal Lyall



Unit 207, 2603 Hewes Way, Edmonton AB T6L 6W6

Phone: 780 903 8019

All types of Immigration, Passport, PIO, Citizenship Photos

**Phone: 780 952 8017**

# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry

Exceptional Quality Customised Solutions

Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2

Tel: 780-462-5325

Fax: 780-462-2672

www.westforkinteriors.com

info@westforkinteriors.com

Gurmail Matharu : 780-990-9349

Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories



**French Doors**

Cascade with Zinc Bars — Deco Frosted Clear

Heritage V-Groove Fully Sandblasted — Heritage V-Groove Clear

Montana Clear Slab — Pantry Slab



**Interior Doors**

2-Panel Curved Top — 3-Panel MDF Shaker-Slab — 3-Panel Shaker-Mission — 6-Panel Oak-Slab — Stratos-Slab



**Fibreglass Exterior Door**



Ask about our finishing packages!

- Interior and Exterior
- Prehung Units
- Locks and Hardware
- French Doors
- Bi-folds
- Mouldings
- MDF Sheet: Oak & Maple
- Plywood
- Bullnose Shelf
- Adhesives
- DAP
- Shims
- Brad Nails
- Fireplace Mantels
- Accessories

We Supply and install Building Materials!

ALEXANDRIA Moulding

## Moulding

Available in MDF, Oak & Maple

Baseboards / Casings / Crowns / Chair Rails / Architrave

- 094 Base 5/8" x 4" MDF Primed BDL-6
- 092 Casing 5/8" x 2-1/2" MDF Primed BDL-6
- 47 Crown 9/16" x 4-1/4" MDF Primed BDL-6
- 297 Chair Rail 11/16" x 3" MDF Primed BDL-5
- 5010 Architrave 1-1/4" x 4-3/16" MDF Primed BDL-4
- 095 Base 5/8" x 5" MDF Primed BDL-6
- 093 Casing 5/8" x 3-1/4" MDF Primed BDL-6
- 47D Crown 9/16" x 4-3/16" Ultralite BDL-8
- 238 Base 1/2" x 5" MDF Primed BDL-1
- 338 Casing 5/8" x 3" MDF Primed BDL-6
- 51 Crown 5/8" x 3-1/4" MDF Primed BDL-6
- 387 Casing 9/16" x 3-1/4" MDF Primed BDL-6
- 386 Base 9/16" x 3-1/4" MDF Primed BDL-6
- 512 Crown 9/16" x 5-1/4" MDF Primed BDL-4
- 405 Base 1/2" x 4" MDF Primed BDL-10
- 403 Casing 5/8" x 3" MDF Primed BDL-6
- 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4
- 412 Base 5/8" x 4-1/4" MDF Primed BDL-6
- 411 Casing 11/16" x 3" MDF Primed BDL-6
- 425 Base 1/2" x 4" MDF Primed BDL-10
- 423 Casing 5/8" x 3" MDF Primed BDL-6
- 545 Base 9/16" x 5" Ultralite Primed BDL - 5 5/8 x 5" MDF Primed BDL-4
- 535 Casing 1/16" x 3-1/2" Ultralite BDL - 5 11/16"x3-1/2" MDF Primed BDL-6
- 3140 Base 3/8" x 3-1/4" MDF Primed BDL-10
- 8263 Base 9/16" x 6-1/2" Ultralite BDL-4
- 356 Casing MDF, 356 Casing Oak, 356 Casing Maple
- 908 Casing 9/16" x 3-1/4" Ultralite BDL-7
- 8063 Casing 11/16" x 3-1/4" Ultralite BDL-8

New Stock!



24" White Medallion

24" Coloured Medallion



Bath Fixtures

Pearl

Lux

Ax--------------

A--------------

Door Locks

WEISER LOCK

Alberta Location: 9129-35 Avenue, Edmonton, AB T6E 5Y1

Phone: 780-432-7700 Fax: 780-432-7710

**www.fancy-doors.com**

# ਕਿਥੋਂ ਲਿਆਂਦਾ ਨੰਦ ਲਾਲ

## ਲੋਕ-ਗੀਤ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਪਿੰਡ ਡਡਿਆਲੀ ਸਾਡੇ ਪਿੰਡ ਤੋਂ ਪਹਾੜ ਵਾਲੇ ਪਾਸੇ ਅੱਠ-ਦਸ ਕਿਲੋਮੀਟਰ ਸੀ। ਸਾਡੇ ਤਿੰਨਾਂ ਭਰਾਵਾਂ ਵਿਚੋਂ ਵਿਚਕਾਰਲੇ ਕੁਲਦੀਪ ਨੇ ਆਯੁਰਵੈਦ ਦਾ ਡਿਪਲੋਮਾ ਕੀਤਾ ਹੋਇਆ ਸੀ। ਉਹ ਡਿਸਪੈਂਸਰੀ ਵੀ ਲੱਗਾ ਹੋਇਆ ਸੀ, ਪਰ ਛੁੱਟੀ ਵਾਲੇ ਦਿਨ ਕੰਮ ਵਧਾਉਣ ਲਈ ਉਸ ਨੇ ਡਡਿਆਲੀਏਂ ਇਕ ਛੋਟੀ ਜਿਹੀ ਦੁਕਾਨ ਵੀ ਖੋਲ੍ਹੀ ਹੋਈ ਸੀ। ਉਸਦਾ ਇਲਾਕੇ ਵਿਚ ਚੰਗਾ ਨਾਂਅ ਸੀ। ਮੈਂ ਉਸ ਰਾਹੀਂ ਇਸ ਪਿੰਡ ਵਿਚੋਂ ਗੀਤ ਇਕੱਠੇ ਕਰਨਾ ਚਾਹੁੰਦਾ ਸੀ। ਬਹੁਤ ਵਾਰੀ ਮੈਂ ਉਸ ਨੂੰ ਆਪਣੀ ਇੱਛਾ ਦਸ ਚੁੱਕਾ ਸਾਂ। ਇਕ ਗੱਲ ਜਿਸ ਨੇ ਅੱਜ ਤਕ ਮੈਨੂੰ ਪਿੱਛੇ ਨਹੀਂ ਮੁੜਨ ਦਿੱਤਾ ਉਹ ਇਹ ਸੀ ਕਿ ਮੇਰੇ ਪਰਿਵਾਰ ਦੇ ਸਾਰੇ ਜੀਅ ਮੇਰੇ ਖ਼ਬਤ ਨੂੰ ਸਮਝਦੇ ਸਨ ਤੇ ਹੁਣ ਵੀ ਸਮਝਦੇ ਹਨ। ਇਸ ਲਈ ਪ੍ਰਾਹੁਣਿਆਂ ਤੋਂ ਲੈ ਕੇ ਸਾਲੇਹਾਰਾਂ ਤਕ ਨੇ ਕਿਸੇ ਨਾ ਕਿਸੇ ਰੂਪ ਵਿਚ ਮੇਰੀ ਮਦਦ ਕੀਤੀ ਹੈ। ਕੁਲਦੀਪ ਨੂੰ ਭਾਵੇਂ ਵਿਹਲ ਨਹੀਂ ਸੀ ਪਰ ਫਿਰ ਵੀ ਉਸ ਨੇ ਮਦਦ ਦਾ ਵਾਅਦਾ ਕੀਤਾ ਹੋਇਆ ਸੀ।

ਇਕ ਬਾਰ ਮੈਂ ਪਿੰਡ ਪਹੁੰਚਿਆ ਹੋਇਆ ਸਾਂ। ਅਗਲੇ ਦਿਨ ਉਸ ਨੇ ਡਡਿਆਲੀਏਂ ਜਾਣਾ ਸੀ। ਮੈਂ ਵੀ ਆਪਣੀ ਦਿਹਾੜੀ ਬਣਾਉਣੀ ਚਾਹੁੰਦਾ ਸਾਂ। ਇਸ ਲਈ ਮੈਂ ਉਸ ਨੂੰ ਰਜ਼ਾਮੰਦ ਕਰ ਲਿਆ। ਉਸ ਨਾਲ ਮੈਂ ਗਿਆਰਾਂ ਕੁ ਵਜੇ ਪਿੰਡ ਪਹੁੰਚਿਆ। ਕੁਲਦੀਪ ਦੀ ਇਕ ਕਮਰੇ ਦੀ ਦੁਕਾਨ ਪਿੰਡ ਦੇ ਉਤਰ ਵਲ ਬਾਹਰ-ਵਾਰ ਸੀ। ਵਿਹੜਾ ਖੁਲ੍ਹਾ ਸੀ। ਕੁੜੀਆਂ ਤੇ ਔਰਤਾਂ ਕਿੱਥੇ 'ਕੱਠੀਆਂ ਹੋ ਸਕਦੀਆਂ ਸਨ, ਮੈਂ ਇਸ ਬਾਰੇ ਸੋਚ ਰਿਹਾ ਸਾਂ। ਪਤਾ ਨਹੀਂ ਕੁਲਦੀਪ ਨੂੰ ਕਿੰਨੀ ਕੁ ਮਿਹਨਤ ਕਰਨੀ ਪਈ। ਅਖੀਰ ਦੋ ਕੁ ਵਜੇ ਦੇ ਕਰੀਬ ਕੁੱਝ ਕੁੜੀਆਂ 'ਕੱਠੀਆਂ ਹੋ ਗਈਆਂ। ਮੈਂ ਤਾਂ ਪਹਿਲਾਂ ਹੀ ਤਿਆਰੀ ਕੀਤੀ ਬੈਠਾ ਸਾਂ। ਮੈਨੂੰ ਸੋਚ ਸੀ ਕਿ ਕੋਈ ਬਜ਼ੁਰਗ ਨਹੀਂ ਸੀ, ਇਸ ਲਈ ਸ਼ਾਇਦ ਕੋਈ ਖਾਸ ਗੀਤ ਨਾ ਮਿਲ ਸਕੇ, ਫਿਰ ਵੀ ਮੈਂ ਰਿਕਾਰਡਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਵਧੇਰੇ ਗੀਤ ਜਿਹੜੇ ਗਾਏ ਉਹ ਢੋਲਕ ਗੀਤ ਹੀ ਸਨ। ਵਿਆਹਾਂ ਦੇ ਮੌਕੇ 'ਤੇ ਵੀ ਬਜ਼ੁਰਗਾਂ ਦੇ ਜ਼ਿੰਮੇ ਲੰਮੇ ਲੰਮੇ ਹੇਕਾਂ ਵਾਲੇ ਗੀਤ ਆਉਂਦੇ ਹਨ। ਪਰ ਕੁੜੀਆਂ ਤੇ ਵਿਆਂਦੜਾਂ ਢੋਲਕੀ ਕੁੱਟਦੀਆਂ ਹਨ ਤੇ ਗਿੱਧੇ ਵਿਚ ਧਰਤੀ ਪੁੱਟਦੀਆਂ ਹਨ। ਉਨ੍ਹਾਂ ਦੇ ਗੀਤ ਸਨ, 'ਅੱਜ ਕਲ ਦੀਆਂ ਕੁੜੀਆਂ ਫੈਸ਼ਨਦਾਰ, ਨੀ ਮਾਂ ਤੌਬਾ ਤੌਬਾ....' 'ਆਜਾ ਨੌਕਰਾ ਤੁੜਾ ਕੇ ਨਾਮਾ, ਕੱਲੀ ਦਾ ਮੇਰਾ ਦਿਲ ਨਾ ਲੱਗੇ...', 'ਆਪ ਤੁਰ ਚੱਲੀਉਂ ਮਿੱਟੀ ਦੇ ਤੇਲ ਨੂੰ, ਪਾਣੀ ਕੌਣ ਲਾਏਗਾ, ਫੁੱਲਾਂ ਦੀ ਵੇਲ ਨੂੰ.... ਨੌਕਰੀ ਨਾ ਜਾਈਂ, ਵੇ ਢੋਲਾ ਸੱਤਾ ਰੰਨਾਂ ਵਾਲਿਆ...' ਤੇ ਹੋਰ ਅਜਿਹੇ ਹੀ।

ਕੁੜੀਆਂ ਨੇ ਅਜਿਹੇ ਕੁੱਝ ਅਜਿਹੇ ਗੀਤ ਹੀ ਗਾਏ ਸਨ ਕਿ ਆਲੇ ਦੁਆਲੇ ਦੀਆਂ ਗੱਲਾਂ ਤੋਂ ਮੈਨੂੰ ਖ਼ਤਰੇ ਦਾ ਅਹਿਸਾਸ ਹੋਇਆ। ਮੇਰੇ ਕੰਨੀ ਆਵਾਜ਼ ਪਈ, ''ਇਹ ਕੌਣ ਹੁੰਦਾ ਸਾਡੀਆਂ ਕੁੜੀਆਂ ਨੂੰ ਕੱਠੀਆਂ ਕਰਨ ਵਾਲਾ? ਇਨ੍ਹਾਂ ਨੂੰ ਗਾਉਣ ਵਾਲੀਆਂ ਬਣਾਉਣਾ...?'' ਬੜੀ ਤਲਖ਼ ਸੀ ਇਹ ਆਵਾਜ਼। ਕੁਲਦੀਪ ਕਹਿਣ ਵਾਲੇ ਬੰਦੇ ਨੂੰ ਪਰ੍ਹਾਂ ਲੈ ਗਿਆ ਸੀ ਤੇ ਸਾਨੂੰ ਆਪਣੇ ਕੰਮ ਕਰਦੇ ਰਹਿਣ ਲਈ ਕਹਿ ਗਿਆ। ਮੈਂ ਕੁੜੀਆਂ ਪਾਸੋਂ ਕੋਈ ਲੰਬਾ ਗੀਤ ਸੁਣਨ ਦਾ ਇੱਛਾਵਾਨ ਸੀ। ਪਰ ਮਾਹੌਲ ਨੇ ਕੁਝ ਕੁੜੱਤਣ ਪੈਦਾ ਕਰ ਦਿੱਤੀ ਸੀ। ਕੁੱਝ ਕੁੜੀਆਂ ਉਠ ਕੇ ਚਲੀਆਂ ਵੀ ਗਈਆਂ। ਮੈਨੂੰ ਹੁਣ ਤਕ ਯਾਦ ਹੈ ਕਿ ਸਿਆਲ ਦੇ ਦਿਨ ਸਨ ਤੇ ਸ਼ਾਮ ਉਤਰ ਰਹੀ ਸੀ। ਮਾਹੌਲ ਗਰਮ ਸੀ। ਕੁੜੀਆਂ ਕਹਿੰਦੀਆਂ, ''ਭਾਜੀ ਅਸੀਂ ਇਕ ਗੀਤ ਗਾ ਕੇ ਚਲੀਆਂ ਜਾਵਾਂਗੀਆਂ।'' ਮੈਂ ਵੀ ਹੋਰ ਮਾਹੌਲ ਨੂੰ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਇਸ ਲਈ ਉਨ੍ਹਾਂ ਨਾਲ ਰਾਜ਼ੀ ਹੋ ਗਿਆ। ਕੁੜੀਆਂ ਨੇ ਪਹਿਲੀ ਬਾਰ ਢੋਲਕ ਦੀ ਤਰਜ਼ ਛੱਡ ਕੇ ਲੰਮੀ ਹੇਕ ਲਾਈ

**ਵੇ ਮੈਂ ਵਾਰੀ ਸਿੰਘ ਜੀ, ਜਾਨੀਆ ਪੜ੍ਹਿਆ ਪੰਡਤਾਂ ਕੋਲ।**
**ਖੋਲ੍ਹ ਵੇ ਪੰਡਤਾ ਪੱਤਰੀ, ਮੈਂ ਵਾਰੀ ਪੰਡਤਾ,**
**ਕਦ ਘਰ ਆਊ ਮੇਰਾ ਸ਼ਾਮ।**

ਮੈਨੂੰ ਲੱਗਾ ਅੱਜ ਦੀ ਦਿਹਾੜੀ ਹੁਣ ਪੂਰੀ ਹੋਊ। ਭੂਮਿਕਾ ਹੀ ਦੱਸ ਰਹੀ ਸੀ ਕਿ ਗੀਤ ਕੋਈ ਕਥਾ ਬਿਆਨ ਕਰਨ ਜਾ ਰਿਹਾ ਹੈ। ਕਈ ਹੋਰ ਗੀਤ ਵੀ ਇਸ ਤਰ੍ਹਾਂ ਦੀ ਭੂਮਿਕਾ ਨਾਲ ਸ਼ੁਰੂ ਹੁੰਦੇ ਹਨ। ਜਿਨ੍ਹਾਂ ਵਿਚ ਅਖ਼ੀਰ 'ਤੇ ਪਤਾ ਲਗਦਾ ਹੈ ਕਿ 'ਸ਼ਾਮ' ਤਾਂ ਲਾਮ ਵਿਚ ਖ਼ਤਮ ਹੋ ਗਿਆ ਹੈ। ਇਸੇ ਤਰ੍ਹਾਂ ਮੈਨੂੰ ਲੱਗਾ ਪਰ ਹੋ ਸਕਦਾ ਹੈ ਕਿ ਕੋਈ ਵੇਰਵੇ ਵਖਰੇ ਹੋਣ, ਇਸ ਲਈ ਮੈਂ ਉਤਸੁਕਤਾ ਨਾਲ ਗੀਤ ਨਾਲ ਤੁਰਨ ਦਾ ਯਤਨ ਕਰ ਰਿਹਾ ਸਾਂ। ਪੰਡਿਤ ਦਾ ਜਵਾਬ ਸੀ,

**ਅੱਜ ਨਾ ਆਵੇ ਗੋਰੀਏ, ਕਲ੍ਹ ਨਾ ਆਵੇ ਗੋਰੀਏ,**
**ਵੇ ਮੈਂ ਵਾਰੀ ਗੋਰੀਏ,**
**ਬਾਰੀਂ ਵਰ੍ਹੀ ਤੇਰੇ ਕੋਲ, ਨੀ ਮੈਂ ਵਾਰੀ ਗੋਰੀਏ।**
**ਅੱਗ ਲਾਵਾਂ ਤੇਰੀ ਪੱਤਰੀ ਨਹਿਰੀਂ ਰੁੜ੍ਹਾਮਾ ਤੇਰੇ ਬੋਲ,**
**ਵੇ ਮੈਂ ਵਾਰੀ ਪੰਡਤਾ, ਨਰਿਹੀ ਰੁੜ੍ਹਾਮਾ ਤੇਰੇ ਬੋਲ।**

ਪਹਿਲੀ ਵਾਰ ਸੁਣ ਰਿਹਾ ਸਾਂ ਕਿ ਪੰਡਤ ਦੀ ਪੱਤਰੀ ਨੂੰ ਅੱਗ ਲੱਗ ਰਹੀ ਸੀ। ਨਹੀਂ ਤਾਂ ਆਮ ਤੌਰ 'ਤੇ ਤਾਂ ਇਨ੍ਹਾਂ ਗੱਲਾਂ ਦਾ ਵਹਿਮ ਮਾੜਾ। ਗੋਰੀ ਹੁਣ ਕੀ ਕਰੇਗੀ? ਸਵਾਲ ਤਾਂ ਬਾਕੀ ਸੀ।

**ਥਾਲ ਜੋ ਭਰਿਆ ਮੋਤੀਆਂ, ਮੈਂ ਵਾਰੀ ਪੰਡਤਾ,**
**ਜਾਂਦੀਆਂ ਛੋਟੀਆਂ ਨਣਦਾ ਕੋਲ।**
**ਦੱਸ ਨੀ ਭੈਣੇ ਨਣਦੀਏ, ਮੈਂ ਵਾਰੀ ਗੋਰੀਏ,**
**ਕਦ ਘਰ ਆਊ ਤੇਰਾ ਵੀਰ, ਨੀ ਮੈਂ ਵਾਰੀ ਗੋਰੀਏ।**
**ਅੱਜ ਨਾ ਆਵੇ ਗੋਰੀਏ, ਕਲ੍ਹ ਨਾ ਆਵੇ ਗੋਰੀਏ,**
**ਪਰਸੋਂ ਨੀ ਆਵੇ ਤੇਰੇ ਕੋਲ, ਨੀ ਮੈਂ ਵਾਰੀ ਭਾਬੋ।**

ਇਨ੍ਹਾਂ ਪੰਗਤੀਆਂ ਤਕ ਪਹੁੰਚ ਕੇ, ਮੈਂ ਸਮਝ ਗਿਆ ਸਾਂ ਕਿ ਗੀਤ ਮੇਰੇ ਲਈ ਨਵਾਂ ਸੀ। ਨਣਦ ਦੇ ਬੋਲਾਂ ਨੇ ਭਾਬੀ ਨੂੰ ਖ਼ੁਸ਼ ਵੀ ਕਰਨਾ ਸੀ। ਪਰ ਮਾਹੌਲ ਦੀ ਚਿੰਤਾ ਦੇ ਨਾਲ ਮੇਰੀ ਇਕ ਹੋਰ ਚਿੰਤਾ ਵੀ ਜੁੜ ਗਈ ਕਿ ਸੈੱਲ ਵੀਕ ਹੋ ਜਾਣ ਕਾਰਨ ਟੇਪ ਨੇ ਹੌਲੀ ਚਲਣਾ ਸ਼ੁਰੂ ਕਰ ਦਿੱਤਾ ਸੀ। ਸ਼ਾਇਦ ਗੀਤ ਪੂਰਾ ਵੀ ਰਿਕਾਰਡ ਹੋ ਸਕੇ ਕਿ ਨਾ, ਪਰ ਹੋ ਕੀ ਸਕਦਾ ਸੀ। ਮੈਂ 'ਜੋ ਹੋਊ ਦੇਖੀ ਜਾਊ' ਸੋਚ ਕੇ ਗੀਤ ਨੂੰ ਅਜਿਹੇ ਮਾਹੌਲ ਵਿਚ ਰੋਕਣਾ ਠੀਕ ਨਹੀਂ ਸਮਝਿਆ। ਟੇਪ ਦਾ ਤਾਂ ਪਤਾ ਨਹੀਂ ਸੀ, ਪਰ ਕੁੜੀਆਂ ਆਪਣੀ ਵਾਹ ਲਾ ਰਹੀਆਂ ਸਨ।

**ਚਾਂਦੀ ਤੈਨੂੰ ਮੈਂ ਮੜ੍ਹਾਂ, ਮੈਂ ਵਾਰੀ ਨਣਦੇ,**
**ਸੋਨੇ ਮੜਾਵਾਂ ਤੇਰੇ ਬੋਲ, ਨੀ ਮੈਂ ਵਾਰੀ ਗੋਰੀਏ।**

ਨਣਦ ਨਾਲ ਉਵੇਂ ਭਾਵੇਂ, ਲੜਾਈ ਹੁੰਦੀ ਰਹੇ, ਪਰ ਖੁਸ਼ਖਬਰੀ ਦੇਣ ਬਦਲੇ ਚਾਂਦੀ ਸੋਨੇ ਦੀਆਂ ਗੱਲਾਂ ਹੋਣ ਲੱਗੀਆਂ ਸਨ। ਆਪਣੇ ਕੋਲ ਹੋਵੇ ਜਾਂ ਨਾ ਹੋਵੇ ਪਰ ਕਲਪਨਾ ਕਰਨ ਦਾ ਕੀ ਹਰਜ ਹੈ।

**ਉਠ ਨੀ ਮੇਰੀਏ ਗੋਰੀਏ, ਮੈਂ ਵਾਰੀ ਗੋਰੀਏ,**
**ਉਠ ਕੇ ਕੁੰਡੜਾ ਖੋਲ੍ਹ, ਨੀ ਮੈਂ ਵਾਰੀ ਗੋਰੀਏ।**

ਪੰਡਿਤ ਝੂਠਾ, ਸਾਬਤ ਹੋਇਆ ਸੀ। ਨਣਦ ਸੱਚੀ। ਗੀਤ ਨਾਟਕੀ ਢੰਗ ਨਾਲ ਪਤੀ ਦੇ ਘਰ ਆਉਣ ਦੀ ਸੂਚਨਾ ਦੇ ਰਿਹਾ ਸੀ। ਅਜਿਹੀਆਂ ਸਥਿਤੀਆਂ ਆਮ ਤੌਰ 'ਤੇ ਭਾਵੁਕ ਹੀ ਹੁੰਦੀਆਂ ਹਨ, ਜਿਨ੍ਹਾਂ ਦੀ ਕਲਪਨਾ, ਪਹਿਲਿਆਂ ਗੀਤਾਂ ਦੇ ਆਧਾਰ 'ਤੇ ਮੈਂ ਕਰ ਰਿਹਾ ਸਾਂ। ਗੀਤ ਹੁਣ ਲਾਂਭ-ਚਾਂਭ ਤੋਂ ਬੇਪ੍ਰਵਾਹ ਅਗਾਂਹ ਵਧ ਰਿਹਾ ਸੀ।

**ਕੁੰਡੜਾ ਸਾਤੋਂ ਨਾ ਖੁਲ੍ਹੇ, ਮੈਂ ਵਾਰੀ ਸਿੰਘ ਜੀ,**
**ਗੋਦੀ ਖੇਲ੍ਹੇ ਨੰਦ ਲਾਲ, ਮੈਂ ਵਾਰੀ ਸਿੰਘ ਜੀ।**

ਸਥਿਤੀ ਬਿਲਕੁਲ ਨਿਵੇਕਲੀ ਸੀ। ਮੇਰੀ ਕਲਪਨਾ ਤੋਂ ਉਲਟ। ਇਕ ਵਾਰ ਮੈਂ ਕੁਝ ਟੇਪ ਗੀਤ ਡਾ. ਕੇਸਰ ਹੁਰਾਂ ਨੂੰ ਸੁਣਾਏ। ਉਨ੍ਹਾਂ ਕਿਹਾ ਕਿ 'ਸਿੰਘ ਜੀ' ਸ਼ਬਦ ਸਿੰਘ ਸਭਾ ਲਹਿਰ ਤੋਂ ਬਾਅਦ ਸ਼ਾਮਿਲ ਹੋਇਆ ਹੈ, ਗੀਤ ਭਾਵੇਂ ਪੁਰਾਣੇ ਲਗਦੇ ਹਨ। ਮੈਂ ਉਨ੍ਹਾਂ ਨਾਲ ਸਹਿਮਤ ਸਾਂ। ਮੈਨੂੰ ਆਸ ਹੋਈ ਕਿ ਅੱਜ ਦਾ ਦਿਨ ਵਿਅਰਥ ਨਹੀਂ ਗਿਆ ਸੀ। ਗੀਤ ਨਵੀਆਂ ਪਰਤਾਂ ਖੋਲ੍ਹ ਰਿਹਾ ਸੀ।

**ਬਾਰੀਂ ਬਰਸੀ ਮੈਂ ਆਇਆ, ਮੈਂ ਵਾਰੀ ਗੋਰੀਏ।**
**ਕਿਥੋਂ ਲਿਆਂਦਾ ਨੰਦ ਲਾਲ, ਨੀ ਮੈਂ ਵਾਰੀ ਗੋਰੀਏ।**
**ਨੰਦਪੁਰ ਮੇਲੇ ਮੈਂ ਗਈ, ਮੈਂ ਵਾਰੀ ਸਿੰਘ ਜੀ,**
**ਉਥੋਂ ਲਿਆਂਦਾ ਨੰਦ ਲਾਲ, ਵੇ ਮੈਂ ਵਾਰੀ ਸਿੰਘ ਜੀ।**

ਨੌਕਰ ਦਾ ਦੇਰ ਬਾਅਦ ਘਰ ਆਉਣਾ ਤੇ ਪਤਨੀ ਦੀ ਗੋਦੀ ਵਿਚ ਪੁੱਤਰ ਦੇਖ ਕੇ ਉਤੇਜਨਾ ਵਧ ਸਕਦੀ ਹੈ। ਪਰ ਇਥੇ ਉਤਰ ਬੜਾ ਮਾਸੂਮ ਜਿਹਾ ਹੈ, ਜਿਵੇਂ ਪਤੀ ਬੁੱਧੂ ਹੋਵੇ।

**ਪੈਸੇ ਤੈਨੂੰ ਮੈਂ ਦੇਵਾਂ, ਮੈਂ ਵਾਰੀ ਗੋਰੀਏ,**
**ਮੈਨੂੰ ਲਿਆਂਦੇ ਨੰਦ ਲਾਲ, ਨੀ ਮੈਂ ਵਾਰੀ ਗੋਰੀਏ।**
**ਭਰਿਆ ਮੇਲਾ ਵਿਛੜ ਗਿਆ, ਮੈਂ ਵਾਰੀ ਸਿੰਘ ਜੀ।**
**ਕਿਥੋਂ ਲਿਆਵਾਂ ਨੰਦ ਲਾਲ, ਵੇ ਮੈਂ ਵਾਰੀ ਸਿੰਘ ਜੀ,**

ਫਿਰ ਸਵਾਲ ਜਵਾਬ ਬੜੇ ਮਾਸੂਮ ਸਨ। ਜਿਵੇਂ ਕਿ ਇਕ ਦੂਜੇ ਨੂੰ ਰਿਝਾ ਰਹੇ ਹੋਣ। ਲੱਗਦਾ ਸੀ ਕਿ ਸਿਰਜਣਹਾਰੀਆਂ ਸਥਿਤੀ ਦੀ ਬੋਝਲਤਾ ਨੂੰ ਹਲਕਿਆਂ ਕਰਨ ਦੇ ਇਰਾਦੇ ਨਾਲ ਅਜਿਹੀਆਂ ਕਰਦੀਆਂ ਹਨ ਨਹੀਂ ਤਾਂ ਇਹ ਬੜੀ ਭਿਆਨਕ ਸਮਾਜਿਕ ਸਥਿਤੀ ਹੈ।

**ਲੈ ਕਰਪਾਨ ਵੱਢ ਸੁੱਟਾਂ, ਮੈਂ ਵਾਰੀ ਗੋਰੀਏ,**
**ਟੋਟੇ ਕਰਾਂ ਮੈਂ ਇਹਦੇ ਚਾਰ, ਨੀ ਮੈਂ ਵਾਰੀ ਗੋਰੀਏ।**

ਇਹ ਸ਼ਬਦ ਸਥਿਤੀ ਦੇ ਅਨੁਕੂਲ ਸਨ।

**ਤਾਏ ਚਾਚੇ ਖੜ੍ਹੇ ਰਹੇ, ਮੈਂ ਵਾਰੀ ਸਿੰਘ ਜੀ,**
**ਕਿਸੇ ਨਾ ਫੜੀ ਕਿਰਪਾਨ, ਵੇ ਮੈਂ ਵਾਰੀ ਸਿੰਘ ਜੀ।**
**ਉਠ ਨੀ ਮੇਰੀਏ ਗੋਰੀਏ, ਮੈਂ ਵਾਰੀ ਗੋਰੀਏ,**
**ਉਠ ਕੇ ਲਾਡ ਲਡਾ, ਮੈਂ ਵਾਰੀ ਗੋਰੀਏ।**

ਇਥੇ ਗੀਤ ਫਿਰ ਮਨੋ-ਇੱਛਤ ਯਥਾਰਥ ਦਾ ਪ੍ਰਗਟਾ ਬਣਾ ਕੇ ਰਹਿ ਗਿਆ ਸੀ। ਗੀਤ ਸਮਾਪਤ ਹੋ ਚੁੱਕਾ ਸੀ। ਮੈਂ ਕੈਸਿਟ ਬੈਕ ਕਰ ਕੇ ਚਲਾਈ ਤਾਂ ਉਹ ਚਲੇ ਜੂੰ ਦੀ ਚਾਲ, ਪਰ ਲਮਕਵੇਂ ਬੋਲਾਂ ਨੂੰ ਸੁਣਿਆ ਜਾ ਸਕਦਾ ਸੀ। ਬਾਅਦ ਵਿਚ ਮੈਂ ਨਵੇਂ ਸੈੱਲ ਪਾ ਕੇ ਚਲਾਈ ਤਾਂ ਬਹੁਤ ਤੇਜ਼ ਹੋ ਗਈ। ਪਰ ਜਿਵੇਂ ਕਿਵੇਂ ਮੈਂ ਗੀਤ ਉਤਾਰ ਹੀ ਲਿਆ ਸੀ।

ਕੁੜੀਆਂ ਆਪਣਾ ਗੀਤ ਨਾ ਸੁਣ ਕੇ ਉਠ ਚਲੀਆਂ ਗਈਆਂ, ਮਾਹੌਲ ਇਸ ਤਰ੍ਹਾਂ ਤਣਾਅ ਵਾਲਾ ਸੀ, ਕਿ ਕੁੜੀਆਂ ਦੇ ਨਾਮ ਤਕ ਨੋਟ ਨਹੀਂ ਕੀਤੇ ਜਾ ਸਕੇ। ਇਸੇ ਲਈ ਇਥੇ ਮੈਨੂੰ ਕਿਸੇ ਵੀ ਕੁੜੀ ਦਾ ਨਾਂ ਯਾਦ ਨਹੀਂ। ਮੇਰੇ ਫੀਲਡ ਵਰਕ ਦੌਰਾਨ ਇਹ ਅਨੁਭਵ ਬੜਾ ਕੌੜਾ ਸੀ। ਕਈ ਵਾਰ ਖ਼ਾਲੀ ਮੁੜਨਾ ਪੈਂਦਾ ਸੀ। ਕੋਈ ਘਰੇਲੂ ਬਹਾਨਾ ਬਣਾ ਲੈਂਦਾ ਸੀ। ਮਰਦ ਆਪਣੀ ਧੌਂਸ ਨਾਲ ਕੁੜੀਆਂ ਨੂੰ ਵਿਆਹਾਂ ਵਿਚ ਵੀ ਗਾਉਣੋਂ ਰੋਕਦੇ ਮੈਂ ਦੇਖੇ ਸਨ। ਪਰ ਅਜਿਹੇ ਮਾਹੌਲ ਨਾਲ ਮੈਨੂੰ ਹੋਰ ਕਿਤੇ ਵਾਹ ਨਹੀਂ ਪਿਆ। ਇਸੇ ਲਈ ਗੀਤ ਦੇ ਨਾਲ ਨਾਲ ਉਹ ਮਾਹੌਲ ਵੀ ਮੇਰੀ ਸਿਮ੍ਰਤੀ ਵਿਚ ਇਕ ਕੌੜੀ ਯਾਦ ਬਣ ਕੇ ਹਮੇਸ਼ਾ ਲਈ ਬੈਠਾ ਹੋਇਆ ਹੈ।

ਕੁਲਦੀਪ ਨਾਲ ਇਸ ਮਾਹੌਲ ਦੀ ਚਰਚਾ ਕਰਦਿਆਂ ਮੈਂ ਦੇਰ ਰਾਤ ਘਰ ਪਹੁੰਚਿਆ। ਬਾਅਦ ਵਿਚ ਹੋਰ ਕਈ ਗੀਤ ਇਸ ਤਰ੍ਹਾਂ ਦੀਆਂ ਸਥਿਤੀਆਂ ਨਾਲ ਜੁੜੇ ਮੈਂ ਸੁਣੇ, ਪਰ ਇਕ ਗੱਲ ਹੈਰਾਨੀ ਵਾਲੀ ਹੈ, ਕਿ ਕੋਈ ਵੀ ਗੀਤ ਦੁਖਾਂਤ ਨਾਲ ਖ਼ਤਮ ਨਹੀਂ ਹੁੰਦਾ। ਅੰਤ ਉਪਰ ਪਤੀ ਦੀ ਗੈਰ ਹਾਜ਼ਰੀ ਵਿਚ ਹੋਏ ਬੱਚੇ ਸਬੰਧੀ ਸਮਝੌਤਾ ਹੀ ਹੁੰਦਾ ਹੈ। ਇਸ ਪ੍ਰਸੰਗ ਵਿਚ ਇਨ੍ਹਾਂ ਸਥਿਤੀਆਂ ਨੂੰ ਸਮਝਣ ਲਈ ਅਜੇ ਸ਼ਾਇਦ ਹੋਰ ਡੂੰਘੀ ਸਮਾਜ ਸ਼ਾਸਤਰੀ ਸਮਝ ਦੀ ਲੋੜ ਹੈ।

# ਕਵਿੰਦਰ ਚਾਂਦ ਤਿੰਨ ਦੀਆਂ ਗ਼ਜ਼ਲਾਂ



ਕਵਿੰਦਰ ਚਾਂਦ ਪੰਜਾਬੀ ਗ਼ਜ਼ਲ ਵਿਚ ਆਪਣਾ ਬਿਲਕੁਲ ਵੱਖਰਾ ਕਾਵਿ ਮੁਹਾਂਦਰਾ ਲੈ ਕੇ ਆਇਆ ਹੈ। ਪੰਜਾਬੀ ਦੀ ਆਧੁਨਿਕ ਗ਼ਜ਼ਲ ਵਿਚ ਭਾਸ਼ਾ ਦੀ ਜਿਸ ਖ਼ੂਬਸੂਰਤੀ ਨਾਲ ਕਵਿੰਦਰ ਚਾਂਦ ਵਰਤੋਂ ਕਰਦਾ ਹੈ, ਉਹ ਵਿਰਲੇ ਟਾਂਵੇਂ ਸ਼ਾਇਰ ਦੇ ਹਿੱਸੇ ਹੀ ਆਉਂਦਾ ਹੈ। ਇਸ ਸ਼ਾਇਰ ਦੀ ਸੋਝੀ ਸਿਰਫ ਆਪਣਾ ਆਲਾ ਦੁਆਲਾ ਹੀ ਨਹੀਂ ਦੇਖਦੀ ਸਗੋਂ ਸੰਸਾਰਕ ਮਸਲਿਆਂ ਨਾਲ ਵੀ ਦੋ ਚਾਰ ਹੁੰਦੀ ਹੈ। ਇਹੀ ਕਿਸੇ ਵੀ ਚੰਗੇ ਸ਼ਾਇਰ ਦੀ ਸਭ ਤੋਂ ਵੱਡੀ ਪਛਾਣ ਹੋਇਆ ਕਰਦੀ ਹੈ। 'ਅਸ਼ਰਫ਼ੀਆਂ' ਨਾਂ ਦੇ ਗ਼ਜ਼ਲ ਸੰਗ੍ਰਹਿ ਨਾਲ ਪੰਜਾਬੀ ਗ਼ਜ਼ਲ ਦੇ ਪਿੜ ਵਿਚ ਦਾਖ਼ਲ ਹੋਏ ਇਸ ਸ਼ਾਇਰ ਦੇ ਸ਼ੇਅਰ ਮਸਤਕ ਵਿਚ ਵੱਜਦੇ ਹੀ ਨਹੀਂ ਸਗੋਂ ਸਦਾ ਲਈ ਵਸ ਜਾਂਦੇ ਹਨ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹੈ ਕਵਿੰਦਰ ਚਾਂਦ ਦੀਆਂ ਇਹ ਗ਼ਜ਼ਲਾਂ।

ਗਗਨ ਚੁੰਮਣ ਦੀਆਂ ਰੀਝਾਂ ਹਕੀਕਤ ਬਣਦੀਆਂ ਦਿਸੀਆਂ।
ਬੜੇ ਨਿਕੇ ਜਿਹੇ ਘਰ 'ਚੋਂ ਪਤੰਗਾਂ ਉਡਦੀਆਂ ਦਿਸੀਆਂ।

ਉਦੋਂ ਤਕ ਸਿੱਖ ਚੁੱਕੇ ਸੀ ਬਿਨਾਂ ਤਿਨਕੇ ਦੇ ਵੀ ਤਰਨਾ
ਬਚਾਅ ਦੇ ਵਾਸਤੇ ਆਈਆਂ ਜਦੋਂ ਤਕ ਕਿਸ਼ਤੀਆਂ ਦਿਸੀਆਂ।

ਨਜ਼ਰ ਤੇ ਨਜ਼ਰੀਏ ਅੰਦਰ ਬੜਾ ਹੀ ਫ਼ਰਕ ਹੁੰਦਾ ਹੈ
ਅਸਾਂ ਤਾਂ ਫੁੱਲ ਤਾਰੇ ਸੀ ਤੁਹਾਨੂੰ ਅਸਥੀਆਂ ਦਿਸੀਆਂ।

ਕੋਈ ਏਦਾਂ ਵੀ ਡੁੱਬਿਆ ਸੀ ਕਿ ਉਦੋਂ ਤੋਂ ਅਜੇ ਤੀਕਰ
ਝਨਾਂ ਦੇ ਪਾਣੀਆਂ ਉਤੇ ਵਫਾਵਾਂ ਤਰਦੀਆਂ ਦਿਸੀਆਂ।

ਨਾ ਮੇਰੀ ਤਿਸ਼ਨਗੀ ਮੁੱਕੀ ਤੇ ਨਾ ਦਰਿਆ-ਦਿਲੀ ਉਸਦੀ
ਨਦੀ ਤੇ ਪਿਆਸ ਚੁੱਪ ਕਰਕੇ ਬਰਾਬਰ ਤੁਰਦੀਆਂ ਦਿਸੀਆਂ।

ਦਿਨਾਂ ਦੇ ਫਿਰਨ ਦੀ ਦੇਰੀ ਸੀ ਕਿ ਬਸ ਉਸ ਦੇ ਪਿਛੋਂ
ਕਈ ਰਿਸ਼ਤੇ ਬਦਲਦੇ ਤੇ ਨਿਗਾਹਾਂ ਫਿਰਦੀਆਂ ਦਿਸੀਆਂ।

ਸਮੁੰਦਰ ਪਾਰ ਤੁਰ ਕੇ ਹੀ ਕਰਾਂਗੇ, ਕਰ ਲਿਆ ਨਿਸ਼ਚਾ
ਤਾਂ ਪਾਣੀ ਦੀ ਸਤਹਿ ਉਤੇ ਕਈ ਪਗਡੰਡੀਆਂ ਦਿਸੀਆਂ।

ਬਹੁਤ ਹੀ ਰੀਝ ਸੀ ਬੁਲ੍ਹਾਂ 'ਤੇ ਦੇਖਾਂਗੇ ਗਿਲੇ, ਸ਼ਿਕਵੇ
ਬਹੁਤ ਮਾਯੂਸ ਹਾਂ ਮੈਨੂੰ ਸਿਰਫ਼ ਖਾਮੋਸ਼ੀਆਂ ਦਿਸੀਆਂ।

------------

ਨਾ ਕਲਸ਼ਾਂ ਦੇ ਜਲੌ ਵਿਚੋਂ ਤੇ ਨਾ ਮਦਰੱਸਿਆਂ ਵਿਚੋਂ।
ਸਮੇਂ ਦੇ ਸੂਰਜਾਂ ਨੇ ਚਮਕਣਾ ਹੈ ਮੱਥਿਆਂ ਵਿਚੋਂ।

ਇਹ ਕੈਸੇ ਖੰਭ ਉਗੇ ਨੇ ਮਨੁੱਖਾ ਖ਼ੂਨ ਦੇ ਅੰਦਰ
ਉੱਡਾ ਕੇ ਲੈ ਗਏ ਸਭ ਆਪਣਾਪਨ ਰਿਸ਼ਤਿਆਂ ਵਿਚੋਂ।

ਨਗਰਵਾਸੀ ਝੁਕਾ ਕੇ ਸੀਸ ਜਿਉਂਣਾ ਸਿੱਖ ਚੁੱਕੇ ਸੀ
ਜਦੋਂ ਤਕ ਪਰਤ ਕੇ ਆਇਆ, ਮੈਂ ਕਾਲੇ ਪਾਣੀਆਂ ਵਿਚੋਂ।

ਨਾ ਲੱਖਾਂ ਮਿੰਨਤਾਂ ਕਰਕੇ ਤੇ ਨਾ ਹੀ ਮੰਨਤਾਂ ਕਰਕੇ
ਆਜ਼ਾਦੀ ਜਨਮਦੀ ਹੈ ਖ਼ੂਨ ਵਿਚੋਂ, ਫਾਂਸੀਆਂ ਵਿਚੋਂ।

ਵਤਨ ਪਰਤੇ ਉਹ ਅਪਣੇ ਰਿਸ਼ਤਿਆਂ ਦਾ ਮੋਹ ਭਰਮ ਲੈ ਕੇ
ਅਸੀਂ ਪਰ ਸੁੰਘਦੇ ਡਾਲਰ ਰਹੇ ਪਰਵਾਸੀਆਂ ਵਿਚੋਂ।

ਜਦੋਂ ਤਕ ਦੂਰ ਸੀ, ਸੀ ਰਹਿਨੁਮਾ ਜਦ ਕੋਲ ਆਏ ਤਾਂ
ਬੜੇ ਛੋਟੇ ਜਿਹੇ ਕਿਰਦਾਰ ਨਿਕਲੇ, ਹਸਤੀਆਂ ਵਿਚੋਂ।

# ਸੁਖ਼ਨ-ਸਾਜ਼



ਸੁਲੱਖਣ ਸਰਹੱਦੀ

ਜ਼ੁਲਫ਼ ਤਹਿਜ਼ੀਬ ਦੀ ਰੁਲਦੀ ਰਹੀ ਨਾ ਉੱਠਿਆ ਕੋਈ
ਅਖੌਤੀ ਮਜਨੂੰਆਂ ਵਿਚੋਂ ਅਜੋਕੇ ਰਾਝਿਆਂ ਵਿਚੋਂ।

------------

ਹਰ ਸੀਨਾ ਧੁੱਖਦਾ-ਧੁੱਖਦਾ ਹੈ ਤੇ ਸੋਚਾਂ ਵਿਚ ਜਵਾਲਾ ਹੈ।
ਇਕ ਚੀਜ਼ ਬਦਲਿਆਂ ਨਹੀਂ ਸਰਨਾ ਇਹ ਢਾਂਚਾ ਬਦਲਣ ਵਾਲਾ ਹੈ।

ਆਜ਼ਾਦ ਮੁਲਕ ਦੇ ਵਾਸੀ ਹਾਂ ਪਰ ਜ਼ੇਹਨ 'ਚ ਪਿੰਜਰੇ ਲਟਕੇ ਨੇ
ਸੰਸਦ ਵਿਚ ਗਹਿਮਾ ਗਹਿਮੀ ਹੈ ਉਪਰਾਮ ਹੁਸੈਨੀਵਾਲਾ ਹੈ।

ਬੁਲ੍ਹਾਂ 'ਤੇ ਨਾਹ੍ਰੇ ਮੋਏ ਨੇ ਸੋਚਾਂ 'ਤੇ ਪਹਿਰੇ ਜਾਰੀ ਨੇ
ਸਾਨੂੰ ਰਾਤ ਨਹੋਰੇ ਦਿੰਦੀ ਹੈ ਅਜੇ ਕਾਫੀ ਦੂਰ ਉਜਾਲਾ ਹੈ।

ਕਰਮਾਂ ਧਰਮਾਂ ਦੇ ਓਹਲੇ 'ਚੋਂ ਕੇਹੜਾ ਹੈ ਕੀ ਪਹਿਚਾਣ ਕਰਾਂ
ਇਕ ਹੱਥ 'ਚ ਨੇ ਹਥਿਆਰ ਫੜੇ ਤੇ ਦੂਜੇ ਦੇ ਵਿਚ ਮਾਲਾ ਹੈ।

ਰਾਜੇ ਦੇ ਹਾਕਿਮ ਕਹਿੰਦੇ ਨੇ ਮਜ਼ਦੂਰ ਤੇ ਹੈ ਹੁਣ ਖ਼ੁਸ਼ਹਾਲੀ
ਓਹਦੇ ਬਾਲ ਵੀ ਕੰਮ 'ਤੇ ਜਾਂਦੇ ਨੇ ਤੇ ਮਿਲਦਾ ਰੋਜ਼ ਨਿਵਾਲਾ ਹੈ।

ਪਾਤਾਲ ਵੀ ਛਾਣੀ ਜਾਂਦੇ ਹਾਂ, ਹੈ ਅੰਬਰ ਦਾ ਵੀ ਹੇਜ ਬੜਾ
ਇਹ ਧਰਤ ਵਿਚਾਰੀ ਪੁੱਛਦੀ ਹੈ ਮੇਰੇ ਦੁੱਖ ਦਾ ਕੀ ਉਪਰਾਲਾ ਹੈ।

ਇਹ ਵਗਦੇ ਹੋਏ ਪਸੀਨੇ ਨੂੰ ਸਦੀਆਂ ਤੋਂ ਮੁੱਲ ਨਹੀਂ ਮਿਲਿਆ
ਕੀ ਕਰੀਏ ਗਲ ਪਸੀਨੇ ਦੀ ਹੁਣ ਖ਼ੂਨ ਵੀ ਸੁੱਕਣ ਵਾਲਾ ਹੈ।

ਮੂਲ ਲੇਖਕ : ਪ੍ਰੋ. ਆਸ਼ਕ ਰਹੇਲ

# ਨੌਸਰਬਾਜ਼

ਲਿਪੀ ਵਟਾਂਦਰਾ : ਗੁਰਮੇਲ ਮਡਾਹੜ

ਇਹ ਲੇਖ ਸਮਾਜਿਕ ਮਸਲਿਆਂ ਉਪਰ ਵਿਅੰਗ ਦਾ ਵਧੀਆ ਨਮੂਨਾ ਹੈ। ਲਿਪੀ ਵਟਾਂਦਰਾ ਕਰਦੇ ਹੋਏ ਗੁਰਮੇਲ ਮਡਾਹੜ ਨੇ ਲਹਿੰਦੇ ਪੰਜਾਬ ਵਾਲਿਆਂ ਦਾ ਲਹਿਜ਼ਾ ਤੇ ਲਿਖਤ ਵਿਚ ਪਾਏ ਗਏ ਠੇਠ ਪੰਜਾਬੀ, ਫਾਰਸੀ ਤੇ ਅਰਬੀ ਦੇ ਲਫ਼ਜ਼ਾਂ ਨੂੰ ਨਹੀਂ ਬਦਲਿਆ। ਅਸੀਂ ਵੀ ਉਸੇ ਤਰ੍ਹਾਂ ਛਾਪ ਰਹੇ ਹਾਂ। ਸਿਰਫ਼ ਕਈ ਪਾਠਕਾਂ ਦੀ ਸਹੂਲਤ ਵਾਸਤੇ ਫੁੱਲ ਦੇ ਨਿਸ਼ਾਨ ਵਾਲੇ ਸ਼ਬਦਾਂ ਦੇ ਲੇਖ ਦੇ ਅੰਤ ਵਿਚ ਅਰਥ ਲਿਖੇ ਹਨ।

**ਸੰਪਾਦਕ**

ਪਤੰਗਬਾਜ਼, ਬਟੇਰਬਾਜ਼, ਕੁੱਕੜਬਾਜ਼, ਕਬੂਤਰਬਾਜ਼, ਹਵਾਬਾਜ਼ ਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਐਹੋ ਜਿਹੇ ਬਾਜ਼ ਜਾਂ ਰੁਤਬੇ ਸੁਣਨ ਤੇ ਵੇਖਣ ਵਿਚ ਆਉਂਦੇ ਨੇ। 'ਬਾਜ਼ਾਂ' ਵਿਚੋਂ ਇਕ ਦੋ 'ਬਾਜ਼' ਇਹੋ ਜਿਹੇ ਹੁੰਦੇ ਨੇ ਜਿਨ੍ਹਾਂ ਬਾਰੇ ਸਿਰਫ਼ ਸੁਣਿਆ ਈ ਜਾ ਸਕਦਾ ਏ, ਵੇਖਿਆ ਨਹੀਂ ਕਿਉਂ ਜੋ ਕੁੱਝ ''ਬਾਜ਼ੀਆਂ'' ਲੁਕ ਕੇ ਕਰਨ ਵਾਲੀਆਂ ਹੁੰਦੀਆਂ ਨੇ। ਪਤੰਗ ਉਡਾਉਣ ਤੇ ਪੇਚੇ ਲੜਾਉਣ ਵਾਲਿਆਂ ਨੂੰ ਪਤੰਗਬਾਜ਼, ਬਟੇਰੇ ਤੇ ਕੁੱਕੜ ਲੜਾਉਣ ਤੇ ਫਟੜ ਕਰਵਾਉਣ ਵਾਲਿਆਂ ਨੂੰ ਬਟੇਰਬਾਜ਼, ਕੁੱਕੜਬਾਜ਼ ਆਖਿਆ ਜਾਂਦਾ ਏ। ਇਹ ਸ਼ੌਕ ਦੇ ਤਹਿਤ ਕੀਤੀਆਂ ਜਾਂਦੀਆਂ ਨੇ ਤੇ ਸਭ ਜਾਣਦੇ ਨੇ ਕਿ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਇਸੇ ਤਰ੍ਹਾਂ ਹਵਾਬਾਜ਼ ਵੀ ਸਾਨੂੰ ਹਵਾਈ ਜਹਾਜ਼ ਉਡਾਉਂਦੇ ਨਜ਼ਰ ਆ ਜਾਂਦੇ ਨੇ। ਪਰ ਉਹ ''ਬਾਜ਼'' ਜੀਹਨੂੰ ਦੇਖਣਾ ਜੇ ਨਾ ਮੁਮਕਿਨ* ਨਹੀਂ ਤਾਂ ਮੁਸ਼ਕਲ ਜ਼ਰੂਰ ਏ। ਉਹ ਏ ਨੌਸਰਬਾਜ਼। ਕਿਉਂ ਜੋ ''ਨੌਸਰ'' ਨਜ਼ਰ ਆਉਣ ਵਾਲੀ ਚੀਜ਼ ਈ ਨਹੀਂ। ਜੇ ਉਹ ਨਜ਼ਰ ਆ ਜਾਵੇ ਤਾਂ ਨੌਸਰਬਾਜ਼, ਨੌਸਰਬਾਜ਼ ਈ ਨਹੀਂ ਰਹਿੰਦਾ।

ਨੌਸਰਬਾਜ਼ ਨਜ਼ਰ ਨਹੀਂ ਆਉਂਦਾ ਪਰ ਉਹਦਾ ਕਾਰਨਾਮਾ ਨਜ਼ਰ ਆ ਜਾਂਦਾ ਏ। ਕਿਉਂ ਜੋ ਜੀਹਦੇ ਨਾਲ ਨੌਸਰਬਾਜ਼ੀ ਹੁੰਦੀ ਏ ਉਹਦੀ ਅਫ਼ਸੋਸ ਨਾਲ ਹੱਥ ਮਲਦਿਆਂ ਦੀ ਹਾਲਤ ਲੋਕਾਂ ਦੇ ਸਾਹਮਣੇ ਹੁੰਦੀ ਏ ਤੇ ਨੌਸਰਬਾਜ਼ੀ ਦੀ ਏਸ ਵਾਰਦਾਤ ਦੀ ਤਫ਼ਸੀਲ* ਸੁਣਨ ਵਾਲੇ ਅਸ਼ ਅਸ਼ ਕਰ ਉਠਦੇ ਨੇ। ਉਂਜ ਤਾਂ ਪਤੰਗਬਾਜ਼, ਬਟੇਰਬਾਜ਼ ਤੇ ਦੂਜੇ ਬਾਜ਼ ਵੀ ਆਪਣੇ ਆਪਣੇ ਫਨ* ਦੇ ਉਸਤਾਦ ਹੁੰਦੇ ਨੇ ਪਰ ਨੌਸਰਬਾਜ਼ ਤਾਂ ਬਹੁਤ ਵੱਡਾ ਫਨਕਾਰ ਹੁੰਦਾ ਏ ਜੀਹਦੇ ਫਨ ਦੀ ਬਰਾਬਰੀ ਕੋਈ ਮਾਈ ਦਾ ਲਾਲ ਈ ਕਰ ਸਕਦਾ ਏ। ਨੌਸਰਬਾਜ਼ ਬਣਨ ਦਾ ਸਰਫ਼* ਵੀ ਓਹੀ ਇਨਸਾਨ ਹਾਸਲ ਕਰ ਸਕਦਾ ਏ ਜੋ ਬਹੁਤ ਜ਼ਿਆਦਾ ਜ਼ਹੀਨ* ਹੋਵੇ। ਕਿਉਂ ਜੋ ਜ਼ਹੀਨ ਲੋਕਾਂ ਨੂੰ ਫਰੇਬ ਦੇਣਾ ਕੋਈ ਆਸਾਨ ਕੰਮ ਨਹੀਂ। ਇਸ ਕੰਮ ਵਿਚ ਓਹੀ ਇਨਸਾਨ ਤੋੜ ਅਪੜ ਸਕਦਾ ਏ ਜੋ ਜ਼ਹੀਨ ਇਨਸਾਨ ਦਾ ਗੁਰੂ ਹੋਵੇ।

ਨੌਸਰਬਾਜ਼ ਦੇ ਝਾਂਸੇ ਵਿਚ ਆਉਣ ਵਾਲਾ ਇਨਸਾਨ ਆਪਣੇ ਨੁਕਸਾਨ ਉਤੇ ਪਛਤਾਉਂਦਾ ਵੀ ਏ ਤੇ ਉਹਦੇ ਫਨ ਤੇ ਜ਼ਹਾਨਤ ਦੀ ਦਾਦ ਵੀ ਦੇਂਦਾ ਏ। ਪਹਿਲਾਂ ਪਤੰਗਬਾਜ਼ੀ ਨੂੰ ਬਾਲਾਂ ਦੀ ਇਕ ਮਸੂਮ ਜਿਹੀ ਖੇਡ ਸਮਝਿਆ ਜਾਂਦਾ ਸੀ। ਬੱਚੇ ਸਕੂਲ ਦਾ ਤੇ ਘਰ ਦਾ ਕੰਮ ਕਾਜ ਕਰਦੇ, ਫਾਰਗ* ਹੁੰਦੇ ਤਾਂ ਸ਼ਾਮ ਵੇਲੇ ਧਾਗੇ ਦੀ ਇਕ ਨਲਕੀ ਖਰੀਦ ਕੇ ਲਿਆਉਂਦੇ ਜਾਂ ਆਪਣੀ ਮਾਂ ਦੀ ਸਿਲਾਈ ਮਸ਼ੀਨ ਤੋਂ ਲਾਹ ਲੈਂਦੇ। ਟਕੇ ਜਾਂ ਆਨੇ ਦੀ ਗੁੱਡੀ ਖ਼ਰੀਦ ਕੇ ਲਿਆਂਵਦੇ ਤੇ ਕੋਠੇ 'ਤੇ ਚੜ੍ਹ ਕੇ ਜਾਂ ਕਿਸੇ ਖੁਲ੍ਹੇ ਮੈਦਾਨ ਵਿਚ ਪਤੰਗਬਾਜ਼ੀ ਕਰ ਲੈਂਦੇ। ਪਰ ਜਦੋਂ ਦਾ ਏਸ ਮਾਸੂਮ ਜਿਹੀ ਬਾਜ਼ੀ ਉਤੇ ਬਾਲਾਂ ਦੇ ਵੱਡੇ ਭਰਾਵਾਂ ਜਾਂ ਪਿਉ ਦਾਦਿਆਂ ਨੇ ਕਬਜ਼ਾ ਕਰ ਲਿਆ ਏ, ਇਹ ਬਾਜ਼ੀ ਖਤਰਨਾਕ ਤੋਂ ਖਤਰਨਾਕ ਈ ਹੁੰਦੀ ਗਈ।

ਨੌਸਰਬਾਜ਼ ਤਾਂ ਮਾਲੀ ਨੁਕਸਾਨ ਈ ਕਰਦੇ ਨੇ ਪਰ ਪਤੰਗਬਾਜ਼ ਮਾਲੀ ਨੁਕਸਾਨ ਦੇ ਨਾਲ ਨਾਲ ਜਾਨੀ ਨੁਕਸਾਨ ਵੀ ਕਰਨ ਲੱਗ ਪਏ ਨੇ। ਕੋਠਿਆਂ ਉਤੇ ਚੜ੍ਹ ਕੇ, ਗੁੱਡੀਆਂ ਉਡਾਂਵਦੇ, ਕੱਟੀਆਂ ਹੋਈਆਂ ਪਤੰਗਾਂ ਲੁੱਟਦੇ, ਇਕ ਕੋਠੇ ਤੋਂ ਦੂਜੇ ਕੋਠੇ 'ਤੇ ਛਾਲਾਂ ਮਾਰਦੇ, ਹੇਠ ਡਿਗਦੇ ਤੇ ਪਤੰਗਬਾਜ਼ੀ ਦੇ ਸ਼ਹੀਦ ਹੋ ਜਾਂਦੇ ਨੇ। ਅੱਜ ਕਲ ਤਾਂ ਇਕ ਡੋਰ ਈ ਇਹੋ ਜਿਹੀ ਕਾਤਲ ਨਿਕਲ ਆਈ ਏ ਜਿਹੜੀ ਤਲਵਾਰ ਤੋਂ ਵੀ ਜ਼ਿਆਦਾ ਖਤਰਨਾਕ ਸਾਬਤ ਹੋਈ ਏ। ਸਕੂਟਰਾਂ ਤੇ ਮੋਟਰ ਸਾਈਲਕਾਂ ਉਤੇ ਬੈਠੇ ਅਣਭੋਲ ਸਵਾਰਾਂ ਦੇ ਗਲਿਆਂ ਉਪਰ ਫਿਰ ਕੇ ਉਹ ਬੇਕਸੂਰਾਂ ਨੂੰ ਕਤਲ ਕਰ ਦੇਂਦੀ ਏ। ਇਹ ਖਤਰਨਾਕ ਅਮਲ ਦੇਖ ਕੇ ਸਰਕਾਰ ਨੂੰ ਏਸ ਬਾਜ਼ੀ 'ਤੇ ਪਾਬੰਦੀ ਲਾਉਣੀ ਪੈ ਗਈ। ਜਿਹੜੀ ਲੱਗੀ ਰਵੇ ਤਾਂ ਚੰਗਾ ਏ।

ਪਰ ਨੌਸਰਬਾਜ਼ੀ ਸਭ ਪਾਬੰਦੀਆਂ ਤੋਂ ਆਜ਼ਾਦ ਏ। ਨੌਸਰਬਾਜ਼ ਜੇ ਨਜ਼ਰ ਆਵੇਗਾ ਤਾਂ ਈ ਉਹਦੇ ਉਤੇ ਪਾਬੰਦੀ ਲਗੇਗੀ। ਨੌਸਰਬਾਜ਼ ਨੂੰ ਕੋਈ ਡਰ ਨਹੀਂ, ਉਹ ਆਪਣਾ ਕੰਮ ਜੋਸ਼ ਓ ਖਰੋਸ਼* ਨਾਲ ਜਾਰੀ ਰੱਖਦੇ, ਤੇ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰਦੇ ਹਨ। ਪਤੰਗਬਾਜ਼ੀ, ਬਟੇਰਬਾਜ਼ੀ, ਕੁੱਕੜਬਾਜ਼ੀ ਤੇ ਹਵਾਬਾਜ਼ੀ ਦੀ ਤਾਂ ਇਕ ਤਾਰੀਖ ਮੌਜੂਦ ਏ। ਇਹ ਕਿਹੜੇ ਮੁਲਕ ਵਿਚ ਤੇ ਕਦੋਂ ਸ਼ੁਰੂ ਹੋਈਆਂ ਤੇ ਇਨ੍ਹਾਂ ਦੇ ਕਾਢਕਾਰ ਕੌਣ ਸਨ। ਇਸ ਸਭ ਕਾਸੇ ਦਾ ਤਾਂ ਥੋੜ੍ਹੀ ਜਿਹੀ ਤਕਲੀਫ਼ ਕਰ ਕੇ ਪਤਾ ਚਲ ਸਕਦਾ ਏ ਪਰ ਨੌਸਰਬਾਜ਼ੀ ਦੇ ਕਾਰਨਾਮਿਆਂ ਨੂੰ ਕੋਈ ਨਹੀਂ ਜਾਣਦਾ ਕਿ ਉਹ ਕਦੋਂ ਅਤੇ ਕਿਹੜੇ ਮੁਲਕ ਵਿਚ ਸ਼ੁਰੂ ਹੋਏ ਤੇ ਇਨ੍ਹਾਂ ਨੂੰ ਸ਼ੁਰੂ ਕਰਨ ਵਾਲਾ ਕਿਹੜਾ ਇੱਜ਼ਤਯਾਬ ਮਾਈ ਦਾ ਲਾਲ ਸੀ।

ਮਾਲੂਮ ਹੁੰਦਾ ਏ ਕਿ ਜਦੋਂ ਦੁਨੀਆ ਵਿਚ ਇਕ ਤੋਂ ਵੱਧ ਯਾਨੀ ਦੋ ਇਨਸਾਨ ਹੋ ਗਏ ਉਦੋਂ ਈ ਨੌਸਰਬਾਜ਼ੀ ਸ਼ੁਰੂ ਹੋ ਗਈ। ਇਹਦੀ ਲੋੜ ਹਰ ਬੰਦੇ ਨੂੰ, ਕਿਸੇ ਨਾ ਕਿਸੇ ਵੇਲੇ ਪੈ ਸਕਦੀ ਏ। ਕਈਆਂ ਲੋਕਾਂ ਨੇ ਤਾਂ ਇਹਨੂੰ ਪੇਸ਼ੇ ਦੇ ਤੌਰ 'ਤੇ ਅਖਤਿਆਰ ਕੀਤਾ ਹੁੰਦਾ ਏ ਤੇ ਇਹਦੇ ਵਿਚ ਇਹੋ ਇਹੋ ਜਿਹੇ ਕਮਾਲ ਦਖਾਵੰਦੇ ਨੇ ਕਿ ਅਹਿਲੇ ਫਨ* ਹੈਰਾਨ ਬਲਕਿ ਪ੍ਰੇਸ਼ਾਨ ਰਹਿ ਜਾਂਦੇ ਨੇ।

ਬਾਕੀ ਸਭ ''ਬਾਜ਼'' ਤਾਂ ਤੁਰਦੇ ਫਿਰਦੇ ਨਜ਼ਰ ਆਉਂਦੇ ਨੇ ਬਲਕਿ ਆਪਣੇ ਕੰਮ ਦੀਆਂ 'ਬਾਜ਼ੀਆਂ' ਦਿਖਾਉਂਦੇ ਵੀ ਦਿਸਦੇ ਨੇ ਪਰ ਨੌਸਰਬਾਜ਼ ਨੂੰ ਲੱਭਣਾ ਤੇ ਪਛਾਨਣਾ ਐਡਾ ਸੌਖਾ ਕੰਮ ਨਹੀਂ। ਇਹਦੇ ਲਈ ਕੁੱਝ ਕੁਰਬਾਨੀ ਦੇਣੀ ਪੈਂਦੀ ਏ, ਮਾਲੀ ਕੁਰਬਾਨੀ ਕਿਉਂ ਜੋ ਨੌਸਰਬਾਜ਼ ਬੇ ਸਬਰ ਹੁੰਦਾ ਏ। ਉਹ ਡਾਕੂਆਂ ਵਾਂਗ ਜਾਨੀ ਕੁਰਬਾਨੀ ਹਰਗਿਜ਼ ਨਹੀਂ ਮੰਗਦਾ। ਹੱਥਾਂ ਨੂੰ ਇਸਤੇਮਾਲ ਈ ਨਹੀਂ ਕਰਦਾ ਸਿਰਫ਼ ਦਿਮਾਗੀ ਕਰਤਬ ਦਿਖਾ ਕੇ ਆਪਣਾ ਕੰਮ ਨਿਹਾਇਤ ਸਫ਼ਾਈ ਨਾਲ ਕਰ ਜਾਂਦਾ ਏ। ਇਹ ਬੜਾ ਬੀਬੀ ਤੇ ਸਾਊ ਇਨਸਾਨ ਹੁੰਦਾ ਏ। ਤੁਹਾਡੇ ਨਾਲ ਬੜੀ ਇੱਜ਼ਤ ਤੇ ਅਦਬ ਨਾਲ ਪੇਸ਼ ਆਉਂਦਾ ਏ। ਨੌਸਰਬਾਜ਼ ਦਾ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ ਨਹੀਂ ਪਰ ਇਹਦਾ ਇਹ ਮਤਲਬ ਵੀ ਨਹੀਂ ਕਿ ਪੜੇ ਲਿਖੇ ਲੋਕ ਨੌਸਰਬਾਜ਼ ਦੇ ਫ਼ਨ ਤੋਂ ਮਹਿਰੂਮ ਹੁੰਦੇ ਨੇ। ਨੌਸਰਬਾਜ਼ੀ ਲਈ ਕਿਸੇ ਡਿਗਰੀ ਦੀ ਜਾਂ ਡਿਪਲੋਮੇ ਦੀ ਲੋੜ ਨਹੀਂ। ਇਸ ਕੰਮ ਵਿਚ ਅਨਪੜ੍ਹ ਜ਼ਿਆਦਾ ਬਾਦਸ਼ਾਹ ਹੁੰਦੇ ਨੇ।

ਇਕ ਦਿਨ ਮੈਂ ਆਪਣੇ ਇਕ ਦੋਸਤ ਨੂੰ ਮਿਲਣ ਜਾ ਰਿਹਾ ਸੀ। ਰਸਤੇ ਵਿਚ ਇਕ ਆਦਮੀ ਨੇ ਸਲਾਮ ਕੀਤੀ। ਉਹਦੇ ਹੱਥ ਵਿਚ ਪਲਸਤਰ ਕਰਨ ਵਾਲੀ ਕਾਂਡੀ ਸੀ। ਉਹ ਆਪਣੇ ਆਪ ਨੂੰ ਰਾਜ ਮਿਸਤਰੀ ਜ਼ਾਹਰ ਕਰ ਰਿਹਾ ਸੀ। ਉਹਨੇ ਬੜੇ ਅਦਬ ਨਾਲ ਆਖਿਆ, ''ਮੈਨੂੰ ਭੁੱਲ ਗਏ ਓ ਬਾਬੂ ਜੀ! ਮੈਂ ਉਹੀ ਆਂ ਜੀਹਨੂੰ ਤੁਸੀਂ ਕੰਮੋਂ ਹਟਾ ਕੇ ਕੋਲ ਬੈਠਾ ਕੇ ਚਾਹ ਪਿਲਾਉਂਦੇ ਸੀ। ਸੋਚਦੇ ਕੀ ਓ? ਇਹ ਉਦੋਂ ਦੀ ਗੱਲ ਏ ਜਦੋਂ ਤੁਸੀਂ ਆਪਣੇ ਮਕਾਨ ਦੀ ਦੂਜੀ ਮੰਜ਼ਲ ਬਣਾ ਰਹੇ ਸੋ।'' ਮੈਂ ਚਾਰ ਸਾਲ ਪਹਿਲੇ ਦਾ ਜ਼ਮਾਨਾ ਯਾਦ ਕੀਤਾ, ਉਨ੍ਹਾਂ ਮਿਸਤਰੀਆਂ ਤੇ ਮਜ਼ਦੂਰਾਂ ਦੀਆਂ ਸ਼ਕਲਾਂ ਨੂੰ ਜਿਹਨ ਵਿਚ ਲਿਆਂਦਾ ਜਿਹੜੇ ਮੈਂ ਕੰਮ 'ਤੇ ਲਾਏ ਹੋਏ ਸਨ। ਮੈਨੂੰ ਇੰਜ ਲਗਾ ਜਿਵੇਂ ਉਹ ਵੀ ਕੰਮ ਕਰਨ ਵਾਲਿਆਂ ਵਿਚ ਸ਼ਾਮਲ ਸੀ। ਉਸ ਨੇ ਮੈਨੂੰ ਖਿਆਲਾਂ ਵਿਚ ਗਵਾਚਿਆ ਦੇਖ ਕੇ ਆਖਿਆ ''ਠੀਕ ਏ ਠੀਕ ਏ! ਮੈਨੂੰ ਪਛਾਨਣ ਵਿਚ ਤੁਹਾਨੂੰ ਦਿੱਕਤ ਹੋ ਰਹੀ ਏ। ਉਦੋਂ ਮੇਰੇ ਚਿਹਰੇ 'ਤੇ ਇਹ ਦਾੜੀ ਨਹੀਂ ਹੁੰਦੀ ਸੀ।'' ਮੈਂ ਸ਼ਰਮਿੰਦਾ ਜਿਹਾ ਹੋ ਕੇ ਆਖਿਆ, ''ਠੀਕ ਏ ਠੀਕ ਏ। ਸੁਣਾ ਕੀ ਹਾਲ ਏ?'' ਉਹ ਬੋਲਿਆ ''ਹਾਲ ਕੀ ਹੋਣਾ ਏ ਸਾਡੇ ਜਿਹੇ ਗਰੀਬਾਂ ਦਾ, ਅੱਲਾ ਨੇ ਦੁਨੀਆ ਵਿਚ ਘੱਲ ਦਿੱਤਾ ਏ। ਬਸ ਦਿਨ ਲੰਘਾ ਰਹੇ ਆਂ। ਹਰ ਦਿਹਾੜੇ ਨਵੀਂ ਤੋਂ ਨਵੀਂ ਮੁਸੀਬਤ ਨਾਲ ਵਾਸਤਾ ਪੈਂਦਾ ਰਹਿੰਦਾ ਏ। ਗਰੀਬਾਂ ਦੇ ਘਰ ਤਾਂ ਕੁੜੀਆਂ ਵੀ ਮੁਸੀਬਤ ਬਣ ਕੇ ਆਉਂਦੀਆਂ ਨੇ। ਕੁੜੀਆਂ ਜਵਾਨ ਹੋ ਗਈਆਂ ਨੇ। ਵੱਡੀ ਕੁੜੀ ਦਾ ਵਿਆਹ.... ਤੌਬਾ ਤੌਬਾ... ਅਸੀਂ ਵਿਆਹ ਕਿਵੇਂ ਕਰ ਸਕਦੇ ਆਂ... ਵੱਡੀ ਕੁੜੀ ਦਾ ਨਿਕਾਹ ਰਖ ਬੈਠਿਆਂ। ਪੱਲੇ ਪੈਸਾ ਨਹੀਂ, ਕਈ ਦਿਨਾਂ ਤੋਂ ਦਿਹਾੜੀ ਵੀ ਨਹੀਂ ਲਗ ਰਹੀ। ਮੁੰਡੇ ਵਾਲੇ ਕਾਹਲੇ ਪਏ ਹੋਏ ਨੇ । ਸ਼ਾਮ ਨੂੰ ਨਿਕਾਹ ਏ। ਮੈਂ ਸੋਚਦਾ ਕਿ ਹੋਰ ਨਹੀਂ ਤਾਂ ਮੁੰਡੇ ਵਾਲਿਆਂ ਨੂੰ ਪਾਣੀ ਪਿਲਾਉਣ ਜੋਗਾ ਤਾਂ ਹੋ ਜਾਵਾਂ। ਮੈਂ ਏਸੇ ਈ ਫ਼ਿਕਰ ਵਿਚ ਤੁਰਦਾ ਫਿਰਦਾ ਆਪਣੇ ਇਕ ਦੋ ਜਾਨਣ ਵਾਲਿਆਂ ਕੋਲ ਗਿਆ ਪਰ ਬਾਬੂ ਜੀ ਤੁਸੀਂ ਤਾਂ ਜਾਣਦੇ ਓ। ਸਾਡੇ ਦੋਸਤ ਵੀ ਸਾਡੇ ਵਰਗੇ ਈ ਹੁੰਦੇ ਨੇ। ਉਨ੍ਹਾਂ ਕੋਲੋਂ ਕੀ ਮਿਲਣਾ ਸੀ। ਤੁਹਾਡੇ ਜਿਹੇ ਇਕ ਸਖੀ ਬੰਦੇ ਨੇ ਬੋਤਲਾਂ ਦੇ ਕਰੇਟ ਖ਼ਰੀਦ ਦਿਤੇ। ਇਕ ਕਰੇਟ ਦੀ ਮਿਹਰਬਾਨੀ ਤੁਸੀਂ ਕਰ ਦਿਉ। ਗਰੀਬ ਦਾ ਕੰਮ ਸਰ ਜਾਏਗਾ। ਧੀ ਬੂਹਿਓਂ ਉਠ ਜਾਏਗੀ। ਮੈਂ ਉਹਦੀਆਂ ਗੱਲਾਂ ਤੋਂ ਮੁਤਾਸਰ* ਹੋਇਆ ਤੇ ਉਹਨੂੰ ਇਕ ਕਰੇਟ ਦੇ ਪੈਸੇ ਦੇ ਕੇ ਆਪਣੇ ਵਲੋਂ ਸਵਾਬ* ਦੀ ਪੰਡ ਕਮਾ ਲਈ। ਹਾਲਾਂਕਿ ਉਹ ਬੜੀ ਜ਼ਹਾਨਤ ਨਾਲ ਨੌਸਰਬਾਜ਼ੀ ਕਰ ਗਿਆ ਸੀ। ਚਿੱਟਾ ਨਕੋਰ ਅਨਪੜ੍ਹ ਬੰਦਾ ਇਕ ਪੜ੍ਹੇ ਲਿਖੇ ਬੰਦੇ ਨੂੰ ਧੋਖਾ ਦੇ ਗਿਆ ਸੀ।

ਛੋਟੇ ਦਰਜੇ ਦੇ ਨੌਸਰਬਾਜ਼ ਆਪਣੇ ਸ਼ਿਕਾਰ ਲਈ ਖ਼ੁਦ ਬਾਹਰ ਨਿਕਲਦੇ ਨੇ। ਇਹੋ ਜਿਹੇ ਅਕਲਮੰਦ ਨੌਸਰਬਾਜ਼ਾਂ ਦੀ ਥੋੜ ਨਹੀਂ ਜਿਨ੍ਹਾਂ ਕੋਲ ਸ਼ਿਕਾਰ ਖੁਦ ਚਲ ਕੇ ਆਉਂਦਾ ਏ। ਇਹ ਉਸ ਨੂੰ ਬੜੀ ਛੇਤੀ ਆਪਣੇ ਸੁਨਿਹਰੀ ਜਾਲ ਵਿਚ ਫਸਾ ਲੈਂਦੇ ਨੇ। ਸਾਡੇ ਘਰ ਕੋਲ ਇਕ ਸਾਹਿਬ ਰਹਿੰਦੇ ਸਨ। ਨਾਂ ਤਾਂ ਪਤਾ ਨਹੀਂ ਉਨ੍ਹਾਂ ਦਾ ਕੀ ਸੀ ਪਰ ਸਭ ਉਨ੍ਹਾਂ ਨੂੰ 'ਰਾਜ ਸਾਹਿਬ' ਕਹਿੰਦੇ ਸਨ। ਰਾਜ ਸਾਹਿਬ ਦਾ ਡੀਲ ਡੌਲ, ਪਹਿਰਾਵਾ ਤੇ ਚਾਲ ਢਾਲ ਹੁੰਦੀ ਵੀ ਰਾਜਿਆਂ ਵਾਲੀ ਈ ਸੀ। ਕੋਈ ਸੋਚ ਈ ਨਹੀਂ ਸਕਦਾ ਸੀ ਕਿ ਉਹ ਨੌਸਰਬਾਜ਼ ਹੋ ਸਕਦੇ ਨੇ। ਉਨ੍ਹਾਂ ਵਿਚ ਨੌਸਰਬਾਜ਼ੀ ਦਾ ਇਹੋ ਜਿਹਾ ਮਿਕਨਾਤੀਸੀ* ਗੁਣ ਸੀ ਕਿ ਸ਼ਿਕਾਰ ਹੋਣ ਲਈ ਬੰਦਾ ਉਨ੍ਹਾਂ ਵਲ ਖਿੱਚਿਆ ਆਉਂਦਾ ਸੀ। ਉਹ ਆਪਣੇ ਘਰ ਦੀ ਉਤਲੀ ਮੰਜ਼ਿਲ 'ਤੇ ਰਹਿੰਦੇ ਸਨ ਤੇ ਹੇਠਾਂ ਬੈਠਕ ਵਿਚ ਆਪਣੇ ਸ਼ਿਕਾਰਾਂ ਦੇ ਫਸਣ ਦੀ ਥਾਂ ਬਣਾਈ ਹੋਈ ਸੀ। ਉਨ੍ਹਾਂ ਨੇ ਮਸ਼ਹੂਰ ਕਰ ਰਖਿਆ ਸੀ ਕਿ ਸ਼ਹਿਰ ਦੇ ਨਿੱਕੇ ਵੱਡੇ ਸਭ ਅਫ਼ਸਰਾਂ ਨਾਲ ਉਨ੍ਹਾਂ ਦੇ ਦੋਸਤਾਨਾ ਤੁਆਲਕਾਤ* ਨੇ। ਬਾਅਜ਼* ਅਫ਼ਸਰ ਤਾਂ ਬਚਪਨ ਵਿਚ ਲੰਗੋਟੀ ਤੋਂ ਬਗੈਰ ਵੀ ਉਨ੍ਹਾਂ ਨਾਲ ਖੇਡਦੇ ਰਹੇ ਨੇ।

ਸ਼ਹਿਰ ਦੇ ਗਰੀਬ ਲੋਕ ਤੇ ਸ਼ਹਿਰ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਜਿਹੜੇ ਦਫ਼ਤਰਾਂ ਤੇ ਅਦਾਲਤਾਂ ਦੇ ਚੱਕਰ ਲਾ ਲਾ ਕੇ ਥੱਕ ਚੁੱਕੇ ਹੁੰਦੇ, ਉਨ੍ਹਾਂ ਕੋਲ ਆਉਂਦੇ, ਇਹ ਉਨ੍ਹਾਂ ਨੂੰ ਆਪਣੇ ਹੇਠਲੇ ਕਮਰੇ ਵਿਚ ਬੈਠਾ ਕੇ ਤਸੱਲੀ ਦੇਂਦੇ ਤੇ ਕਹਿੰਦੇ ਕਿ ''ਜਿਸ ਅਦਾਲਤ ਵਿਚ ਤੁਹਾਡਾ ਕੇਸ ਚਲ ਰਹਿਆ ਏ ਉਹਦਾ ਜੱਜ ਲਾਅ ਕਾਲਜ ਵਿਚ ਮੇਰੇ ਕਲਾਸ ਫੈਲੋ ਸੀ (ਹਾਲਾਂਕਿ ਉਹ ਮੈਟ੍ਰਿਕ ਪਾਸ ਵੀ ਨਹੀਂ ਸਨ) ਉਹ ਮੇਰਾ ਕਹਿਣਾ ਕਿਵੇਂ ਟਾਲ ਸਕਦਾ ਏ। ਤੁਸੀਂ ਫਿਕਰ ਨਾ ਕਰੋ ਉਸ ਨੂੰ ਮੇਰਾ ਇਕ ਫੋਨ ਈ ਕਾਫ਼ੀ ਏ।'' ਫਿਰ ਉਹ ਉਤਲੀ ਮਜ਼ਿਲ 'ਤੇ ਜਾ ਕੇ ਫੋਨ ਚੁਕਦੇ ਜੀਹਦੀਆਂ ਤਾਰਾਂ ਸਿਰਫ਼ ਉਨ੍ਹਾਂ ਦੀ ਛੱਤ ਤਕ ਹੀ ਮਹਿਦੂਦ* ਸਨ। ਉਨ੍ਹਾਂ ਕੋਲ ਟੈਲੀਫ਼ੋਨ ਕੁਨੈਕਸ਼ਨ ਨਹੀਂ ਸੀ। ਉਹ ਉੱਚੀ ਆਵਾਜ ਨਾਲ ਬੋਲਦੇ ਤਾਂ ਜੋ ਹੇਠਾਂ ਬੈਠਾ ਸ਼ਿਕਾਰ ਸੁਣ ਲਵੇ। ''ਹੈਲੋ, ਹੈਲੋ! ਕੌਣ, ਅੱਛਾ ਅੱਛਾ ਤੁਸੀਂ ਸਿਵਲ ਜੱਜ ਜਾਵੇਦ ਸਾਹਿਬ ਦੇ ਰੀਡਰ ਓ। ਫੋਨ ਜਾਵੇਦ ਨੂੰ ਦਿਓ... ਕੀ ਆਖਿਆ ਕੇਸ ਸੁਣ ਰਹੇ ਨੇ। ਛੱਡ ਯਾਰ ਉਸ ਨੂੰ ਆਖ.... (ਤੇ ਫਿਰ ਉਹ 'ਉਨ੍ਹਾਂ' ਤੋਂ 'ਉਹਨੂੰ' 'ਤੇ ਆ ਜਾਂਦੇ ਤਾਂ ਜੋ ਸ਼ਿਕਾਰ ਨੂੰ ਜੱਜ ਨਾਲ ਉਨ੍ਹਾਂ ਦੀ ਬੇ ਤਕੱਲਫੀ* ਦਾ ਯਕੀਨ ਆ ਜਾਵੇ) ਕਿ ਰਾਜਾ ਸਾਹਿਬ ਦਾ ਫੋਨ ਏ। ਉਹ ਕੇਸ ਸੁਣਨਾ ਛੱਡ ਦੇਵੇਗਾ''। ''ਹਾਂ ਤੇ ਜੱਜ ਸਾਹਿਬ ਕੀ ਹਾਲ ਏ? ਕੇਸ ਤਾਂ ਸੁਣਦੇ ਈ ਰਹਿੰਦੇ ਓ। ਕਦੀ ਸਾਡੀ ਗੱਲ ਵੀ ਸੁਣ ਲਿਆ ਕਰੋ। ਕੀ ਮੇਰਾ ਕੇਸ ਕਮਜ਼ੋਰ ਏ? ਕਮਜ਼ੋਰ ਏ ਤਾਂ ਈ ਤੈਨੂੰ ਕਿਹਾ ਏ। ਵਰਨਾ ਤੇਰਾ ਅਹਿਸਾਨ ਲੈਣ ਦੀ ਕੀ ਲੋੜ ਸੀ। ਏਸ ਕਮਜ਼ੋਰ ਕੇਸ ਨੂੰ ਘਿਓ ਪਿਲਾ ਦੇਵਾਂਗੇ। ਆਪੀਂ ਮਜ਼ਬੂਤ ਹੋ ਜਾਵੇਗਾ।'' ਏਸ ਤਰ੍ਹਾਂ ਕਮਜ਼ੋਰ ਕੇਸਾਂ ਨੂੰ ਪਿਲਾਉਣ ਵਾਲਾ ਘਿਓ ਇਹ ਖੁਦ ਪੀ ਕੇ ਨੌਸਰਬਾਜ਼ੀ ਦੇ ਖੇਲ ਨੂੰ ਮਜ਼ਬੂਤ ਕਰਦੇ ਰਹਿੰਦੇ।

ਮੁਆਸ਼ਰੇ* ਵਿਚ ਸ਼ੌਕੀਆ ਨੌਸਰਬਾਜ਼ ਵੀ ਹੁੰਦੇ ਨੇ। ਉਨ੍ਹਾਂ ਦਾ ਕੰਮ ਕਿਸੇ ਨੂੰ ਨੁਕਸਾਨ ਅਪੜਾਉਣਾ ਨਹੀਂ ਹੁੰਦਾ ਬਲਕਿ ਉਹ ਆਪਣੀ ਆਦਤ ਤੋਂ ਮਜਬੂਰ ਹੁੰਦੇ ਨੇ। ਉਹ ਸ਼ੇਖ ਸਾਅਦੀ ਹੋਰਾਂ ਦੇ ਐਸ ਕੌਲ 'ਤੇ ਅਮਲ ਕਰਦੇ ਨੇ ਕਿ ''ਦਰੋਗ ਮਸਲਹਤ ਆਮੇਜ਼ ਬਾ ਆਜਾਰਤੀਂ ਫਿਰਨਾਂ ਅੰਗੇਜ਼'' (ਕਿ ਚੰਗੇ ਕੰਮ ਲਈ ਬੋਲਿਆ ਝੂਠ ਉਸ ਸੱਚ ਤੋਂ ਚੰਗਾ ਹੈ ਜੀਹਦੇ ਨਾਲ ਕੋਈ ਫਿਤਨਾ* ਉਠ ਖਲੋਵੇ) ਉਨ੍ਹਾਂ ਦੀ ਜ਼ਹਾਨਤ ਉਨ੍ਹਾਂ ਨੂੰ ਸ਼ੇਖ ਸਾਅਦੀ ਹੋਰਾਂ ਦੇ ਕੌਲ 'ਤੇ ਅਮਲ ਕਰਨ ਲਈ ਉਕਸਾਂਵਦੀ ਰਹਿੰਦੀ ਹੈ। ਮੇਰੇ ਨਾਲ ਕਾਲਜ ਵਿਚ ਸੀਨੀਅਰ ਪ੍ਰੋਫ਼ੈਸਰ ਹੁੰਦੇ ਸਨ। ਬਹੁਤ ਜ਼ਹੀਨ ਮਿਲਣਸਾਰ ਹੱਸਮੁਖ ਤੇ ਲੋੜ ਵੇਲੇ ਦੂਜਿਆਂ ਦੇ ਕੰਮ ਆਉਣ ਵਾਲੇ ਇਨਸਾਨ। ਉਹ ਪ੍ਰਿੰਸੀਪਲ ਸਾਹਿਬ ਕੋਲੋਂ ਐਸ ਤਰ੍ਹਾਂ ਕੰਮ ਕਰਵਾ ਲੈਂਦੇ ਕਿ ਉਲਟਾ ਪ੍ਰਿੰਸੀਪਲ ਸਾਹਿਬ ਸਮਝਦੇ ਕਿ ਉਸ ਪ੍ਰੋਫ਼ੈਸਰ ਸਹਿਬ ਨੇ ਉਨ੍ਹਾਂ ਉਤੇ ਅਹਿਸਾਨ ਕੀਤਾ ਏ। ਉਨ੍ਹਾਂ ਦੀ ਮੁਫ਼ੀਦ* ''ਨੌਸਰਬਾਜ਼ੀ'' ਦੇ ਬਹੁਤ ਸਾਰੇ ਵਾਕਿਆਤ ਮੇਰੇ ਸਾਹਮਣੇ ਈ ਹੋਏ। ਉਨ੍ਹਾਂ ਵਿਚੋਂ ਇਕ ਦੋ ਵਾਕੇ ਤੁਹਾਡੀ ਤਬਾਅ* ਦੀ ਤਫ਼ਰੀਹ* ਲਈ ਪੇਸ਼ ਕਰਦਾ ਹਾਂ।

ਇਕ ਸਾਲ ਫਸਟ ਈਅਰ ਦੇ ਦਾਖਲੇ ਹੋ ਰਹੇ ਸਨ। ਡੇਢ ਸੌ ਸੀਟਾਂ ਲਈ ਤਿੰਨ ਹਜ਼ਾਰ ਦਰਖਾਸਤਾਂ ਆਈਆਂ ਹੋਈਆਂ ਸਨ। ਦਾਖਲਾ ਖਾਲਸ ਮੈਰਿਟ 'ਤੇ ਹੋ ਰਹਿਆ ਸੀ। ਕਿਸੇ ਦੀ ਸਿਫਾਰਸ਼ ਨਹੀਂ ਮੰਨੀ ਜਾ ਰਹੀ ਸੀ। ਮੈਰਿਟ ਤੋਂ ਇਲਾਵਾ ਸਪੋਰਟਸ ਦੀਆਂ ਕੁੱਝ ਸੀਟਾਂ ਜ਼ਰੂਰ ਸਨ, ਜਿਨ੍ਹਾਂ 'ਤੇ ਚੰਗੇ ਖਿਡਾਰੀ ਦਾਖਲ ਹੋ ਸਕਦੇ ਸਨ। ਉਸ ਪ੍ਰੋਫ਼ੈਸਰ ਹੋਰਾਂ ਕੋਲ ਇਕ ਸਾਹਿਬ ਆਏ। ਉਨ੍ਹਾਂ ਦਰਖਾਸਤ ਕੀਤੀ ਕਿ ਉਹ ਉਨ੍ਹਾਂ ਦੇ ਪੁੱਤਰ ਨੂੰ ਕਿਸੇ ਨਾ ਕਿਸੇ ਤਰੀਕੇ ਦਾਖਲਾ ਕਰਵਾ ਦੇਣ। ਉਹ ਆਪਣੀ ਤਬੀਅਤ ਹੱਥੋਂ ਮਜਬੂਰ ਹੋ ਕੇ ਰਜ਼ਾਮੰਦ ਹੋ ਗਏ। ਉਹ ਦਾਖਲਾ ਕਮੇਟੀ ਦੇ ਰੁਕਨ* ਵੀ ਸਨ। ਪ੍ਰਿੰਸੀਪਲ ਸਾਹਿਬ ਦੇ ਦਫਤਰ ਵਿਚ ਮੁੰਡਿਆਂ ਦੇ ਇੰਟਰਵਿਊ ਹੋ ਰਹੇ ਸਨ। ਉਸ ਮੁੰਡੇ ਦੀ ਵਾਰੀ ਆਵਨ ਤੋਂ ਪਹਿਲਾਂ ਉਨ੍ਹਾਂ ਪ੍ਰਿੰਸੀਪਲ ਸਾਹਿਬ ਕੋਲ ਉਸ ਮੁੰਡੇ ਦੇ ਫੁੱਟਬਾਲ ਦੇ ਖਿਡਾਰੀ ਹੋਣ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿਤੇ। ''ਪ੍ਰਿੰਸੀਪਲ ਸਾਹਿਬ! ਮੁੰਡਾ ਖੇਡਦਾ ਤਾਂ ਰਾਈਟ ਆਊਟ ਦੀ ਪੁਜ਼ੀਸ਼ਨ ਉਤ ਐ ਪਰ ਉਹ ਨੂੰ ਕਿਸੇ ਥਾਂ ਵੀ ਖਿਡਾ ਕੇ ਦੇਖ ਲਵੋ। ਮੁਖਾਲਿਫ ਟੀਮ ਨੂੰ ਗੋਲ ਕਰਨ ਲਈ ਹਵਾ ਵਾਂਗ ਉਡਦਾ ਜਾਂਦਾ ਹੈ। ਰਾਈਟ ਆਊਟ ਦੀ ਪੁਜ਼ੀਸ਼ਨ ਉਤੇ ਖੇਡ ਰਹਿਆ ਹੋਵੇ ਤਾਂ ਸਾਈਡ ਤੋਂ ਐਸੀ ਕਿੱਕ ਮਾਰਦਾ ਏ ਕਿ ਫੁੱਟਬਾਲ ਸਿੱਧਾ ਗੋਲ ਕੀਪਰ ਦੇ ਸਿਰ 'ਤੇ ਆਉਂਦੀ ਏ।'' ਪ੍ਰਿੰਸੀਪਲ ਸਾਹਿਬ ਮੁੰਡੇ ਦੀਆਂ ਤਾਰੀਫ਼ਾਂ ਸੁਣ ਸੁਣ ਕੇ ਮੁਤਾਸਰ* ਹੋ ਰਹੇ ਸਨ। ਮੁੰਡੇ ਦੀ ਵਾਰੀ ਆਵਨ 'ਤੇ ਉਸ ਨੂੰ ਸੱਦਿਆ ਗਿਆ ਤਾਂ ਪ੍ਰੋਫ਼ੈਸਰ ਹੋਰਾਂ ਦੇਖਿਆ ਕਿ ਉਹਨਾਂ ਦੇ ਉਸ ਫੁੱਟਬਾਲ ਦੇ ਖਿਡਾਰੀ ਦੀ ਇਕ ਲੱਤ ਈ ਗਾਇਬ ਸੀ ਤੇ ਉਹ ਬੈਸਾਖੀ ਦੇ ਸਹਾਰੇ ਚਲ ਰਹਿਆ ਸੀ। ਉਹ ਪ੍ਰੋਫ਼ੈਸਰ ਹੋਰੀਂ ਥੋੜ੍ਹੀ ਦੇਰ ਦੇ ਲਈ ਪ੍ਰੇਸ਼ਾਨ ਹੋਏ ਪਰ ਛੇਤੀ ਹੀ ਉਨ੍ਹਾਂ ਦੀ ਜ਼ਹਾਨਤ, ਜੇ ਤੁਸੀਂ ਚਾਹੋ ਤਾਂ ਨੌਸਰਬਾਜ਼ੀ ਕਹਿ ਲਵੋ, ਕੰਮ ਆ ਗਈ। ਉਨ੍ਹਾਂ ਚਪੜਾਸੀ ਨੂੰ ਡਾਂਟ ਦਿਆਂ ਆਖਿਆ, ''ਬੇਵਕੂਫ਼! ਅਜੇ ਮਾਜ਼ੂਰ* ਮੁੰਡਿਆਂ ਦੀ ਵਾਰੀ ਨਹੀਂ ਆਈ। ਇਹਨੂੰ ਬਾਹਰ ਲੈ ਜਾ ਅਤੇ ਅਗਲੇ ਮੁੰਡੇ ਨੂੰ ਘਲ।''

ਇਸੇ ਤਰ੍ਹਾਂ ਇਕ ਹੋਰ ਸਾਲ ਦਾਖਲੇ ਮੁਕੰਮਲ ਹੋ ਚੁੱਕੇ ਸਨ। ਇਨ੍ਹਾਂ ਕੋਲ ਇਕ ਸਾਹਿਬ ਆਏ। ਬੜੀ ਪ੍ਰੇਸ਼ਾਨੀ ਨਾਲ ਆਖਿਆ ਕਿ ਉਨ੍ਹਾਂ ਦੇ ਪੁੱਤਰ ਦਾ ਕਿਤੇ ਦਾਖਲਾ ਨਹੀਂ ਹੋ ਸਕਿਆ। ਉਹ ਮੇਹਰਬਾਨੀ ਕਰਨ। ਉਹ ਬਗੈਰ ਸੋਚੇ ਸਮਝਿਆਂ ਮੁੰਡੇ ਅਤੇ ਮੁੰਡੇ ਦੇ ਪਿਉ ਨੂੰ ਪ੍ਰਿੰਸੀਪਲ ਸਾਹਿਬ ਕੋਲ ਲੈ ਗਏ। ਮੁੰਡੇ ਦੇ ਪਿਉ ਦਾ ਪ੍ਰਿੰਸੀਪਲ ਸਾਹਿਬ ਨਾਲ ਤੁਆਰਫ਼* ਕਰਵਾਇਆ। ਗੁਲਾਮ ਰਸੂਲ ਜਨਰਲ ਸੈਕਟਰੀ ਅੰਜਮਨ* ਖਿਦਮਤੇ ਖਲਕ* ਤੇ ਇੰਚਾਰਜ ਵੱਡਾ ਯਤੀਮ ਖਾਨਾ'' ਫੇਰ ਉਨ੍ਹਾਂ ਆਪਣੇ ਉਪਰ ਇਕ ਖਿਦਮਤੇ ਖਲਕ ਵਾਲੀ ਕੈਫੀਅਤ* ਤਾਰੀ ਕੀਤੀ ਤੇ ਅੱਖਾਂ ਵਿਚੋਂ ਹੰਝੂ ਵਗਾਂਦਿਆਂ ਪ੍ਰਿੰਸੀਪਲ ਸਾਹਿਬ ਨੂੰ ਕੁੱਝ ਇਸ ਅੰਦਾਜ਼ ਵਿਚ ਆਖਿਆ ਕਿ ਉਨ੍ਹਾਂ ਦੀਆਂ ਅੱਖਾਂ ਵੀ ਭਿੱਜ ਗਈਆਂ। ''ਪ੍ਰਿੰਸੀਪਲ ਸਾਹਿਬ! ਤੁਹਾਡੇ ਲਈ ਅੱਜ ਕਿੰਨਾ ਖੁਸ਼ਕਿਮਤ ਦਿਨ ਏ ਕਿ ਤੁਸੀਂ ਇਕ ਯਤੀਮ ਬੱਚੇ ਦੀ ਮਦਦ ਕਰ ਰਹੇ ਓ।'' ਲਫ਼ਜ਼ ਸੁਣਦੇ ਕੋਲ ਈ ਬੈਠਾ ਉਹਦਾ ਪਿਉ ਡੌਰ ਭੌਰਾ ਜਿਹਾ ਹੋ ਕੇ ਪ੍ਰੋਫ਼ਸਰ ਹੋਰਾਂ ਵਲ ਦੇਖਣ ਲੱਗ ਪਿਆ। ਪ੍ਰੋਫ਼ੈਸਰ ਸਾਹਿਬ ਨੇ ਆਪਣੀ ਸੱਜੀ ਅੱਖ ਜ਼ਰਾ ਦੱਬੀ ਤੇ ਉਸ ਪਿਉ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ।

ਇਹੋ ਜਿਹੇ ਜ਼ਹੀਨ ਬਹੁਤ ਸਾਰੇ ਲੋਕ ਸਾਡੇ ਮੁਆਸਰੇ ਵਿਚ ਮੌਜੂਦ ਨੇ ਪਰ ਉਹ ਆਪਣੀ ਜ਼ਹਾਨਤ ਮਨਫ਼ੀ ਕੰਮਾਂ ਵਲ ਲਾ ਕੇ ''ਨੌਸਰਬਾਜ਼ੀ'' ਦਾ ਦਰਜਾ ਹਾਸਲ ਕਰ ਲੈਂਦੇ ਨੇ। ਗਰੀਬ ਜ਼ਹੀਨ ਲੋਕ ਜੇ ਆਪਣੀ ਜ਼ਹਾਨਤ ਤੋਂ ਚੰਗਾ ਕੰਮ ਲੈਣ ਤਾਂ ਉਹ ਨੌਸਰਬਾਜ਼ ਅਖਵਾਣ ਦੀ ਥਾਂ ਬੜੀ ਇੱਜ਼ਤ ਤੇ ਸ਼ੁਹਰਤ ਦਾ ਮੁਕਾਮ* ਹਾਸਲ ਕਰ ਸਕਦੇ ਨੇ। ਨੌਸਰਬਾਜ਼ੀ ਜ਼ਿਆਦਾ ਦੇਰ ਤਾਈਂ ਚੱਲ ਵੀ ਨਹੀਂ ਸਕਦੀ। ਨੌਸਰਬਾਜ਼ ਆਖਰ ਪਛਾਣਿਆ ਜਾਂਦਾ ਹੈ। ਪਰ ਕਈ ਨੌਸਰਬਾਜ਼ ਏਨੇ ਜ਼ਬਰਦਸਤ ਕਿਸਮ ਦੇ ਇਨਸਾਨ ਹੁੰਦੇ ਨੇ ਕਿ ਅਸੀਂ ਜਾਣਦਿਆਂ ਬੁਝਦਿਆਂ ਵੀ ਉਨ੍ਹਾਂ ਦਾ ਕੁੱਛ ਨਹੀਂ ਵਗਾੜ ਸਕਦੇ। ਸਗੋਂ ਉਨ੍ਹਾਂ ਨੂੰ ਚੌਧਰੀ ਸਾਹਿਬ, ਖ਼ਾਨ ਸਾਹਿਬ, ਮਲਕ ਸਾਹਿਬ ਤੇ ਪਤਾ ਨਹੀਂ ਹੋਰ ਕੀ ਕੀ ਸਾਹਿਬ ਕਹਿੰਦੇ ਨਹੀਂ ਥੱਕਦੇ। ਮਜਬੂਰੀ ਜੋ ਹੋਈ। ਇਹੋ ਈ ਮਜਬੂਰੀ ਸਾਨੂੰ ਨੌਸਰਬਾਜ਼ ਕੌਮਾਂ ਤੇ ਮੁਲਕਾਂ ਦੀ ਸੂਰਤ ਵਿਚ ਪੇਸ਼ ਆਉਂਦੀ ਏ। ਉਹ ਨੌਸਰਬਾਜ਼ੀ ਕਰ ਕੇ ਮਾਰਦੇ ਵੀ ਨੇ ਤੇ ਰੋਣ ਵੀ ਨਹੀਂ ਦਿੰਦੇ। ਅਸੀਂ ਉਨ੍ਹਾਂ ਦੀ ਸੂਰਤ ਨੌਸਰਬਾਜ਼ੀ ਨੂੰ ਉਨ੍ਹਾਂ ਦੀ ਚੰਗੀ ਸਲਾਹੀਅਤ* ਸਮਝ ਕੇ ''ਜੀ ਆਇਆਂ ਨੂੰ'' ਆਖਦੇ ਆਂ।

ਸ਼ਬਦ ਅਰਥ : ਨੌਸਰਬਾਜ਼ – ਧੋਖੇਬਾਜ਼, ਨਾ-ਮੁਮਕਿਨ – ਅਸੰਭਵ, ਲੁਗਾਤ – ਡਿਕਸ਼ਨਰੀਆਂ, ਤਫਸੀਲ – ਵਿਸਥਾਰ, ਫਨ – ਕਲਾ, ਸ਼ਰਫ਼ – ਮਾਣ, ਜ਼ਹੀਨ – ਜ਼ਿਹਨ ਵਾਲਾ, ਸਮਝਦਾਰ, ਫਾਰਗ – ਵਿਹਲਾ, ਜੋਸ਼ ਓ ਖਰੋਸ਼ – ਗੱਜ ਵੱਜ ਕੇ, ਅਹਿਲੇ ਫਨ – ਕਲਾ ਦੇ ਪਾਰਖੂ, ਮੁਤਾਸਰ – ਪ੍ਰਭਾਵਿਤ, ਸਵਾਬ – ਪੁੰਨ, ਮਿਕਨਾਤੀਸ਼ੀ – ਚੁੰਬਕੀ, ਤੁਅੱਲਕਾਤ – ਸਬੰਧ, ਬਾਅਜ਼ – ਕੁੱਝ ਲੋਕ, ਮਹਿਦੂਦ – ਸੀਮਤ, ਬੇ ਤਕੱਲਫੀ – ਗੂੜੀ ਦੋਸਤੀ, ਫਿਤਨਾ – ਝਗੜਾ, ਮੁਫੀਦ – ਲਾਭਕਾਰੀ, ਤਬਾਅ – ਸੁਭਾਅ, ਤਫਰੀਹ – ਮਨੋਰੰਜਨ, ਮਾਜ਼ੂਰ – ਵਿਕਲਾਂਗ, ਤੁਆਰਫ – ਜਾਣ ਪਛਾਣ, ਅੰਜੁਮਨ – ਸੰਸਥਾ, ਖਿਦਮਤੇ ਖਲਕ – ਲੋਕ ਸੇਵਾ, ਕੈਫੀਅਤ – ਹਾਲਤ, ਮਕਾਮ – ਅਸਥਾਨ

ਰਵਿੰਦਰ ਨਾਥ ਟੈਗੋਰ ਦੀ ਸ਼ਾਹਕਾਰ ਕਹਾਣੀ

# ਕਾਬੁਲੀਵਾਲਾ

**ਰਾਬਿੰਦਰ ਨਾਥ ਟੈਗੋਰ ਦੀ ਲਿਖੀ 'ਕਾਬਲੀਵਾਲਾ' ਬੰਗਲਾ ਬੋਲੀ ਦੀ ਸੱਭ ਤੋਂ ਵਧ ਜਾਣੀ ਜਾਂਦੀ ਨਿੱਕੀ ਕਹਾਣੀ ਹੈ। ਵੰਡ ਤੋਂ ਪਹਿਲਾਂ ਦੇ ਭਾਰਤ ਦੀ ਪੱਛਮੀ ਸਰਹੱਦ ਤੋਂ ਪਾਰ ਉਦੋਂ ਅਤੇ ਹੁਣ ਵੀ ਗੰਵਾਰ ਮੰਨੇ ਜਾਂਦੇ ਅਫ਼ਗਾਨਿਸਤਾਨ ਦਾ ਵਾਸੀ ਇਸ ਕਹਾਣੀ ਦਾ ਨਾਇਕ ਹੈ। ਬੰਗਾਲ ਦੇ ਮਹਾਂਨਗਰ ਕਲਕੱਤਾ ਸ਼ਹਿਰ ਵਿਚ ਆਪਣੇ ਦੇਸ਼ ਦੀਆਂ ਵਸਤਾਂ ਵੇਚਣ ਉਹ ਗਿਆ ਹੋਇਆ ਹੈ। ਉਥੇ ਉਸ ਨੂੰ ਕੋਈ ਨਹੀਂ ਜਾਣਦਾ ਪਰ ਬੰਗਾਲੀ ਪਰਿਵਾਰ ਦੀ ਬਾਲਿਕਾ ਦੀਆਂ ਭੋਲੀਆਂ ਭਾਲੀਆਂ ਗੱਲਾਂ ਉਸ ਨੂੰ ਪ੍ਰਦੇਸੀ ਅਨੁਭਵ ਕਰਨ ਤੋਂ ਰੋਕੀ ਰੱਖਦੀਆਂ ਹਨ। ਉਸ ਨੂੰ ਉਹ ਆਪਣੀ ਧੀ ਸਮਾਨ ਹੀ ਲਗਦੀ ਹੈ ਜਿਸ ਨੂੰ ਉਹ ਆਪਣੇ ਦੂਰ ਦੁਰਾਡੇ ਦੇਸ਼ ਵਿਚ ਛੱਡ ਆਇਆ ਹੈ। ਗੰਵਾਰ ਦੇਸ਼ ਦੇ ਵਾਸੀ ਦੀ ਆਤਮਾ ਵਿਚ ਜੋ ਮਾਨਵਤਾ ਵਸੀ ਹੋਈ ਹੈ, ਇਸ ਦੀ ਇਹ ਕਹਾਣੀ ਮੂੰਹ ਬੋਲਦੀ ਤਸਵੀਰ ਹੈ।**

**ਪੰਜਾਬੀ ਮਨ ਦੀ ਗਹਿਰਾਈ ਵਿਚ ਉਤਰ ਜਾਣ ਵਾਲੀ ਸੰਤ ਸਿੰਘ ਸੇਖੋਂ ਦੀ ਨਿੱਕੀ ਕਹਾਣੀ, 'ਪੇਮੀ ਦੇ ਨਿਆਣੇ' ਜਿੰਨੀ ਇਸ ਤੋਂ ਭਿੰਨ ਹੈ, ਉਨੀ ਹੀ ਇਸ ਨਾਲ ਸਾਂਝ ਪਾਲਦੀ ਹੈ। ਉਸੇ ਗੰਵਾਰ ਦੇਸ਼ ਦਾ ਵਾਸੀ ਸੇਖੋਂ ਦੀ ਇਸ ਕਹਾਣੀ ਵਿਚ ਵੀ ਆਉਂਦਾ ਹੈ। ਇਥੇ ਉਹ ਭੈਅ ਦਾ ਕਾਰਨ ਹੈ, ਕਿਉਂ ਜੋ ਮੁੱਢ ਕਦੀਮ ਤੋਂ ਉਸ ਦੇ ਦੇਸ਼ ਵਲੋਂ ਹੀ ਧਾਵਾਕਾਰੀ ਪੰਜਾਬ ਨੂੰ ਉਜਾੜਦੇ ਆਏ ਹਨ। ਕਹਾਣੀ ਵਿਚ ਉਹ ਧਾਵਾਕਾਰੀ ਨਹੀਂ ਪਰ ਧਾਵਿਆਂ ਦਾ ਜੋ ਦਹਿਲ ਪੰਜਾਬੀ ਮਨ ਨੇ ਪਾਲ ਰੱਖਿਆ ਹੈ, ਉਸ ਦਾ ਪ੍ਰਤੀਕ ਜ਼ਰੂਰ ਹੈ। ਲੋੜ ਇਸ ਦਹਿਲ ਤੋਂ ਉਪਰ ਉਠਣ ਦੀ ਹੈ, ਜਿਸ ਖਾਤਰ ਵਹਿਮ ਅਤੇ ਧਰਮ ਢੋਈ ਨਹੀਂ ਬਣ ਸਕਦੇ। ਸਹਿਯੋਗ, ਸਹਿਚਾਰ ਅਤੇ ਆਤਮ ਵਿਸ਼ਵਾਸ ਨੂੰ ਆਵਾਜ਼ ਦੇਣ ਵਾਲਾ ਮਾਂ ਦਾ ਨਾਂ, ਪੇਮੀ, ਪ੍ਰੇਮ ਦਾ ਸੁਖਾਲਾ ਰੂਪ, ਹੀ ਇਸ ਢੋਈ ਦਾ ਕਾਰਨ ਬਣ ਸਕਦਾ ਹੈ। ਆਪੋ ਆਪਣੇ ਵਰਤਾਰਿਆਂ ਦੇ ਮੂਲਾਂ ਨੂੰ ਪ੍ਰਣਾਈਆਂ, ਜਿਨ੍ਹਾਂ ਵਿਚ ਭੂਗੋਲ ਅਤੇ ਇਤਿਹਾਸ ਦਾ ਰਾਖਵਾਂ ਮਹੱਤਵ ਹੈ, ਦੋਨੋਂ ਕਹਾਣੀਆਂ ਸਜੀਵ ਅਤੇ ਸੁਜੱਗ ਮੁੱਲਾਂ ਦੀ ਬਾਤ ਪਾਉਂਦੀਆਂ ਹਨ। ਵਿਸ਼ਾ, ਵਿਧਾ ਅਤੇ ਸ਼ੈਲੀ ਦੀ ਭਿੰਨਤਾ ਤੋਂ ਪਾਰ ਜਾਂਦੀ ਇਹ 'ਕਾਬਲੀਵਾਲਾ' ਅਤੇ 'ਪੇਮੀ ਦੇ ਨਿਆਣੇ' ਵਿਚਲੀ ਸਾਂਝ ਹੈ, ਜਿਸ ਦਾ ਦੂਰ ਤਕ ਜਾਣ ਵਾਲਾ ਪ੍ਰਸੰਗ ਬਣਦਾ ਹੈ। ਪ੍ਰਭਾਵਤ ਕਰਨ ਦੇ ਨਾਲ, ਭਾਵੁਕ ਕਰਨ ਦੇ ਇਹ ਪ੍ਰਸੰਗ ਪੂਰੀ ਤਰ੍ਹਾਂ ਸਮਰੱਥ ਹੈ।**

ਮੈਥੋਂ ਪੰਜ ਸਾਲ ਦੀ ਛੋਟੀ ਬੇਟੀ ਮਿੰਨੀ ਨਾਲ ਪਲ ਭਰ ਵੀ ਗੱਲ ਕੀਤੇ ਬਗੈਰ ਰਿਹਾ ਨਹੀਂ ਜਾਂਦਾ। ਦੁਨੀਆ ਵਿਚ ਆਉਣ ਤੋਂ ਬਾਅਦ ਭਾਸ਼ਾ ਸਿੱਖਣ ਵਿਚ ਉਸ ਨੇ ਇੱਕ ਹੀ ਸਾਲ ਲਾਇਆ ਹੋਵੇਗਾ। ਉਸ ਤੋਂ ਬਾਅਦ ਜਦ ਤਕ ਉਹ ਜਾਗਦੀ ਰਹਿੰਦੀ, ਉਦੋਂ ਤਕ ਇਕ ਮਿੰਟ ਵੀ ਉਹ ਚੁਪ ਨਾ ਰਹਿੰਦੀ। ਉਸ ਦੀ ਮਾਂ ਅਕਸਰ ਝਾੜ-ਝੰਬ ਕੇ ਉਸ ਦੀ ਚਲਦੀ ਜ਼ਬਾਨ ਬੰਦ ਕਰਵਾ ਦਿੰਦੀ ਪਰ ਮੇਰੇ ਤੋਂ ਅਜਿਹਾ ਨਾ ਹੁੰਦਾ। ਮਿੰਨੀ ਦਾ ਮੌਨ ਮੈਨੂੰ ਅਜਿਹਾ ਅਸੁਭਾਵਿਕ ਪ੍ਰਤੀਤ ਹੁੰਦਾ ਕਿ ਮੇਰੇ ਤੋਂ ਜ਼ਿਆਦਾ ਦੇਰ ਤਕ ਸਹਿਆ ਨਾ ਜਾਂਦਾ ਅਤੇ ਇਹੀ ਕਾਰਨ ਹੈ ਮੇਰੇ ਨਾਲ ਉਸ ਦੇ ਭਾਵਾਂ ਦਾ ਅਦਾਨ ਪ੍ਰਦਾਨ ਕੁੱਝ ਜ਼ਿਆਦਾ ਉਤਸ਼ਾਹ ਦੇ ਨਾਲ ਹੁੰਦਾ ਰਹਿੰਦਾ ਹੈ।

ਸਵੇਰੇ ਮੈਂ ਆਪਣੇ ਨਾਵਲ ਦੇ 70ਵੇਂ ਅਧਿਆਏ ਨੂੰ ਹੱਥ ਲਾਇਆ ਹੀ ਸੀ ਕਿ ਮਿੰਨੀ ਨੇ ਆ ਕੇ ਕਹਿਣਾ ਸ਼ੁਰੂ ਕਰ ਦਿਤਾ, ''ਬਾਬੂ ਜੀ! ਰਾਮ ਦਿਆਲ ਦਰਬਾਨ ਕਲ 'ਕਾਕ' ਨੂੰ ਕਾਂ ਕਹਿੰਦਾ ਸੀ। ਉਹ ਕੁੱਝ ਜਾਣਦਾ ਹੀ ਨਹੀਂ, ਬਾਬੂ ਜੀ।'' ਵਿਸ਼ਵ ਦੀਆਂ ਭਾਸ਼ਾਵਾਂ ਦੀ ਭਿੰਨਤਾ ਸਬੰਧੀ ਮੇਰੇ ਕੁੱਝ ਬੋਲਣ ਤੋਂ ਪਹਿਲਾਂ ਹੀ ਉਸ ਨੇ ਦੂਜੀ ਗੱਲ ਤੋਰ ਲਈ, ''ਬਾਬੂ ਜੀ! ਭੋਲਾ ਕਹਿੰਦਾ ਸੀ ਕਿ ਆਕਾਸ਼ ਮੂੰਹ ਤੋਂ ਪਾਣੀ ਸੁੱਟਦਾ ਹੈ, ਇਸ ਨਾਲ ਮੀਂਹ ਪੈਂਦਾ ਹੈ, ਅੱਛਾ ਬਾਬੂ ਜੀ, ਭੋਲਾ ਝੂਠੀ ਮੂਠੀ ਕਹਿੰਦਾ ਹੈ ਨਾ? ਖ਼ਾਲੀ ਬਕਬਕ ਕਰਦਾ, ਦਿਨ ਰਾਤ ਬਕਦਾ ਰਹਿੰਦਾ ਹੈ।''

ਇਸ ਸਬੰਧੀ ਮੇਰੀ ਸਲਾਹ ਲੈਣ ਤੋਂ ਪਹਿਲਾਂ ਹੀ ਉਹ ਹੌਲੀ ਆਵਾਜ਼ ਵਿਚ ਇੱਕ ਔਖਾ ਜਿਹਾ ਸਵਾਲ ਕਰ ਬੈਠੀ, ''ਬਾਬੂ ਜੀ, ਮਾਂ ਤੁਹਾਡੀ ਕੀ ਲਗਦੀ ਐ?''

ਮੈਂ ਕਿਹਾ ''ਮਿੰਨੀ, ਤੂੰ ਜਾਹ, ਭੋਲੇ ਨਾਲ ਖੇਡ, ਮੈਨੂੰ ਅਜੇ ਕੰਮ ਹੈ, ਅੱਛਾ।''

ਮੇਰਾ ਘਰ ਸੜਕ ਦੇ ਕੰਢੇ 'ਤੇ ਸੀ। ਇਕਦਮ ਮਿੰਨੀ ਕਮਰੇ ਦੀ ਖਿੜਕੀ ਦੇ ਕੋਲ ਦੌੜ ਗਈ ਅਤੇ ਜ਼ੋਰ ਜ਼ੋਰ ਨਾਲ ਆਵਾਜ਼ਾਂ ਮਾਰਨ ਲੱਗੀ, ''ਕਾਬੁਲੀਵਾਲੇ, ਓ ਕਾਬੁਲੀਵਾਲੇ''

ਮੌਢੇ ਉਪਰ ਮੇਵਿਆਂ ਦਾ ਥੈਲਾ ਚੁੱਕੀ, ਹੱਥ ਵਿੱਚ ਅੰਗੂਰ ਦਾ ਛਾਬਾ ਚੁੱਕੀ ਇਕ ਲੰਬਾ ਜਿਹਾ ਕਾਬੁਲੀ ਹੌਲੀ ਚਾਲ ਨਾਲ ਸੜਕ 'ਤੇ ਜਾ ਰਿਹਾ ਸੀ। ਜਿਵੇਂ ਹੀ ਉਹ ਘਰ ਵੱਲ ਆਉਣ ਲੱਗਾ, ਮਿੰਨੀ ਫਟਾ ਫਟ ਅੰਦਰ ਭੱਜ ਗਈ। ਉਸ ਨੂੰ ਡਰ ਲੱਗਿਆ ਕਿ ਕਿਤੇ ਉਹ ਉਸ ਨੂੰ ਫੜ ਨਾ ਲਏ। ਉਸ ਦੇ ਮਨ ਵਿੱਚ ਇਹ ਗੱਲ ਘਰ ਕਰ ਗਈ ਸੀ ਕਿ ਕਾਬੁਲੀਵਾਲੇ ਦੇ ਥੈਲੇ ਵਿਚੋਂ ਭਾਲ ਕਰਨ 'ਤੇ ਉਸ ਵਰਗੇ ਹੋਰ ਵੀ ਦੋ-ਚਾਰ ਬੱਚੇ ਮਿਲ ਸਕਦੇ ਹਨ।

ਕਾਬੁਲੀ ਨੇ ਹੱਸਦੇ ਹੋਏ ਮੈਨੂੰ ਸਲਾਮ ਦਿੱਤਾ। ਮੈਂ ਉਸ ਤੋਂ ਕੁਝ ਸੌਦਾ ਖਰੀਦਿਆ। ਫਿਰ ਉਹ ਬੋਲਿਆ, ''ਬਾਬੂ ਸਾਹਿਬ, ਤੁਹਾਡੀ ਕੁੜੀ ਕਿਥੇ ਗਈ?''

ਮੈਂ ਮਿੰਨੀ ਦੇ ਮਨ ਵਿਚੋਂ ਡਰ ਦੂਰ ਕਰਨ ਲਈ ਉਸ ਨੂੰ ਬੁਲਾ ਲਿਆ। ਕਾਬੁਲੀ ਨੇ ਥੈਲੇ ਵਿਚੋਂ ਕਿਸ਼ਮਿਸ਼ ਅਤੇ ਬਾਦਾਮ ਮਿੰਨੀ ਨੂੰ ਦੇਣਾ ਚਾਹਿਆ ਪਰ ਉਸ ਨੇ ਕੁਝ ਨਾ ਲਿਆ। ਡਰ ਕੇ ਉਹ ਮੇਰੇ ਗੋਡਿਆਂ ਨਾਲ ਚੁੰਬੜ ਗਈ। ਕਾਬੁਲੀ ਨਾਲ ਉਸ ਦਾ ਪਹਿਲਾ ਪਰਿਚੈ ਇਸ ਤਰ੍ਹਾਂ ਹੋਇਆ। ਕੁਝ ਦਿਨ ਬਾਅਦ, ਕਿਸੇ ਜ਼ਰੂਰੀ ਕੰਮ ਕਾਰਨ ਮੈਂ ਬਾਹਰ ਜਾ ਰਿਹਾ ਸੀ, ਦੇਖਿਆ ਕਿ ਮਿੰਨੀ ਕਾਬੁਲੀ ਨਾਲ ਖੂਬ ਗੱਲਾਂ ਕਰ ਰਹੀ ਹੈ ਤੇ ਕਾਬੁਲੀ ਹੱਸਦਾ ਹੋਇਆ ਸੁਣ ਰਿਹਾ ਹੈ। ਮਿੰਨੀ ਦੀ ਝੋਲੀ ਬਦਾਮ-ਕਿਸ਼ਮਿਸ਼ ਨਾਲ ਭਰੀ ਹੋਈ ਸੀ। ਮੈਂ ਕਾਬੁਲੀ ਨੂੰ ਅੱਠ ਆਨੇ ਦਿੰਦੇ ਹੋਏ ਕਿਹਾ, 'ਇਸ ਨੂੰ ਇਹ ਕਿਉਂ ਦੇ ਦਿੱਤਾ? ਹੁਣ ਨਾ ਦੇਣਾ।' ਫੇਰ ਮੈਂ ਬਾਹਰ ਚਲਾ ਗਿਆ।

ਕੁਝ ਦੇਰ ਤਕ ਕਾਬੁਲੀ ਮਿੰਨੀ ਨਾਲ ਗੱਲਾਂ ਕਰਦਾ ਰਿਹਾ। ਜਾਂਦੇ ਹੋਏ ਉਹ ਅੱਠ ਆਨੇ ਮਿੰਨੀ ਦੀ ਝੋਲੀ ਪਾ ਗਿਆ। ਜਦੋਂ ਮੈਂ ਘਰ ਆਇਆ ਤਾਂ ਦੇਖਿਆ ਕਿ ਮਿੰਨੀ ਦੀ ਮਾਂ ਕਾਬੁਲੀ ਤੋਂ ਅੱਠ ਆਨੇ ਲੈਣ ਕਾਰਨ ਉਸ ਨੂੰ ਬਹੁਤ ਗੁੱਸਾ ਹੋ ਰਹੀ ਹੈ।

ਕਾਬੁਲੀ ਰੋਜ਼ ਆਉਂਦਾ ਰਿਹਾ। ਉਸ ਨੇ ਕਿਸ਼ਮਿਸ਼ ਬਦਾਮ ਦੇ ਕੇ ਮਿੰਨੀ ਦੇ ਛੋਟੇ ਜਿਹੇ ਦਿਲ 'ਤੇ ਕਾਫੀ ਅਧਿਕਾਰ ਜਮਾ ਲਿਆ ਸੀ। ਦੋਵਾਂ ਵਿੱਚਾਲੇ ਬਹੁਤ ਬਹੁਤ ਗੱਲਾਂ ਹੁੰਦੀਆਂ ਤੇ ਉਹ ਖੂਬ ਹੱਸਦੇ। ਰਹਿਮਤ ਕਾਬੁਲੀ ਨੂੰ ਦੇਖਦੇ ਹੀ ਮੇਰੀ ਕੁੜੀ ਹੱਸਦੀ ਹੋਈ ਪੁੱਛਦੀ, 'ਕਾਬੁਲੀਵਾਲੇ, ਓ ਕਾਬੁਲੀਵਾਲੇ! ਤੇਰੇ ਥੈਲੇ ਵਿੱਚ ਕੀ ਐ?'

ਰਹਿਮਤ ਹੱਸਦਾ ਹੋਇਆ ਕਹਿੰਦਾ, 'ਹਾਥੀ।' ਫੇਰ ਉਹ ਮਿੰਨੀ ਨੂੰ ਕਹਿੰਦਾ, 'ਤੂੰ ਸਹੁਰੇ ਕਦੋਂ ਜਾਏਂਗੀ?'

ਇਸ ਦੇ ਉਲਟ ਉਹ ਰਹਿਮਤ ਨੂੰ ਪੁੱਛਦੀ, 'ਤੂੰ ਸਹੁਰੇ ਕਦੋਂ ਜਾਏਂਗਾ?'

ਰਹਿਮਤ ਆਪਣਾ ਮੋਟਾ ਮੁੱਕਾ ਵੱਟ ਕੇ ਕਹਿੰਦਾ, 'ਮੈਂ ਸਹੁਰੇ ਨੂੰ ਕੁੱਟਾਂਗਾ।' ਇਸ 'ਤੇ ਮਿੰਨੀ ਬਹੁਤ ਹੱਸਦੀ।

ਹਰ ਸਾਲ ਸਰਦੀਆਂ ਦੇ ਅੰਤ ਵਿੱਚ ਕਾਬੁਲੀ ਆਪਣੇ ਦੇਸ਼ ਚਲਾ ਜਾਂਦਾ। ਜਾਣ ਤੋਂ ਪਹਿਲਾਂ ਉਹ ਸਾਰੇ ਲੋਕਾਂ ਤੋਂ ਪੈਸਾ ਵਸੂਲ ਕਰਨ ਵਿੱਚ ਲੱਗਾ ਰਹਿੰਦਾ। ਉਸ ਨੂੰ ਘਰ ਘਰ ਘੁੰਮਣਾ ਪੈਂਦਾ, ਪਰ ਫੇਰ ਵੀ ਉਹ ਦਿਨ ਵਿੱਚ ਇਕ ਵਾਰ ਮਿੰਨੀ ਨੂੰ ਮਿਲ ਜਾਂਦਾ।

ਇਕ ਦਿਨ ਸਵੇਰੇ ਮੈਂ ਆਪਣੇ ਕਮਰੇ ਵਿੱਚ ਬੈਠਾ ਕੁਝ ਕੰਮ ਕਰ ਰਿਹਾ ਸੀ। ਠੀਕ ਉਸੇ ਸਮੇਂ ਸੜਕ 'ਤੇ ਬੜੇ ਜ਼ੋਰ ਦਾ ਰੌਲਾ ਸੁਣਾਈ ਦਿੱਤਾ। ਦੇਖਿਆ ਤਾਂ ਆਪਣੇ ਉਸ ਰਹਿਮਤ ਨੂੰ ਦੋ ਸਿਪਾਹੀ ਬੰਨ੍ਹ ਕੇ ਲਿਜਾ ਰਹੇ ਹਨ। ਰਹਿਮਤ ਦੇ ਕੁੜਤੇ 'ਤੇ ਖੂਨ ਦੇ ਦਾਗ ਹਨ ਅਤੇ ਸਿਪਾਹੀ ਦੇ ਹੱਥ ਵਿੱਚ ਖੂਨ ਨਾਲ ਲਿਬੜਿਆ ਛੁਰਾ।

ਕੁਝ ਸਿਪਾਹੀ ਦੇ ਅਤੇ ਕੁਝ ਰਹਿਮਤ ਦੇ ਮੂੰਹੋਂ ਸੁਣਿਆ ਕਿ ਸਾਡੇ ਗਵਾਂਢ ਵਿੱਚ ਰਹਿਣ ਵਾਲੇ ਇਕ ਆਦਮੀ ਨੇ ਰਹਿਮਤ ਤੋਂ ਇਕ ਚਾਦਰ ਖਰੀਦੀ। ਉਸ ਦੇ ਕੁਝ ਰੁਪਏ ਉਸ ਉਪਰ ਬਾਕੀ ਸਨ, ਜਿਨ੍ਹਾਂ ਨੂੰ ਦੇਣ ਤੋਂ ਉਸ ਨੇ ਇਨਕਾਰ ਕਰ ਦਿੱਤਾ ਸੀ। ਬਸ, ਇਸੇ ਤੋਂ ਗੱਲ ਅੱਗੇ ਵਧ ਗਈ ਅਤੇ ਕਾਬੁਲੀ ਨੇ ਉਸ ਨੂੰ ਚਾਕੂ ਮਾਰ ਦਿੱਤਾ।

ਏਨੇ ਵਿੱਚ 'ਕਾਬੁਲੀਵਾਲੇ, ਕਾਬੁਲੀਵਾਲੇ' ਕਹਿੰਦੀ ਹੋਈ ਮਿੰਨੀ ਘਰੋਂ ਨਿਕਲ ਆਈ। ਰਹਿਮਤ ਦਾ ਚਿਹਰਾ ਕੁਝ ਪਲ ਲਈ ਖਿੜ ਗਿਆ। ਮਿੰਨੀ ਨੇ ਆਉਂਦੇ ਹੀ ਪੁੱਛਿਆ, 'ਤੂੰ ਸਹੁਰੇ ਜਾਏਂਗਾ?' ਰਹਿਮਤ ਨੇ ਹੱਸ ਕੇ ਕਿਹਾ, 'ਹਾਂ, ਉਥੇ ਹੀ ਜਾ ਰਿਹਾ ਹਾਂ।'

ਰਹਿਮਤ ਨੂੰ ਲੱਗਾ ਕਿ ਮਿੰਨੀ ਉਸ ਦੇ ਜਵਾਬ ਤੋਂ ਖੁਸ਼ ਨਹੀਂ ਹੋਈ। ਤਾਂ ਉਸ ਨੇ ਮੁੱਕਾ ਦਿਖਾ ਕੇ ਕਿਹਾ, 'ਸਹੁਰੇ ਨੂੰ ਮਾਰਦਾ ਪਰ ਕੀ ਕਰਾਂ, ਹੱਥ ਬੰਨ੍ਹੇ ਹੋਏ ਹਨ।'

ਚਾਕੂ ਚਲਾਉਣ ਦੇ ਦੋਸ਼ ਵਿੱਚ ਰਹਿਮਤ ਨੂੰ ਕਈ ਸਾਲ ਦੀ ਸਜ਼ਾ ਹੋ ਗਈ।

ਕਾਬੁਲੀ ਦਾ ਖਿਆਲ ਹੌਲੀ ਹੌਲੀ ਮੇਰੇ ਮਨ ਵਿਚੋਂ ਬਿਲਕੁਲ ਨਿਕਲ ਗਿਆ ਤੇ ਮਿੰਨੀ ਵੀ ਉਸ ਨੂੰ ਭੁਲ ਗਈ।

ਕਈ ਸਾਲ ਗੁਜ਼ਰ ਗਏ। ਅੱਜ ਮੇਰੀ ਮਿੰਨੀ ਦਾ ਵਿਆਹ ਹੈ। ਲੋਕ ਆ ਜਾ ਰਹੇ ਹਨ। ਮੈਂ ਆਪਣੇ ਕਮਰੇ ਵਿੱਚ ਬੈਠਾ ਖਰਚ ਦਾ ਹਿਸਾਬ ਲਿਖ ਰਿਹਾ ਸੀ। ਏਨੇ ਵਿੱਚ ਰਹਿਮਤ ਸਲਾਮ ਕਰਕੇ ਇਕ ਪਾਸੇ ਖੜਾ ਹੋ ਗਿਆ।

ਪਹਿਲਾਂ ਤਾਂ ਮੈਂ ਉਸ ਨੂੰ ਪਛਾਣ ਨਾ ਸਕਿਆ। ਉਸ ਕੋਲ ਨਾ ਤਾਂ ਥੈਲਾ ਸੀ ਤੇ ਨਾ ਚਿਹਰੇ 'ਤੇ ਪਹਿਲਾਂ ਵਰਗੀ ਖੁਸ਼ੀ। ਆਖਰ ਧਿਆਨ ਨਾਲ ਦੇਖਿਆ ਤਾਂ ਉਸ ਦੀ ਪਛਾਣ ਹੋਈ ਕਿ ਇਹ ਰਹਿਮਤ ਹੈ।

ਮੈਂ ਪੁੱਛਿਆ, 'ਕਿਉਂ ਰਹਿਮਤ ਕਦੋਂ ਆਏ?'

'ਕਲ ਹੀ ਸ਼ਾਮ ਨੂੰ ਜੇਲ੍ਹ ਤੋਂ ਛੁੱਟਿਆ ਹਾਂ' ਉਸ ਨੇ ਦੱਸਿਆ।

ਮੈਂ ਉਸ ਨੂੰ ਕਿਹਾ, 'ਅੱਜ ਸਾਡੇ ਘਰ ਇਕ ਜ਼ਰੂਰੀ ਕੰਮ ਹੈ, ਮੈਂ ਉਸ ਵਿੱਚ ਲੱਗਾ ਹੋਇਆ ਹਾਂ। ਅੱਜ ਤੂੰ ਜਾ, ਫੇਰ ਆਉਣਾ।'

ਉਹ ਉਦਾਸ ਹੋ ਕੇ ਜਾਣ ਲੱਗਾ। ਦਰਵਾਜ਼ੇ ਕੋਲ ਰੁਕ ਕੇ ਬੋਲਿਆ, 'ਜ਼ਰਾ ਬੱਚੀ ਨੂੰ ਨਹੀਂ ਦੇਖ ਸਕਦਾ?'

ਸ਼ਾਇਦ ਉਸ ਨੂੰ ਵਿਸ਼ਵਾਸ ਸੀ ਕਿ ਮਿੰਨੀ ਹਾਲੇ ਵੀ ਉਹੀ ਬੱਚੀ ਹੈ। ਉਹ ਹੁਣ ਵੀ ਪਹਿਲਾਂ ਵਾਂਗ 'ਕਾਬੁਲੀਵਾਲੇ, ਓ ਕਾਬੁਲੀਵਾਲੇ' ਕਹਿੰਦੀ ਦੌੜੀ ਚਲੀ ਆਏਗੀ। ਉਨ੍ਹਾਂ ਦੋਹਾਂ ਦੇ ਉਸ ਪੁਰਾਣੇ ਹਾਸੇ ਅਤੇ ਗੱਲਬਾਤ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਹੋਵੇਗੀ। ਮੈਂ ਕਿਹਾ, 'ਅੱਜ ਘਰ ਵਿੱਚ ਬਹੁਤ ਕੰਮ ਹੈ। ਅੱਜ ਉਸ ਨਾਲ ਮਿਲਣਾ ਨਹੀਂ ਹੋ ਸਕੇਗਾ।'

ਉਹ ਕੁਝ ਉਦਾਸ ਹੋ ਗਿਆ ਅਤੇ ਸਲਾਮ ਕਹਿ ਕੇ ਦਰਵਾਜ਼ੇ ਤੋਂ ਬਾਹਰ ਚਲਾ ਗਿਆ। ਮੈਂ ਸੋਚ ਹੀ ਰਿਹਾ ਸੀ ਕਿ ਉਸ ਨੂੰ ਵਾਪਸ ਬੁਲਾਵਾਂ। ਏਨੇ ਵਿੱਚ ਉਹ ਖੁਦ ਹੀ ਵਾਪਸ ਆ ਗਿਆ ਤੇ ਬੋਲਿਆ, 'ਇਹ ਥੋੜ੍ਹਾ ਜਿਹਾ ਮੇਵਾ ਬੱਚੀ ਲਈ ਲਿਆਇਆ ਸੀ। ਉਸ ਨੂੰ ਦੇ ਦੇਣਾ।'

ਮੈਂ ਉਸ ਨੂੰ ਪੈਸੇ ਦੇਣੇ ਚਾਹੇ ਪਰ ਉਸ ਨੇ ਕਿਹਾ, 'ਤੁਹਾਡੀ ਬਹੁਤ ਮਿਹਰਬਾਨੀ ਹੈ ਬਾਬੂ ਸਾਹਿਬ! ਪੈਸੇ ਰਹਿਣ ਦਿਓ।' ਫੇਰ ਜ਼ਰਾ ਠਹਿਰ ਕੇ ਬੋਲਿਆ, 'ਤੁਹਾਡੀ ਧੀ ਵਰਗੀ ਮੇਰੀ ਵੀ ਇਕ ਧੀ ਹੈ। ਮੈਂ ਉਸ ਨੂੰ ਯਾਦ ਕਰ ਕੇ ਤੁਹਾਡੀ ਬੱਚੀ ਲਈ ਥੋੜ੍ਹਾ ਮੇਵਾ ਲੈ ਆਉਂਦਾ ਹੁੰਦਾ ਸੀ। ਮੈਂ ਇਥੇ ਸੌਦਾ ਵੇਚਣ ਨਹੀਂ ਆਉਂਦਾ।'

ਉਸ ਨੇ ਆਪਣੇ ਕੁੜਤੇ ਦੀ ਜੇਬ ਵਿਚ ਹੱਥ ਪਾ ਕੇ ਇਕ ਮੈਲਾ-ਕੁਚੈਲਾ ਮੁੜਿਆ ਹੋਇਆ ਕਾਗਜ਼ ਦਾ ਟੁਕੜਾ ਕੱਢਿਆ ਅਤੇ ਬੜੇ ਯਤਨ ਨਾਲ ਉਸ ਦੀਆਂ ਚਾਰੋ ਤੈਹਾਂ ਖੋਲ੍ਹ ਕੇ ਦੋਵੇਂ ਹੱਥਾਂ ਨਾਲ ਉਸ ਨੂੰ ਫੈਲਾ ਕੇ ਮੇਰੀ ਮੇਜ਼ 'ਤੇ ਰੱਖ ਦਿੱਤਾ। ਦੇਖਿਆ ਕਿ ਕਾਗਜ਼ ਦੇ ਉਸ ਟੁਕੜੇ 'ਤੇ ਇਕ ਨੰਨ੍ਹੇ ਜਿਹੇ ਹੱਥ ਦੀ ਛਾਪ ਹੈ। ਹੱਥ ਵਿੱਚ ਥੋੜ੍ਹੀ ਜਿਹੀ ਕਾਲਖ ਲਗਾ ਕੇ ਕਾਗਜ਼ ਉਪਰ ਉਸ ਦੀ ਛਾਪ ਲੈ ਲਈ ਗਈ ਸੀ। ਆਪਣੀ ਧੀ ਦੀ ਇਸ ਯਾਦ ਨੂੰ ਛਾਤੀ ਨਾਲ ਲਗਾ ਕੇ, ਰਹਿਮਤ ਹਰ ਸਾਲ ਕਲਕੱਤੇ ਦੀਆਂ ਗਲੀਆਂ ਵਿੱਚ ਸੌਦਾ ਵੇਚਣ ਲਈ ਆਉਂਦਾ ਹੈ। ਦੇਖ ਕੇ ਮੇਰੀਆਂ ਅੱਖਾਂ ਭਰ ਆਈਆਂ। ਸਭ ਕੁਝ ਭੁੱਲ ਕੇ ਮੈਂ ਉਸੇ ਸਮੇਂ ਮਿੰਨੀ ਨੂੰ ਬਾਹਰ ਬੁਲਾਇਆ। ਵਿਆਹ ਦੀ ਪੂਰੀ ਪੁਸ਼ਾਕ ਅਤੇ ਗਹਿਣੇ ਪਾਈ ਮਿੰਨੀ ਸ਼ਰਮ ਨਾਲ 'ਕੱਠੀ ਹੋਈ ਮੇਰੇ ਕੋਲ ਆ ਕੇ ਖੜੀ ਹੋ ਗਈ। ਉਸ ਨੂੰ ਦੇਖ ਕੇ ਰਹਿਮਤ ਕਾਬੁਲੀ ਪਹਿਲਾਂ ਤਾਂ ਘਬਰਾ ਗਿਆ। ਉਸ ਤੋਂ ਪਹਿਲਾਂ ਵਾਲੀ ਗੱਲ ਨਾ ਕਰ ਹੋਈ। ਬਾਅਦ ਵਿੱਚ ਉਹ ਹੱਸਦੇ ਹੋਏ ਬੋਲਿਆ, 'ਲੱਲੀ! ਸੱਸ ਦੇ ਘਰ ਜਾ ਰਹੀ ਹੈਂ?' ਮਿੰਨੀ ਹੁਣ ਸੱਸ ਦਾ ਅਰਥ ਸਮਝਣ ਲੱਗੀ ਸੀ। ਮਾਰੇ ਸ਼ਰਮ ਦੇ ਉਸ ਦਾ ਮੂੰਹ ਲਾਲ ਹੋ ਗਿਆ। ਮਿੰਨੀ ਦੇ ਚਲੇ ਜਾਣ 'ਤੇ ਇਕ ਡੂੰਘੀ ਸਾਹ ਭਰ ਕੇ ਰਹਿਮਤ ਜ਼ਮੀਨ 'ਤੇ ਬੈਠ ਗਿਆ। ਉਸ ਦੀ ਸਮਝ ਵਿੱਚ ਉਹ ਗੱਲ ਘਰ ਕਰ ਗਈ ਕਿ ਉਸ ਦੀ ਬੇਟੀ ਵੀ ਏਨੇ ਦਿਨਾਂ ਵਿੱਚ ਵੱਡੀ ਹੋ ਗਈ ਹੋਵੇਗੀ। ਇਨ੍ਹਾਂ ਅੱਠ ਸਾਲਾਂ ਵਿੱਚ ਉਸ ਦਾ ਕੀ ਹੋਇਆ ਹੋਵੇਗਾ, ਕੌਣ ਜਾਣੇ? ਉਹ ਉਸ ਦੀ ਯਾਦ ਵਿੱਚ ਗੁੰਮ ਹੋ ਗਿਆ। ਮੈਂ ਕੁਝ ਰੁਪਏ ਕੱਢ ਕੇ ਉਸ ਦੇ ਹੱਥ ਵਿੱਚ ਰੱਖ ਦਿੱਤੇ ਤੇ ਕਿਹਾ, 'ਰਹਿਮਤ! ਤੂੰ ਆਪਣੀ ਬੇਟੀ ਕੋਲ ਦੇਸ਼ ਚਲਾ ਜਾ।' □

ਪ੍ਰਿੰਸੀ. ਸੰਤ ਸਿੰਘ ਸੇਖੋਂ ਦੀ ਸ਼ਾਹਕਾਰ ਕਹਾਣੀ

# ਪੇਮੀ ਦੇ ਨਿਆਣੇ

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ, ਮੈਂ ਸੱਤ ਵਰ੍ਹੇ ਦਾ ਸੀ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਸਾਡੇ ਖੇਤ ਘਰੋਂ ਮੀਲ ਕੁ ਦੀ ਵਿੱਥ 'ਤੇ ਸੀ। ਅੱਧ ਵਿਚਕਾਰ ਇਕ ਜਰਨੈਲੀ ਸੜਕ ਲੰਘਦੀ ਸੀ, ਜਿਸ ਵਿਚੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪ੍ਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਅਸੀਂ ਸਭ ਇਵਾਂਣੇ, ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਵੀ ਡਰ ਆਉਂਦਾ ਸੀ, ਇਸ ਸੜਕ ਵਿਚੋਂ ਦੀ ਕਿਸੇ ਸਿਆਣੇ ਤੋਂ ਬ ੈਰ ਲੰਘਣ ਤੋਂ ਬਹੁਤ ਭੈਅ ਖਾਂਦੇ ਸਾਂ। ਪਰ ਟੰਟਾ ਇਹ ਸੀ ਕਿ ਦਿਨੇ ਇਕ ਦੋ ਵੇਲੇ ਸਾਨੂੰ ਖੇਤ ਬਾਪੂ ਤੇ ਕਾਮੇ ਦੀ ਰੋਟੀ ਫੜਾਣ ਜ਼ਰੂਰ ਜਾਣਾ ਪੈਂਦਾ ਸੀ ਤੇ ਸਾਡੀ ਅਵਸਥਾ ਹਰ ਰੋਜ਼ ਇਕ ਮੁਸ਼ਕਲ ਘਾਟੀ ਲੰਘਣ ਵਾਲੀ ਹੁੰਦੀ ਸੀ।

ਅਸੀਂ ਆਮ ਤੌਰ 'ਤੇ ਘਰੋਂ ਤਾਂ ਹੌਸਲਾ ਕਰ ਕੇ ਇਕਲੇ ਹੀ ਤੁਰ ਪੈਂਦੇ, ਪਰ ਜਦ ਸੜਕ ਦੋ ਤਿੰਨ ਘੁਮਾਂ ਦੀ ਵਿੱਥ 'ਤੇ ਰਹਿ ਜਾਂਦੀ ਤਾਂ ਨਹਿਰ ਦਾ ਸੂਆ ਟੱਪਣ ਲੱਗੇ ਪਠੋਰਿਆਂ ਵਾਂਗ ਖਲੋ ਕੇ ਆਸੇ ਪਾਸੇ ਤੱਕਣ ਲੱਗ ਜਾਂਦੇ, ਤਾਂ ਜੋ ਕਿਸੇ ਪਿੰਡੋਂ ਆਉਂਦੇ ਜਾਂਦੇ ਸਿਆਣੇ ਦੀ ਸ਼ਰਣ ਲੈ ਕੇ ਇਸ ਭੈਅ-ਸਾਗਰ ਨੂੰ ਤਰਨ ਜੋਗੇ ਹੋ ਜਾਈਏ। ਸਾਡੀ ਮਜ਼ਹਬੀ ਤਰਬੀਅਤ ਵੀ ਕੁੱਝ ਇਸੇ ਕਿਸਮ ਦੀ ਸੀ ਕਿ ਅਜਿਹੇ ਡਰ ਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਅਸੀਂ ਘਰ ਸਿਆਣਿਆਂ ਕੋਲੋਂ ਨਰਕ ਸਵਰਗ ਦੀਆਂ ਕਹਾਣੀਆਂ ਹਰ ਰੋਜ਼ ਸ਼ਾਮ ਨੂੰ ਸੁਣਦੇ। ਸਵਰਗ ਤਾਂ ਸਾਨੂੰ ਖੇਡ ਤੋਂ ਬਾਹਰ ਕਿਤੇ ਘੱਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁਲ੍ਹੇ ਗੱਫੇ ਮਿਲਦੇ। ਸਭ ਤੋਂ ਵੱਡਾ ਨਰਕ ਮਦਰਸਾ ਸੀ ਤੇ ਜੇ ਉਸ ਤੋਂ ਕਿਸੇ ਦਿਨ ਛੁਟ ਜਾਂਦੇ ਤਾਂ ਖੇਤ ਰੋਟੀ ਦੇਣ ਦਾ ਨਰਕ ਪੇਸ਼ ਆ ਜਾਂਦਾ। ਗੱਲ ਕੀ ਸਾਡੇ ਇਵਾਣੇ ਰਾਹ ਹਰ ਇਕ ਮੋੜ 'ਤੇ ਜਾਣੋ ਨਰਕ ਘਾਤ ਲਾਈ ਖਲੋਤੇ ਹੁੰਦੇ। ਖ਼ਬਰੇ ਇਸ ਸੜਕ ਦਾ ਭੈਅ ਸਾਗਰ ਲੰਘਣ ਕਰ ਕੇ ਸਾਨੂੰ ਖੇਤ ਜਾਣਾ ਨਰਕ ਲਗਦਾ ਸੀ ਜਾਂ ਖੇਤ ਰੋਟੀ ਲੈ ਜਾਣ ਲਗੇ ਇਸ ਸੜਕ ਨੂੰ ਲੰਘਣਾ ਸਾਨੂੰ ਭੈਅ ਸਾਗਰ ਦਿਖਾਈ ਦਿੰਦਾ ਸੀ, ਮੈਂ ਇਸ ਬਾਬਤ ਯਕੀਨ ਨਾਲ ਕੁੱਝ ਨਹੀਂ ਕਹਿ ਸਕਦਾ। ਇਹ ਮੈਨੂੰ ਪਤਾ ਹੈ ਕਿ ਖੇਤ ਸਵਰਗ ਸੀ ਤੇ ਖੇਤ ਰੋਟੀ ਲੈ ਕੇ ਜਾਣ ਦੀ ਖੇਚਲ ਨਰਕ ਅਤੇ ਉਹ ਜਰਨੈਲੀ ਸੜਕ ਵਿਚਕਾਰਲਾ ਭੈਅ ਸਾਗਰ।

ਸਿਆਲ ਦੇ ਦਿਨ ਸਨ। ਅਸੀਂ ਦੋਵੇਂ ਭੈਣ ਭਰਾ ਦੁਪਹਿਰ ਦੀ ਰੋਟੀ ਲੈ ਕੇ ਖੇਤ ਚਲ ਪਏ। ਨਿੱਘੀ ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਟੁਰੇ ਜਾਂਦੇ ਵੀ ਜਾਣੋਂ ਸਿਆਲ ਦੀ ਧੁੱਪ ਦੀ ਨੀਂਦ ਦਾ ਨਿੱਘ ਲੈ ਰਹੇ ਸਾਂ। ਪਰ ਦਿਲ ਵਿਚ ਸੜਕ ਲੰਘਣ ਦਾ ਡਰ ਚੂਹੇ ਵਾਂਗਰ ਕੁਤਰ ਰਹਿਆ ਸੀ।

ਅਸਾਂ ਡਰ ਨੂੰ ਦਬਾਣ ਦਾ ਇਕ ਆਮ ਤਰੀਕਾ ਵਰਤਣਾ ਚਾਹਿਆ। ਭੈਣ ਮੈਨੂੰ ਇਕ ਕਹਾਣੀ ਸੁਨਾਣ ਲੱਗ ਪਈ : ''ਇਕ ਸੀ ਰਾਜਾ, ਉਹਦੀ ਰਾਣੀ ਮਰ ਗਈ। ਮਰਨ ਲੱਗੀ ਰਾਣੀ ਨੇ ਰਾਜੇ ਨੂੰ ਕਿਹਾ- ਤੂੰ ਮੈਨੂੰ ਇਕ ਕਰਾਰ ਦੇਹ। ਰਾਜੇ ਨੇ ਪੁਛਿਆ- ਕੀ?''

ਮੈਂ ਕਹਾਣੀ ਵਲੋਂ ਧਿਆਨ ਮੋੜ ਕੇ ਪਿਛਾਂਹ ਪਿੰਡ ਵਲ ਨੂੰ ਵੇਖਿਆ ਕਿ ਕਿਤੇ ਕੋਈ ਆਦਮੀ ਸਾਡੇ ਰਾਹ ਜਾਣ ਵਾਲਾ ਆ ਰਿਹਾ ਹੋਵੇ।

''ਤੂੰ ਸੁਣਦਾ ਨਹੀਂ, ਬੀਰ!'' ਭੈਣ ਨੇ ਮੇਰੇ ਮੋਢੇ ਹਲੂਣ ਕੇ ਆਖਿਆ।

''ਨਹੀਂ, ਮੈਂ ਸੁਣਦਾਂ,'' ਮੈਂ ਭਰਾਵਾਂ ਵਾਲੀ ਗੁਸਤਾਖੀ ਨਾਲ ਜਵਾਬ ਦਿਤਾ।

''ਅੱਛਾ, ਜਦ ਉਹ ਰਾਣੀ ਮਰਨ ਲੱਗੀ, ਤਾਂ ਉਸ ਨੇ ਰਾਜੇ ਨੂੰ ਸੱਦ ਕੇ ਕਿਹਾ, ਤੂੰ ਮੇਰੇ ਨਾਲ ਕਰਾਰ ਕਰ। ਰਾਜੇ ਨੇ ਪੁਛਿਆ ਕੀ? ਰਾਣੀ ਨੇ ਕਿਹਾ ਤੂੰ ਹੋਰ ਵਿਆਹ ਨਾ ਕਰਾਈਂ। ਸੱਚ, ਦਸਣਾ ਭੁੱਲ ਗਈ, ਰਾਣੀ ਦੇ ਦੋ ਪੁੱਤ ਤੇ ਇਕ ਧੀ ਸੀਗੇ।''

ਸਾਨੂੰ ਰਾਜਾ ਤੇ ਰਾਣੀ ਮਾਂ ਪਿਓ ਵਰਗੇ ਹੀ ਭਾਸਦੇ ਸਨ। ਜੇ ਸਾਡੀ ਮਾਂ ਮਰਨ ਲੱਗੇ ਤਾਂ ਸਾਡੇ ਪਿਓ ਨੂੰ ਵੀ ਇਹ ਬਚਨ ਦੇਣ ਲਈ ਆਖੇ, ਇਹ ਖ਼ਿਆਲ ਸਾਡੇ ਅਚੇਤ ਮਨ ਵਿਚ ਕੰਮ ਕਰ ਰਿਹਾ ਹੋਵੇਗਾ। ਮੈਨੂੰ ਉਹ ਧੀ ਆਪਣੀ ਭੈਣ ਲੱਗੀ ਤੇ ਉਹ ਦੋ ਪੁੱਤ ਮੇਰਾ ਆਪਣਾ ਆਪ।

ਮੇਰੀ ਭੈਣ ਪਿੰਡ ਵਲ ਵੇਖ ਰਹੀ ਸੀ। ''ਸੁਣਾ ਵੀ ਗਾਹਾਂ'', ਮੈਂ ਉਸ ਨੂੰ ਪਹਿਲੀ ਤਰ੍ਹਾਂ ਖਰ੍ਹਵੇ ਬੋਲ ਨਾਲ ਆਖਿਆ।

''ਰਾਣੀ ਨੇ ਕਿਹਾ, ਬਈ ਮੇਰੇ ਪੁੱਤਾਂ ਤੇ ਧੀ ਨੂੰ ਮਤੇਈ ਦੁੱਖ ਦਊਗੀ'' ਭੈਣ ਨੇ ਹੋਰ ਵੀ ਮਿੱਠੀ ਤੇ ਹੋਰ ਵੀ ਤ੍ਰੀਮਤ ਬਣ ਕੇ ਦਸਿਆ। ''ਇਸ ਕਰ ਕੇ ਉਸ ਨੇ ਰਾਜੇ ਤੋਂ ਇਹ ਕਰਾਰ ਮੰਗਿਆ। ਰਾਜੇ ਨੇ ਕਿਹਾ, ''ਚੰਗਾ ਮੈਂ ਕਰਾਰ ਦਿੰਨਾ।''

ਜਿਵੇਂ ਕਿਤੇ ਜੇ ਰਾਜਾ ਇਹ ਇਕਰਾਰ ਨਾ ਦੇਂਦਾ ਤਾਂ ਰਾਣੀ ਮਰਨ ਤੋਂ ਨਾਂਹ ਕਰ ਦੇਂਦੀ।

''ਹੂੰ!''

ਭਾਵੇਂ ਸਾਨੂੰ ਦੋਹਾਂ ਨੂੰ ਪਤਾ ਸੀ ਕਿ ਦਿਨੇ ਕਹਾਣੀਆਂ ਪਾਣ ਨਾਲ ਰਾਹੀ ਰਾਹ ਭੁੱਲ ਜਾਂਦੇ ਹਨ, ਅਸਾਂ ਇਕ ਦੂਜੇ ਨੂੰ ਇਹ ਚੇਤਵਾਨੀ ਨਾ ਕਰਵਾਈ, ਅਤੇ ਇਸ ਸੂਝ ਨੂੰ ਆਪਣੇ ਦਿਲਾਂ ਵਿਚਾਰਾਂ ਉਤੇ ਅਸਰ ਨਾ ਕਰਨ ਦਿਤਾ।

''ਪਰ ਰਾਜੇ ਨੇ ਝੱਟ ਹੀ ਦੂਜਾ ਵਿਆਹ ਕਰਵਾ ਲਿਆ।''

''ਹੂੰ!''

ਪਿਛਲੇ ਮੋੜ 'ਤੇ ਸਾਨੂੰ ਇਕ ਆਦਮੀ ਆਉਂਦਾ ਦਿਸਿਆ। ਅਸਾਂ ਸੁੱਖ ਦਾ ਸਾਹ ਭਰਿਆ ਤੇ ਉਸ ਨਾਲ ਰਲਣ ਲਈ ਖਲੋ ਗਏ। ਸਾਡੀ ਬਾਤ ਵੀ ਖਲੋ ਗਈ। ਪਰ ਉਹ ਆਦਮੀ ਕਿਸੇ ਹੋਰ ਪਾਸੇ ਨੂੰ ਜਾ ਰਿਹਾ ਸੀ, ਸਾਡੀ ਵਲ ਨਾ ਮੁੜਿਆ।

ਜਿਸ ਮੰਤਵ ਨੂੰ ਪੂਰਾ ਕਰਨ ਲਈ ਅਸਾਂ ਇਹ ਬਾਤ ਦਾ ਪਖੰਡ ਰਚਿਆ ਸੀ, ਉਹ ਪੂਰਾ ਨਾ ਹੋ ਸਕਿਆ। ਸਾਡਾ ਖਿਆਲ ਸੀ, ਬਾਤ ਦੇ ਰੁਝੇਵੇਂ ਵਿਚ ਅਸੀਂ ਅਚੇਤ ਹੀ ਸੜਕ ਪਾਰ ਹੋ ਜਾਵਾਂਗੇ। ਪਰ ਹੁਣ ਜਦ ਸੜਕ ਘੁਮਾਂ ਕੁ ਦੂਰ ਰਹਿ ਗਈ ਤਾਂ ਸਾਡੀ ਕਹਾਣੀ ਵੀ ਠਠੰਬਰ ਕੇ ਖਲੋ ਗਈ ਤੇ ਕਿਸੇ ਸਿਆਣੇ ਸਾਥੀ ਦੇ ਆ ਰਲਣ ਦੀ ਆਸ ਵੀ ਟੁੱਟ ਗਈ। ਅਸੀਂ ਦੋਵੇਂ ਸਹਿਮ ਕੇ ਖਲੋ ਗਏ।

ਦਸ ਵੀਹ ਕਦਮ ਹੋਰ ਪੁੱਟੇ ਤਾਂ ਸਾਡਾ ਡਰ ਹੋਰ ਵੱਧ ਗਿਆ। ਸੜਕ ਵਿਚ ਇਕ ਪਾਸੇ ਇਕ ਕਾਲੇ ਸੂਫ਼ ਦੀ ਵਾਸਕਟ ਤੇ ਪਠਾਣਾਂ ਵਰਗੀ ਖੁਲ੍ਹੀ ਸਲਵਾਰ ਵਾਲਾ ਆਦਮੀ ਲੰਮਾ ਪਿਆ ਸੀ।

''ਉਹ ਵੇਖ ਬੀਬੀ ! ਰਾਸ਼ਾ ਪਿਆ!''

ਉਸ ਆਦਮੀ ਨੇ ਪਾਸਾ ਪਰਤਿਆ।

''ਇਹ ਤਾਂ ਹਿਲਦੈ, ਜਾਗਦੈ'' ਮੇਰੀ ਭੈਣ ਨੇ ਸਹਿਮ ਕੇ ਆਖਿਆ। ''ਹੁਣ ਕੀ ਕਰੀਏ?''

''ਇਹ ਆਪਾਂ ਨੂੰ ਫੜ ਲਊ?''

''ਹੋਰ ਕੀ?'' ਉਸ ਨੇ ਜਵਾਬ ਦਿਤਾ।

ਅਸੀਂ ਰਾਤ ਘਰੋਂ ਬਾਹਰ ਤਾਂ ਘੱਟ ਹੀ ਕਦੀ ਨਿਕਲੇ ਸਾਂ, ਪਰ ਇਹ ਸੁਣਿਆ ਹੋਇਆ ਸੀ ਕਿ ਜੇ ਡਰ ਲੱਗੇ ਤਾਂ ਵਾਹਿਗੁਰੂ ਦਾ ਨਾਮ ਲੈਣਾ ਚਾਹੀਦਾ ਹੈ, ਫਿਰ ਡਰ ਹਟ ਜਾਂਦਾ ਹੈ। ਸਾਡੀ ਮਾਂ ਸਾਨੂੰ ਮਾਮੇ ਦੀ ਗੱਲ ਸੁਣਾਂਦੀ ਹੁੰਦੀ ਸੀ। ਇਕ ਵਾਰੀ ਸਾਡਾ ਮਾਮਾ ਤੇ ਇਕ ਬ੍ਰਹਮਣ ਕਿਤੇ ਰਾਤ ਨੂੰ ਕਿਸੇ ਪਿੰਡ ਦੇ ਸਿਵਿਆਂ ਵਿਚੋਂ ਲੰਘ ਰਹੇ ਸਨ ਕਿ ਉਨ੍ਹਾਂ ਦੇ ਪੈਰ ਵਿਚ ਵੱਡੇ ਵੱਡੇ ਦਗਦੇ ਅੰਗਿਆਰ ਡਿੱਗਣ ਲੱਗ ਪਏ। 'ਪੰਡਤ ਜੀ, ਰੱਬ ਰੱਬ ਕਰੋ।' ਸਾਡਾ ਮਾਮਾ 'ਵਾਹਿਗੁਰੂ ਵਾਹਿਗੁਰੂ' ਕਰਨ ਲੱਗ ਪਿਆ, ਪੰਡਤ 'ਰਾਮ ਰਾਮ' ਅੰਗਿਆਰ ਡਿੱਗਦੇ ਤਾਂ ਰਹੇ ਪਰ ਉਨ੍ਹਾਂ ਤੋਂ ਦੂਰ। ਸਾਨੂੰ ਇਸ ਗੱਲ ਕਰ ਕੇ ਆਪਣੇ ਮਾਮੇ 'ਤੇ ਬੜਾ ਮਾਣ ਸੀ।

''ਆਪਾਂ ਵਾਹਿਗੁਰੂ ਵਾਹਿਗੁਰੂ ਕਰੀਏ'' ਮੈਂ ਦੱਸਿਆ।

''ਵਾਹਿਗੁਰੂ ਤੋਂ ਤਾਂ ਭੂਤ ਪ੍ਰੇਤ ਈ ਡਰਦੇ ਨੇ, ਆਦਮੀ ਨੀਂ ਡਰਦੇ।'' ਮੇਰੀ ਭੈਣ ਨੇ ਕਿਹਾ।

ਮੈਂ ਮੰਨ ਗਿਆ। ਸੜਕ ਵਿਚ ਰਾਸ਼ਾ ਤਾਂ ਆਦਮੀ ਸੀ, ਉਹ ਰੱਬ ਤੋਂ ਕਦ ਡਰਨ ਲੱਗਾ ਸੀ?

''ਤਾਂ ਫੇਰ ਹੁਣ ਕੀ ਕਰੀਏ?''

ਅਸੀਂ ਪੰਜ ਸਤ ਮਿੰਟ ਸਹਿਮ ਨਾਲ ਖਲੋਤੇ ਰਹੇ। ਹਾਲੇ ਵੀ ਸਾਡੇ ਦਿਲਾਂ ਵਿਚ ਆਸ ਸੀ ਕਿ ਇਸ ਰਾਸ਼ੇ ਨੂੰ ਡਰਾਣ ਵਾਲਾ ਕੋਈ ਆਦਮੀ ਸਾਡੇ ਨਾਲ ਆ ਮਿਲੇਗਾ। ਪਰ ਇਹ ਆਸ ਪੂਰੀ ਹੁੰਦਾ ਨਾ ਦਿਸੀ। ਅਸੀਂ ਇਕ ਦੂਜੇ ਦੇ ਮੂੰਹ ਵਲ ਤੱਕਦੇ ਰਹੇ, ਪਰ ਮੈਨੂੰ ਯਾਦ ਹੈ ਕਿ ਅਸੀਂ ਉਸ ਵੇਲੇ ਇਕ ਦੂਜੇ ਦੇ ਚਿਹਰਿਆਂ ਵਿਚ ਕੁੱਝ ਲੱਭ ਨਹੀਂ ਸਾਂ ਸਕਦੇ। ਸਾਡਾ ਭਰੱਪਣ, ਸਾਡੀ ਏਕਤਾ, ਬੇਕਾਰ ਹੋਏ ਖਲੋਤੇ ਸਨ। ਕੁੱਝ ਮਿੰਟਾਂ ਤਕ ਮੇਰਾ ਰੋਣ ਨਿਕਲ ਗਿਆ।

ਮੇਰੀ ਭੈਣ ਨੇ ਪੱਲੇ ਨਾਲ ਮੇਰੇ ਅੱਥਰੂ ਪੂੰਝਦਿਆਂ ਆਖਿਆ, ''ਨਾ ਬੀਰ ਰੋਂਦਾ ਕਿਉਂ ਏ? ਆਪਾਂ ਇਥੇ ਖੜੋਨੇ ਹਾਂ, ਹੁਣੇ ਪਿੰਡੋਂ ਕੋਈ ਆ ਜਾਊ।'' ਮੈਂ ਚੁੱਪ ਕਰ ਗਿਆ। ਅਸਾਂ ਕੁੱਝ ਕਦਮ ਸੜਕ ਵਲ ਪੁਟੇ, ਫਿਰ ਖਲੋ ਗਏ ਤੇ ਫਿਰ ਉਹ ਪੰਜ ਕਦਮ ਮੁੜ ਆਏ। ਅੰਤ ਮੇਰੀ ਭੈਣ ਨੇ ਕੁੱਝ ਵਿਚਾਰ ਬਾਅਦ ਕਿਹਾ, ''ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ ਹਾਂ, ਸਾਨੂੰ ਨਾ ਫੜ।''

ਉਸ ਦੇ ਮੂੰਹੋਂ ਪੇਮੀ ਸ਼ਬਦ ਬੜਾ ਮਿੱਠਾ ਨਿਕਲਦਾ ਹੁੰਦਾ ਸੀ ਤੇ ਹੁਣ ਤਾਂ ਜਦ ਉਹ ਮੇਰੇ ਵਲ ਝੁਕ ਕੇ ਮੈਨੂੰ ਤੇ ਆਪਣੇ ਆਪ ਨੂੰ ਦਿਲਾਸਾ ਦੇ ਰਹੀ ਸੀ ਉਹ ਖ਼ੁਦ ਪੇਮੀ ਬਣੀ ਹੋਈ ਸੀ। ਮੇਰੇ ਦਿਲ ਦੀ ਢਰਾਸ ਬਝ ਗਈ। ਰਾਸ਼ੇ ਨੂੰ ਜਦ ਪਤਾ ਲਗੇਗਾ ਕਿ ਅਸੀਂ ਪੇਮੀ ਦੇ ਨਿਆਣੇ ਹਾਂ ਤਾਂ ਉਹ ਸਾਨੂੰ ਕੁੱਝ ਨਹੀਂ ਆਖੇਗਾ, ਨਹੀਂ ਫੜੇਗਾ। ਜਿਵੇਂ ਕੰਬਦਾ ਹਿਰਦਾ ਤੇ ਥਿੜਕਦੇ ਪੈਰ ਰੱਬ ਕਰਦੇ ਸ਼ਮਸ਼ਾਨ ਭੂਮੀ ਵਿਚੋਂ ਗੁਜ਼ਰ ਜਾਂਦੇ ਹਨ, ਜਿਵੇਂ ਹਿੰਦੂ ਗਊ ਦੀ ਪੂਛ ਫੜ ਕੇ ਭਵਸਾਗਰ ਤਰ ਜਾਂਦਾ ਹੈ, ਅਸੀਂ ਪੇਮੀ ਦਾ ਨਾਮ ਲੈ ਕੇ ਸੜਕ ਪਾਰ ਹੋ ਗਏ। ਰਾਸ਼ਾ ਉਸੇ ਤਰ੍ਹਾ ਉਥੇ ਹੀ ਪਿਆ ਰਿਹਾ। □

# ਜਸਵੀਰ ਮਾਹਲ ਦੀਆਂ ਛੇ ਕਵਿਤਾਵਾਂ



## ਚੋਰ

ਮੈਂ ਹੀ ਨਹੀਂ ਖਾਂਦਾ ਰੋਟੀ
ਰੋਟੀ ਵੀ ਮੈਨੂੰ ਖਾਵੇ!

ਨੀਂਦ ਉਧਾਲੇ ਮੇਰੀ
ਕਦੀ ਚੈਨ ਗੁਆਵੇ
ਟੱਬਰ ਦੇ ਹਿੱਸੇ ਆਇਆ
ਵਕਤ ਚੁਰਾਵੇ

ਜੁੱਤੀ ਪਾਵਾਂ ਤਾਂ
ਪੈਰਾਂ ਥੱਲੇ ਧਰ ਕੇ ਕਾਹਲ
ਖੋਹ ਲਏ ਮੈਥੋਂ
ਮੜਕਵੀਂ ਚਾਲ।

ਮੈਂ ਹੀ ਨਹੀਂ ਖਾਂਦਾ ਰੋਟੀ
ਰੋਟੀ ਵੀ ਮੈਨੂੰ ਨਿਗਲੇ
ਸਾਲ ਦਰ ਸਾਲ।

## ਜ਼ਿੰਦਗੀ ਦਾ ਜਸ਼ਨ

ਇਹ ਜਾਣਦਿਆਂ
ਕਿ ਕੁਝ ਹੀ ਦਿਨਾਂ ਵਿਚ
ਖ਼ਤਮ ਹਯਾਤੀ ਹੋ ਜਾਣੀ ਹੈ,
ਪੱਤਿਆਂ ਨੂੰ ਕਿਵੇਂ
ਗੂੜ੍ਹੇ ਗੂੜ੍ਹੇ ਰੰਗ ਚੜ੍ਹੇ ਨੇ
ਪੱਤਝੜ ਰੁੱਤੇ!!

## ਬਰਫ਼ਬਾਰੀ ਤੋਂ ਬਾਅਦ

ਅੰਬਰੋਂ ਬਰਫ ਡਿਗੀ ਏਨੀ
ਕਿ ਮਿਟ ਗਈ
ਰਾਹਾਂ ਦੀ ਪਹਿਚਾਣ!
ਲੋਕ ਤੁਰੇ,
ਬਰਫ਼ 'ਚ ਫਸਦੇ ਧਸਦੇ
ਪੈੜਾਂ ਮਿੱਧਦੇ,
ਪੈੜਾਂ 'ਚ ਪੈਰ ਧਰਦੇ....

ਉੱਘੜ ਆਏ
ਹੌਲ਼ੀ ਹੌਲ਼ੀ
ਫਿਰ ਪਗਡੰਡੀਆਂ ਦੇ ਨਿਸ਼ਾਨ!

ਮੀਂਹ ਵਰ੍ਹਿਆ
ਸੂਰਜ ਚੜ੍ਹਿਆ
ਬਰਫ਼ ਪਿਘਲ਼ੀ
ਫਿਰ ਤੋਂ ਹੋ ਗਈ
ਨਿੱਖਰੇ ਰਾਹਾਂ ਦੀ ਪਹਿਚਾਣ!

## ਅਜੋਕਾ ਗ਼ਲੀ-ਗੁਆਂਢ

ਮੈਂ ਤੇ ਗੁਆਂਢੀ ਮੇਰਾ
ਨਾ ਜਾਣੀਏ
ਇਕ ਦੂਜੇ ਨੂੰ
ਚੰਗੀ ਤਰ੍ਹਾਂ

ਇਕ ਦੂਜੇ ਦੀ ਪਰ
ਕਾਰ ਤੋਂ
ਬਹੁਤ ਜਾਣੂ ਹਾਂ ਅਸੀਂ!

## ਸਹਿਜ ਸਾਧਨਾ

ਬਹੁਤ ਹੀ ਮੁਸ਼ਕਲ ਹੈ
ਸਹਿਜ ਹੋਣਾ।

ਸਹਿਜ ਹੋਣਾ ਇਉਂ ਹੈ
ਜਿਵੇਂ ਧੁੱਪ ਵਿਚ
ਕੱਪੜੇ ਦਾ ਰੰਗ ਉੱਡੇ
ਸੂਰਜ ਦੀ ਤਪਸ਼ ਨਾਲ
ਸੁੱਕਦਾ ਹੈ ਜਿਵੇਂ ਛੱਪੜ ਦਾ ਪਾਣੀ
ਜਿਵੇਂ ਤ੍ਰਿਕਾਲਾਂ ਪੈਣ ਤੀਕ
ਪ੍ਰਛਾਵਿਆਂ ਦਾ ਕੱਦ
ਬਣ ਜਾਏ ਬਿਰਖ਼ਾਂ ਦਾ ਹਾਣੀ
ਜਾਂ ਜਿਵੇਂ
ਕੰਢੇ 'ਤੇ ਪਏ ਪੱਥਰ ਨੂੰ
ਵਰ੍ਹਿਆਂ ਦੇ ਚੁੰਮਣਾਂ ਨਾਲ,
ਮੁਲਾਇਮ ਕਰਨ ਲਹਿਰਾਂ....
ਬਹੁਤ ਹੀ ਮੁਸ਼ਕਲ ਹੈ ਸਹਿਜ ਹੋਣਾ।

## ਬਾਬੂ ਰਾਮ

ਬਾਬੂ ਰਾਮ
ਗੰਗਾ ਘਾਟ 'ਤੇ
ਅਗਨ ਭੇਟ ਕਰ
ਮ੍ਰਿਤਕ ਦੇਹ ਨੂੰ
ਆਵਾਗਵਣ ਤੋਂ
ਮੁਕਤ ਕਰਾਉਂਦਾ
ਵਿਛੜੀ ਰੂਹ ਨੂੰ

ਬਾਬੂ ਰਾਮ ਨੂੰ
ਕੁਲ ਹਯਾਤੀ
ਜਾਤ ਬੰਧਨ ਤੋਂ
ਪਰ
ਮਿਲੀ ਨਾ ਮੁਕਤੀ!

(ਟੀ ਵੀ ਉੱਤੇ India Reborn ਨਾਂ ਦੀ ਡਾਕੂਮੈਂਟਰੀ ਦੇਖਣ ਤੋਂ ਬਾਅਦ) □


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਸੁਹਜ ਤੇ ਸੰਘਰਸ਼ ਦਾ ਸੁਮੇਲ ਫ਼ੈਜ਼ ਅਹਿਮਦ ਫ਼ੈਜ਼



ਹਰਭਜਨ ਸਿੰਘ ਹੁੰਦਲ



1985 ਦੇ ਜੁਲਾਈ ਵਿਚ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਜਨਵਾਦੀ ਲੇਖਕ ਸੰਘ ਦੇ ਕੌਮੀ ਸੰਮੇਲਨ ਵਿਚ ਭਾਗ ਲੈਣ ਤੇ ਲੇਖਕਾਂ ਦੇ ਵਿਚਾਰ ਸੁਣਨ ਦਾ ਮੌਕਾ ਸੀ। ''ਲੇਖਕਾਂ ਲਈ ਚੁਣੌਤੀਆਂ'' ਦੇ ਵਿਸ਼ੇ ਉਤੇ ਗਿਆਨ ਗੋਸ਼ਟੀ ਹੋ ਰਹੀ ਸੀ। ਪੰਜਾਬ ਵਲੋਂ ਮੈਨੂੰ ਬੋਲਣ ਲਈ ਆਖਿਆ ਗਿਆ। ਹਾਜ਼ਰ ਲੇਖਕ ਪੰਜਾਬ ਬਾਰੇ ਕੁੱਝ ਸੁਣਨਾ ਚਾਹ ਰਹੇ ਸਨ। ਇਹ ਪੰਜਾਬ ਵਿਚ ਅਤਿਵਾਦ ਦੀ ਚੜ੍ਹਤ ਵਾਲੇ ਦਿਨ ਸਨ। ਇਥੇ ਲੇਖਕਾਂ ਸਾਹਮਣੇ ਵੀ ਚੁਣੌਤੀਆਂ ਸਨ। ਆਪਣੇ ਭਾਸ਼ਣ ਵਿਚ ਮੈਂ ਐਮਰਜੈਂਸੀ, ਨਕਸਲਵਾਦ ਤੇ ਅਤਿਵਾਦ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਿਹੜਾ ਲੇਖਕ ਇਨ੍ਹਾਂ ਪੇਸ਼ ਚੁਣੌਤੀਆਂ ਨੂੰ ਪ੍ਰਵਾਨ ਕਰ ਕੇ ਰਚਨਾ ਕਰਦਾ ਹੈ, ਉਹ ਲੋਕਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਂਦਾ ਹੈ ਤੇ ਜਿਹੜਾ ਡਰਦਾ ਚੁੱਪ ਵੱਟੀ ਰੱਖੇ ਉਸ ਨੂੰ ਕੋਈ ਨਹੀਂ ਪੁੱਛਦਾ। ਨਾਲ ਹੀ ਮੈਂ ਅਖੀਰ ਉਤੇ ਫ਼ੈਜ਼ ਅਹਿਮਦ ਫ਼ੈਜ਼ ਦਾ ਸ਼ਿਅਰ ਸੁਣਾ ਕੇ ਗੱਲ ਖ਼ਤਮ ਕੀਤੀ। ਸ਼ਿਅਰ ਸੀ,

ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ
ਵੋ ਸ਼ਾਨ ਸਲਾਮਤ ਰਹਿਤੀ ਹੈ।
ਯਹ ਜਾਨ ਤੋਂ ਆਨੀ ਜਾਨੀ ਹੈ
ਇਸ ਜਾਨ ਕੀ ਕੋਈ ਬਾਤ ਨਹੀਂ।

ਹਾਲ ਵਿਚ ਦੇਰ ਤੀਕ ਤਾੜੀਆਂ ਵੱਜਦੀਆਂ ਰਹੀਆਂ। ਫ਼ੈਜ਼ ਦੇ ਇਕੋ ਹੀ ਸ਼ਿਅਰ ਨੇ ਜਿਵੇਂ ਸਾਰੇ ਸ਼ੰਕੇ ਤੇ ਭਰਮ ਦੂਰ ਕਰ ਦਿਤੇ ਸਨ। ਐਸੀ ਸ਼ਕਤੀ ਤੇ ਸਚਾਈ ਸੀ ਫ਼ੈਜ ਦੀ ਕਲਾ ਵਿਚ!! ਫ਼ੈਜ ਦੀ ਸ਼ਾਇਰੀ ਅਵਾਮ ਦੀ ਜ਼ੁਬਾਨ ਤੇ ਚੜ੍ਹ ਕੇ ਉਨ੍ਹਾਂ ਦੀ ਸੋਚ ਨੂੰ ਬਦਲਣ ਦੀ ਸ਼ਕਤੀ ਰੱਖਦੀ ਹੈ।

ਫ਼ੈਜ਼ ਅਹਿਮਦ ਫ਼ੈਜ਼ ਬਾਰੇ ਵਰਤਿਆ ਕੋਈ ਵੀ ਪ੍ਰਸ਼ੰਸਾ ਮਈ ਵਿਸ਼ੇਸ਼ਣ ਅਧੂਰਾ ਤੇ ਅਪੂਰਨ ਪ੍ਰਤੀਤ ਹੁੰਦਾ ਹੈ। ਉਸ ਦੀ ਅਜ਼ਮਤ ਨੂੰ ਪ੍ਰੀਭਾਸ਼ਤ ਕਰਨਾ ਆਸਾਨ ਨਹੀਂ ਹੈ। ਉਸ ਨੂੰ ਪਾਕਿਸਤਾਨੀ ਕਵੀ ਆਖਣਾ ਵੀ ਬਹੁਤ ਨਿੱਕੀ ਨਿਗੂਣੀ ਗੱਲ ਲੱਗਦੀ ਹੈ। ਹਾਲਾਤ ਦਾ ਦੁਖਾਂਤ ਹੀ ਸਮਝੋ ਕਿ 1947 ਦੀ ਭੂਗੋਲਿਕ ਤੇ ਰਾਜਸੀ ਵੰਡ ਵੇਲੇ ਉਸ ਨੇ ਪਾਕਿਸਤਾਨ ਜਾਣ ਦਾ ਫ਼ੈਸਲਾ ਕਰ ਲਿਆ। ਉਸ ਸਾਡੇ ਭਾਰਤੀਆਂ ਦਾ ਵੀ ਉਨਾ ਹੀ ਘਰ ਦਾ ਕਵੀ ਹੈ, ਜਿਵੇਂ ਪਾਕਿਸਤਾਨੀਆਂ ਦਾ। ਅਸਲ ਵਿਚ ਉਸ ਨੂੰ ਉਰਦੂ ਦਾ ਮਹਾਨਤਮ ਕਵੀ ਆਖਣਾ ਵਧੇਰੇ ਦਰੁਸਤ ਪ੍ਰਤੀਤ ਹੁੰਦਾ ਹੈ। ਇਹ ਪੰਜਾਬ ਤੇ ਪੰਜਾਬੀ ਬੋਲੀ ਦਾ ਵੀ ਦੁਖਾਂਤ ਹੀ ਸਮਝੋ ਕਿ ਉਸ ਨੇ ਪੰਜਾਬੀ ਦੀ ਥਾਂ ਉਰਦੂ ਵਿਚ ਆਪਣਾ ਕਲਾਮ ਕਹਿਣ ਦਾ ਫ਼ੈਸਲਾ ਕਰ ਲਿਆ। ਉਮਰ ਭਰ ਉਸ ਨੂੰ ਇਸ ਗੱਲ ਦਾ ਕੁੱਝ ਕੁੱਝ ਪਛਤਾਵਾ ਰਿਹਾ ਕਿ ਉਸ ਨੇ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਲਈ ਪੰਜਾਬੀ ਦੀ ਥਾਂ ਉਰਦੂ ਨੂੰ ਕਿਉਂ ਚੁਣ ਲਿਆ ਸੀ।

ਉਮਰ ਦੇ ਆਖਰੀ ਸਾਲਾਂ ਵਿਚ ਦੋਸਤਾਂ ਦੇ ਕਹਿਣ ਉਤੇ ਉਸ ਨੇ ਆਪਣੀ ਜੰਮਣ ਭੌਂ ਤੇ ਮਾਂ ਬੋਲੀ ਦਾ ਰਿਣ ਉਤਾਰਨ ਲਈ, ਕੁੱਝ ਕਵਿਤਾਵਾਂ ਪੰਜਾਬੀ ਵਿਚ ਵੀ ਲਿਖੀਆਂ। ਪ੍ਰਸ਼ੰਸਕਾਂ ਦੇ ਪੁੱਛਣ ਉਤੇ ਕਿ ਉਸ ਨੇ ਉਰਦੂ ਦੀ ਥਾਂ ਪੰਜਾਬੀ ਨੇ ਕਿਉਂ ਸ਼ਾਇਰੀ ਦਾ ਮਾਧਿਅਮ ਨਹੀਂ ਚੁਣਿਆ ਤਾਂ ਉਹ ਆਖਦਾ ਹੁੰਦਾ ਸੀ ਕਿ ਵਾਰਸ਼ ਸ਼ਾਹ ਅਤੇ ਬੁਲ੍ਹੇ ਸ਼ਾਹ ਦੇ ਕਲਾਮ ਨੂੰ ਪੜ੍ਹ ਕੇ ਮੈਂ ਅਨੁਭਵ ਕੀਤਾ ਕਿ ਮੈਂ ਉਮਰ ਭਰ ਇਨ੍ਹਾਂ ਪੰਜਾਬ ਦੇ ਦੋ ਨਾਮਵਰ ਸ਼ਾਇਰਾ ਦੇ ਪੱਧਰ ਦੀ ਸ਼ਾਇਰੀ ਨਹੀਂ ਸੀ ਕਰ ਸਕਣੀ। ਜ਼ਰਾ ਫ਼ੈਜ਼ ਦੀ ਪੰਜਾਬੀ ਵਿਚ ਕੀਤੀ ਸ਼ਾਇਰੀ ਦੇ ਰੰਗ, ਲਹਿਜੇ ਤੇ ਮੁਹਾਵਰੇ ਦਾ ਮੁਲਾਹਜ਼ਾ ਫੁਰਮਾਉ। ਤੁਹਾਨੂੰ ਖ਼ੁਦ ਹੀ ਅਨੁਭਵ ਹੋ ਜਾਵੇਗਾ ਕਿ ਸਾਡੀ ਪੰਜਾਬੀ ਜ਼ੁਬਾਨ ਨੂੰ ਉਸ ਦੀ ੈਰ ਹਾਜ਼ਰੀ ਦਾ ਕਿੰਨਾ ਨੁਕਸਾਨ ਝੱਲਣਾ ਪਿਆ ਹੈ।

ਅੱਜ ਲਾਹ ਉਲ੍ਹਾਮੇ ਮਿੱਠੜੇ ਯਾਰ ਮੇਰੇ
ਅੱਜ ਆ ਵਿਹੜੇ ਵਿੱਛੜੇ ਯਾਰ ਮੇਰੇ
ਫ਼ਜ਼ਰ ਹੋਵੇ ਤੇ ਆਖੀਏ ਬਿੱਸਮਿੱਲਾ
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ
ਜਿਹਦੇ ਕੌਲ ਤੇ ਅਸਾਂ ਵਸਾਹ ਕੀਤਾ
ਉਹਨੇ ਓੜਕ ਤੋੜ ਨਿਭਾਈਆਂ ਨੇ।

ਜਾਂ ਫਿਰ

ਸ਼ਾਮ ਉਡੀਕਾਂ ਫ਼ਜ਼ਰ ਉਡੀਕਾਂ
ਆਖੇ ਤਾਂ ਸਾਰੀ ਉਮਰ ਉਡੀਕਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆ

ਵਾਹਗੇ ਪਾਰ ਦੇ ਪੰਜਾਬੀ ਕਵੀਆਂ ਦੇ ਪ੍ਰਸੰਗ ਵਿਚ ਗੱਲ ਚੱਲ ਰਹੀ ਸੀ, ਤਾਂ ਮੈਨੂੰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਪੰਜਾਬੀ ਕਵਿਤਾਵਾਂ ਚੇਤੇ ਆਉਣ ਲੱਗੀਆਂ। ਉਸ ਨੇ ਇਹ ਪੰਜ ਸੱਤ ਕਵਿਤਾਵਾਂ ਲਿਖ ਕੇ ਮੇਰੇ ਵਰਗੇ ਪ੍ਰਸ਼ੰਸਕਾਂ ਨੂੰ ਦੁਬਿਧਾ ਵਿਚ ਪਾ ਦਿਤਾ ਸੀ ਕਿ ਉਹ ਉਰਦੂ ਦਾ ਕਵੀ ਹੈ ਜਾਂ ਕਿ ਪੰਜਾਬੀ ਦਾ ਤੇ ਇਹ ਵੀ ਕਿ ਕੀ ਉਹ ਭਾਰਤ ਜਾਂ ਪਾਕਿਸਤਾਨ ਦਾ ਕਵੀ ਹੈ। ਸਮੁੱਚੇ ਵਿਸ਼ਵ ਦੇ ਹਰ ਕੋਨੇ ਵਿਚ ਬੈਠਾ ਕੋਈ ਵੀ ਉਸ ਦਾ ਪਾਠਕ, ਫ਼ੈਜ਼ ਦਾ ਕੋਈ ਸ਼ਿਅਰ ਕੋਈ ਜ਼ਲ ਜਾਂ ਕੋਈ ਨਜ਼ਮ ਸੁਣੇ, ਉਸ ਨੂੰ ਆਪਣਾ ਕਵੀ ਕਹਿ ਕੇ ਉਸ ਉਤੇ ਹੱਕ ਜਮਾ ਸਕਦਾ ਹੈ।

ਅਜਿਹੀ ਵਡਿਆਈ, ਮਹਾਨਤਾ ਤੇ ਅਜਿਹੀ ਪ੍ਰਵਾਨਗੀ ਹਰ ਕਵੀ ਨੂੰ ਨਹੀਂ ਮਿਲਦੀ ਹੁੰਦੀ। ਅੱਜ ਜਦੋਂ ਵਿਸ਼ਵ ਦੇ ਮਹਾਨ ਕਵੀਆਂ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ ਮਹਿਮੂਦ ਦਰਵੇਸ, ਬ੍ਰੈਖਤ ਤੇ ਜਾਂ ਫਿਰ ਮਾਇਅਕੋ ਵਸਕੀ ਦੀ ਕਵਿਤਾ ਦੀ ਗੱਲ ਕੀਤੀ ਜਾਂਦੀ ਹੈ, ਤਾਂ ਫ਼ੈਜ਼ ਦਾ ਨਾਂ ਇਨ੍ਹਾਂ ਵਿਸ਼ਵ ਕਵੀਆਂ ਦੀ ਸੂਚੀ ਵਿਚ ਸ਼ਾਮਲ ਕਰ ਕੇ ਸਾਡਾ ਸਿਰ ਉਚਾ ਹੋ ਜਾਂਦਾ ਹੈ। ਆਖਰ ਅਜਿਹੀ ਸਵੀਕ੍ਰਿਤੀ ਦੇ ਪਿਛੇ ਬਾਤ ਕਿਆ ਹੈ। ਆਉ ਪਿਛਲੀ ਬੀਤੀ ਸਦੀ ਦੇ ਉਨ੍ਹਾਂ ਵਰਕਿਆਂ ਨੂੰ ਫਰੋਲ ਤੇ ਉਥਲ ਕੇ ਵੇਖੀਏ ਜਦੋਂ ਫ਼ੈਜ਼ ਬੜੇ ਬਿਖੜੇ ਰਾਹਾਂ ਤੇ ਤੁਰ ਕੇ ਸ਼ਾਇਰੀ ਕਰ ਰਿਹਾ ਸੀ।

ਫ਼ੈਜ਼ ਦਾ ਜਨਮ ਸਥਾਨ ਸੀ ਪਿੰਡ ਕਾਦਰ ਜ਼ਿਲ੍ਹਾ ਸਿਆਲਕੋਟ ਹੈ ਜਿਥੇ 13 ਫ਼ਰਵਰੀ 1911 ਨੂੰ ਉਸ ਦਾ ਜਨਮ ਹੋਇਆ। ਫ਼ੈਜ਼ ਦਾ ਸਾਰਾ ਜੀਵਨ ਹਾਦਸਿਆਂ ਤੇ ਚੁਣੌਤੀਆਂ ਨਾਲ ਭਰਪੂਰ ਰਿਹਾ ਪਰ ਉਸ ਨੇ ਹਰ ਹਾਲਤ ਵਿਚ ਆਪਣੀ ਵਚਨ ਬੱਧਤਾ ਨੂੰ ਠੇਸ ਨਹੀਂ ਪਹੁੰਚਣ ਦਿਤੀ। ਵੰਡ ਬਾਰੇ ਉਨ੍ਹਾਂ ਦੀ ਇਤਿਹਾਸਕ ਨਜ਼ਮ ਦੋਹੀਂ ਪਾਸੀਂ ਗੁਣਗੁਣਾਈ ਜਾਂਦੀ ਰਹੀ।

ਯੇ ਦਾਗ ਦਾਗ ਉਜਾਲਾ, ਯੇ ਸ਼ਬ ਗਜ਼ੀਦਾ ਸ਼ਹਿਰ
ਵੋਹ ਇੰਤਜ਼ਾਰ ਥਾ ਜਿਸ ਕਾ, ਯਹ ਵੋਹ ਸ਼ਹਿਰ ਤੋਂ ਨਹੀਂ
ਚਲੋ ਚਲੋ ਕਿ ਵਹਿ ਮੰਜ਼ਿਲ ਅਭੀ ਨਹੀਂ ਆਈ।

ਇਸੇ ਮੰਜ਼ਿਲ ਦੀ ਤਲਾਸ਼ ਕਰ ਰਹੇ ਸਨ ਕਿ 1951 ਵਿਚ ਲਿਆਕਤ ਅਲੀ ਖਾਂ ਦੇ ਰਾਜ ਸਮੇਂ, ਸਰਕਾਰ ਦਾ ਤਖ਼ਤਾ ਪਲਟਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਏ ਗਏ। ਨਾਲ ਕੁੱਝ ਵੱਡੇ ਫ਼ੌਜੀ ਅਫ਼ਸਰ ਤੇ ਅਦੀਬ ਵੀ ਸਨ। ਇਸ ਮੁਕੱਦਮੇ ਨੂੰ 'ਰਾਵਲ ਪਿੰਡੀ ਸਾਜ਼ਿਸ਼ ਕੇਸ' ਆਖਿਆ ਜਾਂਦਾ ਹੈ। ਇਥੇ ਚਾਰ ਸਾਲ ਤੋਂ ਵੱਧ ਸਮੇਂ ਤੀਕ ਕੈਦ ਰਹੇ। ਪਹਿਲੇ ਤਿੰਨ ਮਹੀਨੇ ਕੈਦੇ ਤਨਹਾਈ ਵਿਚ ਕੱਟੇ। ਸਰਗੋਧਾ ਤੇ ਲਾਇਲਪੁਰ ਦੀਆਂ ਜੇਲ੍ਹਾਂ ਵਿਚ। ਕਿਸੇ ਨੂੰ ਵੀ ਮੁਲਾਕਾਤ ਕਰਨ ਦੀ ਆਗਿਆ ਨਹੀਂ ਸੀ। ਜ਼ਿੰਦਾ ਨਾਮਾ ਕਾਵਿ ਸੰਗ੍ਰਹਿ ਦੀਆਂ ਨਜ਼ਮਾਂ ਇਥੇ ਹੀ ਲਿਖੀਆਂ ਗਈਆਂ। ਉਨ੍ਹਾਂ ਨੂੰ ਤੀਹ ਅਪ੍ਰੈਲ 1955 ਵਿਚ ਰਿਹਾਅ ਕੀਤਾ ਗਿਆ।

ਦੂਸਰੀ ਵਾਰ 1958 ਵਿਚ ਸੇਫ਼ਟੀ ਐਕਟ ਅਧੀਨ ਗ੍ਰਿਫ਼ਤਾਰ ਹੋਏ ਤੇ 1959 ਵਿਚ ਰਿਹਾਅ ਹੋਏ। ਇਨ੍ਹਾਂ ਹੀ ਸਾਲਾਂ ਵਿਚ ਕਈ ਅਖ਼ਬਾਰਾਂ ਤੇ ਰਸਾਲਿਆਂ ਦੀ ਸੰਪਾਦਕੀ ਦੇ ਫ਼ਰਜ਼ ਨਿਭਾਏ। 'ਅਦਬੇ ਲਤੀਫ਼' ਪ੍ਰਤਿਕਾ ਰੋਜ਼ਨਾਮਾ ਇਮਰੋਜ ਅਤੇ ਪਾਕਿਸਤਾਨ ਟਾਈਮਜ਼ ਦੀ ਐਡਟਰੀ ਕੀਤੀ। ਆਖ਼ਰੀ ਸਾਲਾਂ ਵਿਚ ਬੇਰੂਤ ਵਿਚ ਰਹਿੰਦਿਆਂ ਏਸ਼ੀਆ ਅਫ਼ਰੀਕਾ ਲੇਖਕ ਫ਼ੈਡਰੇਸ਼ਨ ਦੀ ਵਿਸ਼ਵ ਪ੍ਰਸਿੱਧ ਸਾਹਿਤਕ ਪੱਤ੍ਰਿਕਾ ਲੋਟਸ ਦੀ ਸੰਪਾਦਕ ਮੰਡਲੀ ਵਿਚ ਸ਼ਾਮਲ ਰਹੇ। 'ਕਾਬਿਲ ਦੇ ਜੰਮੇ ਨੂੰ ਨਿੱਤ ਮੁਹਿੰਮਾਂ' ਵਰਗੀ ਜ਼ਿੰਦਗੀ ਰਹੀ ਹੈ ਫ਼ੈਜ਼ ਦੀ। ਅਸਮਾਨ ਤੋਂ ਡਿੱਗਾ ਤੇ ਖਜੂਰ ਤੇ ਅਟਕਿਆਂ ਵਰਗੀ ਹਾਲਤ। ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਦੇ ਨਾਲ ਨਾਲ ਦੇਸ਼ ਨਿਕਾਲੇ ਦੀ ਖੱਜਲ ਖੁਆਰੀ ਵੀ ਝੱਲਣੀ ਪਈ। 1962 ਵਿਚ ਸੋਵੀਅਤ ਸਰਕਾਰ ਵਲੋਂ ਲੈਨਿਨ ਸ਼ਾਂਤੀ ਪੁਰਸਕਾਰ ਮਿਲਿਆ। ਇਸ ਪੁਰਸਕਾਰ ਦੀ ਪ੍ਰਾਪਤੀ ਨਾਲ ਉਹ ਵਿਸ਼ਵ ਦੀ ਵੱਡੀ ਸਾਹਿਤਕ ਹਸਤੀ ਬਣ ਗਏ। ਉਹ ਏਸ਼ੀਆ ਅਫ਼ਰੀਕਾ ਦੇ ਲੇਖਕਾਂ ਦੀ ਤਾਸ਼ਕੰਦ ਕਾਨਫ਼ਰੰਸ ਵਿਚ ਵੀ ਹਿੱਸਾ ਲੈਣ ਲਈ ਰੂਸ ਗਏ। ਦੁਸ਼ਵਾਰੀਆਂ ਤੇ ਪ੍ਰੇਸ਼ਾਨੀਆਂ ਦੇ ਨਾਲ ਨਾਲ ਫ਼ੈਜ਼ ਸਾਹਿਬ ਸੰਸਾਰ ਦੇ ਕਈ ਦੇਸ਼ਾਂ ਦੀ ਯਾਤਰਾ 'ਤੇ ਵੀ ਗਏ। ਉਹ ਜਿਥੇ ਵੀ ਗਏ, ਲੋਕੀਂ ਹੱਥਾਂ 'ਤੇ ਚੁੱਕ ਲੈਂਦੇ ਸਨ ਤੇ ਭੀੜਾਂ ਇਕੱਠੀਆਂ ਹੋ ਜਾਂਦੀਆਂ ਸਨ। ਉਹ ਯੂਰਪ ਤੇ ਏਸ਼ੀਆ ਦੇ ਕਈ ਦੇਸ਼ਾਂ ਦੇ ਮਹਿਮਾਨ ਬਣੇ ਤੇ ਕਵਿਤਾ ਦੇ ਸਫ਼ੀਰ ਵਾਂਗ ਵਿਚਰਦੇ ਰਹੇ। ਫ਼ੈਜ਼ ਸਾਹਿਬ ਇਲਮ ਦੋਸਤ ਸਨ। ਅਧਿਐਨ ਦਾ ਸ਼ੌਕ ਉਨ੍ਹਾਂ ਨੂੰ ਵਿਰਸੇ ਵਿਚ ਮਿਲਿਆ ਸੀ। ਵਿਦਿਆਰਥੀ ਜੀਵਨ ਤੋਂ ਅਰੰਭ ਹੋ ਕੇ ਅੰਤਲੇ ਦਿਨਾਂ ਤੀਕ ਉਨ੍ਹਾਂ ਦੇ ਇਹ ਸ਼ੌਕ ਬਰਕਰਾਰ ਰਹੇ, ਅਦਬ, ਸਾਇੰਸ, ਫ਼ਲਸਫ਼ਾ ਮਨੋ ਵਿਗਿਆਨ, ਧਰਮ, ਇਤਿਹਾਸ, ਗੱਲ ਕੀ ਹਰ ਵਿਸ਼ੇ ਬਾਰੇ ਉਨ੍ਹਾਂ ਦਾ ਗਿਆਨ ਬੜਾ ਵਿਸ਼ਾਲ ਸੀ। ਫ਼ੈਜ਼ ਨੇ ਰੇਡੀਉ ਲਈ ਕੁੱਝ ਡਰਾਮੇ ਵੀ ਲਿਖੇ। ਉਨ੍ਹਾਂ ਨੇ ਇਕ ਦੋ ਫ਼ਿਲਮਾਂ ਦੇ ਵਾਰਤਾਲਾਪ ਤੇ ਗਾਣੇ ਵੀ ਲਿਖੇ ਸਨ। ਉਨ੍ਹਾਂ ਦੀ ਤਰੱਕੀ ਪਸੰਦ ਅਦੀਬਾਂ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਵੀ ਉਦਮ ਕੀਤਾ ਤੇ ਇੰਝ ਹੀ ਏਸ਼ੀਆ ਅਫ਼ਰੀਕਾ ਦੀ ਲੇਖਕ ਫ਼ੈਡਰੇਸ਼ਨ ਲਈ ਕਈ ਵਰ੍ਹੇ ਕੰਮ ਕਰਦੇ ਰਹੇ। ਫ਼ੈਜ਼ ਸਾਹਿਬ ਦੀ ਸ਼ਾਦੀ ਇਕ ਅੰਗਰੇਜ਼ ਔਰਤ ਐਲਸ ਜਾਰਜ ਨਾਲ 1941 ਵਿਚ ਹੋਈ। ਇਸ ਮੌਕੇ ਸ਼ੇਖ ਅਬਦੁੱਲਾ ਨੇ ਉਨ੍ਹਾਂ ਦਾ ਨਿਕਾਹ ਪੜ੍ਹਿਆ। ਫ਼ੈਜ਼ ਦੀਆਂ ਦੋ ਬੇਟੀਆਂ ਹਨ, ਸਲੀਮਾ ਤੇ ਮਨੀਜ਼ਾ।

ਫ਼ੈਜ਼ ਨੇ ਜੋ ਵੀ ਲਿਖਿਆ ਉਸ ਬਾਰੇ ਕਦੇ ਵੀ ਕਿਸੇ ਨੂੰ ਇਹ ਸ਼ਿਕਾਇਤ ਨਹੀਂ ਸੀ ਹੋਈ ਕਿ ਉਸ ਦੀ ਪੱਧਰ ਨੀਵੀਂ ਹੈ। ਪਾਠਕ ਤੇ ਲੋਕ ਉਸ ਦੇ ਅੱਖਰ ਅੱਖਰ ਨੂੰ ਸਿਰ ਮੱਥੇ 'ਤੇ ਰੱਖ ਕੇ ਨਤਮਸਤਕ ਹੁੰਦੇ ਰਹੇ। ਅੱਜ ਵੀ, ਏਨੇ ਵਰ੍ਹਿਆਂ ਬਾਅਦ ਉਨ੍ਹਾਂ ਦੇ ਕਲਾਮ ਦੀ ਖਿੱਚ ਤੇ ਤਲਾਸ਼ ਖ਼ਤਮ ਨਹੀਂ ਹੋਈ।

ਫ਼ੈਜ਼ ਦੀ ਅਰੰਭਕ ਦੌਰ ਦੀ ਕਵਿਤਾ ਹੋਰ ਨਵੇਂ ਉਠਦੇ ਸਿਖਾਂਦਰੂ ਕਵੀਆਂ ਵਾਂਗ, ਹੁਸਨ, ਇਸ਼ਕ ਦੀ ਸ਼ਾਇਰੀ ਸੀ। ਕਾਲਜ ਵਿਚ ਪੜ੍ਹਦੇ, ਖਾਂਦੇ ਪੀਂਦੇ ਘਰ ਦੇ ਨੌਜਵਾਨ ਦੀ ਸ਼ਾਇਰੀ ਜਦੋਂ ਉਹ ਲਿਖਦੇ ਹਨ :

ਥੱਕ ਜਾਏਂਗੀ ਤਰਸੀ ਹੁਈ ਨਾਕਾਮ ਨਿਗਾਹੇਂ
ਛਿਨ ਜਾਏਂਗੇ ਮੁਝ ਸੇ ਮੇਰੇ ਆਂਸੂ, ਮੇਰੀ ਆਹੇਂ
ਛਿਨ ਜਾਏਗੀ ਮੁਝ ਸੇ ਮੇਰੀ ਬੇਕਾਰ ਜਵਾਨੀ
ਸ਼ਾਇਦ ਮੇਰੀ ਉਲਫ਼ਤ ਕੋ ਬਹੁਤ ਯਾਦ ਕਰੋਗੀ
ਅਪਨੇ ਦਿਲੇ-ਮਾਸੂਮ ਕੋ ਨਾਸ਼ਾਦ ਕਰੋਗੀ
ਆਓਗੀ ਮੇਰੀ ਗੋਰ (ਕਬਰ) ਪੇ ਤੁਮ ਅਸ਼ਕ ਬਹਾਨੇ
ਨੌਖੇਜ ਬਹਾਰੋਂ ਕੇ ਹੁਸੀਂ ਫੂਲ ਚੜ੍ਹਾਨੇ।

(ਆਖ਼ਰੀ ਖ਼ਤ- ਨਕਸ਼ੇ ਫਰਿਆਦੀ
ਸਾਰੇ ਸੁਖਨ ਹਮਰੇ- ਪੰਨਾ-131)

ਪਰ ਇਹ ਦੌਰ ਬਹੁਤ ਦੇਰ ਤੀਕ ਨਹੀਂ ਰਿਹਾ। ਇਸ ਸਮੇਂ ਤਕ ਪ੍ਰਗਤੀਸ਼ੀਲ ਲੇਖਕ ਸੰਘ ਬਣ ਚੁੱਕੀ ਸੀ ਤੇ ਇਸ ਦੀਆਂ ਮੀਟਿੰਗਾਂ ਵਿਚ ਫ਼ੈਜ਼ ਵੀ ਹਾਜ਼ਰੀ ਭਰਨ ਲੱਗ ਪਿਆ ਸੀ। ਅੰਮ੍ਰਿਤਸਰ ਰਹਿੰਦੇ ਹੋਏ ਉਹ ਸਮਾਜਵਾਦੀ ਵਿਚਾਰਾਂ ਵਾਲੇ ਲੇਖਕਾਂ ਤੇ ਰਾਜਸੀ ਵਿਚਾਰਾਂ ਵਾਲੇ ਬੁੱਧੀਜੀਵੀਆਂ ਦੇ ਸੰਪਰਕ ਵਿਚ ਆ ਚੁੱਕੇ ਸਨ। ਆਜ਼ਾਦੀ ਦੀ ਲਹਿਰ ਵਿਚ ਵੀ ਉਭਾਰ ਸਾਫ਼ ਪਿਆ ਦਿਸਦਾ ਸੀ। ਸਿੱਟੇ ਵਜੋਂ ਫ਼ੈਜ਼ ਦੀ ਇਸ਼ਕੀਆ ਸ਼ਾਇਰੀ ਦਾ ਰੁਮਾਂਟਿਕ ਦੌਰ ਬਹੁਤ ਦੇਰ ਤੀਕ ਨਹੀਂ ਰਿਹਾ। ਉਸ ਨੂੰ ਨਿੱਜੀ ਗਮ ਨਾਲੋਂ ਲੋਕਾਂ ਦੇ ਗਮ ਵਧੇਰੇ ਮਹੱਤਵਪੂਰਨ ਅਨੁਭਵ ਹੋਣ ਲੱਗ ਪਏ ਸਨ। ਇਸੇ ਕਾਰਨ ਉਨ੍ਹਾਂ ਨੇ ਲਿਖਿਆ ਸੀ।

ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ
ਔਰ ਭੀ ਦੁੱਖ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ
ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ
ਲੌਟ ਜਾਤੀ ਹੈ ਉਧਰ ਭੀ ਨਜ਼ਰ ਕਿਆ ਕੀਜੇ
ਅਬ ਭੀ ਦਿਲਕਸ਼ ਹੈ ਤੇਰਾ ਹੁਸਨ, ਮਗਰ ਕਿਆ ਕੀਜੇ।

(ਮੁਝ ਸੇ ਪਹਿਲੀ ਸੀ -
ਪੰਨਾ - 147 ਸਾਰੇ ਸੁਖਨ ਹਮਰੇ)

ਹੈਰਾਨੀ ਹੈ ਕਿ ਆਪਣੀ ਸ਼ਾਇਰੀ ਦੇ ਰੋਮਾਂਚਿਕ ਦੌਰ ਵਿਚ ਵੀ ਫ਼ੈਜ਼ ਨੂੰ ਵਿਸ਼ਵਾਸ ਸੀ ਕਿ ਜ਼ੁਲਮ ਜਬਰ ਦੇ ਇਹ ਦਿਨ ਮੁੱਕਣ ਵਾਲੇ ਹਨ। ਆਸ ਉਮੀਦ ਦਾ ਇਹ ਰੰਗ, ਉਸ ਦੇ ਬਾਅਦ ਵੀ ਸਮੁੱਚੀ ਕਾਵਿ ਰਚਨਾ ਵਿਚ ਔਖੇ, ਹਨੇਰੇ ਤੇ ਭਿਆਨਕ ਸਮਿਆਂ ਵਿਚ ਵੀ ਮੱਧਮ ਨਹੀਂ ਪਿਆ। ਸੁਹਣੇ ਭਵਿੱਖ ਵਿਚ ਇਹ ਵਿਸ਼ਵਾਸ ਉਸ ਦੀ ਸ਼ਾਇਰੀ ਦਾ ਉਘੜਵਾਂ ਰੰਗ ਹੈ, ਜੋ ਉਸ ਨੂੰ ਬਾਕੀ ਸਮਕਾਲੀ ਕਵੀਆਂ ਨਾਲੋਂ ਨਿਖੇੜਦਾ ਹੈ।

ਫ਼ੈਜ਼ ਦੀ ਕਵਿਤਾ ਵਿਚ ਦੂਜਾ ਮੋੜ, ਉਸ ਸਮੇਂ ਆਇਆ ਜਦੋਂ ਸਰਕਾਰੀ ਤੌਰ ਉਤੇ ਉਸ ਉਤੇ ਦੇਸ਼ ਧਰੋਹੀ ਦਾ ਇਲਜ਼ਾਮ ਲਾ ਕੇ ਉਨ੍ਹਾਂ ਨੂੰ ਰਾਵਲ ਪਿੰਡੀ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰ ਕਰ ਕੇ ਜੇਲ ਵਿਚ ਡੱਕ ਦਿਤਾ ਗਿਆ। ਸਾਜ਼ਿਸ਼ ਦੇ ਇਸ ਕੇਸ ਵਿਚ ਕਈ ਹੋਰ ਦਾਨਸ਼ਵਰ, ਲੇਖਕ ਤੇ ਫ਼ੌਜੀ ਅਫ਼ਸਰ ਸ਼ਾਮਲ ਕਰ ਲਏ ਗਏ ਤੇ ਚਾਰ ਸਾਲ ਤੀਕ ਇਹ ਝੂਠਾ ਮੁਕੱਦਮਾ ਚੱਲਦਾ ਰਿਹਾ। ਗ੍ਰਿਫ਼ਤਾਰੀ ਦੇ ਸ਼ੁਰੂ ਕੇ ਕੁੱਝ ਮਹੀਨਿਆਂ ਵਿਚ ਉਸ ਨੂੰ ਬੱਚਿਆਂ ਤੇ ਬੀਵੀ ਨੂੰ ਮੁਲਾਕਾਤ ਕਰਨ ਦੀ ਵੀ ਇਜਾਜ਼ਤ ਨਹੀਂ ਸੀ। ਇਸ ਮੁਕੱਦਮੇ ਦੇ ਚੱਲਣ ਨਾਲ ਫ਼ੈਜ਼ ਦੀ ਸ਼ਾਇਰੀ ਵਿਚ ਇਕ ਵੱਡਾ ਮੋੜ ਆਉਂਦਾ ਹੈ। ਜੇਲ ਜੀਵਨ ਦੀਆਂ ਤਲਖੀਆਂ ਝੱਲਦੇ ਹੋਏ ਉਨ੍ਹਾਂ ਦੇ ਅਨੁਭਵ ਵਿਚ ਇਕ ਵਖਰੀ ਤਰ੍ਹਾਂ ਦੀ ਡੂੰਘਾਈ ਤੇ ਸੰਵੇਦਨਸ਼ੀਲਤਾ ਆਉਂਦੀ ਹੈ ਅਤੇ ਉਹ ਸਾਇਰੀ ਦੀਆਂ ਅਜਿਹੀਆਂ ਕਲਾਤਮਿਕ ਬੁਲੰਦੀਆਂ ਨੂੰ ਛੂਹੰਦੇ ਹਨ, ਜੋ ਵਿਸ਼ਵ ਦੀ ਸਮੁੱਚੀ ਸ਼ਾਇਰੀ ਵਿਚ ਵੀ ਦੁਰਲੱਭ ਹਨ। ਮੈਂ ਅਨੁਭਵ ਕੀਤਾ ਕਿ ਤੁਰਕੀ ਦੇ ਮਹਾਨ ਕਵੀ ਤੇ ਫ਼ੈਜ਼ ਦੇ ਸਮਕਾਲੀ ਨਾਜ਼ਿਮ ਹਿਕਮਤ ਨੂੰ ਫ਼ੈਜ ਦੇ ਮੁਕਾਬਲੇ ਉਤੇ 25 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਵਿਚ ਨਾਜ਼ਿਮ ਨੇ 10 ਸਾਲ ਕੈਦ ਭੁਗਤੀ ਸੀ ਤੇ ਫਿਰ ਲੋਕ ਰਾਏ ਦੇ ਵਿਸ਼ਵੀ ਦਬਾਅ ਕਾਰਨ ਉਸ ਦੀ ਰਿਹਾਈ ਹੋਈ ਸੀ, ਪਰ ਨਾਜ਼ਿਮ ਹਿਕਮਤ ਦੀ ਸ਼ਾਇਰੀ ਵਿਚ ਉਹ ਕਲਾਤਮਿਕ ਪਰਪੱਕਤਾ ਕਲਪਣਾ ਦੀ ਉਚਾਈ ਤੇ ਵਿਚਾਰਧਾਰਕ ਡੂੰਘਾਈ ਦੇ ਨਾਲ ਨਾਲ ਉਹ ਸੰਵੇਦਨਸ਼ੀਲਤਾ ਨਹੀਂ ਆਈ, ਜੋ ਫ਼ੈਜ਼ ਦੀ ਸਮੁੱਚੀ ਸ਼ਾਇਰੀ ਵਿਚ ਪ੍ਰਗਟ ਹੋਈ ਸੀ।

ਉਸ ਦੀ ਇਸ ਦੌਰ ਦੀ ਸ਼ਾਇਰੀ ਨੂੰ ਪੜ੍ਹ ਕੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਪਾਕਿਸਤਾਨ ਦੇ ਅਵਾਮ ਦੇ ਸਾਰੇ ਹੀ ਦਰਦ, ਦਮ ਘੁਟਵੇਂ ਮਾਹੌਲ ਤੇ ਆਜ਼ਾਦੀਆਂ ਖੁਸਣ ਦੀ ਸਾਰੀ ਵੇਦਨਾ ਨੂੰ ਪ੍ਰਗਟ ਕਰਨ ਦੀ ਜ਼ੁੰਮੇਵਾਰੀ ਫ਼ੈਜ਼ ਦੀ ਸ਼ਾਇਰੀ ਦੇ ਸਿਰ ਆਣ ਪਈ ਹੋਵੇ। ਜਿਥੇ ਕਿਤੇ ਵੀ ਵਿਸ਼ਵ ਦੇ ਕਿਸੇ ਦੇਸ਼ ਵਿਚ ਨਾਗਰਿਕ ਆਜ਼ਾਦੀਆਂ ਅਥਵਾ ਲਿਖਣ ਬੋਲਣ ਤੇ ਸੰਘਰਸ਼ ਕਰਨ ਉਤੇ ਪਾਬੰਦੀਆਂ ਲਗਦੀਆਂ ਹਨ ਜਾਂ ਭਵਿੱਖ ਵਿਚ ਲੱਗੀਆਂ, ਉਥੇ ਉਥੇ ਹੀ ਫ਼ੈਜ਼ ਦਾ ਕਲਾਮ ਉਨ੍ਹਾਂ ਲੋਕਾਂ ਦੇ ਦਰਦ ਤੇ ਪੀੜਾ ਨੂੰ ਪ੍ਰਗਟ ਕਰਨ ਦਾ ਮਾਧਿਅਮ ਬਣਦਾ ਹੈ। ਇਹ ਕਲਾਤਮਿਕ ਮਾਣ ਕਿਸੇ ਵਿਰਲੇ ਟਾਵੇਂ ਸ਼ਾਇਰ ਨੂੰ ਮਿਲਦਾ ਹੈ ਕਿਉਂਕਿ ਇਸ ਕਲਾਤਮਿਕ ਉਚਾਈ ਉਤੇ ਪਹੁੰਚਣ ਲਈ, ਖੁਦ ਕਵੀ ਨੂੰ ਅਕਹਿ ਕਸ਼ਟ ਝੱਲਣੇ ਪੈਂਦੇ ਹਨ। ਫ਼ੈਜ਼ ਦੀ ਇਸ ਦੌਰ ਦੀ ਗਜ਼ਲ ਅਤੇ ਨਜ਼ਮ ਦੋਵਾਂ ਨੇ ਐਸੀ ਮਹਾਨਤਾ ਪ੍ਰਾਪਤ ਕੀਤੀ ਕਿ ਉਹ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਕੇ ਉਨ੍ਹਾਂ ਦੀ ਆਵਾਜ਼ ਬਣ ਗਈ ਅਤੇ ਉਸ ਦੇ ਥਾਂ-ਥਾਂ ਉਤੇ ਹਰ ਔਖੀ ਘੜੀ ਵਿਚ ਹਵਾਲੇ ਦਿਤੇ ਜਾਣ ਲੱਗੇ

ਵੁਹ ਬਾਤ ਸਾਰੇ ਫਸਾਨੇ ਮੇਂ ਜਿਸ ਕਾ ਜ਼ਿਕਰ ਨਾ ਥਾ
ਵੁਹ ਬਾਤ ਉਨ ਕੋ ਬਹੁਤ ਨਾਗਵਾਰ ਗੁਜ਼ਰੀ ਹੈ

ਇਥੇ ਆ ਕੇ ਵੀ ਨੇ ਆਪਣੇ ਦੇਸ਼ ਨੂੰ ਸੰਬੋਧਨ ਹੁੰਦਿਆਂ ਲਿਖਿਆ ਸੀ

ਨਿਸਾਰ ਮੈਂ ਤਿਰੀ ਗਲੀਆਂ ਕੇ ਐ ਵਤਨ ਕਿ ਜਹਾਂ
ਚਲੀ ਹੈ ਰਸਮ ਕੇ, ਕੋਈ ਨਾ ਸਰ ਉਠਾ ਕੇ ਚਲੇ
ਜੋ ਕੋਈ ਚਾਹਨੇ ਵਾਲਾ ਤਵਾਫ਼ ਕੋ ਨਿਕਲੇ
ਨਜ਼ਰ ਚੁਰਾ ਕੇ ਚਲੇ, ਜਿਸਮ-ਓ-ਜਾਂ ਬਚਾ ਕੇ ਚਲੇ

(ਸਾਰੇ ਸੁਖਨ - ਪੰਨਾ 183)

ਇਹ ਉਹੀ ਵਤਨ ਹੈ, ਜਿਸ ਦਾ ਸੌਦਾ ਕਰਨ 'ਤੇ ਇਸ ਦੀ ਇੱਜ਼ਤ ਮਾਣ ਸਨਮਾਨ ਵੇਚਣ ਵਾਲਿਆਂ ਵਿਰੁਧ ਕਵੀ ਆਵਾਮ ਨੂੰ ਖਬਰਦਾਰ ਕਰਦਾ ਲਿਖਦਾ ਹੈ :

ਤੇਰੇ ਗੱਦਾਰ ਗੈਰਤ ਸੇ ਮੂੰਹ ਮੋੜ ਕਰ
ਆਜ ਫਿਰ ਐਰੋ ਗੈਰੋਂ ਸੇ ਸਰ ਜੋੜ ਕਰ
ਤੇਰੀ ਇੱਜ਼ਤ ਕਾ ਭਾਵ ਲਗਾਨੇ ਚਲੇ
ਤੇਰੀ ਅਸਮਤ ਦਾ ਸੌਦਾ ਚੁਕਾਨੇ ਚਲੇ

(ਪੰਨਾ 239)

ਇਸ ਦੌਰ ਦੀ ਕਵਿਤਾ ਵਿਚ ਪਹਿਲੀ ਵਾਰ ਕਵੀ ਦਾ ਲਹਿਜ਼ਾ, ਬਿੰਬ ਤੇ ਪ੍ਰਤੀਕ ਅਥਵਾ ਸਮੁੱਚਾ ਕਵਿ ਮੁਹਾਵਰਾ ਤੇ ਚਿਹਨ ਪ੍ਰਬੰਧ ਬਦਲਦਾ ਹੈ ਪਰ ਹੈਰਾਨੀ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਏਨੀ ਤਲਖੀ ਦੇ ਹੁੰਦੇ ਹੋਏ ਵੀ ਕਵੀ ਦੇ ਬੋਲ ਸਪਾਟ ਨਹੀਂ ਹੁੰਦੇ। ਕੋਈ ਵੀ ਪਾਠਕ ਇਹ ਨਹੀਂ ਕਹਿ ਸਕਦਾ ਕਿ ਫ਼ੈਜ਼ ਦੀ ਇਸ ਨਵੇਂ ਦੌਰ ਦੀ ਸ਼ਾਇਰੀ ਪ੍ਰਾਪੇਗੰਡਾ ਸ਼ਾਇਰੀ ਬਣ ਗਈ ਹੈ। ਸਗੋਂ ਇਸ ਦੇ ਉਲਟ ਉਹ ਹੋਰ ਵਧੇਰੇ ਡੂੰਘਾ, ਸੰਵੇਦਨਾਤਮਿਕ ਤੇ ਸੁਹਜਾਤਮਿਕ ਹੁੰਦਾ ਗਿਆ ਹੈ ਤੇ ਨਾਲ ਦੀ ਨਾਲ ਸਹਿਜ ਸੁਭਾਵਕ ਵੀ। ਇਸ ਪੜਾਅ ਦੀ ਸ਼ਾਇਰੀ ਵਿਚ, ਨਵੀਂ ਸ਼ਬਦਾਵਲੀ ਦਾ ਪ੍ਰਵੇਸ਼ ਹੁੰਦਾ ਹੈ। ਜੰਜ਼ੀਰ ਕਫ਼ਸ, ਦਾਰੋ ਰਸਨ, ਸੱਯਾਦ, ਮਕਤਲ ਆਦਿ। ਏਸੇ ਦੌਰ ਵਿਚ ਫ਼ੈਜ਼ ਦੀ ਜ਼ਲ ਕਲਾਤਮਿਕ ਬੁਲੰਦੀਆਂ ਨੂੰ ਛੂਹਣ ਲੱਗੀ ਹੈ।

ਕਬ ਯਾਦ ਮੇਂ ਤੇਰਾ ਸਾਥ ਨਹੀਂ, ਕਬ ਹਾਥ ਮੇਂ ਤੇਰਾ ਹਾਥ ਨਹੀਂ।
ਸਦ ਸ਼ੁਕਰ ਕੇ ਅਪਨੀ ਰਾਤੋਂ ਮੇਂ, ਅਬ ਹਿਜ਼ਰ ਕੀ ਕੋਈ ਰਾਤ ਨਹੀਂ।

(ਮਿੰਟ ਗੁਮਰੀ ਜੇਲ-
ਸਾਰੇ ਸੁਖਨ-ਪੰਨਾ ਨੰਬਰ 64)

ਚਾਰ ਸਾਲ ਦੀ ਇਹ ਲੰਮੀ ਨਜ਼ਰਬੰਦੀ ਜਿਸ ਬਾਰੇ ਇਹ ਅਫ਼ਵਾਹਾਂ ਵੀ ਫੈਲਾਈਆਂ ਜਾ ਰਹੀਆਂ ਸਨ ਕਿ ਕੈਦੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ, ਵਿਚ ਆਪਣੇ ਮਨੋਬਲ ਨੂੰ ਕਾਇਮ ਰੱਖ ਕੇ ਡੂੰਘੇ, ਆਤਮ-ਵਿਸ਼ਵਾਸ ਨਾਲ ਫੁੱਲਾਂ ਭਰੀ ਬਹਾਰ ਦੇ ਗੀਤ ਗਾਉਣੇ ਅਤੇ ਉਮੀਦ ਦੇ ਚਿਰਾਗਾਂ ਨੂੰ ਜਗਾਈ ਰੱਖਣਾ, ਇਹ ਕੌਤਕ ਤੇ ਕ੍ਰਿਸ਼ਮੇ ਫ਼ੈਜ਼ ਦੀ ਇਸ ਦੌਰ ਦੀ ਸ਼ਾਇਰੀ ਵਿਚ ਵਿਖਾਲੀ ਦਿੰਦੇ ਹਨ।

ਅਬ ਕਤਲ ਹੋ ਕੇ, ਤੇਰੇ ਮੁਕਾਬਿਲ ਸੇ ਆਏ ਹੈਂ
ਹਮ ਲੋਕ ਸੁਰਖ-ਰੂ ਹੋ ਕਿ ਮੰਜ਼ਿਲ ਸੇ ਆਏ ਹੈਂ।
ਉਠ ਕਰ ਤੋ ਆ ਗਏ ਹੈਂ ਤਿਰੀ ਬਜ਼ਮ ਸੇ ਮਗਰ
ਕੁਛ ਦਿਲ ਹੀ ਜਾਨਤਾ ਹੈ, ਕਿਸ ਦਿਲ ਸੇ ਆਏ ਹੈਂ।

ਰਿਹਾਅ ਹੁੰਦੇ ਹੀ ਫ਼ੈਜ਼ ਮਜ਼ਦੂਰਾਂ/ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵਿਚ ਸਰਗਰਮੀ ਨਾਲ ਕੰਮ ਕਰਨ ਲੱਗ ਪਏ। ਨਾਲ ਦੀ ਨਾਲ ਕਦੇ ਕਦੇ ਨਜ਼ਮ ਵੀ ਲਿਖਦੇ ਰਹੇ। ਉਨ੍ਹਾਂ ਨੂੰ 1962 ਵਿਚ ਲੈਨਿਨ ਸ਼ਾਂਤੀ ਪੁਰਸਕਾਰ ਮਿਲਦਾ ਹੈ। ਉਸ ਦੀ ਪ੍ਰਾਪਤੀ ਤੋਂ ਬਾਅਦ ਉਹ ਦੋ ਸਾਲ ਜਲਾ ਵਤਨੀ ਦਾ ਦਰਦ ਹੰਢਾਉਂਦੇ ਹਨ। ਉਹ 1964 ਵਿਚ ਵਾਪਸ ਵਤਨ ਪਰਤਦੇ ਹਨ।

ਚੋਣਾਂ ਵਿਚ ਜ਼ੁਲਫ਼ਕਾਰ ਅਲੀ ਭੁੱਟੋ ਦੀ ਸਰਕਾਰ ਬਣਦੀ ਹੈ। ਇਹ ਸਰਕਾਰ ਜ਼ਮੀਨੀ ਸੁਧਾਰਾਂ, ਟਰੇਡ ਯੂਨੀਅਨ ਸਰਗਰਮੀਆਂ ਦੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਤੇ ਹੱਕਾਂ ਦੀ ਰਾਖੀ ਦਾ ਇਕਰਾਰ ਕਰਕੇ ਤਾਕਤ ਵਿਚ

ਆਉਂਦੀ ਹੈ। ਫ਼ੈਜ਼ ਨੂੰ 'ਲੋਕ ਵਿਰਸਾ' ਨੈਸ਼ਨਲ ਇੰਸਟੀਚਿਊਟ ਦਾ ਮੁਖੀ ਬਣਾਇਆ ਜਾਂਦਾ ਹੈ ਪਰ ਸੁੱਖ ਦੇ ਦਿਨ ਥੋਹੜੇ ਹੀ ਹਨ। ਛੇਤੀ ਹੀ ਅਰਥਾਤ 1977 ਵਿਚ ਦੂਸਰਾ ਫ਼ੌਜੀ ਰਾਜ-ਪਲਟਾ ਹੁੰਦਾ ਹੈ। ਇਸ ਤੋਂ ਬਾਅਦ ਫ਼ੈਜ਼ ਦੀ ਜਲਾਵਤਨੀ ਦਾ ਦੌਰ ਸ਼ੁਰੂ ਹੁੰਦਾ ਹੈ ਜੋ 1982 ਤੀਕ ਚਲਦਾ ਹੈ। ਫ਼ੈਜ਼ ਦੀ ਜ਼ਿੰਦਗੀ ਵੱਡੇ ਘੱਲੂਘਾਰਿਆਂ ਵਿਚ ਦੀ ਲੰਘੀ ਹੈ। ਉਹ ਲਿਖਦਾ ਹੈ ਕਿ ਸਿਆਹੀ ਦੀ ਥਾਂ ਮੈਂ ਜ਼ਿਗਰ ਦੇ ਲਹੂ ਵਿਚ ਉਂਗਲਾਂ ਡੁਬੋ ਕੇ ਨਜ਼ਮ ਲਿਖ ਰਿਹਾ ਹਾਂ ਕਿ ਮੈਂ ਹੱਥਕੜੀ ਦੀ ਹਰ ਘੁੰਡੀ ਨੂੰ ਜੀਭ ਲਾ ਦਿਤੀ ਹੈ। ਹਾਕਮਾਂ ਦੀ ਕੋਸ਼ਿਸ਼ ਸੀ ਕਿ ਲੋਕਾਂ ਦਾ ਸ਼ਾਇਰ ਚੁੱਪ ਹੋ ਜਾਵੇ ਤੇ ਲੋਕਾਂ ਦੇ ਦਰਦ ਨੂੰ ਬਿਆਨ ਕਰਨ ਵਾਲਾ ਕੋਈ ਨਾ ਰਹੇ ਤਾਂ ਕਿ ਇਸ ਦੌਰ ਦੇ ਨਕਸ਼-ਨੁਹਾਰ ਦਾ ਕੋਈ ਲਿਖਤੀ ਰਿਕਾਰਡ ਹੀ ਨਾ ਰਹੇ ਪਰ ਉਨ੍ਹਾਂ ਮੋਟੀ ਬੁਧੀ ਵਾਲੇ ਹਾਕਮਾਂ ਤੇ ਫ਼ੌਜੀਆਂ ਨੂੰ ਕੀ ਪਤਾ ਸੀ ਕਿ ਫ਼ੈਜ਼ ਦੀਆਂ ਜੇਲ੍ਹ ਵਿਚ ਲਿਖੀਆਂ ਗ਼ਜ਼ਲਾਂ ਤੇ ਨਜ਼ਮਾਂ ਇਸ ਦੌਰ ਦੇ ਕਲੰਕ ਨੂੰ ਸਾਹਿਤਕ ਦਸਤਾਵੇਜ਼ ਬਣਾ ਕੇ ਸਦੀਵੀ ਪ੍ਰਮਾਣ ਬਣਾ ਦੇਣਗੀਆਂ।

ਆਉ ਇਸ ਦੂਜੇ ਦੌਰ ਦੀ ਫ਼ੈਜ਼ ਦੀ ਸ਼ਾਇਰੀ ਦਾ ਜ਼ਿਕਰ ਉਸ ਤਰਾਨੇ ਦੇ ਹਵਾਲੇ ਨਾਲ ਕਰੀਏ, ਜਿਹੜਾ ਯੂਜੀਨ ਪੋਤੀਏ ਦੇ ਕੌਮਾਂਤਰੀ ਗੀਤ ਵਾਂਗ ਵਿਸ਼ਵ ਦੇ ਲਿਤਾੜੇ, ਜ਼ੁਲਮ ਸਹਿੰਦੇ ਤੇ _ਲਾਮੀ ਦਾ ਜੀਵਨ ਬਤੀਤ ਕਰਦੇ, ਆਜ਼ਾਦੀ ਲਈ ਜੂਝਦੇ ਆਵਾਮ ਦਾ ਕੌਮੀ ਤਰਾਨਾ ਬਣਨ ਦੇ ਕਾਬਿਲ ਹੈ।

ਦਰਵਾਰੇ-ਵਤਨ ਮੇਂ ਜਬ ਸਭ ਜਾਨੇ ਵਾਲੇ ਜਾਏਂਗੇ
ਕੁਛ ਅਪਨੀ ਸਜ਼ਾ ਕੋ ਪਹੁੰਚੇਂਗੇ, ਕੁਛ ਅਪਨੀ ਜਜ਼ਾ[1] ਲੇ ਜਾਏਂਗੇ।
ਐ ਖਾਕ ਨਸ਼ੀਨੋ ਉੱਠ ਬੈਠੋ, ਵੁਹ ਵਕਤ ਕਰੀਬ ਆ ਪਹੁੰਚਾ ਹੈ
ਜਬ ਤਖਤ ਗਿਰਾਏ ਜਾਏਂਗੇ, ਜਬ ਤਾਜ ਉਛਾਲੇ ਜਾਏਂਗੇ

ਅਬ ਟੂਟ ਗਿਰੇਂਗੀ ਜ਼ੰਜੀਰੇਂ, ਅਬ ਜ਼ਿੰਦਾਨੋ[2] ਕੀ ਖ਼ੈਰ ਨਹੀਂ
ਜੋ ਦਰਿਆ ਝੂਮ ਕੇ ਉਠੇ ਹੈਂ, ਤਿਨਕੋਂ ਸੇ ਨਾ ਟਾਲੇ ਜਾਏਂਗੇ।

ਕਟਤੇ ਭੀ ਚਲੋ ਬੜਤੇ ਭੀ ਚਲੋ, ਬਾਜ਼ੂ ਭੀ ਬਹੁਤ ਹੈਂ, ਸਰ ਭੀ ਬਹੁਤ
ਚਲਤੇ ਭੀ ਚਲੋ ਕਿ ਅਬ ਡੇਰੇ ਮੰਜ਼ਿਲ ਹੀ ਪੇ ਤਾਲੇ ਜਾਏਂਗੇ।

ਐ ਜ਼ੁਲਮ ਕੇ ਮਾਤੋ, ਲਬ ਖੋਲੋ, ਚੁਪ ਰਹਿਨੇ ਵਾਲੋ, ਚੁੱਪ ਕਬ ਤਕ
ਕੁਛ ਹਸ਼ਰ ਤੋ ਉਨਸੇ ਉਠੇਗਾ, ਕੁਝ ਦੂਰ ਤੋਂ ਨਾਲੇ[3] ਜਾਏਂਗੇ

(1. ਜਜ਼ਾ=ਪੁਰਸਕਾਰ, 2. ਜ਼ਿੰਦਾਨੋ=ਜੇਲ੍ਹ ਖ਼ਾਨੇ, 3. ਨਾਲੇ=ਸ਼ੋਰ)

ਇਸ ਦੌਰ ਵਿਚ ਕਵੀ ਦੀ ਦ੍ਰਿਸ਼ਟੀ ਏਨੀ ਵਿਸ਼ਾਲ ਹੋ ਜਾਂਦੀ ਹੈ ਕਿ ਜਿਥੇ ਕਿਤੇ ਵੀ ਅਵਾਮ ਉਤੇ ਜ਼ੁਲਮ ਹੁੰਦਾ ਹੈ, ਜਿਥੇ ਜਿਥੇ ਤੀਸਰੇ/ਪਛੜੇ ਜਗਤ ਦੇ ਲੋਕ ਆਜ਼ਾਦੀ ਇਨਸਾਫ਼ ਤੇ ਅਮਨ ਲਈ ਲੜ ਰਹੇ ਹਨ, ਕਵੀ ਉਨ੍ਹਾਂ ਦੇ ਨਾਲ ਤੇ ਕੋਲ ਖੜਾ ਹੈ। ਕੀ ਅਫ਼ਰੀਕਾ, ਕੀ ਈਰਾਨ, ਕੀ ਫ਼ਲਸਤੀਨ, ਉਸ ਲਈ ਇਹ ਜੂਝਦੇ ਹੋਏ ਅਵਾਮ ਮਾਂ-ਪਿਉ ਜਾਏ ਪ੍ਰਤੀਤ ਹੁੰਦੇ ਹਨ। ਈਰਾਨ ਵਿਚ ਤਾਨਾਸ਼ਾਹਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਬਾਰੇ ਲਿਖਦਿਆਂ :

ਯੇ ਕੋਨ ਜਵਾਂ ਹੈਂ ਅਰਜ਼ੇ-ਜਨਮ (ਈਰਾਨ ਦੀ ਧਰਤੀ)
ਯੇ ਲਖ ਲੁਟ ਜਿਨਕੇ ਜਿਸਮੋਂ ਕੀ
ਭਰਪੂਰ ਜਵਾਨੀ ਕਾ ਕੁੰਦਨ
ਯੂੰ ਖਾਕ ਮੇਂ ਰੇਜ਼ਾ ਰੇਜ਼ਾ ਹੈ
ਯੂੰ ਕੂਚਾ ਕੂਚਾ ਬਿਖਰਾ ਹੈ।

(ਈਰਾਨੀ ਤੁਲਬਾ ਕੇ ਨਾਮ-
ਪੰਨਾ 179-ਸਾਰੇ ਸੁਖਨ ਹਮਾਰੇ)

ਇੰਝ ਹੀ ਦੋ ਅਮਰੀਕੀ ਸਾਇੰਸਦਾਨਾਂ ਈਥਲ ਤੇ ਜੂਲੀਅਸ ਰੋਜ਼ਨ ਬਰਗ ਦੀ ਫਾਂਸੀ ਦੇ ਬਾਰੇ ਲਿਖੀ ਨਜ਼ਮ

ਤੇਰੇ ਹੋਠੋਂ ਕੇ ਫੂਲੋਂ ਕੀ ਚਾਹਤ ਮੇਂ ਹਮ
ਦਾਰ ਕੀ ਖੁਸ਼ਕ ਟਹਿਨੀ ਪੇ ਵਾਰੇ ਗਏ
ਤੇਰੇ ਹਾਥੋਂ ਕੀ ਸ਼ਮੋਂਹ ਕੀ ਹਸਰਤ ਮੇਂ ਹਮ
ਨੀਮ-ਤਾਰੀਕ ਰਾਹੋਂ ਮੇਂ ਮਾਰੇ ਗਏ।

ਉਸ ਲਈ ਫ਼ਲਸਤੀਨੀ ਲੋਕਾਂ ਦਾ ਕਈ ਦਹਾਕੇ ਚੱਲਿਆ ਸੰਘਰਸ਼ ਤੇ ਬੈਰੂਤ ਉਤੇ ਹੋਏ ਅਮਰੀਕਾ ਦੇ ਸ਼ਿਸ਼ਕਾਰੇ, ਅਜਰਾਈਲੀਆਂ ਵਲੋਂ ਹੋਏ ਧੱਕਤਸ਼ਾਹ ਹਮਲੇ, ਨਜ਼ਰਅੰਦਾਜ਼ ਨਹੀਂ ਸੀ ਹੋ ਸਕਦੇ।

ਪਰ ਸਭ ਤੋਂ ਔਖੇ ਸਨ, ਉਹ ਸਾਲ ਜਿਹੜੇ ਫ਼ੈਜ਼ ਨੇ ਮਜ਼ਬੂਰੀ ਵੱਸ ਦੇਸ਼ ਤੋਂ ਬਾਹਰ ਦੇਸ਼ ਨਿਕਾਲੇ ਦੇ ਰੂਪ ਵਿਚ ਕੱਟੇ, ਇਕ ਸੰਵੇਦਨਸ਼ੀਲ ਕਵੀ ਲਈ ਆਪਣੇ ਦੇਸ਼ ਦੇ ਆਵਾਮ ਤੇ ਉਨ੍ਹਾਂ ਦੇ ਨਿਤਾ ਪ੍ਰਤੀ ਸੰਘਰਸ਼ਾਂ ਜਿੱਤਾਂ, ਹਾਰਾਂ ਤੇ ਦੁਸ਼ਵਾਰੀਆਂ ਤੋਂ ਮਜਬੂਰੀਵਸ ਦੂਰ ਰਹਿਣਾ ਬਹੁਤ ਮੁਸ਼ਕਿਲ ਹੁੰਦਾ ਹੈ। ਸੈਰ ਸਪਾਟੇ ਲਈ ਮਿੱਤਰਾਂ ਤੇ ਸ਼ੁਭ ਚਿੰਤਾਵਾਂ ਦੇ ਸੱਦੇ ਉਤੇ ਬਦੇਸ਼ ਜਾਣਾ ਖ਼ੁਸ਼ੀ ਭਰਿਆ ਮੌਕਾ ਹੁੰਦਾ ਹੈ ਪਰ ਸਰਕਾਰੀ ਜਬਰ ਦਾ ਸ਼ਿਕਾਰ ਹੋ ਕੇ ਬਾਹਰ ਦਿਨ ਕੱਟਣੇ ਔਖੇ ਹੁੰਦੇ ਹਨ। ਇਹੀ ਕਾਰਨ ਹੈ ਕਿ ਪ੍ਰਵਾਸ ਸਮੇਂ ਫ਼ੈਜ਼ ਨੇ ਘੱਟ ਲਿਖਿਆ ਹੈ ਤੇ ਜੋ ਲਿਖਿਆ ਵੀ ਹੈ ਉਹ ਆਪਣੇ ਦੇਸ਼ ਵਿਚ ਰਹਿੰਦਿਆਂ, ਜੇਲ ਸਮੇਂ ਜਾਂ ਜੇਲ ਤੋਂ ਬਾਹਰ ਦੇ ਸਮੇਂ ਨਾਲੋਂ ਵਖਰੀ ਤਰ੍ਹਾਂ ਦਾ ਹੈ ਤੇ ਉਸ ਪੱਧਰ ਦਾ ਵੀ ਨਹੀਂ। ਪਾਕਿਸਤਾਨ ਵਿਚ ਇਹ ਮਖੌਲ ਵੀ ਚਲਦਾ ਸੀ ਕਿ 'ਜੇ ਫ਼ੈਜ਼ ਕੋਲੋਂ ਸ਼ਾਇਰੀ ਕਰਵਾਉਣੀ ਹੈ ਤਾਂ ਉਸ ਨੂੰ ਜੇਲ ਭੇਜ ਦਿਉ।'' ਜੇਲ ਜੀਵਨ ਦਾ ਕਲਾਮ ਤੇ ਦੇਸ਼ ਨਿਕਾਲੇ ਵੇਲੇ ਦਾ ਕਲਾਮ ਦੋਹਾਂ ਵਿਚ ਕਾਵਿ ਮੁਹਾਵਰਾ ਹੀ ਨਹੀਂ ਬਦਲਦਾ, ਸਗੋਂ ਜਜ਼ਬੇ ਦੀ ਸ਼ਿੱਦਤ ਵਿਚ ਵੀ ਢੇਰ ਫ਼ਰਕ ਪੈ ਗਿਆ ਸੀ। ਪ੍ਰਵਾਸ ਸਮੇਂ ਕੀਤੀ ਸ਼ਾਇਰੀ ਵਿਚ ਉਦਾਸੀ ਦੀ ਰੰਗਤ ਘਣੇਰੀ ਹੈ। ਕਵੀ ਨੂੰ ਇਕੱਲਤਾ ਤੰਗ ਕਰਦੀ ਹੈ।

ਇਸ ਘੜੀ ਕੋਈ ਕਿਸੀ ਕਾ ਭੀ ਨਹੀਂ, ਰਹਿਨੇ ਦੋ
ਕੋਈ ਇਸ ਵਕਤ ਮਿਲੇਗਾ ਭੀ ਨਹੀਂ, ਰਹਿਨੇ ਦੋ
ਔਰ ਮਿਲੇਗਾ ਭੀ ਤੋ ਇਸ ਤੌਰ ਕਿ ਪਛਤਾਉਗੇ
ਇਸ ਘੜੀ ਐ ਦਿਲੇ ਆਵਾਰਾ ਕਹਾਂ ਜਾਉਗੇ?

ਸੰਭਵ ਹੈ ਕਿ ਇਸ ਦਾ ਕਾਰਨ ਉਮਰ ਦਾ ਢਲ ਜਾਣਾ ਜਾਂ ਚਿੰਤਨ ਦੀ ਗਹਿਰਾਈ ਹੋਵੇ ਪਰ ਮੇਰੇ ਖ਼ਿਆਲ ਵਿਚ, ਇਸ ਦਾ ਮੁੱਖ ਕਾਰਨ ਆਪਣੇ ਲੋਕਾਂ, ਦੋਸਤਾਂ ਸਨੇਹੀਆਂ ਅਥਵਾਂ ਸ਼ੁਭ-ਚਿੰਤਕਾਂ ਤੋਂ ਦੂਰੀ ਤੇ ਵਿਛੋੜਾ ਹੈ। ਇਹ ਵੀ ਸੰਭਵ ਹੈ ਕਿ ਸਾਰੇ ਸੰਸਾਰ ਦੇ ਲਿਤਾੜੇ ਤੇ ਆਜ਼ਾਦੀ ਅਮਨ ਤੇ ਇਨਸਾਫ਼ ਲਈ ਲੜਦੇ ਲੋਕਾਂ ਨੂੰ ਵੇਖ ਕੇ ਅਨੁਭਵ ਕਰ ਕੇ ਉਨ੍ਹਾਂ ਨੂੰ ਆਪਣੇ ਦੁੱਖ ਛੋਟੇ ਜਾਂ ਜ਼ਿਕਰਯੋਗ ਨਾ ਲਗਦੇ ਹੋਣ ਪਰ ਇਹ ਵੀ ਫ਼ਖਰ ਦੀ ਗੱਲ ਹੈ ਕਿ ਇਸ ਸਟੇਜ ਉਤੇ ਪਹੁੰਚ ਕੇ ਫ਼ੈਜ਼ ਹੁਣ ਕੌਮਾਂਤਰੀ ਹਸਤੀ ਤੇ ਵਿਸ਼ਵ ਕਵੀ ਪ੍ਰਵਾਨ ਹੋ ਚੁੱਕਾ ਸੀ। ਅਮਨ ਕਾਨਫ਼ਰੰਸਾਂ ਸਮੇਂ ਉਸ ਨੂੰ ਵਿਸ਼ਵ ਦੀਆਂ ਹਸਤੀਆਂ ਨਾਲ ਮਿਲਣ ਤੇ ਗੁਫ਼ਤਗੂ ਕਰਨ ਦਾ ਅਕਸਰ ਹੀ ਅਵਸਰ ਮਿਲਦਾ ਰਹਿੰਦਾ ਸੀ। ਰੂਸ ਵਿਚ ਬਣਬਾਸ ਦਾ ਸੰਤਾਪ ਭੋਗਦੇ ਤੁਰਕੀ ਦੇ ਮਹਾਨ ਕਵੀ ਨਾਜ਼ਮ ਨਾਲ ਉਸ ਦੀ ਹੋਈ ਖੁਲ੍ਹੀ ਮੁਲਾਕਾਤ ਇਸ ਦਾ ਪ੍ਰਮਾਣ ਹੈ।

ਇਸ ਪੜਾਅ ਅਥਵਾ ਮੁਕਾਮ ਉਤੇ ਪਹੁੰਚ ਕੇ ਉਸ ਦੀ ਭਾਸ਼ਾ ਕਾਫ਼ੀ ਹੱਦ ਤਕ ਬਦਲ ਜਾਂਦੀ ਹੈ। ਅਰਬੀ-ਫ਼ਾਰਸੀ ਦੇ ਹਵਾਲੇ, ਪ੍ਰਤੀਕ ਦੇ ਲਫ਼ਜ਼ ਘਟ ਹੁੰਦੇ ਜਾਂਦੇ ਹਨ ਅਤੇ ਉਨ੍ਹਾਂ ਦੀ ਕਾਵਿਸ਼ੈਲੀ ਵਿਚ ਮੇਰੇ ਯਾਰੋ, ਮੇਰੇ ਦੋਸਤੋ ਵਰਗੇ ਸੰਬੋਧਨ ਆਮ ਹੁੰਦੇ ਜਾਂਦੇ ਹਨ। ਇਨ੍ਹਾਂ ਹੀ ਵੇਲਿਆਂ ਦਾ ਇਕ ਹੋਰ ਤਰਾਨਾ ਇਸ ਪ੍ਰਸੰਗ ਵਿਚ ਵੇਖਣ ਵਾਲਾ ਹੈ। ਕਵੀ ਇੰਝ ਬੋਲਦਾ ਹੈ ਜਿਵੇਂ ਆਪਣੇ ਦੇਸ਼ ਦਾ ਕੌਮੀ ਗੀਤ ਲਿਖ ਰਿਹਾ ਹੋਵੇ।

ਹਮ ਮਿਹਨਤਕਸ਼ ਜੱਗ ਵਾਲੋਂ ਸੇ, ਜਬ ਅਪਨਾ ਹਿੱਸਾ ਮਾਂਗੇਗੇ।
ਇਕ ਖੇਤ ਨਹੀਂ, ਇਕ ਦੇਸ਼ ਨਹੀਂ, ਹਮ ਸਾਰੀ ਦੁਨੀਆ ਮਾਂਗੇਗੇ।
ਯਾਂ ਸਾਗਰ ਸਾਗਰ ਮੋਤੀ ਹੈਂ, ਯਾਂ ਪਰਬਤ ਪਰਬਤ ਹੀਰੇ ਹੈਂ
ਯੇ ਸਾਰਾ ਮਾਲ ਹਮਾਰਾ ਹੈ, ਹਮ ਸਾਰਾ ਖ਼ਜ਼ਾਨਾ ਮਾਂਗੇਂਗੇ
ਜੋ ਖ਼ੂਨ ਬਹਾ, ਜੋ ਬਾਗ ਉਜੜੇ, ਜੋ ਗੀਤ ਦਿਲੋਂ ਮੇਂ ਕਤਲ ਹੂਏ
ਹਰ ਕਤਰੇ ਕਾ, ਹਰ ਗੁੰਚੇ ਕਾ, ਹਰ ਗੀਤ ਕਾ ਬਦਲਾ ਮਾਂਗੇਗੇ
ਜਬ ਸਫ਼ ਸੀਧੀ ਹੋ ਜਾਏਗੀ, ਜਬ ਸਭ ਝਗੜੇ ਮਿਟ ਜਾਏਂਗੇ
ਹਮ ਹਰ ਇਕ ਦੇਸ਼ ਦੇ ਝੰਡੇ ਪਰ ਇਕ ਲਾਲ ਸਿਤਾਰਾ ਮਾਂਗੇਂਗੇ।

(ਸਾਰੇ ਸੁਖਨ ਹਮਾਰੇ-ਪੰਨਾ 252)

ਅਜਿਹੇ ਗੀਤ ਦੀ ਮਿਸਾਲ ਕੇਵਲ ਸਰ ਮੁਹੰਮਦ ਇਕਲਬਾਲ ਦੇ ਗੀਤ 'ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਨ ਹਮਾਰਾ' ਦੀ ਹੀ ਦਿੱਤੀ ਜਾ ਸਕਦੀ ਹੈ। ਪਰ ਗੀਤ ਦਾ ਘੇਰਾ ਕੇਵਲ ਭਾਰਤ ਤੀਕ ਹੀ ਸੀਮਤ ਸੀ ਤੇ ਬਾਅਦ ਵਿਚ ਤਾਂ ਉਸ ਦਾ ਪ੍ਰਸੰਗ ਤੇ ਭਾਵਨਾ ਹੀ ਬਦਲ ਦਿਤੀ ਗਈ ਸੀ।

ਫ਼ੈਜ਼ ਸਾਹਿਬ ਨੇ ਲੰਮੇ ਸਮੇਂ ਲਈ ਦੇਸ਼ ਨਿਕਾਲੇ ਦੀਆਂ ਦੁਸ਼ਵਾਰੀਆਂ ਝੱਲੀਆਂ ਸਨ ਪਰ ਐਪਰ ਉਸ ਅਨੁਭਵ ਬਾਰੇ ਬੜਾ ਥੋਹੜਾ ਲਿਖਿਆ ਹੈ। ਇਸ ਅਨੁਭਵ ਦੀ ਪ੍ਰਤੀਨਿਧ ਨਜ਼ਮ ਹੈ, 'ਦਿਲੇ-ਮਨ ਮੁਸਾਫ਼ਿਰ-ਮਨ'

ਮਿਰੇ ਦਿਲ, ਮਿਰੇ ਮੁਸਾਫਿਰ
ਹੂਆ ਫਿਰ ਸੇ ਹੁਕਮ ਸਾਦਿਰ[1]
ਕਿ ਵਤਨ-ਬਦਰ[2] ਹੋ ਹਮ ਤੁਮ
ਕੇਂ ਗਲੀ ਗਲੀ ਸਵਾਏਂ
ਕਰੇਂ ਰੁਖ਼ ਨਗਰ ਨਗਰ ਕਾ
ਕਿ ਸੁਰਾਗ ਕੋਈ ਪਾਏਂ
ਕਿਸੀ ਯਾਰ-ਏ-ਨਾਮਾ-ਬਰ[3] ਕਾ
ਹਰ ਏਕ ਅਜਨਬੀ ਘਰ ਸੇ ਪੂਛੇਂ
ਜੋ ਪਤਾ ਥਾ ਅਪਨੇ ਘਰ ਕਾ
ਸਰ-ਏ-ਕੂ-ਨਾ ਆਸ਼ਨਾਯਾ[4]
ਹਮੇਂ ਦਿਨ ਸੇ ਰਾਤ ਕਰਨਾ
ਕਭੀ ਉਸ ਸੇ ਬਾਤ ਕਰਨ
ਤੁਮੇਂ ਕਿਆ ਕਹੂੰ ਕਿ ਕਿਆ ਹੈ
ਸਬੇ-ਏ-ਗਮ ਬੁਰ ਬਲਾ ਹੈ
ਹਮੇਂ ਯੇਹ ਭੀ ਥਾ ਗਨੀਮਤ
ਜੋ ਕੋਈ ਸ਼ੁਮਾਰ ਹੋਤ
ਹਮੇਂ ਕਿਆ ਬੁਰਾ ਥਾ ਮਰਨਾ
ਅਗਰ ਏਕ ਬਾਰ ਹੋਤਾ (ਲੰਡਨ-1978)

(1. ਐਲਾਨ, 2. ਦੇਸ਼ ਨਿਕਾਲਾ, 3 ਡਾਕੀਆ, 4. ਬੇਗਾਨੀਆਂ ਗਲੀਆਂ)

ਕਵੀ ਦੀ ਇਹ ਪੀੜ ਹੋਰ ਵੀ ਕਈ ਨਜ਼ਮਾਂ ਵਿਚ ਪ੍ਰਗਟ ਹੋਈ ਹੋਈ ਹੈ। ਭਾਵੇਂ ਫ਼ਲਸਤੀਨੀ ਅਵਾਮ ਦੇ ਦੇਸ਼ ਨਿਕ-ਾਲੇ ਦੀ ਗੱਲ ਕਰਨ ਲੱਗਾ ਹੈ ਪਰ ਬਦੋਬਦੀ ਉਸ ਦੀ ਆਪਣੀ ਜਲਾਵਤਨੀ ਦਾ ਜ਼ਿਕਰ ਆਣ ਛਿੜਦਾ ਹੈ। ਉਸ ਦਾ ਨਿਜੀ ਦਰਦ ਫ਼ਲਸਤੀਨੀਆਂ ਦੇ ਦਰਦ ਨਾਲ ਘੁਲ ਮਿਲ ਜਾਂਦਾ ਹੈ। 'ਫੂਲ ਮੁਰਝਾ ਗਏ ਹੈਂ ਸਾਰੇ', 'ਫਲਸਤੀਨ ਕੇ ਲੀਏ', 'ਮੇਰੇ ਮਿਲਨੇ ਵਾਲੇ', ਗਾਂਵ ਕੀ ਸੜਕ' ਨਜ਼ਮਾਂ ਇਸੇ ਹੀ ਪੀੜ ਦੀ ਤਰਜ਼ਮਾਨੀ ਕਰਦੀਆਂ ਹਨ।

'ਸਾਰੇ ਸੁਖਨ ਹਮਾਰੇ' ਕਾਵਿ ਗ੍ਰੰਥ ਦੇ ਵਰਕੇ ਉਥੱਲਦਿਆਂ ਇਕ ਹੋਰ ਨਜ਼ਮ ਮੇਰੀਆਂ ਨਜ਼ਰਾਂ ਨੂੰ ਰੋਕ ਲੈਂਦੀ ਹੈ। ਇਸ ਦਰਦਨਾਕ ਨਜ਼ਮ ਦਾ ਨਾਂ ਹੈ 'ਹਮ ਤੋ ਮਜਬੂਰੇ-ਵਫ਼ਾ ਹੈਂ'। ਇਸ ਨਜ਼ਮ ਵਿਚ ਕਵੀ ਆਪਣੇ ਮੁਲਕ ਨੂੰ ਸੰਬੋਧਨ ਹੋ ਕੇ ਪੁੱਛਦਾ ਹੈ ਕਿ

ਤੁਝ ਕੋ ਕਿਤਨੋਂ ਦਾ ਲਹੂ ਚਾਹੀਏ ਐ ਅਰਜ਼ੇ-ਵਤਨ
ਜੋ ਤਿਰੇ ਆਰਿਜ਼ੇ-ਬੇਰੰਗ ਕੋ ਗੁਲਜਾਰ ਕਰੇ
ਕਿਤਨੀ ਆਹੋਂ ਸੇ ਕਲੇਜਾ ਤੇਰਾ ਠੰਢਾ ਹੋਗਾ
ਕਿਤਨੇ ਆਂਸੂ ਤਿਰੇ ਸਹਿਰਾਓਂ ਕੋ ਗੁਲਜ਼ਾਰ ਕਰੇਂ।

(ਸਾਰੇ ਸੁਖਨ ਹਮਾਰੇ-ਪੰਨਾ 297)

ਫ਼ੈਜ਼ ਦੀ ਸਮੁੱਚੀ ਸ਼ਾਇਰੀ ਦੇ ਪ੍ਰਸੰਗ ਵਿਚ ਅਕਸਰ ਹੀ ਇਹ ਸਵਾਲ ਕੀਤਾ ਜਾਂਦਾ ਹੈ ਕਿ ਆਖ਼ਰ ਉਸ ਵਿਚ ਕਿਹੜਾ ਐਸਾ ਗੁਣ ਹੈ ਕਿ ਲੋਕ, ਹੋਰਨਾ ਸ਼ਾਇਰਾਂ ਦੇ ਟਾਕਰੇ ਉਤੇ ਉਸ ਦੀ ਸ਼ਾਇਰੀ ਵਲ ਖਿੱਚੇ ਆਉਂਦੇ ਹਨ? ਫ਼ੈਜ਼ ਨੇ ਵੇਲੇ ਦੇ ਹਾਕਮਾਂ ਹੱਥੋਂ ਹਰ ਤਰ੍ਹਾਂ ਦੀਆਂ ਤਕਲੀਫ਼ਾਂ ਤੇ ਪ੍ਰੇਸ਼ਾਨੀਆਂ ਬਰਦਾਸ਼ਤ ਕੀਤੀਆਂ ਸਨ ਪਰ ਉਸ ਦੀ ਸਮੁੱਚੀ ਸ਼ਾਇਰੀ ਪੜ੍ਹਨ ਵਾਲਿਆਂ ਦੇ ਹੌਂਸਲੇ ਨੂੰ ਬੁਲੰਦ ਕਰਦੀ ਹੈ। ਇਹ ਅਤਿ ਦੇ ਔਖੇ ਹਾਲਾਤ ਵਿਚ ਬੰਦੇ ਨੂੰ ਡੋਲਣ ਨਹੀਂ ਦਿੰਦੀ। ਇਹ ਪਾਠਕ ਦੇ ਹਿਰਦੇ ਵਿਚ ਆਤਮ ਵਿਸ਼ਵਾਸ ਪੈਦਾ ਕਰਦੀ ਹੈ ਤੇ ਕਦੇ ਵੀ ਆਸ ਉਮੀਦ ਦੇ ਚਿਰਾਗਾਂ ਨੂੰ ਬੁਝਣ ਨਹੀਂ ਦਿੰਦੀ। ਸੰਖੇਪ ਵਿਚ ਇਹ ਫ਼ਾਸ਼ਿਜਮ ਤੇ ਤਾਨਾਸ਼ਾਹੀ ਦੇ ਕਾਲੇ ਘਿਨਾਉਣੇ ਵੇਲਿਆਂ ਵਿਚ ਮਨੁੱਖ ਨੂੰ ਲੜਦੇ ਤੇ ਅੜਦੇ ਰਹਿਣ ਲਈ, ਇਨਸਾਨੀ ਹੱਕਾਂ ਤੇ ਆਜ਼ਾਦੀ ਲਈ, ਮਨੁੱਖ ਦੇ ਸਵੈਮਾਣ ਲਈ ਜੂਝਣਾ ਸਿਖਾਉਂਦੀ ਹੈ। ਇਹ ਜ਼ੁਲਮ ਦੇ ਖ਼ਾਤਮੇ ਅਤੇ ਚੰਗੇਰੇ ਦਿਨਾਂ ਦੀ ਆਮਦ ਵਿਚ ਪਾਠਕ ਦੇ ਵਿਸ਼ਵਾਸ ਨੂੰ ਕਾਇਮ ਰਖਦੀ ਹੈ। ਅਜਿਹੀ ਸ਼ਾਇਰੀ ਜ਼ਿੰਦਗੀ ਦੀ ਸੁੰਦਰਤਾ ਨੂੰ ਮਾਨਣ ਲਈ ਪ੍ਰੇਰਤ ਕਰਦੀ ਹੈ। ਧਰਤੀ ਦੇ ਕਾਤਲਾਂ, ਅਮਨ ਦੇ ਵੈਰੀਆਂ ਵਿਰੁਧ ਮਨਾਂ ਵਿਚ ਘਿਰਣਾ ਪੈਦਾ ਕਰਦੀ ਹੈ। ਫ਼ੈਜ਼ ਦੀ ਸ਼ਾਇਰੀ ਭਵਿੱਖ ਵਿਚ ਬੰਦੇ ਦੇ ਵਿਸ਼ਵਾਸ ਨੂੰ ਪੱਕਾ ਕਰਦੀ ਹੈ। ਇਸ ਪ੍ਰਸੰਗ ਵਿਚ ਕੇਵਲ ਇਕ ਨਜ਼ਮ ਦਾ ਹਵਾਲਾ ਦੇਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਸ ਨਜ਼ਮ ਦਾ ਨਾਂ ਹੈ 'ਤਰਾਨਾ-2'

ਹਮ ਦੇਖੇਂਗੇ
ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ
ਵੋਹ ਦਿਨ ਕਿ ਜਿਨ ਦਾ ਵਾਅਦਾ ਹੈ
ਜੋ ਲੋਹੇ-ਅਜ਼ਲ[1] ਮੇਂ ਲਿਖਾ ਹੈ
ਜਬ ਜ਼ੁਲਮੋਂ ਸਿਤਮ ਕੇ ਕੋਹੇ ਗਰਾਂ[2]
ਰੂਈ ਕੀ ਤਰ੍ਹਾਂ ਉੜ ਜਾਏਂਗੇ
ਹਮ ਮਹਿਕੂਮੋ[3] ਕੇ ਪਾਵ ਤਲੇ
ਜਬ ਧਰਤੀ ਧੜ ਧੜ ਧੜਕੇਗੀ
ਔਰ ਅਹਿਲੇ ਹਿਕਮ[4] ਕੇ ਸਰ ਊਪਰ
ਜਬ ਬਿਜਲੀ ਕੜ ਕੜ ਕੜਕੇਗੀ
ਜਬ ਅਰਜ਼-ਏ-ਖ਼ੁਦਾ[5] ਕੇ ਕਾਹਬੇ ਸੇ
ਸਭ ਬੁਤ ਉਠਵਾਏ ਜਾਏਂਗੇ
ਹਮ ਅਹਿਲੇ-ਸਫ਼ਾ[6] ਮਰਦੂਦ-ਏ- ਹਰਮ[7]
ਮਸਮਦ ਪੇ ਬਿਠਾਏ ਜਾਏਂਗੇ
ਸਭ ਤਾਜ ਉਛਾਲੇ ਜਾਏਂਗੇ
ਜਬ ਤਖ਼ਤ ਗਿਰਾਏ ਜਾਏਂਗੇ
ਬਸ ਨਾਮ ਰਹੇਗਾ ਅੱਲਾ ਕਾ
ਜੋ ਗਾਇਬ ਭੀ ਹੈ, ਹਾਜ਼ਰ ਭੀ
ਜੋ ਮੰਜ਼ਰ[8] ਭੀ ਹੈ, ਨਾਜ਼ਿਰ[9] ਭੀ
ਉਠੇਗਾ ਅਨ-ਉਲ-ਹੱਕ[10] ਕਾ ਨਾਰ੍ਹਾ
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ
ਔਰ ਰਾਜ ਰਕੇਗੀ ਖ਼ਲ ਕੇ ਖ਼ੁਦਾ[11]
ਜੋ ਮੈਂ ਭੀ ਹੂੰ ਔਰ ਤੁਮ ਭੀ ਹੈ

(ਸਾਰੇ ਸੁਖਨ ਹਮਾਰੇ-ਪੰਨਾ-322)

(1. ਕਿਸਮਤ, 2. ਭਾਰੀ ਪਹਾੜ, 3.ਚੱਬੇ ਕੁਚਲੇ, 4. ਹਾਕਮ, 5. ਖੁਦਾ ਦੀ ਧਰਤੀ, 6. ਸੱਚੇ ਲੋਕ, 7. ਕੱਟੜ ਪੰਥੀਆਂ ਵਲੋਂ ਦਬਾਏ ਲੋਕ, 8 ਦ੍ਰਿਸ਼, 9. ਦਰਸ਼ਕ, 10 ਮੈਂ ਸੱਚ ਹਾਂ, 11 ਆਵਾਮ)

ਪੁੱਛਿਆ ਜਾਂਦਾ ਹੈ ਕਿ ਫ਼ੈਜ਼ ਦੀ ਸ਼ਾਇਰੀ ਵਿਚ ਏਨੀ ਤਾਕਤ, ਏਨਾ ਹੌਸਲਾ, ਏਨਾ ਆਤਮ-ਵਿਸ਼ਵਾਸ ਕਿਥੋਂ ਤੇ ਕਿਵੇਂ ਆਉਂਦਾ ਸੀ। ਫ਼ੈਜ਼ ਨੂੰ ਜਨ ਸਮੂਹ ਵਿਚ ਭਰੋਸਾ ਸੀ। ਉਹ ਆਮ ਲੋਕਾਂ ਦੀ ਸ਼ਕਤੀ ਨੂੰ ਜਾਣਦਾ, ਪਛਾਣਦਾ ਸੀ। ਉਪਰ ਪੇਸ਼ ਕਵਿਤਾ ਇਸ ਦਾ ਸਪੱਸ਼ਟ ਪ੍ਰਮਾਣ ਪੇਸ਼ ਕਰਦੀ ਹੈ। ਫ਼ੈਜ਼ ਦਾ ਕਲਾਮ ਸਾਨੂੰ ਮਨੁੱਖ ਦੇ ਉੱਜਲੇ ਭਵਿੱਖ ਵਿਚ ਵਿਸ਼ਵਾਸ ਨੂੰ ਦ੍ਰਿੜ ਕਰਾਉਂਦਾ ਹੈ। ਉਹ ਆਪਣੀ ਸਾਰੀ ਹੱਯਾਤੀ ਮਨੁੱਖ ਦੇ ਕਲਿਆਣ, ਆਜ਼ਾਦੀ, ਇਨਸਾਫ਼ ਤੇ ਚੰਗੇਰੇ ਭਵਿੱਖ ਲਈ ਜੂਝਿਆ ਤੇ ਜੀਵਿਆ ਸੀ।

ਇਹ ਅਜ਼ੀਮ ਤੇ ਹਰਮਨ ਪਿਆਰਾ ਕਵੀ 20 ਨਵੰਬਰ 1984 ਮੰਗਲਵਾਰ ਨੂੰ ਮੇਓ ਹਸਪਤਾਲ ਲਾਹੌਰ ਵਿਚ ਚਲਾਣਾ ਕਰ ਗਿਆ। 'ਸਾਰੇ ਸੁਖਨ ਹਮਾਰੇ' ਦਾ ਪਾਠ ਸਾਨੂੰ ਮਨੁੱਖੀ ਹੱਕਾਂ ਹਿੱਤਾਂ ਲਈ ਜੂਝਣ ਦਾ ਸੰਦੇਸ਼ ਦੇਣ ਵਾਲਾ ਪਾਕ ਗ੍ਰੰਥ ਹੈ। ਅਜਿਹਾ ਦਸਤਾਵੇਜੀ ਕਲਾਮ ਮਨੁੱਖਤਾ ਦੀ ਮਹਾਨ ਪ੍ਰਾਪਤੀ ਹੈ। ਉਹ ਪਾਕਿਸਤਾਨ ਜਾਂ ਹਿੰਦੁਸਤਾਨ ਦਾ ਉਰਦੂ ਦਾ ਜਾਂ ਪੰਜਾਬ ਦਾ ਹੀ ਕਵੀ ਨਹੀਂ ਸੀ। ਉਹ ਵਿਸ਼ਵ ਦਾ ਸਰਬ ਸਾਂਝਾ ਅਜ਼ੀਮ ਸ਼ਾਇਰ ਹੈ। ਅਜਿਹੇ ਸ਼ਇਰ ਰੋਜ਼ ਰੋਜ਼ ਪੈਦਾ ਨਹੀਂ ਹੁੰਦੇ।

ਉਨ੍ਹਾਂ ਦੀਆਂ ਲਿਖਤਾਂ ਦਾ ਵੇਰਵਾ ਕੁੱਝ ਇੰਜ ਹੈ।

ਨਕਸ਼ੇ ਫ਼ਰਿਆਦੀ 1941, ਦਸਤੇ -ਸਬਾ 1952, ਜ਼ਿੰਦ ਨਾਮਾ 1956, ਦਸਤ-ਤਹਿ-ਸੰਗ 1965, ਸਾਰੇ-ਵਾਦੀਏ ਸੀਨਾ 1971, ਸ਼ਾਮੇ ਸ਼ਹਿਰੇ ਯਾਰਾਂ 1978, ਮੇਰੇ ਦਿਲ, ਮੇਰੇ ਮੁਸਾਫ਼ਰ-1981, ਕਲਾਮੇ ਫ਼ੈਜ਼ 1982, ਇਸ ਤੋਂ ਬਿਨਾਂ ਵਾਰਤਕ ਸੰਗ੍ਰਹਿ ਤੇ ਫੁਟਕਲ ਲਿਖਤਾਂ ਦਾ ਵੇਰਵਾ ਕੁੱਝ ਇਸ ਤਰ੍ਹਾਂ ਹੈ। ਮੀਜ਼ਾਨ (ਆਲੋਚਨਾ) 1962, ਸਲੀਬਾਂ ਮੇਰੇ ਦਰੀਚੇ ਮੈਂ (ਖ਼ਤ) 1971, ਮਤਾਹੇ-ਲੋਹ-ਕਲਮ 1973, ਹਮਾਰੀ ਕੌਮੀ ਸਕਾਰਫ਼ਤ 1976, ਮਹਿ-ਵਾ-ਸਾਲ ਆਸ਼ਨਾਈ 1980, ਸਫ਼ਰਨਾਮਾ ਕਿਊਬਾ 1974, ਸਮੁੱਚਾ ਕਲਾਮ : ਸਾਰੇ ਸੁਖਨ ਹਮਰੇ (ਉਰਦੂ ਤੇ ਹਿੰਦੀ ਵਿਚ) ਆਦਿ।

ਸਹਾਇਕ ਪੁਸਤਕ ਸੂਚੀ

1. ਸਾਰੇ ਸੁਖਨ ਹਮਾਰੇ, (ਸਮੁੱਚੀਆਂ ਕਵਿਤਾਵਾਂ) (ਹਿੰਦੀ) ਫ਼ੈਜ਼ ਅਹਿਮਦ ਫ਼ੈਜ਼, ਰਾਜ ਕਲਮ ਪ੍ਰਕਾਸ਼ਨ, ਨਵੀਂ ਦਿੱਲੀ 2004
2. ਪ੍ਰਤੀਨਿਧ ਕਵਿਤਾਵਾਂ, ਫ਼ੈਜ਼ ਅਹਿਮਦ ਫ਼ੈਜ਼, ਰਾਜ ਕਮਲ ਪ੍ਰਕਾਸ਼ਨ ਨਵੀਂ ਦਿੱਲੀ 1998
3. ਸ਼ਬ ਸਤਾਨ (ਉਰਦੂ) ਵਿਸ਼ੇਸ਼ ਫ਼ੈਜ਼ ਨੰਬਰ ਨਵੀਂ ਦਿੱਲੀ 1985
4. ਚੋਣਵੀਂ ਕਵਿਤਾ ਫ਼ੈਜ਼ ਅਹਿਮਦ ਫ਼ੈਜ਼ (ਉਰਦੂ ਵਿਚ)
5. ਫ਼ੈਜ਼ ਅਹਿਮਦ ਫ਼ੈਜ਼ ਔਰ ਉਸ ਕੀ ਸ਼ਾਇਰੀ (ਉਰਦੂ) ਸੰਪਾਦਕ ਸ਼ਕੀਉਲ ਰਹਿਮਾਨ, ਸਟਾਰ ਪਬਲਿਸ਼ਰਜ਼ ਦਿੱਲੀ 1967
6. ਹਮ ਕਿ ਠਹਿਰੇ ਅਜਨਬੀ (ਉਰਦੂ) ਡਾ. ਅਯੂਬ ਮਿਰਜ਼ਾ (1976) ਰਾਵਲ ਪਿੰਡੀ

□

KULVIR GILL
ਕੁਲਵੀਰ ਗਿੱਲ
Helping you to make Informed Decisions
Registered Home Inspector
ਗਰੇਟਰ ਟਰਾਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
GHI
Gill Home Inspection Ltd.
Commercial & Residential
OAHI
Ontario association of Certified Home Inspectors

ਪਾਬਲੋ ਨੇਰੂਦਾ ਨਾਲ ਮੁਲਾਕਾਤ

ਪ੍ਰਸ਼ਨ ਕਰਤਾ-ਰੀਤਾ ਲੇਵੇਤ (1971)

# ਸਿਆਸੀ ਕਵਿਤਾ 'ਚ ਵਧੇਰੇ ਭਾਵਨਾ ਵੇਗ ਹੁੰਦੈ : ਪਾਬਲੋ ਨੇਰੂਦਾ

**ਪਾਬਲੋ ਨੇਰੂਦਾ ਚਿੱਲੀ ਦੇ ਸੰਸਾਰ ਪ੍ਰਸਿੱਧ ਕਵੀ ਹੋਏ ਹਨ। ਉਨ੍ਹਾਂ ਦਾ ਇਹ ਇੰਟਰਵਿਊ ਰੀਤਾ ਲੇਵੇਤ ਵਲੋਂ ਉਸ ਵੇਲੇ ਕੀਤਾ ਗਿਆ ਸੀ, ਜਦੋਂ ਨੇਰੂਦਾ ਰਾਸ਼ਟਰਪਤੀ ਦੀ ਚੋਣ ਲਈ ਪਾਰਟੀ ਵਲੋਂ ਚੋਣ ਲੜ ਰਹੇ ਸੀ। ਇਹ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ 1971 ਵਿਚ 'ਪੈਰਿਸ ਰੀਵਿਊ' ਦੇ ਅੰਕ ਨੰ. 51 ਵਿਚ ਪ੍ਰਕਾਸ਼ਿਤ ਹੋਇਆ ਸੀ। ਅਸੀਂ ਇਹ ਸਾਹਿਤਕ ਰਸਾਲੇ 'ਚਿਰਾਗ' ਤੋਂ ਧੰਨਵਾਦ ਸਹਿਤ ਲਿਆ ਹੈ। 'ਚਿਰਾਗ' ਨੇ ਇਹ 'ਅਧੂਭਾਵਨਾ' ਦੇ ਪਾਬਲੋ ਨੇਰੂਦਾ ਵਿਸ਼ੇਸ਼ ਅੰਕ-70, ਜਨਵਰੀ 2006 ਵਿਚੋਂ ਹਿੰਦੀ ਤੋਂ ਪੰਜਾਬੀ ਅਨੁਵਾਦ ਕੀਤਾ ਹੈ। ਇਹ ਵਾਰਤਾਲਾਪ ਕਵਿਤਾ ਤੋਂ ਇਲਾਵਾ ਹੋਰ ਕਈ ਗੱਲਾਂ ਬਾਰੇ ਵੀ ਚਾਨਣਾ ਪਾਉਂਦੀ ਹੈ।**

**ਤੁਸਾਂ ਆਪਣਾ ਨਾਮ ਕਿਉਂ ਬਦਲਿਆ ਤੇ ਪਾਬਲੋ ਨੇਰੂਦਾ ਕਿਉਂ ਰੱਖਿਆ ?**

ਯਾਦ ਨਹੀਂ, ਮੈਂ ਕੋਈ ਤੇਰਾਂ ਜਾਂ ਚੌਦਾ ਸਾਲਾਂ ਦਾ ਹੋਵਾਂਗਾ। ਏਨਾ ਹੀ ਯਾਦ ਹੈ ਕਿ ਮੇਰੀ ਲੇਖਕ ਬਣਨ ਦੀ ਇੱਛਾ ਤੋਂ ਮੇਰੇ ਪਿਤਾ ਬਹੁਤ ਪ੍ਰੇਸ਼ਾਨ ਸੀ। ਆਪਣੀ ਪੂਰੀ ਨੇਕ ਨੀਤੀ ਨਾਲ ਉਨ੍ਹਾਂ ਨੂੰ ਲੱਗਿਆ ਕਿ ਮੇਰਾ ਲਿਖਣਾ ਪਰਿਵਾਰ ਨੂੰ ਤੇ ਮੈਨੂੰ ਵੀ ਤਬਾਹ ਕਰ ਦੇਵੇਗਾ। ਖਾਸ ਤੌਰ 'ਤੇ ਮੇਰੀ ਜ਼ਿੰਦਗੀ ਇਸ ਨਾਲ ਪੂਰੀ ਤਰ੍ਹਾਂ ਨਕਾਰਾ ਹੋ ਜਾਵੇਗੀ। ਉਨ੍ਹਾ ਦੀ ਇਸ ਸ਼ੰਕਾ ਪਿੱਛੇ ਕੋਈ ਘਰੇਲੂ ਕਾਰਨ ਸੀ। ਜਿਸ ਦੀ ਗੰਭੀਰਤਾ ਦਾ ਮੈਨੂੰ ਕੋਈ ਬਹੁਤਾ ਅਹਿਸਾਸ ਨਹੀਂ ਸੀ। ਉਸ ਲਈ ਜੋ ਬਚਾਅ ਵਾਲੀਆਂ ਕਾਰਵਾਈਆਂ ਮੈਂ ਕੀਤੀਆਂ, ਉਨ੍ਹਾਂ ਵਿਚੋਂ ਪਹਿਲੀ ਸੀ, ਆਪਣਾ ਨਾਮ ਬਦਲਣਾ।

**ਆਪ ਨੇ ਨੇਰੂਦਾ, ਚੈੱਕ ਕਵੀ ਯਾਨ ਨੇਰੂਦਾ ਤੋਂ ਪ੍ਰੇਰਿਤ ਹੋ ਕੇ ਇਹ ਨਾਂ ਅਪਣਾਇਆ ਸੀ?**

ਯਾਨ ਨੇਰੂਦਾ ਦੀ ਇਕ ਕਹਾਣੀ ਮੈਂ ਪੜ੍ਹੀ ਸੀ। ਉਸ ਦੀ ਕਵਿਤਾ ਮੈਂ ਕਦੀ ਨਹੀਂ ਪੜ੍ਹੀ। ਪਰ 'ਮਾਲਾ ਸਤਰਾਨਾ ਦੀਆਂ ਕਥਾਵਾਂ' ਨਾਂ ਦੀ ਉਨ੍ਹਾਂ ਦੀ ਇਕ ਕਿਤਾਬ ਹੈ। ਪ੍ਰਾਗ ਦੇ ਆਸ ਪਾਸ ਦੇ ਲੋਕਾਂ ਦੇ ਬਾਰੇ ਵਿਚ। ਸੰਭਵ ਹੈ ਕਿ ਮੈਂ ਉਸ ਤੋਂ ਆਪਣਾ ਨਾਂ ਲਿਆ ਹੋਵੇਗਾ। ਜਿਵੇਂ ਮੈਂ ਦੱਸਿਆ ਹੈ, ਇਹ ਸੱਭ ਮੇਰੀ ਯਾਦ ਵਿਚ ਏਨਾ ਦੂਰ ਚਲੇ ਗਿਆ ਹੈ ਕਿ ਮੈਨੂੰ ਬਿਲਕੁਲ ਯਾਦ ਨਹੀਂ ਆ ਰਿਹਾ। ਪਰ ਚੈਕੋਸਲੋਵਾਕੀਆ ਦੀ ਜਨਤਾ ਮੈਨੂੰ ਆਪਣਾ ਹੀ ਮੰਨਦੀ ਹੈ। ਆਪਣੇ ਦੇਸ਼ ਦੇ ਇਕ ਅੰਗ ਵਾਂਗੂ ਤੇ ਮੇਰੀ ਉਸ ਦੇਸ਼ ਨਾਲ ਡੂੰਘੀ ਮਿੱਤਰਤਾ ਹੈ।

**ਜੇ ਤੁਸੀਂ ਚਿੱਲੀ ਦੇ ਰਾਸ਼ਟਰਪਤੀ ਚੁਣੇ ਜਾਓ, ਕੀ ਤਾਂ ਵੀ ਲਿਖਣਾ ਜਾਰੀ ਰੱਖੋਗੇ?**

ਲਿਖਣਾ ਮੇਰੇ ਲਈ ਸਾਹ ਲੈਣ ਬਰਾਬਰ ਹੈ। ਸਾਹ ਲੈਣ ਤੋਂ ਬਿਨਾਂ ਮੈਂ ਜਿਊਂਦਾ ਨਹੀਂ ਰਹਿ ਸਕਦਾ ਤੇ ਲਿਖੇ ਬਿਨਾਂ ਮੈਂ ਜੀਵਤ ਨਹੀਂ ਰਹਿ ਸਕਦਾ।

**ਐਸੇ ਕਿਹੜੇ ਕਵੀ ਹਨ ਜੋ ਉੱਚੇ ਰਾਜਨੀਤਕ ਅਹੁਦਿਆਂ ਤਕ ਗਏ ਹੋਣ ਤਾਂ ਸਫ਼ਲ ਵੀ ਰਹੇ ਹੋਣ?**

ਸਾਡਾ ਦੌਰ ਕਵੀ-ਸ਼ਾਸਕਾਂ ਦਾ ਦੌਰ ਹੈ। ਮਾਓ ਜੇ ਤੂੰਗ ਤੇ ਹੋ-ਚੀ ਮਿੰਨ ਦਾ। ਮਾਓ ਵਿਚ ਤਾਂ ਦੂਸਰੀਆਂ ਵਿਸ਼ੇਸ਼ਤਾਈਆਂ ਵੀ ਹਨ, ਜੋ ਤੁਸੀਂ ਜਾਣਦੇ ਵੀ ਹੋ। ਉਹ ਮਹਾਨ ਤੈਰਾਕ ਵੀ ਹੈ, ਜੋ ਮੈਂ ਨਹੀਂ ਹਾਂ। ਹੋਰ ਵੀ ਇਕ ਵੱਡੇ ਕਵੀ ਹਨ, ਲੀਓਪੋਲਡ ਸੋਗੇਰਾ। ਉਹ ਸੇਨੇਗਲ ਦੇ ਰਾਸ਼ਟਰਪਤੀ ਹਨ। ਇਕ ਹੋਰ ਸੁਰਰੀਏਲਿਸਟ ਕਵੀ ਇਸੇ ਸੇਜ਼ਾਰ ਮਾਰਤੀਨੀਕ ਫਰਾਂਸ ਦੇ ਮੇਅਰ ਹਨ। ਮੇਰੇ ਦੇਸ਼ ਵਿਚ ਭਾਵੇਂ ਕੋਈ ਰਾਸ਼ਟਰਪਤੀ ਨਹੀਂ ਹੈ ਪਰ ਇਥੋਂ ਦੀ ਰਾਜਨੀਤੀ ਵਿਚ ਕਵੀਆਂ ਦਾ ਹਮੇਸ਼ਾ ਹੀ ਦਖ਼ਲ ਰਿਹਾ ਹੈ, ਦੂਸਰੇ ਪਾਸੇ ਲਾਤੀਨੀ ਅਮਰੀਕਾ ਦੇ ਕਈ ਲੇਖਕ ਰਾਸ਼ਟਰਪਤੀ ਹੋਏ ਹਨ, ਰੋਮੀਓ ਖਾਖੋਸ ਵੈਨਜ਼ੂਏਲਾ ਦੇ ਰਾਸ਼ਟਰਪਤੀ ਸਨ।

**ਤੁਸੀਂ ਆਪਣੀ ਰਾਸ਼ਟਰਪਤੀ ਦੀ ਚੋਣ ਮੁਹਿੰਮ ਕਿਵੇਂ ਚਲਾ ਰਹੇ ਹੋ?**

ਇਕ ਮੰਚ ਤਿਆਰ ਕੀਤਾ ਜਾਂਦਾ ਹੈ। ਪਹਿਲਾਂ ਹਮੇਸ਼ਾ ਲੋਕ-ਗੀਤ ਗਾਏ ਜਾਂਦੇ ਹਨ। ਫਿਰ ਕੋਈ ਬੁਲਾਰਾ ਚੋਣ ਮੁਹਿੰਮ ਦੇ ਨਿਸ਼ਚਿਤ ਰਾਜਨੀਤਕ ਮਨੋਰਥ ਬਾਰੇ ਸਮਝਾਉਂਦਾ ਹੈ। ਉਸ ਪਿੱਛੋਂ ਸਥਾਨਕ ਲੋਕਾਂ ਨਾਲ ਬਾਤਚੀਤ ਕਰਨ ਲਈ ਮੈਂ ਜੋ ਬਿਆਨ ਦਿੰਦਾ ਹਾਂ, ਉਹ ਕਾਫ਼ੀ ਕਾਵਿਕ ਹੁੰਦਾ ਹੈ। ਉਹ ਕਾਵਿਮਈ ਜ਼ਿਆਦਾ ਹੁੰਦਾ ਹੈ। ਅੰਤ ਉੱਤੇ ਮੈਂ ਕਵਿਤਾ-ਪਾਠ ਕਰਦਾ ਹਾਂ। ਕਵਿਤਾ ਨਾ ਪੜ੍ਹਾਂ ਤਾ ਲੋਕ ਨਿਰਾਸ਼ ਹੋ ਕੇ ਚਲੇ ਜਾਂਦੇ ਹਨ। ਨਿਰਸੰਦੇਹ ਉਹ ਮੇਰਾ ਰਾਜਨੀਤਿਕ ਵਿਚਾਰ ਨਹੀਂ ਸੁਣਨਾ ਚਾਹੁੰਦੇ ਹਨ, ਪਰ ਮੈਂ ਰਾਜਨੀਤਿਕ ਤੇ ਆਰਥਿਕ ਪੱਖਾਂ ਬਾਰੇ ਬਹੁਤਾ ਧਿਆਨ ਨਹੀਂ ਦਿੰਦਾ, ਕਿਉਂਕਿ ਜਨਤਾ ਇਕ ਦੂਸਰੀ ਤਰ੍ਹਾਂ ਦੀ ਭਾਸ਼ਾ ਵੀ ਚਾਹੁੰਦੀ ਹੈ।

**ਤੁਹਾਡੇ ਕਵਿਤਾ-ਪਾਠ ਸਮੇਂ ਲੋਕਾਂ ਦੀ ਕੀ ਪ੍ਰਤੀਕ੍ਰਿਆ ਹੁੰਦੀ ਹੈ?**

ਉਹ ਮੈਨੂੰ ਬੜੇ ਭਾਵੁਕ ਢੰਗ ਨਾਲ ਪਿਆਰ ਕਰਦੇ ਹਨ। ਕੁੱਝ ਥਾਵਾਂ ਉਤੇ ਤਾਂ ਮੇਰਾ ਆਉਣਾ ਜਾਣਾ ਔਖਾ ਹੋ ਜਾਂਦਾ ਹੈ। ਭੀੜ ਤੋਂ ਬਚਾਉਣ ਲਈ ਮੇਰੇ ਨਾਲ ਇਕ ਵਿਸ਼ੇਸ਼ ਬਾਡੀਗਾਰਡ ਹੁੰਦਾ ਹੈ, ਹਰ ਥਾਂ ਇੰਝ ਹੀ ਹੁੰਦਾ ਹੈ।

**ਨੋਬਲ ਪੁਰਸਕਾਰ, ਜਿਸ ਵਿਚ ਆਪ ਦਾ ਨਾਂ ਆਮ ਹੀ ਲਿਆ ਜਾਂਦਾ ਹੈ, ਤੇ ਚਿੱਲੀ ਦੇ ਰਾਸ਼ਟਰਪਤੀ ਦਾ ਅਹੁਦਾ, ਦੋਵਾਂ ਵਿਚੋਂ ਜੇ ਇਕ ਦੀ ਚੋਣ ਕਰਨੀ ਪਵੇ ਤਾਂ ਆਪ ਕੀ ਕਰੋਗੇ?**

ਇਸ ਤਰ੍ਹਾਂ ਦੀਆਂ ਕਾਲਪਨਿਕ ਚੀਜ਼ਾਂ ਦੀ ਚੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਪਰ ਜੇ ਰਾਸ਼ਟਰਪਤੀ ਦਾ ਅਹੁਦਾ ਤੇ ਨੋਬਲ ਪੁਰਸਕਾਰ ਇਕੋ ਮੇਜ਼ 'ਤੇ ਰੱਖ ਦਿਤੇ ਜਾਣ ਤਾਂ?**

ਤਾਂ ਮੈਂ ਉਠ ਕੇ ਦੂਸਰੀ ਮੇਜ 'ਤੇ ਚਲਾ ਜਾਵਾਂਗਾ।

**ਤੁਹਾਡੇ ਵਿਚਾਰ ਵਿਚ ਕੀ ਸੈਮੂਅਲ ਬੈਕਟ ਨੂੰ ਪੁਰਸਕਾਰ ਦਿਤਾ ਜਾਣਾ ਠੀਕ ਸੀ?**

ਮੇਰੇ ਖ਼ਿਆਲ ਵਿਚ ਠੀਕ ਹੈ। ਬੈਕਟ ਸੂਖਮ ਪਰ ਡੂੰਘੀਆਂ ਚੀਜ਼ਾਂ ਲਿਖਦੇ ਹਨ। ਨੋਬਲ ਪੁਰਸਕਾਰ, ਜਿਸ ਕਿਸੇ ਨੂੰ ਵੀ ਮਿਲੇ, ਉਹ ਹਮੇਸ਼ਾ ਸਾਹਿਤ ਦਾ ਸਨਮਾਨ ਹੈ। ਪੁਰਸਕਾਰ ਨੂੰ ਲੈ ਕੇ ਜੋ ਲੋਕੀਂ ਇਹ ਬਹਿਸ ਕਰਦੇ ਹਨ ਕਿ ਪੁਰਸਕਾਰ ਸਹੀ ਆਦਮੀ ਨੂੰ ਮਿਲਿਆ ਹੈ ਜਾਂ ਨਹੀਂ, ਮੈਂ ਉਨ੍ਹਾਂ ਵਿਚੋਂ ਨਹੀਂ ਹਾਂ। ਇਸ ਪੁਰਸਕਾਰ ਦਾ ਜੇ ਮਹੱਤਵ ਹੈ ਤਾਂ ਇਹ ਹੈ ਕਿ ਉਹ ਲੇਖਕ ਨਾਂ ਦੀ ਸੰਸਥਾ ਨੂੰ ਸਨਮਾਨ ਨਾਲ ਸ਼ਿੰਗਾਰਨਾ ਹੈ। ਇਹ ਚੀਜ਼ ਮਹੱਤਵਪੂਰਨ ਹੈ।

**ਤੁਹਾਡੀਆਂ ਸਭ ਤੋਂ ਸ਼ਕਤੀਸ਼ਾਲੀ ਯਾਦਾਂ ਕਿਹੜੀਆਂ ਹਨ?**

ਪਤਾ ਨਹੀਂ। ਸਭ ਤੋਂ ਅਭੁੱਲ ਯਾਦਾਂ ਸ਼ਾਇਦ ਸਪੇਨ ਵਿਚ ਬੀਤੀ ਜ਼ਿੰਦਗੀ ਦੀਆਂ ਹਨ। ਕਵੀਆਂ ਦੀ ਉਸ ਮਹਾਨ ਬਿਰਾਦਰੀ ਦੀਆਂ। ਅਮਰੀਕੀ ਜਗਤ ਵਿਚ ਮੈਂ ਕਦੇ ਵੀ ਅਜਿਹੀ ਭਾਈਚਾਰਕ ਮੰਡਲੀ ਨਹੀਂ ਵੇਖੀ। ਬਿਓ-ਨੋ-ਮਾਇਰਸ ਦੇ ਮੁਹਾਵਰੇ ਵਿਚ ਆਖਾਂ ਤਾਂ ਇਸ ਕਦਰ ਗਪੌੜੀਆਂ ਨਾਲ ਭਰੀ ਹੋਈ। ਫਿਰ ਪਿੱਛੋਂ ਇਹ ਵੇਖਣਾ ਕਿੰਨਾ ਭਿਆਨਕ ਸੀ ਕਿ ਮਿੱਤਰਾਂ ਨੇ ਇਸ ਲੋਕ ਰਾਜ ਨੂੰ ਗ੍ਰਹਿ ਯੁੱਧ ਵਿਚ ਬਦਲ ਦਿਤਾ, ਜਿਸ ਵਿਚ ਫਾਸਿਸਟ ਦੌਰ ਦੀ ਭਿਆਨਕ ਸਚਾਈ ਸਾਹਮਣੇ ਆਈ। ਸਾਰੇ ਦੋਸਤ ਖਿੰਡ-ਪੁੰਡ ਗਏ। ਕਈ ਉਥੇ ਹੀ ਮਾਰ ਦਿਤੇ ਗਏ। ਮਿਸਾਲ ਵਜੋਂ ਗਾਰਸ਼ੀਆ ਲੋਰਕਾ ਤੇ ਮੀਖੇਲ ਏਰਨਾਦੇਸ। ਕਈਆਂ ਦੀ ਮੌਤ ਜਲਾਵਤਨੀ ਵਿਚ ਹੋਈ ਤੇ ਕਈ ਅਜੇ ਤਕ ਜਲਾਵਤਨ ਵਜੋਂ ਹੀ ਦਿਨ ਕੱਟ ਰਹੇ ਹਨ। ਮੇਰੀ ਜ਼ਿੰਦਗੀ ਦਾ ਉਹ ਸਮੁੱਚਾ ਦੌਰ, ਘਟਨਾਵਾਂ ਨਾਲ ਤੇ ਡੂੰਘੀਆਂ ਭਾਵਨਾਵਾਂ ਨਾਲ ਭਰਪੂਰ ਰਿਹਾ ਤੇ ਉਸ ਦੌਰ ਨੇ ਮੇਰੇ ਜੀਵਨ ਦੀ ਤੋਰ ਵਿਚ ਫੈਸਲਾਕਰੂ ਤਬਦੀਲੀ ਲਿਆਂਦੀ।

**ਕੀ ਤੁਹਾਨੂੰ ਹੁਣ ਸਪੇਨ ਦੀ ਆਗਿਆ ਮਿਲ ਜਾਵੇਗੀ?**

ਉਥੇ ਮੇਰਾ ਜਾਣਾ ਸਰਕਾਰੀ ਤੌਰ 'ਤੇ ਵਰਜਤ ਨਹੀਂ ਹੈ। ਇਕ ਵਾਰੀ ਮੈਨੂੰ ਚਿੱਲੀ ਦੇ ਦੂਤਾਵਾਸ ਨੇ ਕਵਿਤਾ-ਪਾਠ ਵਾਸਤੇ ਬੁਲਾਇਆ ਵੀ ਸੀ। ਬਹੁਤ ਸੰਭਵ ਹੈ ਕਿ ਉਹ ਮੈਨੂੰ ਜਾਣ ਦੀ ਆਗਿਆ ਦੇ ਦੇਣ। ਪਰ ਮੈਂ ਇਸ ਨੂੰ ਕੋਈ ਸਿਧਾਂਤਕ ਮੁੱਦਾ ਨਹੀਂ ਬਣਾਉਣਾ ਚਾਹੁੰਦਾ। ਇਸ ਵਾਸਤੇ ਕਿ ਸਪੇਨ ਦੀ ਸਰਕਾਰ ਬੜੀ ਸੌਖ ਨਾਲ, ਅਜਿਹੇ ਲੋਕਾਂ ਨੂੰ ਜੋ ਉਸ ਦੇ ਵਿਰੁਧ ਜ਼ਬਰਦਸਤ ਢੰਗ ਨਾਲ ਲੜੇ ਸੀ, ਆਪਣੇ ਇਥੇ ਆਉਣ ਦੀ ਆਗਿਆ ਦੇ ਕੇ, ਲੋਕ ਤਾਂਤਰਿਕ ਭਾਵਨਾਵਾਂ ਦਾ ਵਿਖਾਲਾ ਕਰ ਸਕਦੀ ਹੈ। ਮੈਨੂੰ ਇਨ੍ਹਾਂ ਦੇਸ਼ਾਂ ਵਿਚ ਜਾਣ ਤੋਂ ਰੋਕਿਆ ਗਿਆ ਹੈ ਅਤੇ ਇਨ੍ਹਾਂ ਦੇਸ਼ਾਂ ਵਿਚੋਂ ਕੱਢਿਆ ਗਿਆ ਹੈ ਕਿ ਹੁਣ ਇਸ ਨਾਲ ਕਤਈ ਦੁੱਖ ਨਹੀਂ ਹੁੰਦਾ, ਜਿੰਨਾ ਕਿ ਪਹਿਲਾਂ ਹੁੰਦਾ ਸੀ।

**? ਗਾਰਸ਼ੀਆ ਲੋਰਕਾ ਦੇ ਲਿਖੇ ਗਏ ਗੀਤ ਵਿਚ ਇਕ ਤਰ੍ਹਾਂ ਨਾਲ ਉਸ ਦੀ ਦੁਖਦਾਈ ਮੌਤ ਦੀ ਭਵਿੱਖਬਾਣੀ ਹੈ।**

ਹਾਂ, ਇਹ ਵਚਿੱਤਰ ਕਵਿਤਾ ਹੈ। ਵਚਿੱਤਰ ਇਸ ਵਾਸਤੇ ਕਿ ਉਹ ਏਨਾ ਪ੍ਰਸੰਨ ਵਿਅਕਤੀ ਸੀ, ਏਨਾ ਪ੍ਰਫੁੱਲਤ ਜੀਵ। ਮੈਂ ਉਹੋ ਜਿਹੇ ਲੋਕੀਂ ਘੱਟ ਵੇਖੇ ਹਨ। ਉਹ ਸੱਚਮੁਚ ਅਵਤਾਰ ਸੀ.... ਸਫ਼ਲਤਾ ਦਾ ਨਹੀਂ, ਜ਼ਿੰਦਗੀ ਨਾਲ ਪਿਆਰ ਕਰਨ ਵਾਲਾ ਅਵਤਾਰ। ਆਪਣੀ ਹੋਂਦ ਦੇ ਹਰੇਕ ਛਿਣ ਨੂੰ ਜੀਣ ਵਾਲਾ। ਉਹ ਪ੍ਰਸੰਨਤਾ ਦੇ ਭੰਡਾਰ ਨੂੰ ਖ਼ਾਲੀ ਹੱਥ ਲੁਟਾਉਣ ਵਾਲਾ ਆਦਮੀ ਸੀ। ਇਸ ਕਾਰਨ ਵੀ ਉਸ ਦੇ ਕਤਲ ਦਾ ਅਪਰਾਧ ਫਾਸਿਜ਼ਮ ਦੇ ਸਭ ਤੋਂ ਭਿਆਨਕ ਅਪਰਾਧਾਂ ਵਿਚੋਂ ਸੀ।

**ਤੁਹਾਡੀਆਂ ਕਵਿਤਾਵਾਂ ਵਿਚ ਉਸ ਦਾ ਅਕਸਰ ਜ਼ਿਕਰ ਹੋਇਆ ਹੈ ਤੇ ਮੀਖੇਲ ਏਰਨਾਦੇਸ਼ ਦਾ ਵੀ।**

ਏਰਨਾਦੇਸ਼ ਮੇਰੇ ਪੁੱਤਰ ਵਾਂਗੂੰ ਸੀ। ਕਵੀ ਦੇ ਰੂਪ ਵਿਚ ਉਹ ਮੇਰੇ ਲਈ ਸਿਖਿਆਰਥੀ ਸੀ ਤੇ ਉਹ ਮੇਰੇ ਹੀ ਘਰ ਰਹਿੰਦਾ ਹੁੰਦਾ ਸੀ। ਉਹ ਜੇਲ੍ਹ ਗਿਆ ਤੇ ਉਥੇ ਹੀ ਮਰ ਗਿਆ, ਕਿਉਂਕਿ ਉਸ ਨੇ ਗਾਰਸ਼ੀਆ ਲੋਰਕਾ ਦੀ ਮੌਤ ਲਈ ਦੱਸੇ ਗਏ ਸਰਕਾਰੀ ਕਾਰਨ ਨੂੰ ਮੰਨਿਆ ਨਹੀਂ ਸੀ। ਫਾਸਿਸਟ ਸਰਕਾਰ ਦੇ ਬਿਆਨ ਵਿਚ ਜੇ ਸਚਾਈ ਸੀ ਤਾਂ ਉਸ ਨੇ ਮੀਖੇਲ ਏਰਨਾਦੇਸ਼ ਦੀ ਮੌਤ ਤੀਕ ਉਸ ਨੂੰ ਸੀਖਾਂ ਵਿਚ ਬੰਦ ਕਿਉਂ ਰੱਖਿਆ ਗਿਆ? ਉਸ ਨੇ ਚਿੱਲੀ ਦੇ ਦੂਤਾਵਾਸ ਦਾ ਇਹ ਸੁਝਾਉ ਕਿਉਂ ਪ੍ਰਵਾਨ ਨਹੀਂ ਕੀਤਾ ਕਿ ਉਸ ਨੂੰ ਹਸਪਤਾਲ ਵਿਚ ਲਿਜਾਇਆ ਜਾਵੇ? ਮੀਖੇਲ ਏਰਨਾਦੇਸ਼ ਦੀ ਮੌਤ ਵੀ ਇਕ ਕਤਲ ਹੀ ਸੀ।

**ਭਾਰਤ-ਪ੍ਰਵਾਸ ਦੀਆਂ ਕਿਹੜੀਆਂ ਗੱਲਾਂ ਤੁਹਾਨੂੰ ਬਹੁਤੀਆਂ ਯਾਦ ਆਉਂਦੀਆਂ ਨੇ?**

ਉਥੇ ਆਪਣੇ ਪ੍ਰਵਾਸ ਦੇ ਦਿਨੀਂ ਮੈਂ ਜੋ ਕੁੱਝ ਦੇਖਿਆ, ਉਸ ਲਈ ਮੈਂ ਤਿਆਰ ਨਹੀਂ ਸੀ। ਉਸ ਬੇਗਾਨੇ ਮਹਾਂਦੀਪ ਦੇ ਅਨੁਭਵ ਨੇ ਹਾਲਾਂਕਿ ਮੈਨੂੰ ਪ੍ਰਭਾਵਿਤ ਕੀਤਾ ਪਰ ਉਥੇ ਮੇਰੀ ਜ਼ਿੰਦਗੀ ਏਨੀ ਲੰਮੀ ਤੇ ਇਕੱਲੀ ਸੀ ਕਿ ਮੈਂ ਭਿਅੰਕਰ ਨਿਰਾਸ਼ਾ ਵਿਚ ਰਿਹਾ। ਕਦੇ ਇੰਝ ਲੱਗਦਾ ਸੀ ਜਿਵੇਂ ਮੈਂ ਕਿਸੇ ਅੰਤਹੀਣ ਰੰਗ-ਬਿਰੰਗੀ ਫਿਲਮ ਵਿਚ ਫਸ ਗਿਆ ਹਾਂ, ਇੱਕ ਵਿਲੱਖਣ ਫਿਲਮ ਵਿਚ, ਜਿਸ ਵਿਚੋਂ ਬਾਹਰ ਨਹੀਂ ਆਇਆ ਜਾ ਸਕਦਾ। ਭਾਰਤ ਵਿਚ ਮੈਨੂੰ ਕਦੇ ਵੀ ਰਹੱਸਆਤਮਿਕਤਾ ਦਾ ਅਨੁਭਵ ਨਹੀਂ ਹੋਇਆ। ਜੋ ਲੋਕ ਆਪਣੀਆਂ ਚਿੰਤਾਵਾਂ ਦੇ ਕਿਸੇ ਧਾਰਮਿਕ ਹੱਲ ਦੀ ਖੋਜ ਵਿਚ ਭਾਰਤ ਜਾਂਦੇ ਹਨ, ਉਹ ਚੀਜ਼ਾਂ ਨੂੰ ਹੋਰ ਤਰ੍ਹਾਂ ਨਾਲ ਵੇਖਦੇ ਹਨ। ਪਰ ਮੇਰੇ ਉਤੇ ਸਮਾਜ ਸ਼ਾਸਤਰੀ ਪਰਸਥਿਤੀਆਂ ਦਾ ਡੂੰਘਾ ਅਸਰ ਹੋਇਆ। ਵਿਸ਼ਾਲ, ਰਾਸ਼ਟਰ ਬੇਹੱਦ ਅਸੁਰੱਖਿਅਤ ਆਪਣੇ ਸ਼ਾਹੀ ਜੂਲੇ ਨੂੰ ਗਲ ਪਾਈ। ਇਥੋਂ ਤੀਕ ਕਿ ਅੰਗਰੇਜ਼ੀ ਸੰਸਕ੍ਰਿਤੀ ਵੀ, ਜਿਸ ਨਾਲ ਮੈਨੂੰ ਵਾਹਵਾ ਪਿਆਰ ਸੀ, ਉਥੇ ਘ੍ਰਿਣਾਯੋਗ ਲੱਗੀ। ਕਿਉਂਕਿ ਉਸ ਵੇਲੇ ਇਸ ਨੇ ਕਿੰਨੇ ਹੀ ਹਿੰਦੂਆਂ ਨੂੰ ਬੌਧਿਕ ਗੁਲਾਮੀ ਲਈ ਬੇਬੱਸ ਕਰ ਦਿਤਾ ਸੀ। ਮੈਂ ਉਸ ਮਹਾਂਦੀਪ ਦੇ ਵਿਦਰੋਹੀ ਨੌਜਵਾਨਾਂ ਦੇ ਵਿਚ ਰਿਹਾ। ਆਪਣੇ ਕੌਂਸਲਰ ਰੂਪ ਦੇ ਬਾਵਜੂਦ ਉਸ ਵੱਡੇ ਸੰਘਰਸ਼ ਦੇ ਸਭ ਕ੍ਰਾਂਤੀਕਾਰੀਆਂ ਨਾਲ ਮੇਰੀ ਮੁਲਾਕਾਤ ਸੀ, ਜਿਸ ਨੇ ਅੰਤ ਆਜ਼ਾਦੀ ਪ੍ਰਾਪਤ ਕੀਤੀ।

**ਧਰਤੀ ਉਤੇ 'ਰਿਹਾਇਸ਼ ਦੀਆਂ ਕਵਿਤਾਵਾਂ' ਤੁਸਾਂ ਭਾਰਤ ਵਿਚ ਲਿਖੀਆਂ?**

ਹਾਂ, ਹਾਲਾਂਕਿ ਕਵਿਤਾ ਉਤੇ ਭਾਰਤ ਦਾ ਬੌਧਿਕ ਪ੍ਰਭਾਵ ਘੱਟ ਪਿਆ।

**'ਆਰਖਤੀਨਾ ਏਕਤੋਰ ਆਯੰਦੀ ਦੇ ਨਾਂ' ਦਿਲ ਨੂੰ ਛੂਹਣ ਵਾਲੇ ਪੱਤਰ ਤੁਸਾਂ ਭਾਰਤ ਵਿਚ ਲਿਖੇ ਸੀ?**

ਹਾਂ, ਉਹ ਮੇਰੇ ਜੀਵਨ ਦੇ ਬੜੇ ਮਹੱਤਵਪੂਰਨ ਪੱਤਰ ਸਨ। ਉਸ ਨਾਲ ਮੇਰੀ ਲੇਖਕ ਦੇ ਰੂਪ ਵਿਚ ਵਿਅਕਤੀਗਤ ਵਾਕਫ਼ੀਅਤ ਨਹੀਂ ਸੀ। ਫਿਰ ਵੀ ਇਕ ਚੰਗੇ ਉਪਕਾਰੀ ਵਾਂਗੂ ਉਨ੍ਹਾਂ ਨੇ ਮੈਨੂੰ ਸਮਾਚਾਰ ਪੱਤਰ ਭੇਜਣ, ਤੇ ਮੇਰੀ ਗੰਭੀਰ ਇਕੱਲਤਾ ਨੂੰ ਘੱਟ ਕਰਨ ਦਾ ਜ਼ਿੰਮਾ ਲਿਆ। ਮੈਨੂੰ ਆਪਣੀ ਭਾਸ਼ਾ ਨਾਲ ਸੰਪਰਕ ਟੁੱਟ ਜਾਣ ਦਾ ਸ਼ੰਕਾ ਸੀ। ਵਰ੍ਹਿਆਂ ਤੀਕ ਮੈਨੂੰ ਇਕ ਵੀ ਅਜਿਹਾ ਆਦਮੀ ਨਹੀਂ ਮਿਲਿਆ, ਜਿਸ ਨਾਲ ਮੈਂ ਸਪੇਨੀ ਭਾਸ਼ਾ ਵਿਚ ਗੱਲ ਕਰ ਸਕਾਂ। ਰਾਫ਼ਾਈਲ ਅਲਬੇਰਤੀ ਨੂੰ ਮੈਂ ਇਕ ਪੱਤਰ ਵਿਚ ਸਪੇਨੀ ਭਾਸ਼ਾ ਦਾ ਇਕ ਸ਼ਬਦ-ਕੋਸ਼ ਭੇਜਣ ਲਈ ਲਿਖਿਆ ਸੀ। ਮੈਂ ਉਥੇ ਕੌਂਸਲ ਦੇ ਅਹੁਦੇ ਉਤੇ ਨਿਯੁਕਤ ਹੋਇਆ ਸੀ, ਪਰ ਉਹ ਹੇਠਲੀ ਸ਼੍ਰੇਣੀ ਦਾ ਅਹੁਦਾ ਸੀ ਤੇ ਕੋਈ ਭੱਤਾ ਨਹੀਂ ਮਿਲਦਾ ਸੀ। ਉਥੇ ਮੈਂ ਘੋਰ ਗਰੀਬੀ ਵਿਚ ਰਿਹਾ ਤੇ ਉਸ ਤੋਂ ਵੀ ਵੱਧ ਇਕੱਲਤਾ ਵਿਚ। ਹਫ਼ਤਿਆਂ ਤੀਕ ਕਿਸੇ ਬੰਦੇ ਦੇ ਦਰਸ਼ਨ ਨਹੀਂ ਹੁੰਦੇ ਸੀ।

**ਉਥੇ ਆਪ ਦਾ 'ਖੋਸੀਏ ਬਿਲਸ' ਨਾਲ ਬਹੁਤ ਤਕੜਾ ਪ੍ਰੇਮ**



**ਹੋਇਆ। ਤੁਹਾਡੀਆਂ ਅਨੇਕ ਕਵਿਤਾਵਾਂ ਵਿਚ ਉਸ ਦਾ ਜ਼ਿਕਰ ਹੈ।**

ਹਾਂ, ਯੋਸੀਏ ਬਿਲਸ ਇਕ ਐਸੀ ਇਸਤਰੀ ਸੀ, ਜਿਸ ਦਾ ਮੇਰੀ ਕਵਿਤਾ ਉਤੇ ਕਾਫ਼ੀ ਡੂੰਘਾ ਪ੍ਰਭਾਵ ਪਿਆ। ਮੈਂ ਉਸ ਦਾ ਵਰਨਣ ਕਰਦਾ ਰਿਹਾ ਹਾਂ, ਆਪਣੀਆਂ ਤਾਜ਼ਾ ਪੁਸਤਕਾਂ ਵਿਚ ਵੀ।

**ਤੁਹਾਡੀਆਂ ਰਚਨਾਵਾਂ ਦਾ ਤੁਹਾਡੀ ਵਿਅਕਤੀਗਤ ਜ਼ਿੰਦਗੀ ਨਾਲ ਬੜਾ ਸੰਘਣਾ ਸਬੰਧ ਹੈ?**

ਬਿਲਕੁਲ, ਕਵਿਤਾ ਵਿਚ ਕਵੀ ਦੇ ਜੀਵਨ ਦਾ ਪ੍ਰਤੀਬਿੰਬ ਹੁੰਦਾ ਹੈ, ਇਹ ਕਲਾ ਦਾ ਨੇਮ ਹੈ ਤੇ ਕਵਿਤਾ ਦਾ ਵੀ।

**ਆਪ ਦੀਆਂ ਰਚਨਾਵਾਂ ਨੂੰ ਵੱਖ ਵੱਖ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਜਾਂ ਨਹੀਂ?**

ਇਸ ਬਾਰੇ ਵਿਚ ਮੈਨੂੰ ਖਾਸੀ ਉਲਝਣ ਹੈ। ਮੈਨੂੰ ਵੱਖਰੇ ਵੱਖਰੇ ਭਾਗਾਂ ਦਾ ਕੋਈ ਅਹਿਸਾਸ ਨਹੀਂ ਹੈ। ਉਨ੍ਹਾਂ ਨੂੰ ਆਲੋਚਕ ਵੇਖਦੇ ਹਨ। ਜੇ ਮੈਂ ਕੁੱਝ ਕਹਿ ਸਕਦਾ ਹਾਂ ਤਾਂ ਇਹ ਮੇਰੀ ਕਵਿਤਾ ਵਿਚ ਇਕ ਖਾਸ ਗੁਣ ਰਿਹਾ ਹੈ। ਜਦ ਮੈਂ ਬੱਚਾ ਸੀ ਤਾਂ ਇਹ ਬਾਲਾਂ ਵਰਗੀ ਸੀ, ਜਦ ਜਵਾਨ ਸੀ ਤਾਂ ਦੁੱਖਾਂ ਭਰੀ ਤੇ ਉਦਾਸ ਸੀ, ਜਦੋਂ ਸਮਾਜਿਕ ਸੰਘਰਸ਼ ਵਿਚ ਸ਼ਾਮਿਲ ਹੋਣਾ ਪਿਆ ਤਾਂ ਜ਼ਿੰਦਗੀ ਜੁਝਾਰੂ ਹੋ ਗਈ, ਮੇਰੀ ਹੁਣ ਦੀ ਕਵਿਤਾ ਵਿਚ ਇਨ੍ਹਾਂ ਪ੍ਰਵਿਰਤੀਆਂ ਦੀ ਮਿਲੀ-ਜੁਲੀ ਛਾਇਆ ਹੈ। ਮੈਂ ਹਮੇਸ਼ਾ ਆਪਣੀ ਅੰਤਰਿਕ ਲੋੜ ਅਨੁਸਾਰ ਲਿਖਿਆ ਹੈ ਤੇ ਮੇਰਾ ਖ਼ਿਆਲ ਹੈ ਕਿ ਹਰ ਲੇਖਕ ਦੇ ਨਾਲ ਇੰਜ ਹੁੰਦਾ ਹੈ, ਕਵੀਆਂ ਨਾਲ ਖਾਸ ਤੌਰ 'ਤੇ।

**ਮੈਂ ਤੁਹਾਨੂੰ ਕਾਰ ਵਿਚ ਵੀ ਲਿਖਦੇ ਵੇਖਿਆ ਹੈ?**

ਹੁਣ ਵੀ ਮੈਂ ਜਿਥੇ ਲਿਖ ਸਕਾਂ, ਲਿਖ ਲੈਂਦਾ ਹਾਂ। ਪਰ ਲਿਖਦਾ ਅਵੱਸ਼ ਹਾਂ। ਮੈਨੂੰ ਜ਼ਿੰਦਗੀ ਦੇ ਕਾਰੋਬਾਰ ਵਿਚ, ਆਪਣੇ ਘਰ, ਰਾਜਨੀਤੀ ਅਤੇ ਪ੍ਰਕਿਰਤੀ ਦੀਆਂ ਹਲਚਲਾਂ ਵਿਚ ਭਿਆਲ ਹੋਣਾ ਜ਼ਿਆਦਾ ਚੰਗਾ ਲਗਦਾ ਹੈ। ਮੈਂ ਹਮੇਸ਼ਾ ਆਉਂਦਾ ਤੇ ਜਾਂਦਾ ਰਹਿੰਦਾ ਹਾਂ। ਪਰ ਮੈਂ ਜਦੋਂ ਵੀ ਤੇ ਜਿਥੇ ਵੀ ਸਹੂਲਤ ਹੋਵੇ, ਤੇਜ਼ੀ ਨਾਲ ਲਿਖਦਾ ਹਾਂ। ਚਾਰੇ ਪਾਸੇ ਬਹੁਤ ਸਾਰੇ ਲੋਕ ਹੋਣ, ਤਾਂ ਵੀ ਮੈਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ।

**ਕੀ ਤੁਸੀਂ ਆਪਣੇ ਆਪ ਨੂੰ ਆਸ-ਪਾਸ ਦੀਆਂ ਚੀਜ਼ਾਂ ਨਾਲੋਂ ਕੱਟ ਲੈਂਦੇ ਹੋ?**

ਕੱਟ ਲੈਂਦਾ ਹਾਂ ਤੇ ਫਿਰ ਜੇ ਅਚਾਨਕ ਸ਼ਾਂਤੀ ਹੋ ਜਾਵੇ ਤਾਂ ਮੈਨੂੰ ਰੁਕਾਵਟ ਜਿਹੀ ਅਨੁਭਵ ਹੁੰਦੀ ਹੈ।

**ਕੀ ਆਪ ਹਰ ਚੀਜ਼ ਹੱਥ ਨਾਲ ਲਿਖਦੇ ਹੋ?**

ਇਕ ਦੁਰਘਟਨਾ ਵਿਚ ਜਦੋਂ ਮੇਰੀ ਇਕ ਉਂਗਲੀ ਟੁੱਟ ਗਈ ਤੇ ਕੁੱਝ ਮਹੀਨੇ ਮੈਂ ਟਾਈਪ ਰਾਈਟਰ ਉਤੇ ਨਹੀਂ ਲਿਖ ਸਕਿਆ ਸੀ, ਤਦ ਮੈਂ ਆਪਣੀ ਜਵਾਨੀ ਵੇਲੇ ਦਾ ਤਰੀਕਾ ਅਪਣਾਇਆ ਤੇ ਹੱਥ ਨਾਲ ਲਿਖਣਾ ਸ਼ੁਰੂ ਕੀਤਾ। ਉਂਗਲੀ ਠੀਕ ਹੋਣ ਉਤੇ ਫਿਰ ਤੋਂ ਟਾਈਪ ਕਰਨ 'ਤੇ ਮੈਨੂੰ ਲੱਗਿਆ ਕਿ ਜੋ ਕਵਿਤਾਵਾਂ ਮੈਂ ਹੱਥ ਨਾਲ ਲਿਖੀਆਂ ਸਨ, ਉਹ ਜ਼ਿਆਦਾ ਸੰਵੇਦਨਸ਼ੀਲ ਬਣ ਗਈਆਂ ਸਨ। ਉਨ੍ਹਾਂ ਦੇ ਲਚਕੀਲੇ ਰੂਪ ਸੌਖੀ ਤਰ੍ਹਾਂ ਬਦਲੇ ਜਾ ਸਕਦੇ ਹਨ। ਰਾਬਰਟ ਗ੍ਰੇਵਸ ਨੇ ਕਿਸੇ ਇੰਟਰਵਿਊ ਵਿਚ ਕਿਹਾ ਹੈ ਕਿ ਚਿੰਤਨ ਕਰਨ ਲਈ ਆਦਮੀ ਨੂੰ ਆਪਣੇ ਇਰਦ-ਗਿਰਦ ਐਸੀ ਚੀਜ਼ ਘੱਟ ਤੋਂ ਘੱਟ ਰੱਖਣੀ ਚਾਹੀਦੀ ਹੈ ਜੋ ਹੱਥ ਨਾਲ ਬਣੀ ਨਾ ਹੋਵੇ। ਮੈਂ ਐਨੀ ਗੱਲ ਹੋਰ ਜੋੜ ਦਿੰਦਾ ਹਾਂ ਕਿ ਕਵਿਤਾ ਹੱਥ ਨਾਲ ਹੀ ਲਿਖਣੀ ਚਾਹੀਦੀ ਹੈ। ਟਾਈਪ ਰਾਈਟਰ ਨੇ ਮੈਨੂੰ ਕਵਿਤਾ ਨਾਲ ਡੂੰਘੀ ਨੇੜਤਾ ਨਾਲੋਂ ਕੁੱਝ ਕੱਟ ਦਿਤਾ ਹੈ। ਹੱਥ ਨਾਲ ਲਿਖਣ ਸਕਦਾ ਉਹ ਨੇੜਤਾ ਜਿਵੇਂ ਵਾਪਸ ਆ ਗਈ।

**ਤੁਹਾਡਾ ਲਿਖਣ ਦਾ ਸਮਾਂ ਕਿਹੜਾ ਹੈ?**

ਕੋਈ ਨਿਸ਼ਚਿਤ ਸਮਾਂ ਨਹੀਂ। ਪਰ ਮੈਂ ਸਵੇਰੇ ਲਿਖਣਾ ਜ਼ਿਆਦਾ ਪਸੰਦ ਕਰਦਾ ਹਾਂ। ਅਰਥਾਤ ਜੇ ਤੂੰ ਮੇਰਾ ਤੇ ਆਪਣਾ ਸਮਾਂ ਹੁਣ ਖਰਾਬ ਨਾ ਕਰ ਰਹੀ ਹੁੰਦੀ ਤਾਂ ਮੈਂ ਲਿਖ ਰਿਹਾ ਹੁੰਦਾ। ਦਿਨ ਵੇਲੇ ਮੈਂ ਜ਼ਿਆਦਾ ਨਹੀਂ ਪੜ੍ਹਦਾ। ਸਗੋਂ ਮੈਂ ਸਾਰਾ ਦਿਨ ਲਿਖ ਸਕਦਾ ਹਾਂ। ਪਰ ਅਕਸਰ ਕਿਸੇ ਵਿਚਾਰ, ਕਿਸੇ ਪ੍ਰਗਟਾਵੇ ਜਾਂ ਅੰਦਰੋਂ ਕਿਸੇ ਬਹੁਤ ਉਤੇਜਨਾ ਨਾਲ ਆਈ ਹੋਈ ਕਿਸੇ ਗੱਲ ਦਾ ਪੂਰਣਤਾ, ਆਪ ਉਸ ਨੂੰ ਪ੍ਰੇਰਨਾ ਜਿਹਾ ਪੁਰਾਣਾ ਨਾਮ ਵੀ ਦੇ ਸਕਦੇ ਹੋ - ਮੈਨੂੰ ਪੂਰੀ ਤਰ੍ਹਾਂ ਸੰਤੁਸ਼ਟ ਕਰ ਜਾਂਦੀ ਹੈ, ਜਾਂ ਨਿਚੋੜ ਕੇ ਰੱਖ ਦਿੰਦੀ ਹੈ ਜਾਂ ਸ਼ਾਂਤ ਜਾਂ ਖਾਲੀ ਕਰ ਜਾਂਦੀ ਹੈ। ਮਤਲਬ ਇਹ ਕਿ ਮੈਂ ਜ਼ਿਆਦਾ ਨਹੀਂ ਚੱਲ ਸਕਦਾ। ਇਸ ਤੋਂ ਬਿਨਾਂ ਦਿਨ ਭਰ ਲਗਾਤਾਰ ਮੇਜ ਉਤੇ ਝੁਕੇ ਰਹਿਣਾ ਮੈਨੂੰ ਪਸੰਦ ਨਹੀਂ ਹੈ। ਉਸ ਲੇਖਕ ਲਈ ਜਿਸ ਦੇ ਨਾਲ ਪੰਜਾਹ ਸਾਲ ਦੀ ਸਿਰ-ਜਣਾ ਹੈ। ਲੋਕ ਆਖਦੇ ਰਹਿੰਦੇ ਨੇ, ''ਵੇਖੋ ਉਹ ਕਿਸ ਤਰ੍ਹਾਂ ਰਹਿੰਦਾ ਹੈ? ਸਮੁੰਦਰ ਵੱਲ ਖੁਲਦਾ ਮਕਾਨ ਹੈ ਤੇ ਪੀਣ ਲਈ ਵਧੀਆ ਸ਼ਰਾਬ'' ਅਵੱਲ ਤਾਂ ਚਿੱਲੀ ਵਿਚ ਕੋਈ ਘਟੀਆ ਸ਼ਰਾਬ ਪੀ ਵੀ ਨਹੀਂ ਸਕਦਾ, ਕਿਉਂਕਿ ਇਥੋਂ ਦੀਆਂ ਲਗਭਗ ਸਾਰੀਆਂ ਸ਼ਰਾਬਾਂ ਚੰਗੀਆਂ ਹੁੰਦੀਆਂ ਹਨ। ਇਹ ਇਕ ਅਜਿਹੀ ਗੱਲ ਹੈ ਜੋ ਉਜਾਗਰ ਕਰਦੀ ਹੈ ਕਿ ਸਾਡਾ ਦੇਸ਼ ਘੱਟ ਵਿਕਸਿਤ ਦੇਸ਼ ਹੈ। ਕੁੱਲ ਮਿਲਾ ਕੇ ਇਹ ਕਿ ਸਾਡੇ ਤਰੀਕੇ ਸਤੱਈ ਹਨ। ਤੁਸੀਂ ਹੀ ਮੈਨੂੰ ਦੱਸਿਆ ਹੈ ਕਿ ਇਕ ਪਾਸੇ ਉਤਰੀ ਅਮਰੀਕਾ (ਯੂ.ਐਸ.ਏ.) ਵਿਚ ਇਕ ਪ੍ਰੱਤਿਕਾ ਨੇ ਨਾਰਮਲ ਮੇਲਰ ਨੂੰ ਤਿੰਨ ਲੇਖਾਂ ਦੇ ਨਾਲ ਨੱਬੇ ਹਜ਼ਾਰ ਡਾਲਰ ਦਿਤੇ। ਇਥੇ ਕਿਸੇ ਲਾਤੀਨੀ ਅਮਰੀਕੀ ਲੇਖਕ ਨੂੰ ਆਪਣੀ ਰਚਨਾ ਉਤੇ ਜੇ ਏਨਾ ਇਵਜ਼ਾਨਾ ਮਿਲ ਜਾਵੇ ਤਾਂ ਇਸ



ਉਤੇ ਪ੍ਰਸੰਨ ਹੋਣ ਦੀ ਥਾਂ- ਕਿ ਕਿਸੇ ਲੇਖਕ ਨੂੰ ਏਨਾ ਪੈਸਾ ਮਿਲ ਵੀ ਸਕਦਾ ਹੈ, ਦੂਸਰੇ ਲੇਖਕਾਂ ਵਿਚੋਂ ਵਿਰੋਧ ਦੀ ਲਹਿਰ ਫੈਲ ਜਾਏਗੀ। ਇਹ ਕਿੰਨੀ ਘ੍ਰਿਣਤ ਗੱਲ ਹੈ, ਕਿੰਨੀ ਭਿਅੰਕਰ। ਇਹੀ ਕਿਹਾ ਜਾਵੇਗਾ। ਖੈਰ, ਜਿਵੇਂ ਮੈਂ ਆਖਿਆ ਹੈ ਕਿ ਇਹ ਮੰਦੇ ਭਾਗ ਹਨ, ਜੋ ਸਭਿਆਚਾਰਕ ਪਛੜੇਪਨ ਦੇ ਨਾਂ ਉਤੇ ਚੱਲਦੇ ਰਹਿੰਦੇ ਹਨ।

**ਕੀ ਇਹ ਦੂਸ਼ਣ ਇਸ ਲਈ ਵਜ਼ਨਦਾਰ ਨਹੀਂ ਕਿ ਆਪ ਕਮਿਊਨਿਸਟ ਪਾਰਟੀ ਵਿਚ ਹੋ?**

ਬਿਲਕੁਲ ਨਹੀਂ। ਅਨੇਕ ਵਾਰ ਆਖਿਆ ਗਿਆ ਹੈ ਕਿ ਜਿਸ ਦੇ ਪਾਸ ਕੁੱਝ ਨਹੀਂ ਹੈ, ਉਸ ਦੇ ਪਾਸ ਗਵਾਉਣ ਲਈ ਜੰਜੀਰਾਂ ਦੇ ਸਿਵਾ ਕੁੱਝ ਨਹੀਂ ਹੁੰਦਾ। ਮੇਰਾ ਜੀਵਨ, ਮੇਰਾ ਵਿਅਕਤੀਤੱਵ ਤੇ ਮੇਰੇ ਕੋਲ ਜੋ ਕੁੱਝ ਵੀ ਹੈ, ਉਹ ਸਭ ਕੁੱਝ ਦਾਅ 'ਤੇ ਲੱਗਾ ਰਹਿੰਦਾ ਹੈ। ਮੇਰੀਆਂ ਕਿਤਾਬਾਂ, ਮੇਰਾ ਘਰ। ਮੇਰਾ ਘਰ ਸਾੜ ਦਿੱਤਾ ਗਿਆ, ਮੇਰੇ ਉਤੇ ਦੂਸ਼ਣ ਲਾਏ ਗਏ। ਮੈਨੂੰ ਇਕ ਨਹੀਂ, ਕਈ ਵਾਰ ਹਿਰਾਸਤ ਵਿਚ ਰੱਖਿਆ ਗਿਆ। ਹਜ਼ਾਰਾਂ ਪੁਲਿਸ ਵਾਲਿਆਂ ਨੂੰ ਮੇਰੀ ਤਲਾਸ਼ ਰਹੀ। ਠੀਕ ਹੈ ਮੇਰੇ ਕੋਲ ਜੋ ਕੁੱਝ ਹੈ, ਉਸ ਵਿਚ ਮੈਨੂੰ ਕੋਈ ਚੈਨ ਨਹੀਂ। ਸੋ ਜੋ ਕੁੱਝ ਮੇਰੇ ਪਾਸ ਹੈ, ਉਸ ਨੂੰ ਜਨਤਾ ਨੂੰ, ਉਸ ਦੇ ਸੰਘਰਸ਼ਾਂ ਨੂੰ ਸੌਂਪ ਦਿਤਾ ਹੈ ਤੇ ਇਹ ਮਕਾਨ, ਜਿਥੇ ਨੂੰ ਬੈਠੀ ਹੈਂ, ਮੈਂ ਵੀਹ ਸਾਲ ਪਹਿਲਾਂ ਇਕ ਸਰਵ ਜਨਕ ਪ੍ਰਵਾਨੇ ਦੇ ਰਾਹੀਂ ਪਾਰਟੀ ਨੂੰ ਦੇ ਦਿਤਾ ਹੈ। 20 ਸਾਲ ਪਾਰਟੀ ਦੀ ਜਾਇਦਾਦ ਰਿਹਾ। ਮੈਂ ਆਪਣੀ ਪਾਰਟੀ ਦੀ ਮੈਂਬਰੀ ਦੇ ਚਲਦੇ ਹੋਏ ਇਥੇ ਰਹਿ ਰਿਹਾ ਹਾਂ। ਮੇਰੀ ਭੰਡੀ ਕਰਨ ਵਾਲੇ ਵੀ ਅਜਿਹਾ ਕਰ ਵਿਖਾਉਣ। ਜੇ ਹੋਰ ਨਹੀਂ ਤਾਂ ਆਪਣੀਆਂ ਜੁੱਤੀਆਂ ਹੀ ਕਿਤੇ ਛੱਡ ਦੇਣ, ਤਾਂ ਕਿ ਕਿਸੇ ਦੂਸਰੇ ਦੇ ਕੰਮ ਆ ਸਕਣ।

**ਆਪ ਨੇ ਅਨੇਕ ਪੁਸਤਕ ਭੰਡਾਰ ਦਾਨ ਕੀਤੇ ਹਨ। ਕੀ ਇਹ ਸੱਚ ਹੈ ਕਿ ਇਨ੍ਹਾਂ ਦਿਨਾਂ ਵਿਚ ਆਪ ਦੀ 'ਈਸਲਾ ਨੇਗਰਾ' ਵਿਚ ਇਕ ਲੇਖਕ ਬਸਤੀ ਬਣਾਉਣ ਦੀ ਯੋਜਨਾ ਸੀ?**

ਮੈਂ ਦੇਸ਼ ਦੇ ਵਿਸ਼ਵ-ਵਿਦਿਆਲੇ ਨੂੰ ਇਕ ਤੋਂ ਵੱਧ ਪੁਸਤਕ ਭੰਡਾਰ ਭੇਂਟ ਕੀਤੇ ਹਨ। ਮੈਂ ਆਪਣੀਆਂ ਪੁਸਤਕਾਂ ਤੋਂ ਹੋਣ ਵਾਲੀ ਰਾਇਲਟੀ ਉਤੇ ਗੁਜ਼ਾਰਾ ਕਰਦਾ ਹਾਂ। ਮੇਰੇ ਕੋਲ ਕਿਸੇ ਕਿਸਮ ਦੀ ਬੱਚਤ ਨਹੀਂ ਹੈ। ਹਰ ਮਹੀਨੇ ਕਿਤਾਬਾਂ ਤੋਂ ਮਿਲਣ ਵਾਲੇ ਧਨ ਤੋਂ ਬਿਨਾਂ ਮੇਰੇ ਕੋਲ ਖ਼ਰਚਣ ਲਈ ਕੁੱਝ ਵੀ ਨਹੀਂ ਹੋਵੇਗਾ। ਬਹੁਤ ਪਿੱਛੋਂ ਜਾ ਕੇ ਮੈਂ ਸਮੁੰਦਰੀ ਤੱਟ ਉਤੇ ਜ਼ਮੀਨ ਦਾ ਇਕ ਟੁਕੜਾ ਪ੍ਰਾਪਤ ਕੀਤਾ, ਤਾਂ ਕਿ ਭਵਿੱਖ ਵਿਚ ਲੇਖਕ ਉਥੇ ਗਰਮੀਆਂ ਦਾ ਮੌਸਮ ਕੱਟ ਸਕਣ ਤੇ ਅਸਾਧਾਰਨ ਖੂਬਸੂਰਤੀ ਦੇ ਉਸ ਵਾਤਾਵਰਣ ਵਿਚ ਆਪਣਾ ਰਚਨਾਤਮਕ ਕੰਮ ਕਰ ਸਕਣ। ਇਸ ਦਾ ਨਾਂ ਕਾਂਤਾਲਾਸ ਫਾਊਂਡੇਸ਼ਨ ਹੋਵੇਗਾ ਤੇ ਉਸ ਦੇ ਨਿਰਦੇਸ਼ਕਾਂ ਵਿਚ ਵਿਸ਼ਵ-ਵਿਦਿਆਲੇ ਅਤੇ ਸੁਸਾਇਟੀ ਆਫ਼ ਆਰਟਸ ਦੇ ਲੋਕ ਹੋਣਗੇ।

**ਤੁਹਾਡੇ ਪਹਿਲੇ ਸੰਗ੍ਰਹਿਆਂ ਵਿਚ ਇਕ ਸੰਗ੍ਰਹਿ ''ਵੀਹ ਪਿਆਰ ਕਵਿਤਾਵਾਂ ਤੇ ਇਕ ਨਿਰਾਸ਼ਾ ਗੀਤ'' ਲੱਖਾਂ ਪਾਠਕਾਂ ਦੁਆਰਾ ਪੜ੍ਹਿਆ ਜਾ ਰਿਹਾ ਹੈ।**

ਜਿਸ ਐਡੀਸ਼ਨ ਨਾਲ ਉਸ ਪੁਸਤਕ ਦੀਆਂ 10 ਲੱਖ ਕਾਪੀਆਂ ਦਾ ਪ੍ਰਕਾਸ਼ਨ ਪੂਰਾ ਹੋਇਆ, ਉਸ ਦੀ ਭੂਮਿਕਾ ਵਿਚ ਮੈਂ ਲਿਖਿਆ ਸੀ ਕਿ ਮੈਨੂੰ ਸੱਚਮੁਚ ਪਤਾ ਨਹੀਂ ਕਿ ਇਹ ਸਭ ਕਿਸ ਦੀ ਬਾਬਤ ਹੈ। ਕਿਉਂ ਪ੍ਰੇਮ ਦੀ ਉਦਾਸੀ, ਪ੍ਰੇਮ ਦੀ ਪੀੜਾ ਦੀ ਇਹ ਪੁਸਤਕ ਏਨੇ ਸਾਰੇ ਲੋਕਾਂ, ਏਨੇ ਨੌਜਵਾਨਾਂ ਦੁਆਰਾ ਪੜ੍ਹੀ ਜਾਂਦੀ ਹੈ। ਸੱਚ, ਮੈਨੂੰ ਸਮਝ ਵਿਚ ਨਹੀਂ ਆਈ, ਸ਼ਾਇਦ ਇਹ ਕਈ ਸਾਰੇ ਰਹੱਸਾਂ ਦਾ ਇਕ ਜਵਾਨ ਅੰਦਾਜ਼ ਪੇਸ਼ ਕਰਦੀ ਹੈ। ਸ਼ਾਇਦ ਇਹ ਉਨ੍ਹਾਂ ਬੁਝਾਰਤਾਂ ਦਾ ਹੱਲ ਪੇਸ਼ ਕਰਦੀ ਹੋਵੇ। ਇਹ ਇਕ ਸੋਗਮਈ ਸੰਗ੍ਰਹਿ ਹੈ। ਪਰ ਇਸ ਦੀ ਖਿੱਚ ਪੁਰਾਣੀ ਨਹੀਂ ਹੋਈ।

**ਤੁਸੀਂ ਉਨ੍ਹਾਂ ਕਵੀਆਂ ਵਿਚੋਂ ਹੋ, ਜਿਨ੍ਹਾਂ ਦੀਆਂ ਰਚਨਾਵਾਂ ਦੇ ਸਭ ਤੋਂ ਵੱਧ ਅਨੁਵਾਦ ਹੋਏ ਹਨ। ਕੋਈ ਤੀਹ ਭਾਸ਼ਾਵਾਂ ਵਿਚ। ਸਭ ਤੋਂ ਚੰਗਾ ਅਨੁਵਾਦ ਕਿਸ ਭਾਸ਼ਾ ਵਿਚ ਹੋਇਆ?**

ਮੇਰੇ ਵਿਚਾਰ ਵਿਚ ਇਤਾਲਵੀ ਵਿਚ, ਸ਼ਾਇਦ ਇਸ ਲਈ ਕਿ ਦੋਵਾਂ ਭਾਸ਼ਾਵਾਂ ਵਿਚ ਸਮਾਨਤਾ ਬਹੁਤ ਹੈ। ਇਤਾਲਵੀ ਤੋਂ ਬਿਨਾਂ ਮੈਂ ਅੰਗਰੇਜ਼ੀ ਤੇ ਫ਼ਰਾਂਸੀਸੀ ਜਾਣਦਾ ਹਾਂ, ਪਰ ਇਨ੍ਹਾਂ ਭਾਸ਼ਾਵਾਂ ਦਾ ਸਪੇਨੀ ਨਾਲ ਕੋਈ ਤਾਲਮੇਲ ਨਹੀਂ ਹੈ। ਨਾ ਉਚਾਰਣ, ਨਾ ਸੰਯੋਜਨ ਵਿਚ, ਨਾ ਰੰਗਤ, ਨਾ ਸ਼ਬਦਾਂ ਦੇ ਵਜ਼ਨ ਵਿਚ, ਪਰ ਅਨੁਵਾਦ ਵਿਚ ਅਰਥਾਂ ਦੀ ਯਥਾਰਥਕਤਾ, ਕਵਿਤਾ ਦਾ ਨਾਸ਼ ਵੀ ਮਾਰ ਸਕਦੀ ਹੈ। ਫ਼ਰਾਂਸੀਸੀ ਵਿਚ ਹੋਏ ਅਨੁਵਾਦਾਂ ਵਿਚ, ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਅਨੁਵਾਦਾਂ ਵਿਚ, ਮੇਰੀ ਕਵਿਤਾ ਗੁੰਮ ਹੋ ਜਾਂਦੀ ਹੈ, ਕੁੱਝ ਬਚਿਆ ਨਹੀਂ ਰਹਿੰਦਾ। ਕੋਈ ਚਾਰਾ ਵੀ ਨਹੀਂ ਹੈ ਕਿ ਕਿਉਂਕਿ ਅਨੁਵਾਦ ਵੀ ਉਹੀ ਗੱਲ ਕਹਿੰਦਾ ਹੈ ਜੋ ਮੂਲ ਵਿਚ ਲਿਖਿਆ ਗਿਆ ਹੈ। ਪਰ ਇਹ ਸਾਫ਼ ਹੈ ਕਿ ਮੈਂ ਜੇ ਫ਼ਰਾਂਸੀਸੀ ਕਵੀ ਹੁੰਦਾ ਤਾਂ ਉਸ ਕਵਿਤਾ ਵਿਚ ਮੈਂ ਜੋ ਆਖਿਆ ਹੈ, ਉਹ ਨਾ ਕਿਹਾ ਹੁੰਦਾ। ਕਿਉਂਕਿ ਫਰਾਂਸੀਸੀ ਵਿਚ ਸ਼ਬਦਾਂ ਦਾ ਵਜ਼ਨ ਐਨਾ ਵੱਖਰਾ ਹੈ ਤਾਂ ਮੈਂ ਕੁੱਝ ਹੋਰ ਹੀ ਲਿਖਿਆ ਹੁੰਦਾ।

**ਤੇ ਅੰਗਰੇਜ਼ੀ ਵਿਚ?**

ਅੰਗਰੇਜ਼ੀ ਵਿਚ ਮੈਨੂੰ ਲਗਦਾ ਹੈ ਕਿ ਸਪੇਨੀ ਨਾਲੋਂ ਵੱਖਰੀ ਹੈ, ਏਨਾ ਵਿਰੋਧ ਹੈ ਕਿ ਮੇਰੀ ਕਵਿਤਾ ਦਾ ਅਰਥ ਤਾਂ ਉਸ ਵਿਚ ਆ ਜਾਂਦਾ ਹੈ ਪਰ ਉਸ ਦੇ ਵਾਤਾਵਰਣ ਨੂੰ ਉਹ ਪ੍ਰਗਟ ਨਹੀਂ ਕਰ ਸਕਦੀ। ਸ਼ਾਇਦ ਕਿਸੇ ਅੰਗਰੇਜ਼ੀ ਕਵੀ ਦਾ ਸਪੇਨੀ ਭਾਸ਼ਾ ਵਿਚ ਅਨੁਵਾਦ ਕਰਦੇ ਹੋਏ ਵੀ ਅਜਿਹਾ ਹੁੰਦਾ ਹੈ।

**? ਵਾਰਤਕ ਨੂੰ ਆਪਨੇ ਕਦੇ ਜ਼ਿਆਦਾ ਮਹੱਤਵ ਨਹੀਂ ਦਿਤਾ।**

ਵਾਰਤਕ... ਮੈਨੂੰ ਆਪਣੀ ਜ਼ਿੰਦਗੀ ਵਿਚ ਕਵਿਤਾ ਲਿਖਣ ਦੀ ਜ਼ਰੂਰਤ ਅਨੁਭਵ ਹੁੰਦੀ ਰਹੀ ਹੈ। ਵਾਰਤਕਮਈ ਪ੍ਰਗਟਾਵੇ ਵਿਚ ਮਨ ਨਹੀਂ ਲਗਦਾ। ਵਾਰਤਕ ਦਾ ਸਹਾਰਾ ਮੈਂ ਕਿਸੇ ਖਾਸ ਤਰ੍ਹਾਂ ਦੀ ਉਡਦੀ ਹੋਈ ਭਾਵਨਾ, ਜਾਂ ਘਟਨਾ ਦਾ ਪ੍ਰਗਟਾਵਾ ਕਰਨ ਲਈ ਲੈਂਦਾ ਹਾਂ। ਜਿਸ ਵਿਚ ਕਿਸੇ ਵਰਣਾਤਮਿਕਤਾ ਦੀ ਸੰਭਾਵਨਾ ਹੋਵੇ। ਸੱਚ ਤਾਂ ਇਹ ਹੈ ਕਿ ਮੈਂ ਗਦ ਲਿਖਣਾ ਇਕਦਮ ਛੱਡ ਸਕਦਾ ਹਾਂ। ਬੱਸ ਕਦੇ-ਕਦੇ ਹੀ ਲਿਖਦਾ ਹਾਂ।

**ਜੇ ਕਦੇ ਆਪ ਦੀਆਂ ਰਚਨਾਵਾਂ ਨੂੰ ਅੱਗ ਪੈ ਜਾਵੇ ਤਾਂ ਤੁਸੀਂ ਕਿਹੜੀ ਰਚਨਾ ਨੂੰ ਬਚਾਉਗੇ?**

ਸ਼ਾਇਦ ਉਨ੍ਹਾਂ ਵਿਚੋਂ ਕੋਈ ਵੀ ਨਹੀਂ। ਉਹ ਮੇਰੇ ਕਿਸ ਕੰਮ ਆਉਣਗੀਆਂ? ਉਨ੍ਹਾਂ ਦੀ ਥਾਂ ਮੈਂ ਇਕ ਲੜਕੀ ਨੂੰ ਬਚਾਉਣਾ ਚਾਹਾਂਗਾ... ਜਾਂ ਜਾਸੂਸੀ ਕਹਾਣੀਆਂ ਦੀ ਕਿਸੇ ਵਧੀਆ ਕਿਤਾਬ ਨੂੰ। ਉਸ ਨਾਲ ਮੇਰਾ ਆਪਣੀਆਂ ਰਚਨਾਵਾਂ ਦੇ ਟਾਕਰੇ ਉਤੇ ਕਿਤੇ ਵੱਧ ਮਨ ਪ੍ਰਚਾਵਾ ਹੋਵੇਗਾ।

**ਆਪ ਦੀਆਂ ਰਚਨਾਵਾਂ ਨੂੰ ਕਿਸ ਆਲੋਚਕ ਨੇ ਚੰਗੀ ਤਰ੍ਹਾਂ ਸਮਝਿਆ ਹੈ?**

ਓ ਯਾਰ, ਮੇਰੇ ਆਲੋਚਕਾਂ ਨੇ ਤਾਂ ਦੁਨੀਆ ਭਰ ਦੀ ਨਫ਼ਰਤ ਜਾਂ ਪ੍ਰੇਮ ਨਾਲ ਮੇਰੀਆਂ ਧੱਜੀਆਂ ਉਡਾ ਕੇ ਰੱਖ ਦਿਤੀਆਂ ਹਨ। ਕਲਾ ਦੀ ਤਰ੍ਹਾਂ, ਜ਼ਿੰਦਗੀ ਵਿਚ ਵੀ ਤੁਸੀਂ ਹਰ ਇਕ ਨੂੰ ਖੁਸ਼ ਨਹੀ ਰੱਖ ਸਕਦੇ। ਤੇ ਇਹ ਇਕ ਐਸੀ ਸਥਿਤੀ ਹੈ ਜੋ ਹਮੇਸ਼ਾ ਬਣੀ ਰਹਿੰਦੀ ਹੈ। ਤੁਹਾਨੂੰ ਹਮੇਸ਼ਾ ਹੀ ਚੋਭ ਅਤੇ ਕੰਡੇ ਮਿਲ ਰਹੇ ਹਨ, ਲਾਡ ਤੇ ਦੁਲੱਤੇ ਮਿਲ ਰਹੇ ਹਨ ਤੇ ਇਹੀ ਕਵੀ ਦੀ ਜ਼ਿੰਦਗੀ ਹੈ, ਜਿਸ ਗੱਲ ਤੋਂ ਮੈਨੂੰ ਪ੍ਰੇਸ਼ਾਨੀ ਹੁੰਦੀ ਹੈ, ਉਹ ਹੈ ਤੁਹਾਡੀ ਕਵਿਤਾ ਜਾਂ ਜ਼ਿੰਦਗੀ ਦੀਆਂ ਘਟਨਾਵਾਂ ਦੀ ਤੋੜ-ਮਰੋੜ ਕੇ ਕੀਤੀ ਗਈ ਵਿਆਖਿਆ। ਉਦਾਹਰਣ ਲਈ, ਨਿਊਯਾਰਕ ਵਿਚ ਪੀ.ਈ.ਐਨ. ਕਲੱਬ ਦੇ ਸਮਾਗਮ ਵਿਚ ਜਿਥੇ ਅਨੇਕ ਥਾਵਾਂ ਤੋਂ ਅਨੇਕ ਲੋਕਾਂ ਨੂੰ ਇਕੱਠੇ ਹੋਣ ਦਾ ਅਵਸਰ ਮਿਲਿਆ ਸੀ, ਮੈਂ ਉਥੇ ਆਪਣੀਆਂ ਸਮਾਜਿਕ ਕਵਿਤਾਵਾਂ ਪੜ੍ਹੀਆਂ ਸਨ ਤੇ ਉਸ ਤੋਂ ਵੀ ਵੱਧ ਸ਼ਿਕਾਗੋ ਵਿਚ ਪੜ੍ਹੀਆਂ। ਇਹ ਕਵਿਤਾਵਾਂ ਕਿਊਬਾ ਦੇ ਲੇਖਕਾਂ ਨੇ ਲੱਖਾਂ ਦੀ ਗਿਣਤੀ ਵਿਚ ਇਕ ਪਰਚਾ ਛਪਵਾ ਕੇ ਵੰਡਿਆ, ਜਿਸ ਵਿਚ ਮੇਰੇ ਵਿਚਾਰਾਂ ਉਤੇ ਸੰਦੇਹ ਪ੍ਰਗਟ ਕੀਤਾ ਗਿਆ ਤੇ ਮੈਨੂੰ ਉਤਰੀ ਅਮਰੀਕੀਆਂ ਦੀ ਛੱਤਰ ਛਾਇਆ ਵਿਚ ਰਹਿਣ ਵਾਲਾ ਜੀਵ ਕਰਾਰ ਦਿਤਾ ਗਿਆ। ਉਸ ਵਿਚ ਇਥੋਂ ਤੀਕ ਕਿਹਾ ਗਿਆ ਕਿ ਮੈਨੂੰ ਅਮਰੀਕਾ ਸੱਦਿਆ ਜਾਣਾ ਵੀ ਇਕ ਤਰ੍ਹਾਂ ਇਨਾਮ ਹੈ। ਇਹ ਝੂਠਾ ਦੂਸ਼ਣ ਹੀ ਨਹੀਂ ਸਰਾਸਰ ਮੂਰਖਤਾਪੂਰਨ ਗੱਲ ਹੈ, ਕਿਉਂਕਿ ਸਮਾਜਵਾਦੀ ਦੇਸ਼ਾਂ ਦੇ ਵੀ, ਅਨੇਕ ਲੇਖਕ ਉਥੇ ਬਿਰਾਜਮਾਨ ਸਨ ਤੇ ਕਿਊਬਾ ਦੇ ਲੇਖਕਾਂ ਤਕ ਦੇ ਆਉਣ ਦੀ ਸੰਭਾਵਨਾ ਸੀ। ਨਿਊਯਾਰਕ ਜਾਣ ਨਾਲ ਮੇਰੇ ਸਾਮਰਾਜ ਵਿਰੋਧੀ ਚਰਿੱਤਰ ਵਿਚ ਕੋਈ ਤਬਦੀਲੀ ਨਹੀਂ ਆ ਗਈ। ਫਿਰ ਵੀ ਜਾਂ ਤੇ ਹੜ-ਬੜਾ ਕੇ, ਜਾਂ ਕਿਸੇ ਬਦਨੀਤੀ ਦੇ ਕਾਰਨ ਕਿਊਬਾਈ ਲੇਖਕਾਂ ਵਲੋਂ ਅਜਿਹਾ ਕਿਹਾ ਗਿਆ। ਅਜੇ ਮੈਂ ਆਪਣੀ ਪਾਰਟੀ ਵਲੋਂ ਲੋਕ ਰਾਜ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਖਲੋਤਾ ਹਾਂ ਤੇ ਇਸ ਤੋਂ ਵੀ ਸਪੱਸ਼ਟ ਹੈ ਕਿ ਮੇਰਾ ਇਕ ਕ੍ਰਾਂਤੀਕਾਰੀ ਇਤਿਹਾਸ ਰਿਹਾ ਹੈ। ਇਸ ਪੱਤਰ ਉਤੇ ਜਿਨ੍ਹਾਂ ਲੇਖਕਾਂ ਦੇ ਦਸਤਖ਼ਤ ਸਨ, ਉਨ੍ਹਾਂ ਵਿਚੋਂ ਇਕ ਵੀ ਐਸਾ ਨਹੀਂ ਹੈ ਕਿ ਜੋ ਕ੍ਰਾਂਤੀਕਾਰੀ ਕੰਮਾਂ ਪ੍ਰਤੀ ਐਨਾ ਨਿਸ਼ਚੇਵਾਨ ਰਿਹਾ ਹੋਵੇ, ਜਾਂ ਜਿੰਨਾ ਕੰਮ ਤੇ ਸੰਘਰਸ਼ ਮੈਂ ਕੀਤਾ ਹੈ, ਉਸ ਦੇ ਸੌਵੇਂ ਹਿੱਸੇ ਦੇ ਬਰਾਬਰ ਵੀ ਕਰ ਸਕਿਆ ਹੋਵੇ।

**ਤੁਹਾਡੇ ਰਹਿਣ-ਸਹਿਣ ਅਤੇ ਆਰਥਿਕ ਸਥਿਤੀ ਨੂੰ ਲੈ ਕੇ ਆਲੋਚਨਾ ਹੁੰਦੀ ਰਹੀ ਹੈ?**



ਇਹ ਸਾਰਾ ਕੁੱਝ ਮਨਘੜਤ ਹੈ। ਇਕ ਅਰਥ ਵਿਚ ਸਾਨੂੰ ਸਪੇਨ ਤੋਂ ਇਕ ਬੁਰੀ ਵਿਰਾਸਤ ਮਿਲੀ ਹੈ। ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਸਾਡੇ ਲੋਕੀਂ ਸਾਧਾਰਨ ਤੋਂ ਵੱਧ ਹੋਣ ਜਾਂ ਕਿਸੇ ਖੇਤਰ ਵਿਚ ਵਿਸ਼ੇਸ਼ਤਾ ਪ੍ਰਾਪਤ ਕਰ ਲੈਣ। ਕ੍ਰਿਸਟੋਫ਼ਰ ਕੋਲੰਬਸ ਜਦੋਂ ਪਰਤ ਕੇ ਸਪੇਨ ਮੁੜਿਆ ਤਾਂ ਜ਼ੰਜੀਰਾਂ ਵਿਚ ਜਕੜ ਦਿਤਾ ਗਿਆ। ਇਹ ਈਰਖਾ ਪੈਟੀ ਬੁਰਜ਼ੁਆ ਦੀ ਦੇਣ ਹੈ, ਜਿਸ ਅਧੀਨ ਬੱਸ ਇਹੀ ਖਿਆਲ ਘੁੰਮਦੇ ਰਹਿੰਦੇ ਹਨ ਕਿ ਦੂਸਰਿਆਂ ਦੇ ਪਾਸ ਕੀ ਹੈ ਅਤੇ ਇਹ ਕਿ ਸਾਡੇ ਕੋਲ ਕੀ ਨਹੀਂ ਹੈ? ਜਿਥੋਂ ਤੀਕ ਮੇਰੀ ਗੱਲ ਹੈ, ਮੈਂ ਆਪਣੀ ਜ਼ਿੰਦਗੀ ਜਨਤਾ ਦੇ ਕਲਿਆਣ ਵਾਸਤੇ ਸਮਰਪਤ ਕੀਤੀ ਹੈ ਤੇ ਮੇਰੇ ਘਰ ਵਿਚ ਜੋ ਕੁੱਝ ਵੀ ਹੈ... ਅਰਥਾਤ ਕਿਤਾਬਾਂ... ਉਹ ਮੇਰੀ ਕਲਮ ਕੀ ਮਿਹਨਤ ਦਾ ਸਿੱਟਾ ਹੈ।

**ਲਾਤੀਨੀ ਅਮਰੀਕਾ ਵਿਚ ਸਾਹਿਤਕ ਸਰਗਰਮੀਆਂ ਬਾਰੇ ਮੈਂ ਆਪ ਦੇ ਵਿਚਾਰ ਜਾਨਣਾ ਚਾਹੂੰਗੀ।**

ਕੋਈ ਵੀ ਪ੍ਰਕ੍ਰਿਕਾ ਉਠਾਓ, ਭਾਵੇਂ ਉਹ ਔਦੁਰਾਸ ਤੋਂ ਛਪਦੀ ਹੋਵੇ ਜਾਂ ਨਿਊਯਾਰਕ ਤੋਂ, ਸਪੇਨੀ ਵਿਚ ਹੋਵੇ ਜਾਂ ਮੋਤੇਵਿਕੀਓ ਵਿਚੋਂ ਜਾਂ ਨਵਾਗਾਕਿਲ ਤੋਂ। ਉਸ ਵਿਚ ਈਲੀਅਟ ਤੇ ਕਾਫ਼ਕਾ ਦੇ ਪ੍ਰਭਾਵ ਹੇਠ ਲਿਖੇ ਗਏ ਫ਼ੈਸ਼ਨੀ ਸਾਹਿਤ ਦੀ ਭਰਮਾਰ ਮਿਲੇਗੀ। ਇਹ ਸਾਂਸਕ੍ਰਿਤਕ ਬਸਤੀਵਾਦ ਦਾ ਇਕ ਨਮੂਨਾ ਹੈ। ਅਸੀਂ ਅਜੇ ਤਕ ਬਿਹਤਰ ਯੂਰਪੀ ਸੱਭਿਆਚਾਰ ਦੀ ਜਕੜ ਵਿਚ ਹਾਂ। ਉਦਾਹਰਣ ਦੇ ਤੌਰ 'ਤੇ, ਚਿੱਲੀ ਦੀਆਂ ਘਰੇਲੂ ਔਰਤਾਂ ਤੁਹਾਨੂੰ ਕੋਈ ਵੀ ਚੀਜ਼ ਜਿਵੇਂ ਚੀਨੀ ਦੀਆਂ ਪਲੇਟਾਂ ਵਿਖਾਉਂਦੇ ਹੋਏ ਇਕ ਤ੍ਰਿਪਤ ਮੁਸਕਾਨ ਨਾਲ ਦੱਸਣਗੀਆਂ ਕਿ ਇਹ ਵਿਦੇਸ਼ੀ ਹਨ। ਚਿੱਲੀ ਦੇ ਲੱਖਾਂ ਘਰਾਂ ਵਿਚ ਸਜੇ ਹੋਏ ਚੀਨੀ ਮਿੱਟੀ ਦੇ ਬਰਤਨ ਬਾਹਰੋਂ ਆਏ ਹੋਏ ਹਨ ਤੇ ਉਹ ਵੀ ਬਹੁਤ ਘਟੀਆ ਭਾਂਤ ਦੇ ਜਰਮਨੀ ਜਾਂ ਫਰਾਂਸ ਦੇ ਬਣੇ ਹੁੰਦੇ ਹਨ। ਮੂਰਖਤਾ ਦਾ ਇਹ ਮਾਲ ਉਚ ਕੋਟੀ ਦਾ ਮੰਨਿਆ ਜਾਂਦਾ ਹੈ। ਇਸ ਕਰ ਕੇ ਕਿ ਇਹ ਵਿਦੇਸ਼ ਤੋਂ ਮੰਗਵਾਇਆ ਜਾਂਦਾ ਹੈ।

**ਕੀ ਅਲੱਗ-ਥਲੱਗ ਹੋ ਜਾਣ ਦੀ ਸ਼ੰਕਾ ਇਸ ਲਈ ਜ਼ਿੰਮੇਵਾਰ ਨਹੀਂ?**

ਬਿਲਕੁਲ ਪੁਰਾਣੇ ਜ਼ਮਾਨੇ ਵਿਚ ਲੋਕੀਂ, ਖਾਸ ਤੌਰ 'ਤੇ ਲੇਖਕ ਕ੍ਰਾਂਤੀਕਾਰੀ, ਵਿਚਾਰਾਂ ਤੋਂ ਬਹੁਤ ਘਬਰਾਉਂਦੇ ਸਨ। ਇਸ ਦੇਸ਼ ਵਿਚ ਖ਼ਾਸ ਤੌਰ 'ਤੇ ਕਿਊਬੀਆਈ ਕ੍ਰਾਂਤੀ ਤੋਂ ਪਿਛੋਂ ਜੋ ਵਰਤਾਰਾ ਸ਼ੁਰੂ ਹੋਇਆ, ਉਹ ਬਿਲਕੁਲ ਉਲਟ ਹੈ। ਲੇਖਕਾਂ ਨੂੰ ਡਰ ਹੈ ਕਿਤੇ ਅਜਿਹਾ ਨਾ ਹੋਵੇ ਕਿ ਉਨ੍ਹਾਂ ਨੂੰ ਅਤਿ ਲੋਕ-ਪੱਖੀ ਨਾ ਮੰਨਿਆ ਜਾਵੇ। ਇਸ ਲਈ ਹਰ ਲੇਖਕ ਆਪਣੇ ਆਪ ਨੂੰ ਗੁਰੀਲਾ ਜਿਹੀ ਹੈਸੀਅਤ ਵਿਚ ਪਿਆ ਵੇਖਦਾ ਹੈ। ਅਜਿਹੇ ਅਨੇਕ ਲੇਖਕ ਹਨ, ਜਿਨ੍ਹਾਂ ਦੀ ਹਰ ਰਚਨਾ ਇਹ ਪ੍ਰਗਟ ਕਰਦੀ ਹੈ ਕਿ ਉਹ ਸਾਮਰਾਜਵਾਦ ਵਿਰੋਧੀ ਲੜਾਈ ਵਿਚ ਅਗਲੇ ਮੋਰਚੇ ਉਤੇ ਹਨ। ਸਾਡੇ ਵਿਚੋਂ ਉਹ ਲੋਕੀਂ ਜਿਨ੍ਹਾਂ ਨੇ ਉਹ ਲੜਾਈ ਲਗਾਤਾਰ ਲੜੀ ਸੀ, ਇਹ ਵੇਖ ਕੇ ਬਹੁਤ ਖ਼ੁਸ਼ੀ ਹੁੰਦੀ ਹੈ ਕਿ ਸਾਹਿਤ ਜਨਤਾ ਵੱਲ ਆ ਰਿਹਾ ਹੈ। ਪਰ ਸਾਡਾ ਇਹ ਵੀ ਮੰਨਣਾ ਹੈ ਕਿ ਜੇ ਉਹ ਸਿਰਫ਼ ਫ਼ੈਸ਼ਨ ਵਜੋਂ ਚੱਲਦੇ ਹਨ ਤੇ ਇਸ ਵਿਚ ਲੇਖਕਾਂ ਦੀ ਇਹ ਇੱਛਾ ਵੀ ਸ਼ਾਮਿਲ ਹੁੰਦੀ ਹੈ ਕਿ ਕਿਤੇ ਉਨ੍ਹਾਂ ਨੂੰ ਸਰਗਰਮ ਲੋਕ ਪੱਖੀ ਮੰਨਣ ਤੋਂ ਇਨਕਾਰ ਨਾ ਕਰ ਦਿਤਾ ਜਾਵੇ। ਤਾਂ ਫਿਰ ਇਸ ਤਰ੍ਹਾਂ ਦੀ ਕ੍ਰਾਂਤੀਕਾਰਿਤਾ ਦੂਰ ਤੀਕ ਨਾਲ ਨਹੀਂ ਨਿਭਦੀ। ਤੇ ਅਖ਼ੀਰ ਨੂੰ ਸਾਹਿਤ ਦੇ ਜੰਗਲ ਵਿਚ ਹਰ ਤਰ੍ਹਾਂ ਦੇ ਜਾਨਵਰ ਸਮਾ ਹੀ ਜਾਂਦੇ ਹਨ। ਇਕ ਵਾਰ ਜਦੋਂ ਕੁੱਝ ਹੱਠੀ ਕਿਸਮ ਦੇ ਘੁਸਪੈਠੀਏ ਲੇਖਕਾਂ ਵਲੋਂ ਮੇਰੇ ਉਤੇ ਕਈ ਸਾਲ ਤੀਕ ਹਮਲੇ ਹੁੰਦੇ ਰਹੇ ਤਾਂ ਲੱਗਦਾ ਸੀ ਕਿ ਉਹ ਮੇਰੀ ਕਵਿਤਾ ਤੇ ਮੇਰੇ ਜੀਵਨ ਉਤੇ ਹਮਲਾ ਕਰਨ ਲਈ ਹੀ ਜਿਊਂਦੇ ਹਨ। ਤਾਂ ਮੈਂ ਆਖਿਆ, ''ਉਨ੍ਹਾਂ ਨੂੰ ਆਪਣੇ ਹਾਲ ਉਤੇ ਛੱਡ ਦਿਉ। ਇਸ ਜੰਗਲ ਵਿਚ ਸਭ ਲਈ ਜਗ੍ਹਾ ਹੈ। ਜੇ ਇਥੇ ਹਾਥੀਆਂ ਲਈ ਜਗ੍ਹਾ ਹੈ, ਜੋ ਕਿ ਅਫ਼ਰੀਕਾ ਤੇ ਸ੍ਰੀਲੰਕਾ ਦੇ ਜੰਗਲਾਂ ਵਿਚ ਐਨੀ ਵੱਡੀ ਪੱਧਰ 'ਤੇ ਛਾਏ ਹੋਏ ਹਨ ਤਾਂ ਨਿਰਸੰਦੇਹ ਸਾਰੇ ਕਵੀਆਂ ਲਈ ਵੀ ਜਗ੍ਹਾ ਹੈ।''

**ਕੀ ਤੁਸਾਂ ਚਿੱਲੀ ਦੇ ਲੋਕ ਸੰਗੀਤ ਵਿਚ ਵੀ ਰਚਨਾਵਾਂ ਲਿਖੀਆਂ ਹਨ?**

ਕੁੱਝ ਗੀਤਾਂ ਦੀ ਰਚਨਾ ਕੀਤੀ ਹੈ ਜੋ ਇਸ ਦੇਸ਼ ਵਿਚ ਹਰਮਨ ਪਿਆਰੇ ਹਨ।

**ਰੂਸੀ ਕਵੀਆਂ ਵਿਚੋਂ ਤੁਹਾਨੂੰ ਕੌਣ ਚੰਗੇ ਲਗਦੇ ਹਨ?**

ਰੂਸੀ ਕਵਿਤਾ ਵਿਚ ਹੁਣ ਤੀਕ ਸਭ ਤੋਂ ਵੱਧ ਪ੍ਰਮੁੱਖ ਵਿਅਕਤਿਤਵ ਮਾਇਆ ਕੋਵਸਕੀ ਦਾ ਹੀ ਹੈ। ਰੂਸੀ ਕ੍ਰਾਂਤੀ ਵਿਚ ਉਸ ਦਾ ਸਥਾਨ ਉਹੀ ਹੈ, ਜੋ ਅਮਰੀਕਾ ਦੀ ਉਦਯੋਗਿਕ ਕ੍ਰਾਂਤੀ ਦੇ ਪ੍ਰਸੰਗ ਵਿਚ ਵਾਲਟ ਵਿਟਮੈਨ ਦਾ ਹੈ। ਮਾਇਆ ਕੋਵਸਕੀ ਨੇ ਕਵਿਤਾ ਵਿਚ ਇਸ ਢੰਗ ਨਾਲ ਨਵੀਂ ਜਾਨ ਪਾਈ ਕਿ ਲਗਭਗ ਸਮੁੱਚੀ ਕਵਿਤਾ ਹੀ ਮਾਇਆ ਕੋਵਸਕੀਅਨ ਹੋਣ ਲੱਗ ਪਈ।

**ਆਪਣਾ ਦੇਸ਼ ਛੱਡ ਜਾਣ ਵਾਲੇ ਰੂਸੀ ਲੇਖਕਾਂ ਦੇ ਬਾਰੇ ਵਿਚ ਆਪ ਕਿਵੇਂ ਸੋਚਦੇ ਹੋ?**

ਜੋ ਲੋਕ ਕਿਸੇ ਥਾਂ ਨੂੰ ਛੱਡਣਾ ਚਾਹੁੰਦੇ ਹਨ, ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਦਰਅਸਲ ਇਹ ਇਕ ਵਿਅਕਤੀਗਤ ਮਸਲਾ ਹੈ। ਕੁੱਝ ਸੋਵੀਅਤ ਲੇਖਕ ਸਾਹਿਤਕ ਸੰਗਠਨਾਂ ਵਿਚੋਂ ਜਾ ਆਪਣੇ ਰਾਜ ਨਾਲ ਆਪਣੇ ਸਬੰਧਾਂ ਨੂੰ ਲੈ ਕੇ ਅਸੰਤੁਸ਼ਟ ਅਨੁਭਵ ਕਰਦੇ ਹੋਣਗੇ, ਪਰ ਰਾਜ ਸੱਤਾ ਤੇ ਲੇਖਕ ਵਿਚਕਾਰ ਜਿੰਨੀ ਘੱਟ ਅਸਹਿਮਤੀ ਮੈਂ ਸਮਾਜਵਾਦੀ ਦੇਸ਼ਾਂ ਵਿਚ ਵੇਖੀ ਹੈ, ਓਨੀ ਹੋਰ ਕਿਸਤੇ ਨਹੀਂ ਹੈ। ਬਹੁਤ ਸਾਰੇ ਸੋਵੀਅਤ ਲੇਖਕਾਂ ਨੂੰ ਸਮਾਜਵਾਦੀ ਪ੍ਰਬੰਧ ਉਤੇ ਨਾਜ਼ੀਆਂ ਵਿਰੁਧ ਮੁਕਤੀ ਦੀ ਉਸ ਮਹਾਨ ਲੜਾਈ ਉਤੇ, ਕ੍ਰਾਂਤੀ ਦੇ ਮਹਾਂਯੁੱਧ ਵਿਚ ਜਨਤਾ ਦੀ ਭੂਮਿਕਾ ਉਤੇ ਫ਼ਖ਼ਰ ਹੈ ਅਤੇ ਸਮਾਜਵਾਦ ਨੇ ਜਿਸ ਪ੍ਰਬੰਧ ਦੀ ਰਚਨਾ ਕੀਤੀ ਹੈ, ਉਸ ਉਤੇ ਵੀ ਮਾਣ ਹੈ ਪਰ ਇਸ ਦੇ ਕੁੱਝ ਅਪਵਾਦ ਵੀ ਹਨ, ਤਾਂ ਇਹ ਇਕ ਨਿਜੀ ਮਾਮਲਾ ਹੈ ਤੇ ਨਾਲ ਹੀ ਅਜਿਹੇ ਹਰ ਮਾਮਲੇ ਦੀ ਵੱਖ ਵੱਖ ਪੜਤਾਲ ਕੀਤੀ ਜਾਣੀ ਚਾਹੀਦੀ ਹੈ।

**ਨੌਜਵਾਨ ਕਵੀਆਂ ਨੂੰ ਆਪ ਕੀ ਸਲਾਹ ਦੇਣਾ ਚਾਹੋਗੇ?**

ਓਏ ਨਹੀਂ। ਨੌਜਵਾਨ ਕਵੀਆਂ ਨੂੰ ਕੀ ਸਲਾਹ ਦੇਈਏ। ਉਨ੍ਹਾਂ ਨੇ ਆਪਣਾ ਰਾਹ ਆਪ ਬਣਾਉਣ ਹੈ। ਉਨ੍ਹਾਂ ਨੂੰ ਆਪਣੇ ਪ੍ਰਗਟਾਵੇ ਦੇ ਰਾਹ ਵਿਚਲੀਆਂ ਰੁਕਾਵਟਾਂ ਦਾ ਸਾਹ-ਮਣਾ ਕਰਨਾ ਹੋਵੇਗਾ ਤੇ ਉਨ੍ਹਾਂ ਉਤੇ ਜਿੱਤ ਪ੍ਰਾਪਤ ਕਰਨੀ ਹੋਵੇਗੀ। ਹਾਂ ਰਾਜਨੀਤਕ ਕਵਿਤਾ ਨਾਲ ਆਪਣੀ ਯਾਤਰਾ ਅਰੰਭ ਕਰਨ ਦੀ ਸਲਾਹ ਮੈਂ ਕਦੇ ਨਹੀਂ ਦੇਵਾਂਗਾ। ਰਾਜਨੀਤਿਕ ਕਵਿਤਾ ਵਿਚ ਦੂਸਰੀ ਕਿਸੇ ਵੀ ਕਵਿਤਾ ਨਾਲ ਜ਼ਿਆਦਾ ਡੂੰਘਾ ਭਾਵਨਾ ਵੇਗ ਹੁੰਦਾ ਹੈ। ਘੱਟ ਤੋਂ ਘੱਟ ਪ੍ਰੇਮ ਕਵਿਤਾ ਜਿਨਾਂ ਤਾਂ ਹੁੰਦਾ ਹੀ ਹੈ। ਤੇ ਉਸ ਨੂੰ ਧੱਕੇ ਨਾਲ ਨਹੀਂ ਲਿਖਿਆ ਜਾ ਸਕਦਾ। ਕਿਉਂਕਿ ਫਿਰ ਉਹ ਨਿਕੰਮੀ ਤੇ ਨਾ ਗ੍ਰਹਿਣਯੋਗ ਹੋ ਜਾਂਦੀ ਹੈ। ਇਕ ਰਾਜਨੀਤਿਕ ਕਵੀ ਹੋਣ ਲਈ ਪਹਿਲਾਂ ਦੂਸਰੀ ਹਰ ਤਰ੍ਹਾਂ ਦੀ ਕਵਿਤਾ ਵਿਚੋਂ ਦੀ ਗੁਜ਼ਰਨਾ ਜ਼ਰੂਰੀ ਹੈ। ਰਾਜਨੀਤਿਕ ਕਵੀ ਉਤੇ ਜਾਂ ਸਾਹਿਤ ਨਾਲ ਵਿਸ਼ਵਾਸਘਾਤ ਕਰਨ ਦੇ ਜੋ ਇਲਜ਼ਾਮ ਲਗਦੇ ਹਨ, ਉਨ੍ਹਾਂ ਨੂੰ ਵੀ ਪ੍ਰਵਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਫਿਰ ਰਾਜਨੀਤਿਕ ਕਵਿਤਾ ਐਸੀ ਕੱਥ ਤੇ ਵਾਸਤਵਿਕਤਾ ਨਾਲ ਲੈਸ ਹੋਣੀ ਚਾਹੀਦੀ ਹੈ ਅਤੇ ਉਸ ਵਿਚ ਐਨੀ ਬੌਧਿਕ ਅਤੇ ਭਾਵਨਾਤਮਕ ਪੂਰਨਤਾ ਹੋਣੀ ਚਾਹੀਦੀ ਹੈ ਕਿ ਉਹ ਦੂਸਰਿਆਂ ਦਾ ਤ੍ਰਿਸਕਾਰ ਕਰਨ ਵਿਚ ਵੀ ਨਿਪੁੰਨ ਹੋਵੇ। ਐਸਾ ਕਦੇ-ਕਦੇ ਹੀ ਹੁੰਦਾ ਹੈ।

**ਤੁਸਾਂ ਕਈ ਵਾਰ ਆਖਿਆ ਹੈ ਕਿ ਮੈਂ ਮੌਲਿਕਤਾ ਵਿਚ ਵਿਸ਼ਵਾਸ ਨਹੀਂ ਰਖਦਾ।**

ਹਰ ਕੀਮਤ ਉਤੇ ਮੌਲਿਕਤਾ ਹੋਣ ਦੀ ਕੋਸ਼ਿਸ਼ ਇਕ ਆਧੁਨਿਕ ਸ਼ਰਤ ਹੈ। ਇਸ ਯੁੱਗ ਵਿਚ ਲੇਖਕ ਤੁਹਾਡਾ ਧਿਆਨ ਆਪਣੇ ਵੱਲ ਖਿੱਚਣਾ ਚਾਹੁੰਦਾ ਹੈ ਤੇ ਫਿਰ ਉਹੀ ਚਿੰਤਾ ਅੰਨ੍ਹੇਪਣ ਦਾ ਰੂਪ ਧਾਰਨ ਕਰ ਲੈਂਦੀ ਹੈ। ਹਰ ਕੋਈ ਇਸ ਫ਼ਿਕਰ ਵਿਚ ਰਹਿੰਦਾ ਹੈ ਕਿ ਉਹ ਕੋਈ ਐਸਾ ਰਾਹ ਚੁਣੇ, ਜੋ ਅਦੁੱਤੀ ਹੋਵੇ। ਕਿਸੇ ਗਹਿਰਾਈ ਵਿਚ ਜਾਣ ਜਾਂ ਕੁੱਝ ਕਰਨ ਲਈ ਨਹੀਂ, ਸਗੋਂ ਇਕ ਵਿਸ਼ੇਸ਼ ਪ੍ਰਕਾਰ ਦੀ ਸਮਰੱਥਾ ਵਿਖਾਉਣ ਲਈ। ਸਭ ਤੋਂ ਮੌਲਿਕ ਕਲਾਕਾਰ ਵਿਚ ਆਪ ਨੂੰ ਸਮੇਂ ਤੇ ਯੁੱਗ ਦੇ ਅਨੁਸਾਰ, ਵਿਭਿੰਨ ਪਰਿਵਰਤਨ ਵਿਖਾਈ ਦੇਣਗੇ। ਇਸ ਪ੍ਰਸੰਗ ਵਿਚ ਪਿਕਾਸੋ ਇਕ ਅਦਭੁਤ ਉਦਾਹਰਣ ਹੈ, ਜਿਸ ਨੇ ਇਥੇ ਸ਼ੁਰੂ ਵਿਚ ਅਫ਼ਰੀਕੀ ਕਲਾ-ਕਿਰਤੀਆਂ ਤੇ ਮੂਰਤੀਆਂ ਜਾਂ ਆਦਿਮ-ਕਲਾਵਾਂ ਤੋਂ ਪ੍ਰੇਰਨਾ ਲਈ ਤੇ ਫਿਰ ਉਹ ਰੂਪਾਂਤਣ ਦੀ ਐਸੀ ਸ਼ਕਤੀ ਨਾਲ ਅੱਗੇ ਵੱਧਦਾ ਹੈ ਕਿ ਅਦਭੁੱਤ ਮੌਲਿਕਤਾ ਨਾਲ ਸੰਪੂਰਨ ਉਸ ਦਾ ਕਰਤਿਤਵ ਵਿਸ਼ਵ ਦੇ ਸਭਿਆਚਾਰਕ ਪ੍ਰਭਾਵ ਵਿਚ ਅਨੇਕ ਅਵਸਥਾਵਾਂ ਵਿਚ ਵਿਖਾਈ ਦਿੰਦਾ ਹੈ।



ਪਾਬਲੋ ਨੇਰੂਦਾ ਦਾ ਘਰ

**ਤੁਹਾਡੇ ਉਤੇ ਕਿਹੜੇ ਸਾਹਿਤਕ ਪ੍ਰਭਾਵ ਪਏ?**

ਲੇਖਕਾਂ ਵਿਚ ਇਕ ਤਰ੍ਹਾਂ ਦੀ ਅਦਲਾ-ਬਦਲੀ ਹਮੇਸ਼ ਚਲਦੀ ਰਹਿੰਦੀ ਹੈ। ਉਸੇ ਤਰ੍ਹਾਂ ਜਿਵੇਂ ਜਿਸ ਹਵਾ ਵਿਚ ਅਸੀਂ ਸਾਹ ਲੈਂਦੇ ਹਾਂ, ਉਹ ਕਿਸੇ ਇਕ ਜਗ੍ਹਾ ਦੀ ਨਹੀਂ ਹੁੰਦੀ। ਲੇਖਕ ਘਰ ਘਰ ਘੁੰਮਣ ਵਾਲਾ ਪ੍ਰਾਣੀ ਹੁੰਦਾ ਹੈ। ਉਸ ਨੂੰ ਆਪਣਾ ਸਾਜ ਸਮਾਨ ਬਦਲਣਾ ਹੀ ਹੁੰਦਾ ਹੈ। ਕੁੱਝ ਲੇਖਕਾਂ ਨੂੰ ਇਹ ਗੱਲ ਫ਼ਜ਼ੂਲ ਵੀ ਲੱਗਦੀ ਹੈ। ਮੈਨੂੰ ਯਾਦ ਹੈ, ਲੋਰਕਾ ਮੈਨੂੰ ਅਕਸਰ ਆਪਣੀਆਂ ਕਵਿਤਾਵਾਂ ਸੁਣਾਉਣ ਲਈ ਕਹਿੰਦਾ ਹੁੰਦਾ ਸੀ ਤੇ ਫਿਰ ਸੁਣਦੇ ਸੁਣਦੇ ਅਚਾਨਕ ਹੀ ਵਿਚ ਬੋਲ ਪੈਂਦਾ ਸੀ, ''ਰੁਕੋ ਰੁਕੋ! ਅੱਗੇ ਮੱਤ ਜਾਓ। ਕਿਤੇ ਮੈਂ ਤੇਰੇ ਤੋਂ ਪ੍ਰਭਾਵਿਤ ਨਾ ਹੋ ਜਾਵਾਂ।''

**ਤੇ ਨਾਰਮਨ ਮੇਲਰ, ਆਪ ਉਸ ਬਾਰੇ ਸਭ ਤੋਂ ਪਹਿਲੇ ਲਿਖਣ ਵਾਲਿਆਂ ਵਿਚੋਂ ਹੋ?**

ਮੇਲਰ ਦੀ ਪੁਸਤਕ 'ਦਾ ਨੇਕਿਡ ਐਂਡ ਦਾ ਡੈੱਡ' ਦੇ ਕੁੱਝ ਦਿਨਾਂ ਬਾਅਦ ਮੈਕਸੀਕੋ ਵਿਚ ਕਿਤਾਬਾਂ ਦੀ ਇਕ ਦੁਕਾਨ ਉਤੇ ਮੇਰੀ ਨਜ਼ਰ ਪਈ। ਇਸ ਪੁਸਤਕ ਦੇ ਬਾਰੇ ਵਿਚ ਕਿਸੇ ਨੂੰ ਕੁੱਝ ਪਤਾ ਨਹੀਂ ਸੀ। ਪੁਸਤਕ ਵਿਕਰੇਤਾ ਵੀ ਨਹੀਂ ਜਾਣਦਾ ਸੀ ਕਿ ਇਸ ਵਿਚ ਹੈ ਕੀ। ਮੈਂ ਉਸ ਨੂੰ ਇਸ ਲਈ ਖ਼ਰੀਦਿਆ ਕਿ ਮੈਂ ਸਫ਼ਰ ਕਰ ਰਿਹਾ ਸੀ, ਤੇ ਕੋਈ ਨਵਾਂ ਨਾਵਲ ਪੜ੍ਹਨਾ ਚਾਹੁੰਦਾ ਸੀ। ਮੈਂ ਸੋਚਦਾ ਸੀ ਕਿ ਅਮਰੀਕੀ ਉਪਨਿਆਸ ਡਰੇਜ਼ਰ ਤੋਂ ਲੈ ਕੇ ਹੈਮਿੰਗਵੇ, ਸਟਾਈਨ ਬੈੱਕ 'ਤੇ ਵੀ ਫ਼ਾਕਨਰ ਜਿਹੀਆਂ ਹਸਤੀਆਂ ਤੀਕ ਆਉਣ ਬਾਅਦ ਖ਼ਤਮ ਹੋ ਚੁੱਕਾ ਹੈ। ਪਰ ਮੈਂ ਹੁਣ ਇਕ ਅਜਿਹਾ ਲੇਖਕ ਖੋਜ ਰਿਹਾ ਸੀ, ਜਿਸ ਦੀ ਭਾਸ਼ਾ ਆਸਾਧਾਰਨ ਰੂਪ ਵਿਚ ਦਿਲ ਖਿੱਚਵੀਂ ਸੀ ਤੇ ਨਾਲ ਹੀ ਬੜੀ ਬਾਰੀਕੀ ਵਾਲੀ ਤੇ ਅਦਭੁੱਤ ਵਰਨਣ ਸ਼ੈਲੀ ਵਾਲੀ ਸੀ। ਮੈਂ ਪਾਸਤਰਨਾਕ ਦੀ ਕਵਿਤਾ ਦਾ ਬਹੁਤ ਪ੍ਰਸ਼ੰਸਕ ਹਾਂ ਪਰ 'ਦੀ ਨੇਕਿਡ ਐਂਡ ਦਾ ਡੈੱਡ' ਨਾਲ ਤੁਲਨਾ ਕਰਨ ਉਤੇ, ਪਾਸਤਰਨਾਕ ਦੀ 'ਡਾਕਟਰ ਜ਼ਿਵਾਗੋ' ਇਕ ਉਕਾਊ ਰਚਨਾ ਲੱਗਦੀ ਹੈ। ਸਿਰਫ਼ ਪ੍ਰਕਿਰਤੀ ਵਰਨਣ ਦੇ ਕੁੱਝ ਅੰਸ਼ ਹੀ ਉਸ ਨੂੰ ਬਚਾ ਲੈਂਦੇ ਹਨ। ਅਰਥਾਤ ਜੋ ਅੰਸ਼ ਕਿ ਕਵਿਤਾ ਹਨ। ਮੈਨੂੰ ਯਾਦ ਹੈ ਕਿ 'ਅਰਾਕਸ਼ੋ ਨੂੰ ਜਗਣ ਦਿਓ' ਸਿਰਲੇਖ ਵਾਲੀ ਕਵਿਤਾ ਮੈਂ ਉਨ੍ਹੀਂ ਹੀ ਦਿਨੀਂ ਲਿਖੀ ਸੀ। ਲਿੰਕਨ ਦੇ ਵਿਅਕਤਿਤਵ ਨੂੰ ਸਲਾਹੁਣ ਵਾਲੀ ਇਹ ਕਵਿਤਾ ਵਿਸ਼ਵ ਸ਼ਾਂਤੀ ਨੂੰ ਸਮਰਪਤ ਸੀ। ਇਸ ਵਿਚ ਮੈਂ ਔਕਨਾਵਾਂ ਤੇ ਜਾਪਾਨ ਦੇ ਯੁੱਧ ਦੇ ਬਾਰੇ ਵਿਚ ਲਿਖਿਆ ਸੀ ਤੇ ਨਾਰਮਨ ਮੇਲਰ ਦਾ ਜ਼ਿਕਰ ਵੀ ਕੀਤਾ ਸੀ। ਇਹ ਕਵਿਤਾ ਯੂਰਪ ਪਹੁੰਚੀ ਤੇ ਅਨੁਵਾਦ ਹੋਈ। ਮੈਂਨੂੰ ਯਾਦ ਹੈ 'ਲੂਈ ਆਰਾਗਾਂ' ਨੇ ਮੈਨੂੰ ਦੱਸਿਆ ਸੀ ਕਿ ''ਇਹ ਪਤਾ ਲਗਾਉਣ ਵਿਚ ਬਹੁਤ ਜ਼ਿਆਦਾ ਦਿੱਕਤ ਹੋਈ ਕਿ ਨਾਰਮਨ ਮੇਲਰ ਕੌਣ ਸੀ।'' ਅਸਲ ਵਿਚ, ਉਸ ਨੂੰ ਕੋਈ ਨਹੀਂ ਜਾਣਦਾ ਸੀ ਤੇ ਮੈਨੂੰ ਇਕ ਖਾਸ ਤਰ੍ਹਾਂ ਦਾ ਮਾਣ ਅਨੁਭਵ ਹੋਇਆ ਕਿ ਮੈਂ ਉਸ ਨੂੰ ਲੱਭਣ ਵਾਲਿਆਂ ਵਿਚ ਪਹਿਲਾ ਸੀ।

**ਪ੍ਰਕਿਰਤੀ ਨਾਲ ਆਪ ਨੂੰ ਕੁੱਝ ਨੇੜਤਾ ਹੈ, ਇਸ ਬਾਰੇ ਵਿਚ ਕੁੱਝ ਦੱਸੋ?**

ਆਪਣੇ ਬਚਪਨ ਤੋਂ ਹੀ ਮੈਨੂੰ ਚਿੜੀਆਂ, ਸਿੱਪੀਆਂ, ਜੰਗਲਾਂ ਤੇ ਰੁੱਖਾਂ ਬੂਟਿਆਂ ਨਾਲ ਪ੍ਰੇਮ ਰਿਹਾ ਹੈ। ਸਮੁੰਦਰੀ ਸਿੱਪੀਆਂ ਦੀ ਖੋਜ ਵਿਚ ਮੈਂ ਕਈ ਜਗ੍ਹਾ ਗਿਆ ਤੇ ਉਨ੍ਹਾਂ ਦਾ ਇਕ ਵੱਡਾ ਸੰਗ੍ਰਹਿ ਮੇਰੇ ਪਾਸ ਹੈ। ਮੈਂ 'ਪੰਛੀਆਂ ਦੀ ਕਲਾ' ਨਾਂ 'ਤੇ ਇਕ ਪੁਸਤਕ ਲਿਖੀ ਹੈ। ਮੈਂ 'ਬੇਸਿਟਅਰੀ', 'ਸੀ ਵਲੇਨ' ਅਤੇ 'ਰੋਜ਼-ਆਫ਼-ਏਵੋਸਰੀਓ' ਵੀ ਲਿਖੀਆਂ ਹਨ ਜੋ ਫੁੱਲਾਂ, ਟਾਹਣੀਆਂ ਅਤੇ ਜੰਗਲ ਦੇ ਸਬੰਧ ਵਿਚ ਹਨ। ਮੈਂ ਪ੍ਰਕਿਰਤੀ ਨਾਲੋਂ ਵੱਖਰਾ ਹੋ ਕੇ ਰਹਿ ਨਹੀਂ ਸਕਦਾ। ਹੋਟਲਾਂ ਵਿਚ ਕੁੱਝ ਦਿਨ ਲੰਘਾ ਸਕਦਾ ਹਾਂ ਤੇ ਇਕ ਅੱਧ ਘੰਟੇ ਲਈ ਹਵਾਈ ਜਹਾਜ਼ ਵਿਚ ਰਹਿਣਾ ਵੀ ਚੰਗਾ ਲਗਦਾ ਹੈ ਪਰ ਪ੍ਰਸੰਨਤਾ ਮੈਨੂੰ ਜੰਗਲਾਂ ਵਿਚ, ਰੇਤ ਉਤੇ ਜਾਂ ਬੇੜੀ ਚਲਾਉਂਦੇ ਹੋਏ ਮਿਲਦੀ ਹੈ। ਜਿਥੇ ਅੱਗ, ਧਰਤੀ, ਪਾਣੀ ਤੇ ਹਵਾ ਨਾਲ ਸਿੱਧਾ ਸੰਪਰਕ ਹੋ ਸਕੇ।

**ਤੁਹਾਡੀ ਕਵਿਤਾ ਵਿਚ ਵਾਰ ਵਾਰ ਕਈ ਪ੍ਰਤੀਕ ਆਉਂਦੇ ਹਨ ਤੇ ਹਮੇਸ਼ਾ ਸਮੁੰਦਰ, ਮੱਛੀ, ਚਿੜੀਆਂ ਦਾ ਰੂਪ ਲੈ ਕੇ।**

ਮੈਂ ਪ੍ਰਤੀਕਾਂ ਨੂੰ ਨਹੀਂ ਮੰਨਦਾ। ਇਹ ਸਿਰਫ਼ ਭੌਤਿਕ ਵਸਤੂਆਂ ਹਨ। ਮੇਰੇ ਲਈ ਸਮੁੰਦਰ, ਮੱਛੀ ਅਤੇ ਚਿੜੀਆਂ ਦੀ ਇਕ ਭੌਤਿਕ ਹੋਂਦ ਹੈ। ਮੈਂ ਉਨ੍ਹਾਂ ਦਾ ਵਰਨਣ ਉਸੇ ਤਰ੍ਹਾਂ ਕਰਦਾ ਹਾਂ ਜਿਵੇਂ ਧੁੱਪ ਦਾ ਕਰਦਾ ਹਾਂ। ਮੇਰੀ ਕਵਿਤਾ ਵਿਚ ਕੁੱਝ ਵਿਸ਼ੇ ਜੋ ਵਖਰੀ ਤਰ੍ਹਾਂ ਦਿਸਦੇ ਹਨ ਤੇ ਵਾਰ ਵਾਰ ਆਉਂਦੇ ਹਨ, ਤਾਂ ਉਸ ਦਾ ਸਬੰਧ ਸਿਰਫ਼ ਸਿਰਫ਼ ਭੌਤਿਕ ਸਥਿਤੀ ਨਾਲ ਹੈ।

**ਕਬੂਤਰ ਤੇ ਗਿਟਾਰ ਦਾ ਕੀ ਅਰਥ ਹੈ?**

ਕਬੂਤਰ ਦਾ ਅਰਥ ਕਬੂਤਰ ਹੈ ਤੇ ਗਿਟਾਰ ਦਾ ਅਰਥ ਹੈ ਵਾਯੂ ਯੰਤਰ, ਜਿਸਨੂੰ ਗਿਟਾਰ ਕਹਿੰਦੇ ਹਨ। ਜਦੋਂ ਮੈਂ ਕੋਈ ਕਬੂਤਰ ਵੇਖਦਾ ਹਾਂ, ਤਾ ਉਸ ਨੂੰ ਕਬੂਤਰ ਹੀ ਕਹਿੰਦਾ ਹਾਂ। ਕਬੂਤਰ ਦਾ, ਭਾਵੇਂ ਉਹ ਮੌਜੂਦ ਹੋਵੇ ਜਾਂ ਨਾ ਹੋਵੇ, ਮੇਰੇ ਲਈ ਵਸਤੂ ਜਾਂ ਵਿਅਕਤੀਗਤ ਰੂਪ ਵਿਚ ਇਕ ਨਿਸ਼ਚਿਤ ਰੂਪਾਕਾਰ ਹੈ। ਪਰ ਇਹ ਕਬੂਤਰ ਹੋਣ ਤੋਂ ਪਰੇ ਹੋਰ ਕੁਝ ਨਹੀਂ।

**'ਧਰਤੀ ਉਤੇ ਘਰ' ਦੀਆਂ ਕਵਿਤਾਵਾਂ ਦੇ ਸਬੰਧ ਵਿਚ ਤੁਸਾਂ ਕਿਹਾ ਸੀ, ''ਉਹ ਕਿਸੇ ਨੂੰ ਜੀਣ ਵਿਚ ਮਦਦ ਕਰਦੀਆਂ ਹਨ, ਤਾਂ ਕਿਸੇ ਨੂੰ ਮਰਨ ਵਿਚ ਮਦਦ ਦਿਤੀਆਂ ਹਨ।''**

ਮੇਰਾ ਸੰਗ੍ਰਹਿ 'ਧਰਤੀ ਉਤੇ ਘਰ' ਮੇਰੇ ਜੀਵਨ ਦੇ ਹਨੇਰੇ ਤੇ ਖਤਰਨਾਕ ਸਮੇਂ ਦਾ ਪ੍ਰਤੀਬਿੰਬਨ ਕਰਦਾ ਹੈ। ਇਹ ਅਜਿਹੀ ਕਵਿਤਾ ਹੈ, ਜਿਸ ਵਿਚ ਕੋਈ ਦਰਵਾਜ਼ਾ ਨਹੀਂ। ਉਸ ਤੋਂ ਬਾਹਰ ਜਾਣਾ ਮੇਰੇ ਲਈ ਨਵਾਂ ਜਨਮ ਲੈਣ ਵਰਗਾ ਸੀ। ਸਪੇਨ ਦੇ ਯੁੱਧ ਤੇ ਦੂਸਰੀਆਂ ਸੰਜੀਦਾ ਘਟਨਾਵਾਂ ਤੋਂ ਪੈਦਾ ਹੋਈ ਉਸ ਘੋਰ ਨਿਰਾਸ਼ਾ ਤੋਂ ਜਿਸ ਦੀ ਥਾਹ ਮੈਂ ਅਜੇ ਤੀਕ ਨਹੀਂ ਮਾਪ ਸਕਿਆ, ਮੈਂ ਬਚ ਸਕਿਆ। ਇਕ ਵਾਰ ਮੈਂ ਇਹ ਵੀ ਕਿਹਾ ਸੀ ਕਿ ਜੇ ਮੇਰੇ ਵੱਸ ਵਿਚ ਹੋਇਆ ਤਾਂ ਮੈਂ ਇਸ ਸੰਗ੍ਰਹਿ ਨੂੰ ਪੜ੍ਹਨ ਦੀ ਮਨਾਹੀ ਕਰੂੰਗਾ ਤੇ ਉਸ ਦੀ ਕੋਈ ਨਵੀਂ ਐਡੀਸ਼ਨ ਨਹੀਂ ਛਾਪਾਂਗਾ। ਉਸ ਵਿਚ ਜੀਵਨ ਦੇ ਅਹਿਸਾਸ ਨੂੰ ਇਕ ਦੁਖਦਾਈ ਬੋਝ ਦੇ ਰੂਪ ਵਿਚ ਵੇਖਿਆ ਗਿਆ ਹੈ ਪਰ ਮੈਨੂੰ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਇਹ ਮੇਰੀਆਂ ਵਧੀਆ ਪੁਸਤਕਾਂ ਵਿਚੋਂ ਹੈ। ਇਸ ਅਰਥ ਵਿਚ ਕਿ ਇਹ ਮੇਰੀ ਇਕ ਮਨੋਸਥਿਤੀ ਨੂੰ ਉਜਾਗਰ ਕਰਦੀ ਹੈ। ਪਤਾ ਨਹੀਂ, ਦੂਸਰੇ ਵੀ ਇਸ ਤਰ੍ਹਾਂ ਸੋਚਦੇ ਹਨ ਜਾਂ ਨਹੀਂ ਪਰ ਜਦੋਂ ਕੋਈ ਕੁੱਝ ਲਿਖਦਾ ਹੈ ਤਾਂ ਉਸ ਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਦੀਆਂ ਕਵਿਤਾਵਾਂ ਕਿੱਥੇ ਪਹੁੰਚ ਰਹੀਆਂ ਹਨ। ਰਬਰਟ ਫ਼ਰਾਸਟ ਨੇ ਆਪਣੇ ਇਕ ਨਿਬੰਧ ਵਿਚ ਆਖਿਆ ਹੈ ਕਿ ਕਵਿਤਾ ਦਾ ਇਕੋ ਇਕ ਅਧਾਰ ਦੁੱਖ ਹੋਣਾ ਚਾਹੀਦਾ ਹੈ। ਕਵਿਤਾ ਵਿਚ ਸਿਰਫ਼ ਦੁੱਖ ਰਹਿਣ ਦਿਓ। ਪਰ ਮੈਨੂੰ ਨਹੀਂ ਪਤਾ ਕਿ ਰਾਬਰਟ ਫ਼ਰਾਸਟ ਤਦ ਕੀ ਸੋਚਦੇ ਹੋਣਗੇ ਜਦੋਂ ਕੋਈ ਨੌਜਵਾਨ ਆਤਮ ਹੱਤਿਆ ਕਰਦਾ ਹੈ ਤੇ ਆਪਣੇ ਲਹੂ ਦੇ ਨਿਸ਼ਾਨ ਫ਼ਰਾਸਟ ਦੀ ਕਿਸੇ ਕਿਤਾਬ ਉਤੇ ਛੱਡ ਜਾਂਦਾ ਹੈ। ਮੇਰੇ ਨਾਲ ਅਜਿਹਾ ਹੋਇਆ ਹੈ। ਇਥੇ ਇਸੇ ਹੀ ਮੁਲਕ ਵਿਚ ਜ਼ਿੰਦਗੀ ਨਾਲ ਭਰਪੂਰ ਇਕ ਨੌਜਵਾਨ ਨੇ ਮੇਰੀ ਕਿਤਾਬ ਨੂੰ ਬਗਲ ਵਿਚ ਲੈ ਆਪਣੇ ਆਪ ਨੂੰ ਮਾਰ ਲਿਆ। ਉਸ ਦੀ ਮੌਤ ਵਿਚ ਮੇਰਾ ਕੋਈ ਦੋਸ਼ ਨਹੀਂ ਸੀ ਪਰ ਖ਼ੂਨ ਦੇ ਧੱਬਿਆਂ ਨਾਲ ਭਰਿਆ ਕਵਿਤਾ ਦਾ ਪੰਨਾ ਸਾਰੇ ਕਵੀਆਂ ਨੂੰ ਚਿੰਤਤ ਕਰਨ ਲਈ ਕਾਫ਼ੀ ਹੈ।

ਮੈਂ ਆਪਣੀ ਪੁਸਤਕ ਦੇ ਖਿਲਾਫ ਜੋ ਕੁੱਝ ਕਿਹਾ, ਉਸ ਦੀ ਮੇਰੇ ਵਿਰੋਧੀਆਂ ਨੇ ਰਾਜਨੀਤਿਕ ਵਰਤੋਂ ਕੀਤੀ, ਜਿਵੇਂ ਕਿ ਮੇਰੇ ਹਰ ਕਥਨ ਦਾ ਕਰਦੇ ਆਏ ਹਨ। ਇਹ ਉਨ੍ਹਾਂ ਦੀ ਹੀ ਦੇਣ ਹੈ ਕਿ ਮੇਰੇ ਅੰਦਰ ਸਿਰਫ਼ ਵਿਸ਼ਵਾਸ-ਭਰਨ ਵਾਲੀਆਂ ਕਵਿਤਾਵਾਂ ਲਿਖਣ ਦੀ ਇੱਛਾ ਜਾਗੀ। ਉਨ੍ਹਾਂ ਨੂੰ ਇਸ ਪ੍ਰਸੰਗ ਦੀ ਜਾਣਕਾਰੀ ਨਹੀਂ ਸੀ। ਅਜਿਹੀ ਵੀ ਨਹੀਂ ਕਿ ਮੈਂ ਇਕੱਲਤਾ, ਪੀੜ ਜਾਂ ਵਿਸ਼ਾਦ ਦਾ ਪ੍ਰਗਟਾਵਾ ਬਿਲਕੁਲ ਵਰਜਿਤ ਕਰ ਦਿਤਾ ਹੈ ਪਰ ਮੈਂ ਚਾਹੁੰਦਾ ਹਾਂ ਕਿ ਆਪਣੇ ਲਹਿਜਿਆਂ ਨੂੰ ਬਦਲਦਾ ਰਹਾਂ, ਸਭ ਆਵਾਜ਼ਾਂ ਸੁਣਾਂ, ਸਭ ਰੰਗਾਂ ਦੀ ਤਲਾਸ਼ ਕਰਾਂ ਤੇ ਜਿਥੇ ਕਿਤੇ ਵੀ ਜੀਵਨ ਸ਼ਕਤੀਆਂ ਰਚਨਾ ਜਾਂ ਵਿਨਾਸ਼ ਵਿਚ ਲੱਗੀਆਂ ਹਨ। ਉਨ੍ਹਾਂ ਨੂੰ ਵੇਖਾਂ। ਜੋ ਦੌਰ ਮੇਰੀ ਜ਼ਿੰਦਗੀ ਵਿਚ ਆਏ ਹਨ, ਉਹ ਮੇਰੀ ਕਵਿਤਾ ਵਿਚ ਵੀ ਆਏ ਹਨ।

ਮੈਂ ਆਪਣੇ ਸੁੰਨੇ ਬਚਪਨ ਅਤੇ ਦੂਰ ਦੁਰਾਡੇ ਸਭ ਨਾਲੋਂ ਕੱਟੇ ਹੋਏ ਦੇਸ਼ਾਂ ਵਿਚ ਬੀਤੀ ਜਵਾਨ ਅਵਸਥਾ ਵਿਚ ਇਕ ਵਿਸ਼ਾਲ ਮਾਨਵ ਸਮੂਹ ਵਿਚ ਸ਼ਰੀਕ ਹੋਣ ਤਕ ਦੀ ਯਾਤਰਾ ਕੀਤੀ ਹੈ। ਇਸ ਨਾਲ ਮੈਨੂੰ ਪ੍ਰਸੰਨਤਾ ਹੋਈ, ਬਸ। ਕਵੀਆਂ ਦੀ ਪੀੜਤ ਆਤਮਾ ਹੋਣਾ ਪਿਛਲੀ ਸਦੀ ਦੀ ਬਾਤ ਸੀ। ਅਜਿਹੇ ਹੀ ਕਵੀ ਹੋ ਸਕਦੇ ਹਨ ਜੋ ਜੀਵਨ ਨੂੰ ਜਾਣਦੇ ਹਨ। ਉਸ ਦੀਆਂ ਸਮੱਸਿਆਵਾਂ ਨੂੰ ਜਾਣਦੇ ਹਨ, ਜੋ ਵੱਖ ਵੱਖ ਧਾਰਾਵਾਂ ਨੂੰ ਪਾਰ ਕਰਦੇ ਹੋਏ ਜੀਵਤ ਰਹਿੰਦੇ ਹੋਣ, ਤੇ ਨਿਰਾਸ਼ਾ ਵਿਚੋਂ ਲੰਘ ਕੇ ਇਕ ਪੂਰਨਤਾ ਤੀਕ ਪਹੁੰਚਦੇ ਹਨ। □

# ਡਾਇਰੀ ਇਕ ਪ੍ਰਕਾਸ਼ਕ ਦੀ

## ਚੇਤਿਆਂ ’ਚ ਵਸੇ ਚਿਹਰੇ

ਐਸ.ਬਲਵੰਤ



### ਪ੍ਰੋਫੈਸਰ ਰਣਧੀਰ ਸਿੰਘ

ਪ੍ਰੋਫੈਸਰ ਰਣਧੀਰ ਸਿੰਘ ਬਹੁਤ ਵੱਡੀ ਸ਼ਖਸੀਅਤ ਹਨ। ਦਿੱਲੀ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ’ਚ ਜਦੋਂ ਉਹ ਰਾਜਨੀਤੀ ਪੜ੍ਹਾਉਂਦੇ ਤਾਂ ਚੰਗੇ-ਚੰਗੇ ਉਸਤਾਦ ਬਾਹਰੋਂ ਆ ਕੇ ਉਨ੍ਹਾਂ ਦੀ ਕਲਾਸ ’ਚ ਬੈਠ ਜਾਂਦੇ ਤਾਂ ਕਿ ਇਹ ਦੇਖ ਸਕਣ ਕਿ ਉਹ ਕਿਵੇਂ ਪੜ੍ਹਾਉਂਦੇ ਨੇ, ਕਿਉਂਕਿ ਉਨ੍ਹਾਂ ਬਾਰੇ ਮਸ਼ਹੂਰ ਰਿਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹੀ ਨਹੀਂ ਸਗੋਂ ਉਨ੍ਹਾਂ ਨਾਲ ਖੇਡਦੇ ਹਨ, ਤਾਂ ਕਿ ਵਿਦਿਆਰਥੀ ਦੇ ਹੋਰ ਨੇੜੇ ਹੋ ਕੇ ਉਸਨੂੰ ਸਮਝਾਇਆ ਜਾ ਸਕੇ।

ਵਿਦਵਾਨਾਂ ’ਚ ਉਹ ਭਾਰਤ ਦੇ ਸਭ ਤੋਂ ਮੂਹਰਲੀ ਕਤਾਰ ’ਚ ਗਿਣੇ ਗਏ। ਵਿਪਿਨ ਚੰਦਰਾ, ਇਰਫਾਨ ਹਬੀਬ, ਆਰ.ਐਸ. ਸ਼ਰਮਾ ਜਿਹੇ ਨਾਂਅ ਉਨ੍ਹਾਂ ਦੇ ਅੰਗੀ ਸੰਗੀ ਰਹੇ। ਇਕ ਜ਼ਮਾਨੇ ’ਚ ਉਹ ਕਵੀ ਹੁੰਦੇ ਸਨ ਤੇ ਉਨ੍ਹਾਂ ਦੀ ਕਵਿਤਾ ਦੀ ਇਕ ਕਿਤਾਬ ਵੀ ਪ੍ਰਕਾਸ਼ਤ ਹੋਈ ਸੀ। ਕਮਿਉਨਿਸਟ ਵਿਚਾਰਧਾਰਾ ਦੇ ਪੱਕੇ ਹਾਮੀ ਤੇ ਉਸ ਇਜ਼ਮ ’ਤੇ ਅਟੁਟ ਵਿਸ਼ਵਾਸ ਰੱਖਣ ਵਾਲੇ ਪ੍ਰੋ. ਰਣਧੀਰ ਸਿੰਘ ਨੂੰ ਜਾਣਦਾ ਮੈਂ ਬਹੁਤ ਪਹਿਲਾਂ ਤੋਂ ਸਾਂ ਪਰ ਮੁਲਾਕਾਤ ਉਦੋਂ ਹੋਈ ਜਦ ਪ੍ਰੋ. ਮੋਇਨ ਸ਼ਾਕਿਰ ਮੇਰੇ ਦੋਸਤ ਬਣ ਗਏ। ਅਸੀਂ ਉਨ੍ਹਾਂ ਦੇ ਘਰ ਆਉਣ ਜਾਣ ਲੱਗ ਪਏ। ਉੱਥੇ ਵਿਸਥਾਰ ਨਾਲ ਗੱਲਾਂ ਹੁੰਦੀਆਂ। ਉਹ ਥਿਊਰੀ ਨੂੰ ਬਾਖੂਬੀ ਸਮਝਾਉਂਦੇ ਤੇ ਦੁਨੀਆ ’ਚ ਕੀ ਵਾਪਰ ਰਿਹਾ, ਉਹਦੇ ਬਾਰੇ ਅਪਣੀ ਰਾਏ ਦਿੰਦੇ।

ਉਹ ਲਿਖਣ ਤੋਂ ਬਹੁਤ ਕਤਰਾਉਂਦੇ ਹਨ। ਇਕ ਵੇਰੀ ਮੋਇਨ ਸ਼ਾਕਿਰ ਦੱਸ ਰਹੇ ਸਨ ਕਿ ਇਕ ਗੱਲ ’ਤੇ ਬਹਿਸ ਹੋ ਰਹੀ ਸੀ, ਸ਼ਾਕਿਰ ਨੇ ਕਿਹਾ, ‘‘ਤੁਹਾਨੂੰ ਇਹ ਲਿਖਣਾ ਚਾਹੀਦਾ।’’

ਪ੍ਰੋ. ਵਿਪਿਨ ਚੰਦਰਾ ਵੀ ਕੋਲ ਹੀ ਸਨ। ਰਣਧੀਰ ਸਿੰਘ ਕਹਿੰਦੇ, ‘‘ਵਿਪਿਨ...ਡੂ ਯੂ ਐਗਰੀ ਵਿਦ ਦਿਸ ਵੱਟ ਵੀ ਹੈਵ ਡਿਸਕਸ਼ਨਡ?’’

‘‘ਹਾਂ...ਬਿਲਕੁਲ।’’ ਵਿਪਿਨ ਬੋਲੇ।

‘‘ਚੰਗਾ ਫਿਰ ਇਹ ਤੂੰ ਹੀ ਲਿਖ ਦੇ।’’ ਕਹਿੰਦੇ ਉਨ੍ਹਾਂ ਸਾਰੀ ਜਿੱਮੇਵਾਰੀ ਪ੍ਰੋ. ਵਿਪਿਨ ਚੰਦਰਾ ’ਤੇ ਹੀ ਪਾ ਦਿੱਤੀ।

ਪਰ ਮੇਰੇ ਨਾਲ ਮੁਲਾਕਾਤ ਤੋਂ ਬਾਅਦ ਮੇਰੇ ਸੁਭਾਅ ਤੇ ਉਨ੍ਹਾਂ ਦੀ ਇੰਟੀਲੈਕਚੁਅਲ ਕੈਪੇਬਿਲਟੀ ਮੇਚ ਆ ਗਏ। ਉਹ ਲਿਖਣ ਬਾਰੇ ਸੋਚਣ ਲੱਗੇ। ਉਨ੍ਹਾਂ ਪਹਿਲੀ ਕਿਤਾਬ ‘ਮਾਰਕਸਿਜਮ ਐਂਡ ਇੰਡੀਅਨ ਪਾਲਿਟਿਕਸ’ ਪ੍ਰਕਾਸ਼ਤ ਕਰਨ ਲਈ ਕਿਹਾ। ਇਸ ਕਿਤਾਬ ’ਚ ਉਨਾਂ ਦੇ ਲੈਕਚਰ ਸਨ ਤੇ ਖਾਸ ਕਰਕੇ ਗਦਰ ਮੂਵਮੈਂਟ ਤੇ ਪੰਜਾਬ ਬਾਰੇ। ਇਹ ਪ੍ਰਕਾਸ਼ਤ ਹੋ ਗਈ। ਚਰਚਾ ਹੋਈ। ਉਨਾਂ ਇਕ ਹੋਰ ਕਿਤਾਬ ਤਿਆਰ ਕੀਤੀ ‘ਫਾਈਵ ਲੈਕਚਰਜ਼ ਇਨ ਮਾਰਕਿਸਟ ਮੋਡ’। ਇਹ ਪ੍ਰਕਾਸ਼ਤ ਹੋਈ ਤਾਂ ਉਨ੍ਹਾਂ ਦੀ ਇਕ ਹੋਰ ਵਧੀਆ ਕਿਤਾਬ ‘ਰੀਜ਼ਨ, ਰੈਵਿਊਲੁਸ਼ਨ ਐਂਡ ਪੋਲਿਟਿਕਲ ਥਿਓਰੀ’ ਜੋ ਪਹਿਲਾਂ ਪੀਪਲਜ਼ ਪਬਲਿਸ਼ਿੰਗ ਹਾਊਸ ਨੇ ਪ੍ਰਕਾਸ਼ਤ ਕੀਤੀ ਸੀ, ਵੀ ਪ੍ਰਕਾਸ਼ਤ ਕਰਨ ਲਈ ਉਨਾਂ ਮੈਨੂੰ ਕਿਹਾ। ਫਿਰ ਸਲਾਹਾਂ ਕਰਦੇ ਅਸੀਂ ਸਮਾਜਵਾਦ ਦੀ ਹੋਂਦ ਤੇ ਉਹਦੇ ਅਮਲ ’ਚ ਵਾਪਰੀਆਂ ਤਰੁਟੀਆਂ ਬਾਰੇ ਗੱਲਾਂ ਕਰਦੇ। ਉਦੋਂ ਉਹੋ ਸ਼ਿਮਲੇ ਦੇ ‘‘ਇੰਸਟੀਚਿਉਟ ਆਫ ਐਡਵਾਂਸ ਸਟਡੀਜ਼’’ ਨਾਲ ਜੁੜੇ ਹੋਏ ਸਨ। ਇਹ ਸ਼ਾਇਦ 1991-92 ਦੀ ਗਲ ਹੈ। ਉਨ੍ਹਾਂ ਫੈਸਲਾ ਕਰ ਲਿਆ ਇਹਦੇ ਬਾਰੇ ਇਕ ਵੱਡੀ ਕਿਤਾਬ ਲਿਖਣ ਦਾ ਤੇ ਅਖੀਰ ਕਰੀਬ 15 ਸਾਲ ’ਚ ‘ਕਰਾਈਸਿਸ ਆਫ ਸੋਸ਼ਲਿਜ਼ਮ’ ਨਾਂਅ ਦੀ ਕਿਤਾਬ ਤਿਆਰ ਹੋਈ। ਕਰੀਬ ਬਾਰਾਂ ਸੌ ਪੰਨੇ ਵੱਡੇ ਸਾਈਜ਼ ‘ਚ ਬਣ ਗਏ ਜਦ ਕਿ ਟਾਈਪ ਫੋਂਟ ਵੀ ਛੋਟਾ ਹੀ ਸੀ। ਉਨਾਂ ਸਮਾਜਵਾਦ ਦੇ ਮੁਢ ਤੇ ਦੁਨੀਆ ਭਰ ’ਚ ਇਹਦੇ ਅਮਲ ਬਾਰੇ ਪੂਰੇ ਵਿਸਥਾਰ ਨਾਲ ਬਹਿਸ ਛੇੜੀ। ਕਿਤਾਬ ਨੂੰ ਬਹੁਤ ਪਸੰਦ ਕੀਤਾ ਗਿਆ ਪਰ ਲੋਕਾਂ ’ਚ ਇੱਕ ਗ੍ਰੰਥ ਵਾਂਗ ਖਰੀਦ ਕੇ ਘਰ ‘ਚ ਸਜਾਉਣ ਤੋਂ ਵੱਧ ਉਹਦਾ ਅਸਰ ਨਹੀਂ ਹੋਇਆ। ਹੁਣ ਇਹੀ ਕਿਤਾਬ ਪੰਜ ਵੱਖਰੇ-ਵੱਖਰੇ ਭਾਗਾਂ ’ਚ ਪ੍ਰਕਾਸ਼ਤ ਹੋ ਰਹੀ ਹੈ। ਪ੍ਰੋ. ਰਣਧੀਰ ਸਿੰਘ ’ਚ ਇਕ ਚੁੰਬਕ ਦੀ ਪ੍ਰਸਨੈਲਿਟੀ ਹੈ-ਇੱਕ ਖਿਚ ਹੈ। ਮੈਂ ਜਦ ਵੀ ਉਨਾਂ ਨੂੰ ਮਿਲਿਆ ਉਹ ਮੇਰੇ ’ਚ ਹਮੇਸ਼ਾ ਕੋਈ ਨਾ ਕੋਈ ਉਮੰਗ ਪੈਦਾ ਕਰ ਦਿੰਦੇ।

ਇਹੋ ਜਿਹੇ ਵਿਦਵਾਨ ਬਹੁਤ ਘੱਟ ਪੈਦਾ ਹੁੰਦੇ ਹਨ ਤੇ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੇਰੀ ਉਨ੍ਹਾਂ ਨਾਲ ਸਾਂਝ ਰਹੀ।

ਉਂਝ ਉਹ ਪੱਗ ਬੰਨ੍ਹਦੇ ਹਨ। ਉਹ ਹਮੇਸ਼ਾ ਕਲਾਸ ਐਨੇਲਾਇਸਸ ਕਰਦੇ ਰਹੇ। ਪਰ ਜਦ ਉਹ ਕਹਿੰਦੇ ਹਨ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ’ਚ ਸਿਰਫ ਦੋ ਹੀ ਕਲਾਸਾਂ ਸਨ-‘‘ਇੱਕ ਪੱਗ ਵਾਲਾ ਤੇ ਦੂਜਾ ਬਿਨਾ ਪੱਗ ਵਾਲਾ’’ ਤਾਂ ਅਪਣੇ ਸਮਾਜ ਦੀਆਂ ਸੋਚਾਂ ਤੋਂ ਸ਼ਰਮ ਨਾਲ ਸਿਰ ਝੁਕ ਜਾਣਾ ਸੁਭਾਵਕ ਹੀ ਹੈ। □







BIG BO'S
Furniture, Appliances & Blinds
SAMSUNG
Frigidaire
Comforting Homes For Generations™
Big Bo's ਦੇ ਪ੍ਰਬੰਧਕਾਂ ਵੱਲੋਂ ਨਵੇਂ ਸਾਲ ਦੀ ਲੱਖ-ਲੱਖ ਵਧਾਈ
ਤੁਸੀਂ ਸਾਡੇ ਕੋਲੋਂ ਵਧੀਆ ਫਰਨੀਚਰ, ਅਪਲਾਇੰਸਿਜ਼ ਅਤੇ ਬਲਾਇੰਡਜ਼ ਖਰੀਦ ਸਕਦੇ ਹੋ ।
Stainless Steel
3 Pcs Set
Was $ 3099
Sale
$1697
Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.
Fridge, Range, Dishwasher, Washer & Dryer
5 Pcs. White Set
Just for $1597
4220 99 St. NW
Edmonton, AB.
780 430 4346
Prices valid until Quantities last.


Creative Doors & Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4


ਮੁਲਾਕਾਤ
Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ
Thank you for making MILLWOODS SUZUKI the #1 SUZUKI DEALER IN CANADA!
FINAL CLEAROUT on all 2010 models!
90 Days NO PAYMENTS
GET AHEAD OF WINTER
WITH MILLWOODS SUZUKI AWD.
CLEAROUT OFFERS ON SELECT 2010 MODELS
0% Purchase Financing FOR 72 Months
OR UP TO $4,500† SAVINGS
ALL-IN-ONE-PRICE
Includes destination, delivery and fees
$190 Bi-Weekly payments plus tax
$0 DOWN
1.9%* Purchase Financing
STANDARD iAWD
2011 KIZASHI SX iAWD
STANDARD FEATURES
- 18-inch alloy wheels
- Push button start
- Heated, leather, 10-way driver's seat
- Bluetooth & USB integration
- Rockford-Fosgate premium audio system
- SmartPass keyless entry
- Power Sunroof
- Automatic Transmission CVT
2010 GRAND VITARA JX 4WD
STANDARD 4WD
ALL-IN-ONE-PRICE
Includes destination, delivery and fees
$165 Bi-Weekly payments plus tax
$0 DOWN
0%* Purchase Financing
STANDARD FEATURES
- Keyless Entry and Start System
- Automatic climate control
- Cruise control
- Automatic transmission
- Alloy wheels
- ABS with EBD
- Auxiliary input jack
2011 SX4 HATCHBACK JX iAWD
MOST FUEL EFFICIENT COMPACT AWD IN CANADA^
STANDARD iAWD
ALL-IN-ONE-PRICE
Includes destination, delivery and fees
$129 Bi-Weekly payments plus tax
$0 DOWN
0%* Purchase Financing
STANDARD FEATURES
- Air Conditioning
- Power Package
- Auxiliary input jack
- ABS with EBD
- Cruise control
- Roof rails
- Heated mirrors
- Steering wheel audio controls
ALL SUZUKI VEHICLES COME WITH A 5-YEAR, 100,000 KM POWERTRAIN LIMITED WARRANTY AND 3-YEAR UNLIMITED KILOMETER ROADSIDE ASSISTANCE.
SHOP 24/7@ MILLWOODS SUZUKI.com
SUZUKI Way of Life!
ON THE AUTO ROW | 3403-93 STREET
780-450-4500 | TOLL FREE 1-866-897-4500
ACCREDITED BUSINESS
CONSUMERS SHOULD READ THE FOLLOWING: INCLUSIVE PRICING means there are no surprises; our Purchase Financing and Savings offers include Delivery & Destination ($1,495 for Kizashi/$1,395 for SX4/$1,595 for Grand Vitara models), $100 A/C Excise Tax (where applicable), $20 Tire Tax, $399 Dealer Administration Fee. Offers do not include PPSA up to $72 (when financing), applicable taxes, license, registration and insurance. Vehicles may not be exactly as shown. Limited time offers are subject to change without notice. *Limited time finance offers available O.A.C.. Special bi-weekly purchase finance offers are available on 2011 Kizashi SX Model 6B23V41 (Selling Price $32,509), 2010 SX4 Hatchback JX AWD with manual transmission Model H3NB2J0 (Selling Price $23,509) and 2010 Grand Vitara JX automatic transmission Model L2NB5T0 (Selling Price $30,109) for a 60 month term, amortized over 84 months. Remaining balance after 60 months must be refinanced or repaid in full, 2011 Kizashi $9,748.86, 2010 SX4 Hatchback JX AWD $6,716 and 2010 Grand Vitara JX $8,602 plus applicable taxes.. The bi-weekly 60 month payments amortized over 84 months interest rates are based on 2011 Kizashi SX @1.9%, 2010 SX4 Hatchback JX AWD @0% and 2010 Grand Vitara JX @ 0% purchase financing , bi-weekly payments are $190/$129/$165 with $0 down payment over a 60 month term. Dealers may sell for less. †CASH CLEARANCE SAVINGS of $4,500 is available on a 2010 Grand Vitara JLX with automatic transmission Model L2MB5V0. Certain conditions apply. All offers valid January 1, 2011 through February 28, 2011. ** No payments until 2011 (90 day payment deferral) applies to purchase financing offers on all new 2010 and 2011 Suzuki models on approved credit (OAC). No interest will accrue during the first 90 days of the finance contract. After this period interest starts to accrue and the purchaser will repay principal and interest monthly over the terms of the contract.

# ਹੈਡਵੇ ਸਕੂਲ ਦੇ ਲੋਹੜੀ ਮੇਲੇ ਨੇ ਪਾਈਆਂ ਨਵੀਆਂ ਪੈੜਾਂ









ਐਡਮਿੰਟਨ ਦੇ ਹੈਡਵੇ ਸਕੂਲ ਵਲੋਂ ਮਨਾਇਆ ਗਿਆ ਲੋਹੜੀ ਮੇਲਾ ਦੇਰ ਤੀਕ ਚੇਤਿਆਂ ਵਿਚ ਵਸਿਆ ਰਹੇਗਾ। ਇਸ ਮੇਲੇ ਵਿਚ ਬੱਚਿਆਂ ਦੇ ਨਾਲ ਨਾਲ ਉਨ੍ਹਾਂ ਦੇ ਮਾਪਿਆਂ ਨੇ ਵੀ ਹਿੱਸਾ ਲਿਆ। ਮੌਸਮ ਬਹੁਤ ਜ਼ਿਆਦਾ ਖ਼ਰਾਬ ਹੋਣ ਦੇ ਬਾਵਜੂਦ ਇਹ ਸ਼ੋਅ ਬਹੁਤ ਸ਼ਾਨਦਾਰ ਹੋ ਨਿਬੜਿਆ। ਸ਼ੋਅ ਵਿਚਲੀ ਇਕ ਵੀ ਪੇਸ਼ਕਾਰੀ ਪਹਿਲਾਂ ਰਿਕਾਰਡ ਨਹੀਂ ਸੀ ਕੀਤੀ ਗਈ ਸਾਰੀਆਂ ਪੇਸ਼ਕਾਰੀਆਂ ਸਟੇਜ 'ਤੇ ਹੀ ਜੀਵੰਤ ਹੋ ਰਹੀਆਂ ਸਨ। ਬੱਚਿਆਂ ਨੇ ਜਿੰਦੂਆ, ਸੰਮੀ, ਲੁੱਡੀ, ਭੰਗੜਾ ਅਤੇ ਹੋਰ ਕਈ ਆਈਟਮਾਂ ਪੇਸ਼ ਕੀਤੀਆਂ। ਇਸ ਲੋਹੜੀ ਮੇਲੇ ਵਿਚ ਪਹਿਲੀ ਵਾਰ ਕੈਨੇਡਾ ਦੇ ਜੰਮਪਲ ਬੱਚਿਆਂ ਵਲੋਂ ਪਾਈਆਂ ਗਈਆਂ ਬੋਲੀਆਂ ਨੇ ਲੋਕਾਂ ਦਾ ਮਨ ਮੋਹ ਲਿਆ। ਉਥੇ ਛੋਟੇ ਛੋਟੇ ਬੱਚਿਆਂ ਨੇ ਮਲਵਈ ਗਿੱਧੇ ਨਾਲ ਚੰਗਾ ਰੰਗ ਬੰਨਿਆ। ਬਿਟੂ ਉਸਤਾਦ ਦੇ ਢੋਲ ਦੇ ਡਗੇ 'ਤੇ ਮਨਜੀਤ ਸਿੰਘ ਵਲੋਂ ਪਾਈਆਂ ਗਈਆਂ ਬੋਲੀਆਂ ਤੇ ਬੱਚਿਆਂ ਦੇ ਭੰਗੜੇ, ਗਿੱਧੇ, ਝੂੰਮਰ, ਮਲਵਈ ਗਿੱਧੇ ਅਤੇ ਜਿੰਦੂਏ ਨੇ ਪੰਜਾਬ ਦੀ ਯਾਦ ਦਿਵਾ ਦਿਤੀ।

ਸੱਗੀ ਫੁੱਲ ਗਰੁੱਪ ਤੇ ਨੱਚਦਾ ਪੰਜਾਬ ਭੰਗੜਾ ਦੀਆਂ ਪੇਸ਼ਕਾਰੀਆਂ ਸਭ ਤੋਂ ਵਧੀਆ ਰਹੀਆਂ। ਇਸ ਤੋਂ ਇਲਾਵਾ ਗੁਰਦੇਵ ਦੇਵ ਤੇ ਮਨਮਿੰਦਰ ਬਾਸੀ ਦੇ ਗਾਣਿਆਂ ਨੇ ਲੋਕ ਮਨਾਂ 'ਤੇ ਡੂੰਘੀ ਛਾਪ ਛੱਡੀ। ਮਨਜੀਤ ਸਿੰਘ ਤੇ ਗੁਰਚਰਨ ਸਿੰਘ ਗਰਚਾ ਨੇ ਦਸਿਆ ਕਿ ਉਨ੍ਹਾਂ ਦਾ ਮੁੱਖ ਮਕਸਦ ਬੱਚਿਆਂ ਨੂੰ ਆਪਣੇ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਣਾ ਹੈ। ਇਹ ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਸੀ ਤੇ ਭਵਿੱਖ ਵਿਚ ਇਸ ਨੂੰ ਹੋਰ ਵਧੀਆ ਕਰਨ ਦੀ ਕੋਸ਼ਿਸ਼ ਕਰਨਗੇ। ਮੇਲੇ ਵਿਚ ਤਾਏ ਬੰਤੇ ਦੇ ਚੁਟਕਲਿਆਂ ਨੇ ਹਸਾ-ਹਸਾ ਕੇ ਦਰਸ਼ਕਾਂ ਦੇ ਢਿੱਡੀ ਪੀੜਾਂ ਪਾ ਦਿਤੀਆਂ ਅਤੇ ਰੰਗਮੰਚ ਥੀਏਟਰ ਦੀ ਪੇਸ਼ਕਾਰੀ ਵੀ ਬਾ-ਕਮਾਲ ਸੀ। ਇਸ ਮੌਕੇ ਐਮ.ਐਲ.ਏ. ਨਰੇਸ਼ ਭਾਰਦਵਾਜ ਤੇ ਕੌਂਸਲਰ ਅਮਰਜੀਤ ਸੋਹੀ ਤੇ ਹੋਰਨਾਂ ਨੇ ਸਕੂਲ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।







## ਗਰਮੀ ਦੀਆਂ ਛੁੱਟੀਆਂ 'ਚ ਲੱਗਣ ਵਾਲੇ ਕੈਂਪ ਬਾਰੇ

**ਗਰਮੀ ਦੀਆਂ ਛੁੱਟੀਆਂ 'ਚ ਲਗੇਗਾ ਪੰਜਾਬੀ ਸਭਿਆਚਾਰ ਸਿਖਲਾਈ ਕੈਂਪ**

ਮਨਜੀਤ ਸਿੰਘ ਤੇ ਗੁਰਚਰਨ ਸਿੰਘ ਗਰਚਾ ਨੇ ਗੱਲਬਾਤ ਦੌਰਾਨ ਦਸਿਆ ਕਿ ਉਹ ਗਰਮੀਆਂ ਵਿਚ 'Punjabi Folk Camp' ਲਗਾਉਣ ਜਾ ਰਹੇ ਹਨ, ਜਿਸ ਵਿਚ ਬੱਚਿਆਂ ਨੂੰ ਭੰਗੜਾ, ਜਿੰਦੂਆ, ਸੰਮੀ, ਲੁੱਡੀ, ਝੂੰਮਰ ਆਦਿ ਸਿਖਾਏ ਜਾਣਗੇ। ਇਸ ਤੋਂ ਇਲਾਵਾ ਕੁੜੀਆਂ ਨੂੰ ਗਿੱਧਾ, ਕਿਕਲੀ ਆਦਿ ਨਾਚ ਤੇ ਬੋਲੀਆਂ ਪਾਉਣੀਆਂ ਵੀ ਸਿਖਾਈਆਂ ਜਾਣਗੀਆਂ। ਇਸ ਵਿਚ ਕੈਂਪ ਵਿਚ ਬੱਚਿਆਂ ਨੂੰ ਸਾਰੇ ਲੋਕ ਸਾਜਾਂ (ਜਿਵੇਂ ਢੋਲ, ਤੂੰਬੀ, ਚਿਮਟਾ, ਅਲਗੋਜੇ ਆਦਿ) ਦੀ ਵੀ ਸਿਖਲਾਈ ਦਿਤੀ ਜਾਵੇਗੀ। ਇਹ ਕੈਂਪ ਐਡਮਿੰਟਨ ਦੇ ਦੱਖਣ ਅਤੇ ਉਤਰ ਦੋਵੇਂ ਪਾਸਿਆਂ 'ਤੇ ਲਾਇਆ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਕੈਂਪ ਵਿਚ ਸਿਖਲਾਈ ਦੇਣ ਲਈ ਪੰਜਾਬ ਤੋਂ ਕੋਚ ਆ ਰਹੇ ਹਨ। ਇਸ ਕੈਂਪ ਲਈ ਦਾਖ਼ਲਾ ਛੇਤੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਮਨਜੀਤ ਸਿੰਘ ਨੇ ਦਸਿਆ ਕਿ ਇਸ ਕੈਂਪ ਵਿਚ ਬੱਚਿਆਂ ਨੂੰ ਸਰਟੀਫ਼ਿਕੇਟ ਵੀ ਦਿਤੇ ਜਾਣਗੇ ਅਤੇ ਗਰੇਡ 8, 9 ਤੇ 10 ਵਾਲੇ ਬੱਚੇ ਆਪਣੀ ਫ਼ਿਜ਼ੀਕਲ ਐਜੂਕੇਸ਼ਨ ਵਿਚ 5 ਕਰੈਡਿਟ ਵੀ ਲੈ ਸਕਦੇ ਹਨ। ਇਸ ਤੋਂ ਇਲਾਵਾ ਬੱਚਿਆਂ ਦੇ ਮਾਤਾ ਪਿਤਾ ਨੂੰ ਵੀ ਘੋੜੀਆਂ, ਸੁਹਾਗ, ਸਿੱਠਣੀਆਂ ਆਦਿ ਦੀ ਸਿਖਲਾਈ ਦਿਤੀ ਜਾਵੇਗੀ। ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਉਨ੍ਹਾਂ ਨੂੰ ਦਸਤਾਰ ਸਜਾਉਣ ਦੀ ਵੀ ਸਿਖਲਾਈ ਦਿਤੀ ਜਾਵੇਗੀ।



**'ਸਮਰ ਕੈਂਪ' ਦੀ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ**

ਮਨਜੀਤ ਸਿੰਘ (780-952-5075)

ਗੁਰਚਰਨ ਸਿੰਘ ਗਰਚਾ (780-907-0332)

ਜਸਬੀਰ ਸਿੰਘ ਗਿੱਲ (780-906-6721)





# Classified Plus

Your guide to every search

## HOUSE FOR SALE/RENT

Sold

1100 Sq. ft. Half Duplex with Fully Finished Basement. Close to Bus Stop, School and other Amenities available for RENT/SALE in Millwoods. Contact 780 566 8532.

****

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

* * * *

**House for Sale by Owner**

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments
Contact 780 964 7001.

****

**ਕੰਪਿਊਟਰ ਹਾਰਡਵੇਅਰ**

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****



**ਦੋ ਕਾਰਾਂ ਵਿਕਾਊ**



ਬਹੁਤ ਹੀ ਵਧੀਆ ਹਾਲਤ ਵਿਚ 2007 Dodge Grand Caravan ਅਤੇ 2005 Chrysler ਵਿਕਾਊ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ : 780-566-8532

## NANNY Requried at Calgary

**ਕੈਲਗਰੀ ਵਿਖੇ ਨੈਨੀ ਦੀ ਜ਼ਰੂਰਤ**

**ਰਿਹਾਇਸ਼ ਦਾ ਪ੍ਰਬੰਧ ਹੋਵੇਗਾ**

Professional couple looking for a Nanny/Baby sitter for their 14 month old son. Generous compensation will be provided. If interested, please contact Charanpreet Kahlon @ 403-801-4024 or e-mail : chinubains@hotmail.com

# ਪੰਜਾਬੀ ਕਲਚਰਲ ਐਸੋਸੀਏਸ਼ਨ ਦੀ 15 ਮੈਂਬਰੀ ਨਵੀਂ ਕਮੇਟੀ ਦਾ ਗਠਨ, 4 ਨਵੇਂ ਚਿਹਰੇ ਸ਼ਾਮਲ ਹੋਏ





ਐਡਮਿੰਟਨ (ਨਦਬ) : ਪਿਛਲੇ ਦਿਨੀਂ ਐਡਮਿੰਟਨ ਦੇ ਮਹਾਰਾਜਾ ਪੈਲਿਸ ਵਿਖੇ ਪੰਜਾਬੀ ਕਲਚਰਲ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿਚ ਪੁਰਾਣੀ ਕਮੇਟੀ ਨੂੰ ਭੰਗ ਕਰ ਕੇ ਨਵੀਂ 15 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ। ਨਵੀਂ ਕਮੇਟੀ ਦੀ ਚੋਣ ਵਿਚ ਗੁਰਚਰਨ ਸਿੰਘ ਬਰਾੜ ਨੂੰ ਮੁੜ ਤੋਂ ਐਸੋਸੀਏਸ਼ਨ ਦਾ ਪ੍ਰਧਾਨ, ਤਜਿੰਦਰ ਸਿੰਘ ਬਰਾੜ ਨੂੰ ਮੀਤ ਪ੍ਰਧਾਨ, ਪਰਮਿੰਦਰ ਧਾਲੀਵਾਲ ਨੂੰ ਸਕੱਤਰ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਮਨਪ੍ਰੀਤ ਭੱਠਲ ਨੂੰ ਮੁੜ ਤੋਂ ਖ਼ਜ਼ਾਨਚੀ, ਸੁਖਦੇਵ ਧਨੋਆ ਨੂੰ ਸਭਿਆਚਾਰਕ ਨਿਰਦੇਸ਼ਕ (ਮਹਿਲਾ), ਹਰਜੀਤ ਸੰਧੂ ਨੂੰ ਭਾਸ਼ਾ ਨਿਰਦੇਸ਼ਕ (ਪੁਰਸ਼), ਅਰਵਿੰਦ ਸ਼ੇਖੋਂ ਨੂੰ ਭਾਸ਼ਾ ਨਿਰਦੇਸ਼ਕਾ (ਮਹਿਲਾ), ਮਨਜੀਤ ਬਾਜਵਾ ਨੂੰ ਖੇਡ ਨਿਰਦੇਸ਼ਕ (ਪੁਰਸ਼), ਬਖ਼ਸ਼ ਸੰਘਾ ਨੂੰ ਖੇਡ ਨਿਰਦੇਸ਼ਕਾ (ਮਹਿਲਾ), ਰਜਿੰਦਰ ਸਿੱਧੂ ਨੂੰ ਪ੍ਰੈੱਸ ਸੈਕਟਰੀ ਨਿਯੁਕਤ ਕੀਤਾ ਗਿਆ। ਇਸ ਵਾਰੀ ਐਸੋਸੀਏਸ਼ਨ ਵਿਚ ਕੁਝ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਵਿਚ ਪਵਿੱਤਰ ਧਾਲੀਵਾਲ ਨੂੰ ਨਿਰਦੇਸ਼ਕ, ਕੁਲਦੀਪ ਧਾਲੀਵਾਲ ਨੂੰ ਉਪਭਾਸ਼ਾ ਨਿਰਦੇਸ਼ਕਾ (ਮਹਿਲਾ), ਜੈਸ ਗਿੱਲ ਨੂੰ ਉਪ ਸਭਿਆਚਾਰਕ ਨਿਰਦੇਸ਼ਕਾ (ਮਹਿਲਾ) ਅਤੇ ਕਿਰਤਮੀਤ ਸਿੰਘ ਕੋਹਾੜ ਨੂੰ ਉਪ ਸਭਿਆਚਾਰਕ ਨਿਰਦੇਸ਼ਕ (ਪੁਰਸ਼) ਵਜੋਂ ਸ਼ਾਮਲ ਕੀਤਾ ਗਿਆ। ਉਪਰੰਤ ਨਵੀਂ ਗਠਤ ਕਮੇਟੀ ਦੀ ਚੋਣ ਮੌਕੇ ਅਪ੍ਰੈਲ ਵਿਚ ਹੋਣ ਵਾਲੇ 'ਮੇਲਾ ਮੁਟਿਆਰਾਂ ਦਾ' ਨਾਂ ਦੇ ਸਮਾਗਮ ਦੀ ਰੂਪ ਰੇਖਾ ਵੀ ਤਿਆਰ ਕੀਤੀ ਗਈ। ਇਸ ਸਮਾਗਮ ਨੂੰ ਅਪ੍ਰੈਲ ਦੀ 10, 17 ਜਾਂ 24 ਤਰੀਕ ਨੂੰ ਕਰਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। 'ਮੇਲਾ ਮੁਟਿਆਰਾਂ ਦਾ' ਨੂੰ ਸਫਲ ਬਣਾਉਣ ਲਈ ਬਖ਼ਸ਼ ਸੰਘਾ, ਨੀਨਾ ਸ਼ਰਮਾ, ਅਰਵਿੰਦ ਸੇਖੋਂ, ਕੁਲਦੀਪ ਧਾਲੀਵਾਲ, ਸੁਖਦੇਵ ਧਨੋਆ ਅਤੇ ਕਿਰਤਮੀਤ ਸਿੰਘ ਕੋਹਾੜ ਨੂੰ ਜ਼ਿੰਮੇਵਾਰੀ ਸੌਂਪੀ ਗਈ।

## ਰਾਮਗੜ੍ਹੀਆ ਖਾਲਸਾ ਸਕੂਲ ਦੇ ਵਿਦਿਆਰਥੀਆਂ ਵਲੋਂ ਮਾਨਵਤਾ ਲਈ ਉਸਾਰੂ ਪਹਿਲਕਦਮੀ

ਐਡਮਿੰਟਨ (ਨਦਬ) : ਰਾਮਗੜ੍ਹੀਆ ਖਾਲਸਾ ਸਕੂਲ ਦੇ ਬੱਚਿਆਂ ਵਲੋਂ ਸਮੁੱਚੀ ਮਾਨਵਤਾ ਦੇ ਭਲੇ ਲਈ ਇੱਕ ਸ਼ਲਾਘਾਯੋਗ ਪ੍ਰੋਗ੍ਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਅਧੀਨ ਨੇਤਰਹੀਣ ਇਨਸਾਨਾਂ ਨੂੰ ਫਿਰ ਤੋਂ ਦੇਖਣ ਦਾ ਮੌਕਾ ਮਿਲ ਜਾਂਦਾ ਹੈ। ਸਕੂਲ ਦੇ ਪ੍ਰਿੰਸੀਪਲ ਸ਼: ਗੁਰਦੀਪ ਸਿੰਘ ਝੱਜ ਨੇ ਦਸਿਆ ਕਿ ਇਹ ਸਾਰਾ ਕੁਝ ਗਰੀਬਾਂ ਅਤੇ ਲੋੜਵੰਦਾਂ ਲਈ ਮੁਫਤ ਕੀਤਾ ਜਾਂਦਾ ਹੈ ਜਿਸਦਾ ਸਾਰਾ ਖਰਚਾ ਸੰਸਥਾਂ ਕਰਦੀ ਹੈ। ਰਾਮਗੜ੍ਹੀਆ ਖਾਲਸਾ ਸਕੂਲ ਦੇ ਬੱਚਿਆਂ ਨੇ ਭਾਰਤ ਵਿਚਲੀ ਇਕ ਰਜਿਸਟਰਡ ਸੰਸਥਾਂ ਨਾਲ ਰਲ ਕੇ ਚਲਣ ਦਾ ਫੈਸਲਾ ਲੈਂਦਿਆਂ ਪਿਛਲੇ ਦਸੰਬਰ ਦੌਰਾਨ ਦੋ ਨੇਤਰਹੀਣ ਬੰਦਿਆਂ ਦੀਆਂ ਨਵੀਆਂ ਅੱਖਾਂ ਪਾਉਣ ਦਾ ਖਰਚਾ ਕਰਕੇ ਸਮੁੱਚੀ ਮਾਨਵਤਾ ਅਤੇ ਸਮਾਜ ਲਈ ਇੱਕ ਨਵੀਂ ਦਿਸ਼ਾ ਦੇਣ ਦਾ ਸੁਨੇਹਾ ਦਿੱਤਾ ਹੈ ਅਤੇ ਹਰ ਸਾਲ ਭਾਰਤ ਵਿੱਚ ਇੱਕ ਨੇਤਰਹੀਣ ਲਈ ਉਸ ਦੀ ਜਿੰਦਗੀ ਨੂੰ ਚਾਨਣ ਨਾਲ ਭਰਨ ਦਾ ਬੀੜਾ ਚੁੱਕਿਆ ਹੈ। ਸ੍ਰੀ ਝੱਜ ਨੇ ਹਰ ਵਰਗ ਅਤੇ ਹਰ ਉਮਰ ਦੇ ਬੱਚਿਆਂ ਨੂੰ ਇਸ ਪ੍ਰੋਗਾਮ ਨਾਲ ਜੁੜਨ ਲਈ ਅਤੇ ਮੈਂਬਰਸ਼ਿਪ ਲੈਣ ਲਈ ਖੁੱਲਾ ਸੱਦਾ ਦਿੱਤਾ। ਗੁਰਦਵਾਰਾ ਮਿੱਲਵੁਡਜ਼ ਪ੍ਰਧਾਨ ਸ: ਸੁਰਿੰਦਰ ਸਿੰਘ ਹੂੰਜਣ ਨੇ ਇਸ ਕਦਮ ਦਾ ਸਮਰਥਨ ਕਰਦਿਆਂ ਸਕੂਲ ਦੇ ਸਟਾਫ ਅਤੇ ਬੱਚਿਆਂ ਦੀ ਇਸ ਪ੍ਰੋਗ੍ਰਾਮ ਵਿੱਚ ਹਿੱਸਾ ਲੈਣ ਲਈ ਪ੍ਰਸ਼ੰਸਾ ਕੀਤੀ।

**City Estates**

All Types of Property, Plots & Kothis available for Sale & Purchase in Chandigarh/Mohali.

ਮੋਹਾਲੀ, ਚੰਡੀਗੜ੍ਹ, ਪੰਚਕੂਲਾ ਅਤੇ ਆਸ-ਪਾਸ ਸ਼ਹਿਰੀ ਅਤੇ ਪੇਂਡੂ ਜਾਇਦਾਦ ਖਰੀਦਣ/ਵੇਚਣ ਲਈ ਸੰਪਰਕ ਕਰੋ

For More Info Contact:
SCO 123, Phase 7, Mohali (Punjab)
**011 91 98147 11263 or 011 91 98729 73304**

# Matrimonial

## ਵਰ ਦੀ ਲੋੜ

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

## ਕੰਨਿਆ ਦੀ ਲੋੜ

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1" ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/ 780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਕੰਬੋਜ ਸਿੱਖ 31 ਸਾਲਾ ਪੰਜ ਫੁੱਟ 9 ਇੰਚ ਇੰਗਲੈਂਡ ਵਿਚ ਵਰਕ ਪਰਮਿਟ 'ਤੇ ਰਹਿ ਰਹੇ ਕਲੀਨ ਸ਼ੇਵ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਚਾਹੀਦੀ ਹੈ। ਲੜਕੇ ਦਾ ਭਰਾ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ। ਸੰਪਰਕ : 780-200-1791

------

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਕਲੀਨ ਸ਼ੇਵ ਜੱਟ ਸਿੱਖ 23 ਸਾਲਾ, 5 ਫੁੱਟ 6 ਇੰਚ, Student visa 'ਤੇ ਭਾਰਤ ਤੋਂ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਜ਼ਰੂਰਤ ਹੈ। ਕੋਈ ਜਾਤੀ ਬੰਧਨ ਨਹੀਂ, ਵਿਆਹ ਬਿਨਾ ਦਹੇਜ ਦੇ। ਸੰਪਰਕ : 001-780-200-5328, 001-780-906-4497, Kirtmeetsingh@gmail.com

## ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦਾਸ ਮਾਨ ਦੇ ਬਹਾਨੇ - ਬੀਤੇ ਦੇ ਹੇਰਵੇ 'ਤੇ ਕੁੱਝ ਟਿਪਣੀਆਂ

ਅਜੇਪਾਲ

ਸਮਾਜ ਦੇ ਪੱਛੜੇ ਹਲਕਿਆਂ ਵਿਚ ਅੱਜਕਲ ਇਕ ਸ਼ੋਰ ਬਹੁਤ ਉੱਚਾ ਹੈ, ਉਹ ਹੈ 'ਸੱਭਿਆਚਾਰ ਬਚਾਓ' ਦਾ। ਸੱਭਿਆਚਾਰ ਤੋਂ ਉਨ੍ਹਾਂ ਦਾ ਭਾਵ ਬੀਤੇ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਫੜੀ ਰਖਣਾ ਹੈ। ਕੁੱਝ ਇਸ ਤਰ੍ਹਾਂ ਜਿਵੇਂ ਇੰਜਣ ਨਿਕਲ ਜਾਣ 'ਤੇ ਕੋਈ ਉਸ ਦੇ ਧੂੰਏਂ ਨੂੰ ਇੰਜਣ ਨਾਲ ਬਾਕਦਮ ਰੱਖਣ ਦਾ ਯਤਨ ਕਰੇ। ਇਤਿਹਾਸ ਬਣ ਚੁੱਕੇ ਸਮਾਜਾਂ ਦੇ ਸੱਭਿਆਚਾਰ ਨੂੰ ਬਚਾਉਣ ਦਾ ਰੌਲਾ ਵੀ ਬਹੁਤ ਕੁੱਝ ਅਜਿਹਾ ਹੀ ਹੈ। ਖ਼ੈਰ, ਇਕ ਦਮ ਲੇਖ ਦੇ ਸਿਰਲੇਖ ਨਾਲ ਬਾਕਦਮ ਹੁੰਦੇ ਹਾਂ ਤੇ ਗੁਰਦਾਸ ਮਾਨ 'ਤੇ ਆਉਂਦੇ ਹਾਂ। ਅੱਜ ਗੁਰਦਾਸ ਮਾਨ ਕਿਸੇ ਤੁਆਰੁਫ਼ ਦੇ ਮੁਥਾਜ ਨਹੀਂ, ਪੰਜਾਬੀ ਸੰਗੀਤ ਜਗਤ ਵਿਚ ਜੁ ਮੁਕਾਮ ਉਨ੍ਹਾਂ ਹਾਸਲ ਕੀਤਾ ਹੈ ਉਹ ਕਿਸੇ ਵਿਰਲੇ ਟਾਂਵੇਂ ਨੂੰ ਹੀ ਨਸੀਬ ਹੁੰਦਾ ਹੈ। ਸਿਰਫ਼ ਨੌਜਵਾਨਾਂ ਜਾਂ ਆਮ ਲੋਕਾਂ ਵਿਚ ਨਹੀਂ ਸਗੋਂ ਸਾਹਿਤਕ ਹਲਕਿਆਂ ਵਿਚ ਵੀ ਉਨ੍ਹਾਂ ਨੂੰ ਚੰਗਾ ਇੱਜ਼ਤ ਮਾਣ ਮਿਲਦਾ ਰਿਹਾ ਹੈ। ਚਾਲੂ ਉਪਭੋਗਤਾ ਸੱਭਿਆਚਾਰ ਵਿਚ ਨਿੱਤ ਰੱਦੀ ਕਿਸਮ ਦੇ ਆਉਂਦੇ ਗੀਤਾਂ ਤੇ ਉਨ੍ਹਾਂ ਦੇ ਗਾਇਕਾਂ ਤੋਂ ਅਲੱਗ ਹੱਟ ਕੇ ਮਾਨ ਨੇ ਆਪਣੀ ਵਖਰੀ ਪਛਾਣ ਬਣਾਈ ਹੈ। ਗੁਰਦਾਸ ਮਾਨ ਦੀ ਖਾਸੀਅਤ ਇਹ ਰਹੀ ਹੈ ਕਿ ਪੂੰਜੀਵਾਦੀ ਸਮਾਜ ਵਿਚਲੇ ਅਲਗਾਵ (ਏਲੀਨੇਸ਼ਨ) ਨੂੰ ਕੁੱਝ ਗੀਤਾਂ ਵਿਚ ਫੜਦੇ ਹਨ ਜਿਵੇਂ 'ਬੇਕਦਰੇ ਲੋਕਾਂ ਵਿਚ ਕਦਰ ਗਵਾ ਲੇਂਗਾ', 'ਦੁਨੀਆ ਇਹ ਦੁਨੀਆ' ਆਦਿ। ਮਾਨ ਹੁਰਾਂ ਦੇ ਮੁਕਾਬਲੇ ਅਸੀਂ ਹੋਰ ਖੁੰਭਾਂ ਵਾਂਗੂ ਉਗੇ ਗਾਇਕਾਂ ਦੀ ਗੱਲ ਤਾਂ ਬਿਲਕੁਲ ਨਹੀਂ ਕਰ ਸਕਦੇ ਜੋ ਉਸੇ ਰਫ਼ਤਾਰ ਨਾਲ ਗਾਇਬ ਹੁੰਦੇ ਹਨ ਜਿਸ ਨਾਲ ਪੈਦਾ ਹੁੰਦੇ ਹਨ। ਥੋੜ੍ਹੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਮਾਨ ਹੁਰਾਂ ਦੀ ਮਕਬੂਲੀਅਤ ਦਾ ਕਾਰਨ ਉਨ੍ਹਾਂ ਦੇ ਗੀਤ ਹਨ ਜੋ ਕਿ ਜ਼ਿਆਦਾਤਰ ਉਨ੍ਹਾਂ ਦੇ ਖ਼ੁਦ ਲਿਖੇ ਅਤੇ ਸਮਾਜਕ ਮੁੱਦਿਆਂ 'ਤੇ ਆਧਾਰਤ ਹੁੰਦੇ ਹਨ ਅਤੇ ਮਨੁੱਖੀ ਰਿਸ਼ਤਿਆਂ ਅਤੇ ਭਾਵਨਾਵਾਂ ਨੂੰ ਪ੍ਰਗਟਾਉਂਦੇ ਹਨ। ਭਾਵੇਂ ਮਾਨ ਦੇ ਗਾਏ ਗੀਤ 'ਚੱਕਲੋ ਚੱਕਲੋ', 'ਦਿਵਾਨੇ ਮੁੰਡੇ', 'ਭੰਗੜਾ ਪਾ ਲਈਏ' ਆਦਿ ਨੂੰ ਅਸੀਂ ਛੱਡ ਦਿੰਦੇ ਹਾਂ, ਕੁੱਝ ਇਸ ਤਰ੍ਹਾਂ ਕਿ 'ਜੇ ਹੋਰ ਗਾਂਦੇ ਨੇ ਤੇ ਮੈਂ ਗਾ ਦਿਤੇ ਤਾਂ ਕੀ ਹੋ ਗਿਆ?'' ਵਾਲੇ ਵਿਚਾਰ ਮੁਤਾਬਕ।

ਮਾਨ ਦੇ ਕਈ ਗੀਤਾਂ ਵਿਚ ਇਕ ਮੈਸੇਜ ਹੁੰਦਾ ਹੈ। ਉਹ ਹੈ 'ਆਪਣੀ ਮਿੱਟੀ' ਨਾਲ ਜੁੜਨ ਦਾ ਭਾਵ ਖ਼ਤਮ ਹੋ ਰਹੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਮੁੜ ਸੁਰਜੀਤ ਕਰਨ ਦਾ, ਉਨ੍ਹਾਂ ਨੂੰ ਬਚਾਉਣ ਦਾ। ਉਨ੍ਹਾਂ ਦੇ ਗੀਤਾਂ ਵਿਚ ਇਸ ਮੈਸੇਜ ਨਾਲ ਅਸੀਂ ਇਤਫ਼ਾਕ ਨਹੀਂ ਰਖਦੇ ਅਤੇ ਇਸ ਲੇਖ ਵਿਚ ਉਨ੍ਹਾਂ ਦੀ ਆਲੋਚਨਾ ਦਾ ਮੁੱਖ ਮੁੱਦਾ ਵੀ ਇਹੋ ਹੈ। ਆਓ ਪਹਿਲਾਂ ਅਸੀਂ ਕੁੱਝ ਗੀਤਾਂ ਦ ੀ ਉ ਦਾ ਹ ਰ ਣ ਟਿਪਣੀਆਂ ਸਹਿਤ ਦੇਖਦੇ ਹਾਂ ਫਿਰ ਇਸ ਸਭ ਦੇ ਕਾਰਨਾਂ ਵਿਚ ਜਾਵਾਂਗੇ। ਜਿਵੇਂ 'ਆਪਣਾ ਪੰਜਾਬ ਹੋਵੇ' ਗੀਤ ਨੂੰ ਲੈਂਦੇ ਹਾਂ ਇਸ ਦੇ ਕੁੱਝ ਬੋਲ ਹਨ, ''ਸਰੋਂ ਦੇ ਸਾਗ ਵਿਚ ਘਿਓ ਹੀ ਘਿਓ ਪਾਈ ਜਾਵਾਂ, ਮੱਕੀ ਦੀਆਂ ਰੋਟੀਆ ਨੂੰ ਬਿਨਾਂ ਗਿਣੇ ਖਾਈ ਜਾਵਾਂ... ਸੱਥ ਵਿਚ ਸ਼ੀਪ ਖੇਡਾਂ ਬਾਬਿਆਂ ਦੀ ਢਾਣੀ ਨਾਲ.... ਤਾਰਿਆਂ ਦੀ ਰਾਤ ਵਿਚ ਚੰਦ ਮਾਮਾ ਹੱਸੀ ਜਾਵੇ ਅੱਧ ਸੁੱਤੇ ਦੀਆਂ ਲੱਤਾਂ ਚੂੜੇ ਵਾਲੀ ਘੁੱਟੀ ਜਾਵੇ...।'' ਹੁਣ ਖੇਤੀ ਦਾ ਕੰਮ ਜ਼ੋਰ ਦਾ ਕੰਮ ਗਿਣਿਆਂ ਜਾਂਦਾ ਹੈ ਜਿਸ ਕਰ ਕੇ 'ਰੱਜ ਕੇ ਖਾਓ ਤੇ ਦੱਬ ਕੇ ਵਾਹੋ' ਦੀ ਕਹਾਵਤ ਵੀ ਮਸ਼ਹੂਰ ਹੈ, ਪਰ ਅੱਜ ਦੁਨੀਆ ਬਦਲ ਗਈ ਹੈ। ਹੁਣ ਖੇਤੀ ਛੱਡ ਹੋਰ ਬਹੁਤ ਸਾਰੇ ਕਿੱਤਿਆਂ 'ਤੇ ਨਿਰਭਰਤਾ ਵਧੀ ਹੈ ਅਤੇ ਉਸ ਨਾਲ ਖੁਰਾਕਾਂ ਵੀ ਬਦਲੀਆਂ ਹਨ। ਚੂੜੇ ਵਾਲੀਆਂ ਤੋਂ ਲੱਤਾਂ ਘੁਟਵਾਉਣੀਆਂ ਕਿੰਨੀ ਕੁ ਚੰਗੀ ਗੱਲ ਹੈ, ਇਸ ਬਾਰੇ ਤਾਂ ਕੀ ਕਹਿਣਾ? ਵੈਸੇ ਵੀ ਜਿਸ ਜਗੀਰੂ ਸਮਾਜ ਨੂੰ ਯਾਦ ਕਰ ਕੇ ਮਾਨ ਜੀ ਵਿਰਲਾਪ ਕਰ ਰਹੇ ਹਨ ਉਥੇ ਔਰਤਾਂ ਦੀ ਹਾਲਤ ਅਜਿਹੀ ਹੀ ਹੁੰਦੀ ਸੀ। ਸੱਥ ਵਿਚਲੇ ਬਾਬਿਆਂ ਦੇ ਜਿਹੜੇ ਗੁਣ ਗਾਣ ਮਾਨ ਸਾਹਿਬ ਨੇ ਗਾਏ ਹਨ, ਇਨ੍ਹਾਂ ਬਾਰੇ ਦੱਸਣਾ ਤੇ ਯਾਦ ਕਰਵਾਉਣਾ ਜਾਇਜ਼ ਹੋਵੇਗਾ ਕਿ ਪਿੰਡਾਂ ਵਿਚ ਇਹ ਸੱਥਾਂ ਦੇ ਬਾਬੇ ਅਕਸਰ ਐਕਸ-ਰੇ ਮਸ਼ੀਨਾਂ ਦੇ ਰੂਪ ਵਿਚ ਮਸ਼ਹੂਰ ਹੁੰਦੇ ਸਨ। ਇਹ ਸਥਾਂ ਦੇ ਬਾਬੇ ਅਤੇ ਇਨ੍ਹਾਂ ਸੱਥਾਂ ਵਿਚ ਚਲਦੀਆਂ ਨੱਬੇ ਫ਼ੀਸਦੀ ਗੱਲਾਂ ਪੇਂਡੂ ਵਹਿਲੜਪੁਣੇ, ਜਗੀਰੂ ਗੈਰ ਜਮਹੂਰੀ ਕਦਰਾਂ ਕੀਮਤਾਂ ਅਤੇ ਖੂਹ ਦੇ ਡੱਡੂਪੁਣੇ ਦੀ ਚੰਗੀ ਤਗੜੀ ਮਿਸਾਲ ਹੁੰਦੇ ਹਨ। ਕੁੱਝ ਕਲਾਤਮਕ ਰਚਨਾਵਾਂ ਜੋ ਤੱਤ ਰੂਪ ਵਿਚ ਇਕਦਮ ਪਿਛਾਖੜੀ ਹੁੰਦੀਆਂ ਹਨ, ਹੋ ਸਕਦਾ ਹੈ ਕਿ ਕੁੱਝ ਕਲਾਤਮਕ ਗੁਣ ਵੀ ਰਖਦੀਆਂ ਹੋਣ।

'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ' ਗੀਤ ਵੀ ਚੰਗਾ ਖਾਸਾ ਬੀਤੇ ਦਾ ਹੇਰਵਾ ਆਪਣੇ ਵਿਚ ਸਮੋਈ ਬੈਠਾ ਹੈ। ਇਸ ਦੇ ਕੁੱਝ ਬੋਲ ਹਨ 'ਬਚਪਨ ਚਲਾ ਗਿਆ, ਜਵਾਨੀ ਚਲੀ ਗਈ, ਜ਼ਿੰਦਗੀ ਦੀ ਕੀਮਤੀ ਨਿਸ਼ਾਨੀ ਚਲੀ ਗਈ... ਹੋਕਾ ਦਿੰਦੀ ਫਿਰਦੀ ਬੀਬੀ ਥਲੀਆਂ ਦੀ, ਸਸਤੀ ਲੈ ਲੋ ਦਰਜਨ ਕੇਲੇ ਫਲੀਆਂ ਦੀ... ਦੋ ਮੰਝਿਆਂ ਨੂੰ ਜੋੜ ਸਪੀਕਰ ਵੱਜਣੇ ਨਈਂ, ਜਿਹੜੇ ਵਾਜੇ ਵੱਜ ਗਏ ਮੁੜ ਕੇ ਵੱਜਣੇ ਨਈਂ, ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ... ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ'' ਇਸ ਦੇ ਨਾਲ ਹੀ ਇਕ ਹੋਰ ਗੀਤ 'ਮੇਲਣ ਬਣ ਕੇ ਵੇਖ ਮੇਲਣੇ ਮੇਲਾ ਯਾਰਾਂ ਦਾ' ਦੇ ਬੋਲ ਵੀ ਲੈਂਦੇ ਹਾਂ ''ਰੱਬ ਨੇ ਦਿਤੀਆਂ ਅੱਖਾਂ ਮੇਲਾ ਅੱਖ ਮਟੱਕੇ ਦਾ... ਬਲਦ ਸ਼ਿੰਗਾਰੀ ਮੇਲਾ ਕੰਮ ਕਾਰਾਂ ਦਾ...'' ਇਨ੍ਹਾਂ ਦੋਹਾਂ ਹੀ ਗੀਤਾਂ ਵਿਚ ਪਿੰਡ ਦਾ ਜੋ ਰੂਪ ਚਿਤਰਿਆ ਗਿਆ ਹੈ ਉਸ ਨੂੰ ਯਾਦ ਕਰ ਕੇ ਰੋਇਆ ਗਿਆ ਤੇ ਉਸ ਨੂੰ ਉਚਿਆਇਆ ਗਿਆ ਹੈ, ਉਹ ਚਿੱਤਰ ਅੱਜ ਤੋਂ ਕੁੱਝ ਦਹਾਕੇ ਪਹਿਲਾਂ ਭਾਰਤ ਵਿਚ ਦੇਖਣ ਨੂੰ ਮਿਲਦਾ ਸੀ, ਜਦ ਵਪਾਰ ਦੇ ਸਾਧਨ ਇਤਨੇ ਵਿਕਸਿਤ ਨਹੀਂ ਸਨ, ਆਵਾਜਾਈ ਦੇ ਸਾਧਨ ਅਤੇ ਤਕਨੀਕ ਵਿਕਸਿਤ ਨਹੀਂ ਸੀ, ਮੁਦਰਾ ਦਾ ਪ੍ਰਚਲਣ ਬਹੁਤ ਹੀ ਸੀਮਤ ਸੀ ਜਿਸ ਕਰ ਕੇ ਵਸਤਾਂ ਦੀ ਅਦਲਾ ਬਦਲੀ ਕਰਨੀ ਪੈਂਦੀ ਸੀ। ਬੀਬੀਆਂ ਟੋਕਰੀਆਂ ਵਿਚ ਆਪਣੀਆਂ ਵਸਤਾਂ ਪਾ ਕੇ (ਸਬਜ਼ੀਆਂ, ਫਲ, ਖਿਡੌਣੇ ਆਦਿ) ਦੂਸਰੇ ਪਿੰਡਾਂ ਵਿਚ ਵੇਚਣ ਜਾਂਦੀਆਂ ਸਨ ਤੇ ਜ਼ਿਆਦਾਤਰ ਵਸਤੂ ਵਟਾਂਦਰਾ ਕਰਦੇ ਸਨ, ਮੇਲੇ ਲਗਦੇ ਸਨ ਤੇ ਲੋਕ ਦੂਰੋਂ ਦੂਰੋਂ ਆਪਣੀਆਂ ਆਪਣੀਆਂ ਵਸਤਾਂ ਦਾ ਵਟਾਂਦਰਾ ਕਰਨ ਲਈ ਮੇਲਿਆਂ ਵਿਚ ਪੁੱਜਦੇ ਸਨ। ਪਰ ਜਿਵੇਂ ਜਿਵੇਂ ਪੂੰਜੀਵਾਦ ਦਾ ਵਿਕਾਸ ਭਾਰਤ ਵਿਚ ਹੋਇਆ ਇਸ ਨੇ ਲੋਕਾਂ ਨੂੰ ਮੰਡੀ ਦਿਤੀ ਅਤੇ ਮੁਦਰਾ ਦਾ ਪ੍ਰਚਲਣ ਵਧਾਇਆ ਤੇ ਇਸ ਤਰ੍ਹਾਂ ਮੇਲਿਆਂ ਦਾ ਅਧਾਰ ਖਿਸਕਦਾ ਗਿਆ ਤੇ ਅੱਜ ਵੀ ਜੋ ਥੋੜ੍ਹੇ ਬਹੁਤ ਮੇਲੇ ਬਚੇ ਹੋਏ ਨੇ ਉਹ ਵੀ ਆਪਣਾ ਤੱਤ ਬਦਲ ਚੁੱਕੇ ਹਨ ਤੇ ਪੂੰਜੀ ਦੇ ਯੁੱਗ ਦੀਆਂ ਆਧੁਨਿਕ ਮੰਡੀਆਂ ਦੇ ਰੂਪ ਵਿਚ ਕੰਮ ਕਰਦੇ ਹਨ। ਜਿਥੇ ਸਭ ਕੁੱਝ ਮੁਦਰਾ ਨਾਲ ਵਟਾਇਆ ਜਾਂਦਾ ਹੈ। ਰਹੀ ਗੱਲ ਮੇਲਾ 'ਅੱਖ ਮਟੱਕੇ ਦਾ' ਤਾਂ ਜਗੀਰੂ ਸਮਾਜ ਬੰਦ ਸਮਾਜ ਸਨ। ਪ੍ਰੇਮ ਇਕ ਗੁਨਾਹ ਮੰਨਿਆ ਜਾਂਦਾ ਸੀ। ਔਰਤਾਂ 'ਤੇ ਖਾਸ ਤੌਰ 'ਤੇ ਪਾਬੰਦੀਆਂ ਸਨ ਅਤੇ ਭਾਰਤ ਵਿਚ ਤਾਂ ਖਾਸ ਕਰ ਕੇ ਦਾਜ ਪ੍ਰਥਾ, ਸਤੀ ਪ੍ਰਥਾ ਵਰਗੀਆਂ ਜੋਕਾਂ ਔਰਤਾਂ ਨੂੰ ਲੱਗੀਆਂ ਹੋਈਆਂ ਸਨ। ਉਨ੍ਹਾਂ ਨੂੰ ਪੜ੍ਹਨ ਲਈ ਘਰੋਂ ਬਾਹਰ ਨਹੀਂ ਸੀ ਜਾਣ ਦਿੱਤਾ ਜਾਂਦਾ, ਜਿਸ ਕਰ ਕੇ ਸਮਾਜ ਨਾਲ ਉਨ੍ਹਾਂ ਦਾ ਮੇਲ ਜੋਲ ਬਹੁਤ ਘੱਟ ਸੀ। ਮੇਲਿਆਂ ਵਿਚ ਉਨ੍ਹਾਂ ਨੂੰ ਸਮਾਜ ਅਤੇ ਘਰ ਦੀਆਂ ਬੰਦ ਬਰੂਹਾਂ 'ਚੋਂ ਬਾਹਰ ਨਿਕਲਣ ਦਾ ਮੌਕਾ ਮਿਲਦਾ ਸੀ ਤਾਂ ਉਥੇ ਪ੍ਰੇਮ ਵੀ ਫੁੱਟਦਾ ਸੀ। ਅੱਜ ਪੂੰਜੀ ਦੀ ਸਸਤੀ ਕਿਰਤ ਸ਼ਕਤੀ ਲਈ ਖੋਜ ਨੇ ਉਨ੍ਹਾਂ ਨੂੰ ਘਰਾਂ ਵਿਚੋਂ ਕਾਫ਼ੀ ਹੱਦ ਤਕ ਬਾਹਰ ਕਢਿਆ ਹੈ। ਔਰਤਾਂ ਦਫ਼ਤਰਾਂ, ਫੈਕਟਰੀਆਂ, ਦੁਕਾਨਾਂ ਆਦਿ 'ਤੇ ਕੰਮ ਕਰਨ ਲੱਗੀਆਂ ਹਨ। ਸਮਾਜ ਨਾਲ ਉਨ੍ਹਾਂ ਦਾ ਮੇਲ ਜੋਲ ਵਧਿਆ ਹੈ ਜਿਸ ਕਰਕੇ ਪ੍ਰੇਮ ਨੂੰ ਮੇਲਿਆਂ ਦਾ ਬੰਧੇਜ ਨਹੀਂ ਰਿਹਾ। ਪਰ ਫਿਰ ਵੀ ਮੇਲਿਆਂ ਪ੍ਰਤੀ ਇਕ ਹੇਰਵਾ ਪਿੰਡ ਦੇ ਕੁੱਝ ਹਲਕਿਆਂ ਵਿਚ ਅੱਜ ਵੀ ਪਾਇਆ ਜਾਂਦਾ ਹੈ। ਇਕ ਗੀਤ 'ਸਾਡੇ ਪਿਆਰੇ ਬਾਪੂ ਜੀ' ਹੈ, ਜੋ ਹੁਣ ਦੇ ਸਮਾਜ ਦੀਆਂ ਕੁੱਝ ਅਲਾਮਤਾਂ ਨੂੰ ਨਿੰਦਦਾ ਹੋਇਆ ਪੂਰੇ ਸਮਾਜ ਨੂੰ ਹੀ ਨਿੰਦਣ 'ਤੇ ਆ ਬਹਿੰਦਾ ਹੈ। ਪੂਰਾ ਗੀਤ ਬਜ਼ੁਰਗ ਬਾਪੂ ਨੂੰ ਮਜ਼ਾਕ ਵਿਚ ਚਲਦਾ ਹੈ ਅਤੇ ਅਸਲ ਮਜ਼ਾਕ ਅੱਜ ਦੇ ਸਮਾਜ ਦਾ ਉਡਾਇਆ ਜਾਂਦਾ ਹੈ। ਗੀਤ ਦੇ ਬੋਲ ਹਨ ''ਬਾਪੂ ਤੁਹਾਡੇ ਪਿਆਰ ਦਾ ਤਰਾਨਾ ਹੋਰ ਸੀ, ਤੁਸੀਂ ਜਿਹੜਾ ਵੇਖਿਆ ਜ਼ਮਾਨਾ ਹੋਰ ਸੀ। ਹੁਣ ਫ਼ੈਸ਼ਨਾਂ ਦਾ ਜਾਮਾ, ਗਿਆ ਕੁੜਤਾ ਪਜਾਮਾ, ਚਲ ਪਈਆਂ ਕਾਰਾਂ, ਗਈਆਂ ਬੈਲ ਗੱਡੀਆਂ... ਬਾਪੂ ਤੁਹਾਡਾ ਪਿਅਰ ਬੜਾ ਪਾਕ ਹੁੰਦਾ ਸੀ, ਲੱਖਾਂ ਵਿਚੋਂ ਇਕ ਦਾ ਤਲਾਕ ਹੁੰਦਾ ਸੀ, ਉਲਟੀ ਚਲ ਪਈ ਏ ਗੰਗਾ...।'' ਹੁਣ ਫ਼ੈਸ਼ਨ ਤਾਂ ਬਦਲਦੇ ਹੀ ਰਹਿੰਦੇ ਹਨ ਤੇ ਮਾਨ ਸਾਹਿਬ ਪਤਾ ਨਹੀਂ ਕਿਹੜੀ ਤਰ੍ਹਾਂ ਦੇ ਡਰੈਸ ਕੋਡ ਨਾਲ ਸਹਿਮਤ ਹਨ। ਕੁੜਤਾ ਪਜਾਮਾ ਕਦੇ ਵੀ ਪੰਜਾਬ ਦੀ ਮੁਢਲੀ ਡਰੈਸ ਨਹੀਂ ਰਹੀ। ਮਾਨ ਸਾਹਿਬ ਪਿੱਛੇ ਜਾਣ ਲੱਗਿਆਂ ਵੀ ਮੱਧ ਯੁੱਗ 'ਤੇ ਪਹੁੰਚ ਕੇ ਬਰੇਕਾਂ ਲਾ ਲੈਂਦੇ ਹਨ ਜੇਕਰ ਅਸਲ ਵਿਚ ਉਹ 'ਪੁਰਾਣਾ ਵਿਰਸਾ' ਬਹਾਲ ਕਰਨਾ ਚਾਹੁੰਦੇ ਹਨ ਤਾਂ ਅੱਜ ਤੋਂ ਕੁੱਝ ਹਜ਼ਾਰ ਸਾਲ ਪਹਿਲਾਂ ਇਨਸਾਨ ਨੰਗਾ ਘੁੰਮਦਾ ਸੀ। ਮਨੁੱਖ ਦੇ ਕਪੜੇ ਉਸ ਦੇ ਕੰਮਾਂ ਅਨੁਸਾਰ ਬਦਲਦੇ ਰਹੇ ਨੇ ਤੇ ਅਗਾਂਹ ਵੀ ਬਦਲਦੇ ਰਹਿਣਗੇ। ਰਹੀ ਗੱਲ ਤਲਾਕ ਦੀ, ਜਗੀਰੂ ਅਤੇ ਪੂੰਜੀਵਾਦੀ ਦੋਵਾਂ ਹੀ ਸਮਾਜਾਂ ਵਿਚ ਵਿਆਹ ਇਕ ਸੌਦਾ ਹੈ, ਫ਼ਰਕ ਇਹ ਹੈ ਕਿ ਜਗੀਰਦਾਰੀ ਸਮੇਂ ਇਹ ਸੌਦਾ ਲੜਕੇ ਲੜਕੀ ਦੀ ਮਰਜ਼ੀ ਦੇ ਬਿਨਾਂ ਹੁੰਦਾ ਸੀ ਤੇ ਉਹ ਚਾਹ ਕੇ ਵੀ ਆਪਣਾ ਵਿਆਹ ਤੋੜ ਨਹੀਂ ਸਕਦੇ ਸਨ ਅਤੇ ਹੁਣ ਇਹ ਲੜਕੇ ਲੜਕੀਆਂ ਦੀ ਸਹਿਮਤੀ ਨਾਲ ਹੁੰਦਾ ਹੈ। ਅਜਿਹੇ ਸੌਦੇ ਅਗਰ ਟੁੱਟਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕਰਨਾ ਬਣਦਾ ਹੈ।

'ਕੀ ਬਣੂ ਦੁਨੀਆ ਦਾ', 'ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ', ਕਿਥੇ ਗਈਆਂ ਕਿਕਲੀ ਕਲੀਰ ਦੀਆਂ' ਵਿਚ ਤਾਂ ਗਾਇਕ ਬੀਤੇ ਦੀ ਮੁੜ ਬਹਾਲੀ ਲਈ ਰੁਦਨ ਦੇ ਸਿਖਰ 'ਤੇ ਚੜ੍ਹ ਜਾਂਦਾ ਹੈ। ਕੀ ਅੱਜ ਘਗਰੇ ਪਾ ਕੇ ਇਸ ਆਧੁਨਿਕ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਵਿਚਰਿਆ ਜਾ ਸਕਦਾ ਹੈ? ਇਹ ਵਰਤਮਾਨ ਤੇ ਭਵਿੱਖ ਨੂੰ ਇਤਿਹਾਸ ਨਾਲ ਸਿੰਜਣਾ ਨਹੀਂ ਲਬੇੜਨਾ ਹੈ। ਅਸੀਂ ਆਪਣੇ ਇਤਿਹਾਸ ਨੂੰ ਦਫ਼ਨ ਕਰਨ ਦੇ ਹਾਮੀ ਨਹੀਂ ਸਗੋਂ ਇਸ ਗੱਲ 'ਤੇ ਜ਼ੋਰ ਜ਼ਰੂਰ ਦਿੰਦੇ ਹਾਂ ਕਿ ਉਸ ਇਤਿਹਾਸ ਵਿਚੋਂ ਸਿਖਿਆ ਕਿਸ ਚੀਜ਼ ਤੋਂ ਜਾਵੇ। ਇਤਿਹਾਸ ਵਿਰੋਧੀ ਨਜ਼ਰੀਆ ਵੀ ਸਾਡਾ ਨਹੀਂ, ਸਾਡਾ ਕਹਿਣਾ ਤਾਂ ਸਿਰਫ਼ ਇਹ ਹੈ ਕਿ ਇਤਿਹਾਸ ਤੋਂ ਸਿੱਖ ਕੇ ਵਰਤਮਾਨ ਨੂੰ ਬਦਲਣਾ ਹੈ ਤੇ ਭਵਿੱਖ ਵਲ ਵੇਖਣਾ ਹੈ ਨਾ ਕਿ ਬੀਤੇ ਤੇ' ਪਛਤਾਵਾ।

ਫਿਰ ਵੀ ਸੋਚਣ ਦੀ ਗੱਲ ਆਉਂਦੀ ਹੈ ਕਿ ਇਸ ਹੇਰਵੇ ਦਾ ਅਧਾਰ ਕੀ ਹੈ? ਕੀ ਕਾਰਨ ਹੈ ਕਿ ਹੇਰਵਾ ਵੀ ਸਮਾਜ ਵਿਚ ਵਿਚਰਦਾ ਹੈ? ਇਸ ਦਾ ਮੁੱਖ ਕਾਰਨ ਤਾਂ ਬੀਤੇ ਦੀਆਂ ਬਚੀਆਂ ਹੋਈਆਂ ਜਗੀਰੂ ਕਦਰਾਂ ਕੀਮਤਾਂ ਦਾ ਲੋਕ ਮਨਾਂ ਵਿਚ ਵਸੇ ਹੋਣਾਂ ਤੇ ਨਵੀਆਂ ਬਦਲਵੀਆਂ ਕਦਰਾਂ ਕੀਮਤਾਂ ਤੇ ਸੱਭਿਆਚਾਰ ਦੀ ਅਣਹੋਂਦ ਦਾ ਹੋਣਾ ਹੈ। ਭਾਰਤ ਵਰਗੇ ਦੇਸ਼ਾਂ ਵਿਚ ਇਸ ਦਾ ਇਕ ਕਾਰਨ ਇਥੋਂ ਦਾ ਲੂਲਾ ਲੰਗੜਾ ਪੂੰਜੀਵਾਦੀ ਵਿਕਾਸ ਵੀ ਹੈ। ਇਥੋਂ ਦਾ ਪੂੰਜੀਵਾਦੀ ਕਿਸੇ ਜਮਹੂਰੀ ਇਨਕਲਾਬ ਨਾਲ ਆਉਣ ਦੀ ਬਜਾਏ ਧੱਕੇ ਖਾਂਦਾ ਅੱਗੇ ਵਧਦਾ ਹੋਇਆ ਸਥਾਪਤ ਹੋਇਆ ਹੈ। ਇਹ ਬਚਪਨ ਤੋਂ ਸਿੱਧਾ ਬੁਢਾਪੇ ਵਿਚ ਆ ਡਿੱਗਾ ਹੈ। ਇਸ ਨੇ ਲੋਕਾਂ ਦੇ ਦਿਮਾਗ਼ਾਂ ਨੂੰ ਜਮਹੂਰੀ ਵਿਚਾਰਾਂ ਨਾਲ ਰੁਸ਼ਨਾਉਣ ਦੀ ਬਜਾਏ ਉਨ੍ਹਾਂ ਦਾ ਸੰਮਤੀ ਜ਼ੰਗ ਕਾਇਮ ਰੱਖਿਆ ਹੈ। ਇਕ ਹੋਰ ਅਧਾਰ ਵੀ ਹੈ ਬੀਤੇ ਨੂੰ ਰੋਣ ਦਾ। ਪਿਛਲੇ ਤਿੰਨ ਕੁ ਦਹਾਕਿਆਂ ਵਿਚ ਭਾਰਤ ਨੇ ਤੇਜ਼ ਰਫ਼ਤਾਰ ਪੂੰਜੀਵਾਦੀ ਵਿਕਾਸ ਵੇਖਿਆ ਹੈ। ਜਿਸ ਕਰ ਕੇ ਖੇਤੀ 'ਚੋਂ ਵੱਡੇ ਪੱਧਰ 'ਤੇ ਵਾਧੂ ਕਿਰਤ ਸ਼ਕਤੀ ਸ਼ਹਿਰ ਵਲ ਨੂੰ ਜਾਂ ਵਿਦੇਸ਼ਾਂ ਵਲ ਹਿਜਰਤ ਕਰ ਗਈ। ਹੁਣ ਪਿੰਡਾਂ ਤੇ ਸ਼ਹਿਰਾਂ ਦਰਮਿਆਨ ਵੀ ਇਕ ਵਿਰੋਧਤਾਈ ਕਾਇਮ ਰਹਿੰਦੀ ਹੈ। ਪੇਂਡੂ ਜੀਵਨ ਵਿਚ ਰਚਿਆ ਵਸਿਆ ਇਕ ਵਿਅਕਤੀ ਰੁਜ਼ਗਾਰ ਲਈ ਜਦ ਸ਼ਹਿਰ ਪਹੁੰਚਦਾ ਹੈ ਤਾਂ ਸ਼ਹਿਰੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਕੁੱਝ ਤਾਂ ਆਪਣੀ ਥਾਂ ਬਣਾ ਲੈਂਦੇ ਹਨ ਤੇ ਕੁੱਝ ਜਲਦੀ ਕਿਤੇ ਫਿਟ ਨਹੀਂ ਹੋ ਪਾਂਦੇ। ਪਿੰਡ ਦੀ ਜੂੰ ਤੋਰ ਜ਼ਿੰਦਗੀ, ਸਿੱਧੜਪੁਣੇ ਤੇ ਖੂਹ ਦੇ ਡੱਡੂਪੁਣੇ ਕਰ ਕੇ ਉਹ ਸ਼ਹਿਰ ਵਿਚ ਹਾਸੇ ਦਾ ਪਾਤਰ ਵੀ ਰਹਿੰਦਾ ਹੈ। ਉਸ ਦੀ ਔਲਾਦ ਜੋ ਸ਼ਹਿਰਾਂ ਵਿਚ ਹੀ ਪੈਦਾ ਹੋਈ, ਪਲੀ ਅਤੇ ਵੱਡੀ ਹੋਈ ਹੈ ਉਸ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਸੱਟ ਮਾਰਦੀ ਹੈ ''ਬਾਪੂ ਤੁਹਾਡਾ ਜ਼ਮਾਨਾ ਗਿਆ'' ਉਸ ਨੂੰ



ਬਾਕੀ ਸਫਾ 38 'ਤੇ

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck **anywhere in** Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

# NIRVANA

Restaurant ✲ Lounge ✲ Hall

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......*
*I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**
**EMAIL: info@nirvanacalgary.com**

ਸਫ਼ਾ 36 ਤੋਂ ਅੱਗੇ

ਅਕਸਰ ਸੁਣਨ ਨੂੰ ਮਿਲਦਾ ਹੈ। ਹੁਣ ਜੋ ਵਿਦੇਸ਼ਾਂ ਵਿਚ ਗਏ ਨੇ ਉਨ੍ਹਾਂ ਦਾ ਹਾਲ ਤਾਂ ਸ਼ਹਿਰ ਗਿਆਂ ਤੋਂ ਵੀ ਬੁਰਾ ਹੈ। ਫਿਰ ਇਸ ਸਭ ਵਿਚ ਉਨ੍ਹਾਂ ਨੂੰ ਬੀਤੇ ਹੋਏ 'ਭਲੇ ਵੇਲੇ' ਯਾਦ ਆਉਂਦੇ ਹਨ। ਬੀਤੇ ਦੇ ਹੇਰਵੇ ਦਾ ਸਭ ਤੋਂ ਵੱਡਾ ਅਧਾਰ ਇਹੀ ਲੋਕ ਹਨ। ਫਿਰ ਇਨ੍ਹਾਂ ਦੇ ਕਿਰਦੇ ਹੰਝੂ ਦੇਖ ਕੁੱਝ ਬੁਧੀਜੀਵੀ ਵੀ ਇਸ ਅਧਾਰ ਨੂੰ ਫ਼ਲਸਫ਼ੇ ਦਾ ਮੋਢਾ ਦੇਣ ਪਹੁੰਚ ਜਾਂਦੇ ਹਨ ਤੇ ਹੇਰਵੇ ਦੀ ਮਾਰਕਿਟ ਉਠਦੀ ਹੈ। ਇਸ ਤਰ੍ਹਾਂ ਬੀਤੇ ਦੇ ਹੇਰਵੇ ਦੀ ਮਾਰਕੀਟ ਹੋਂਦ ਵਿਚ ਆਉਂਦੀ ਹੈ। ਹੁਣ ਇਸ ਮਾਰਕੀਟ ਵਿਚ ਤਰ੍ਹਾਂ ਤਰ੍ਹਾਂ ਦੀਆਂ ਵਸਤਾਂ ਦਾ ਵਣਜ ਹੁੰਦਾ ਹੈ ਜਿਵੇਂ ਲੇਡੀਜ਼ ਕਲੱਬਾਂ ਵਿਚ ਤੀਆਂ ਦਾ ਤਿਉਹਾਰ, ਸਕੂਲਾਂ ਕਾਲਜਾਂ ਵਿਚ ਫ਼ੰਕਸ਼ਨਾਂ ਵਿਚ ਉਡਦੀਆਂ ਫੁਲਕਾਰੀਆਂ, ਕੁੜਤੇ ਚਾਦਰੇ, ਸੱਗੀ ਫੁੱਲ ਆਦਿ। ਇਸੇ ਗੀਤ ਸੰਗੀਤ ਦੇ ਖੇਤਰ ਵਿਚ ਅਜਿਹੇ ਗੀਤਾਂ ਦੀ ਲੋੜ ਪੈਂਦੀ ਹੈ ਜੋ ਉਸ ਬੀਤ ਚੁੱਕੇ ਨੂੰ ਸਹੀ ਠਹਿਰਾਉਂਦੇ ਹੋਣ, ਉਸ ਦਾ ਗੁਣ ਗਾਣ ਕਰਦੇ ਹੋਣ। ਇਨ੍ਹਾਂ ਦੀ ਹੀ ਮਾਨਸਿਕ ਸੰਤੁਸ਼ਟੀ ਦੀ ਇਹ ਮਾਰਕਿਟ ਹੈ, ਜਿਸ ਨੂੰ ਗੁਰਦਾਸ ਮਾਨ ਕੈਸ਼ ਕਰਦੇ ਹਨ ਤੇ ਕੈਸ਼ ਵੀ ਕੈਸਾ! ਪੰਜਾਬ ਦੇ ਐਨ.ਆਰ.ਆਈਜ਼ ਦੀ ਮਾਰਕਿਟ ਤਾਂ ਕਰੋੜਾਂ ਦੀ ਹੈ।

ਪਿਛਾਪੜ ਹਰੇਕ ਤਰ੍ਹਾਂ ਦੇ ਨਵੇਂਪਣ ਨੂੰ ਨਾਕਰਦਾ ਹੈ ਜਿਵੇਂ ਕਿ ਪ੍ਰਵਾਸ। ਅਗਰ ਮਨੁੱਖੀ ਇਤਿਹਾਸ ਵਿਚ ਪ੍ਰਵਾਸ ਨਾ ਹੁੰਦਾ ਤਾਂ ਆਧੁਨਿਕ ਮਨੁੱਖ ਬਹੁਤ ਸਾਰੀਆਂ ਕਲਾਵਾਂ ਤੋਂ ਵਿਹੂਣਾ ਰਹਿ ਜਾਂਦਾ। ਇਕ ਖੂਹ ਦਾ ਡੱਡੂ ਬਣ ਜਾਂਦਾ, ਡਾਰਵਿਨ ਸਾਰੀ ਉਮਰ ਜੰਗਲਾਂ ਵਿਚ ਨਾ ਘੁੰਮਦਾ ਰਹਿੰਦਾ ਤਾਂ ਵਿਗਿਆਨੀ 'ਜੀਵਾਂ ਦੀ ਉਤਪਤੀ' ਅਤੇ 'ਮਨੁੱਖ ਦੀ ਉਤਪਤੀ' ਨਾਲ ਅੱਜ ਵੀ ਸਿਰ ਖਪਾਉਂਦੇ ਫਿਰਦੇ। ਵਾਸਕੋ ਡਿ ਗਾਮਾ ਤੇ ਕੋਲੰਬਸ ਦੀਆਂ ਮਹਾਨ ਦੇਣਾਂ ਨੂੰ ਸੰਸਾਰ ਕਦੇ ਵੀ ਨਹੀਂ ਭੁੱਲੇਗਾ। ਪਰ ਮਾਨ ਹੁਰੀਂ ਇਸ 'ਤੇ ਲਿਖਦੇ ਹਨ, 'ਕਿਸੇ ਮਾਂ ਦੀ ਮੰਨ ਲਵੋ ਅੱਜ ਕਲ ਮੁਸ਼ਕਿਲ ਲੱਗਦੇ ਵੀਜ਼ੇ'। ਜ਼ਮੀਨ ਨਾਲ ਲੋਕਾਂ ਨੂੰ ਨੂੜੀ ਰਖਣਾ ਇਤਿਹਾਸ ਵਿਰੋਧੀ ਨਜ਼ਰੀਆ ਹੈ, ਉਨ੍ਹਾਂ ਦੇ ਦਿਮਾਗਾਂ ਨੂੰ ਖੋਲਾਂ ਵਿਚ ਬੰਦ ਕਰਨ ਦੀ ਚਾਲ ਹੈ।

ਇਕ ਹੋਰ ਗੱਲ ਵੀ ਜੋ ਕਿ ਨੈਤਿਕ ਪੱਧਰ 'ਤੇ ਵੀ ਸੱਭਿਆਚਾਰ ਦੇ ਇਨ੍ਹਾਂ ਰਾਖਿਆਂ ਤੋਂ ਪੁੱਛਣੀ ਬਣਦੀ ਹੈ ਉਹ ਇਹ ਕਿ ਜੇ ਤੁਸੀਂ ਇੰਨ੍ਹੇ ਹੀ ਉਸ ਬੀਤ ਚੁੱਕੇ ਲਈ ਝੂਰ ਰਹੇ ਹੋ ਤਾਂ ਕਿਉਂ ਨਹੀਂ ਚੰਡੀਗੜ੍ਹ, ਦਿੱਲੀ ਦੇ ਆਪਣੇ ਬੰਗਲਿਆਂ ਨੂੰ ਛੱਡ ਕੇ ਮੁੜ ਪਿੰਡਾਂ ਵਲ ਵਹੀਰਾਂ ਘੱਤ ਲੈਂਦੇ? ਕਿਸੇ ਪਿੰਡ ਵਿਚ ਕੁੱਲੀ ਪਾ ਕੇ ਰਹਿਣ ਲੱਗ ਪਓ। ਮਾਨ ਕੋਈ ਪੰਜਾਬੀ ਫ਼ਿਲਮ ਬਣਾਉਂਦੇ ਹਨ ਤਾਂ ਸਾਰੇ ਨੌਜਵਾਨ ਮੁੰਡੇ ਕੁੜੀਆਂ ਆਧੁਨਿਕ ਪਹਿਰਾਵਿਆਂ ਵਿਚ ਦਿਖਦੇ ਹਨ (ਪਿੱਛੇ ਜਿਹੇ ਉਨ੍ਹਾਂ ਦੀਆਂ ਕੁਝ ਫ਼ਿਲਮਾਂ ਦੇ ਸੰਦਰਭ ਵਿਚ) ਕਿਉਂ ਨਹੀਂ ਉਹ ਉਨ੍ਹਾਂ ਨੂੰ ਕੜਤੇ ਚਾਦਰੇ ਪਵਾਈ ਕਾਲਜ ਜਾਂਦੇ ਦਿਖਾਉਂਦੇ? ਪਰ ਉਹ ਇਸ ਤਰ੍ਹਾਂ ਨਹੀਂ ਕਰਨਗੇ ਕਿਉਂਕਿ ਇਸ ਜੀਨ ਕਲਚਰ ਦੀ ਵੀ ਇਕ ਮਾਰਕਿਟ ਹੈ ਤੇ ਉਸ ਨੂੰ ਕੈਸ਼ ਕਰਨਾ ਵੀ ਜ਼ਰੂਰੀ ਹੈ। ਇਸ ਪੂਰੇ ਮਾਮਲੇ ਵਿਚ ਜ਼ਿਆਦਾ ਜ਼ੋਰ ਤਾਂ ਮਾਰਕਿਟ ਨੂੰ ਕੈਸ਼ ਕਰਨ 'ਤੇ ਹੀ ਲੱਗਾ ਹੋਇਆ ਹੈ। ਸਿਰਫ਼ ਗੁਰਦਾਸ ਮਾਨ ਹੀ ਨਹੀਂ ਇਕ ਪੂਰੀ ਦੀ ਪੂਰੀ ਲਾਬੀ ਹੈ ਇਸ ਸੱਭਿਆਚਾਰ ਬਚਾਓ ਅੰਦੋਲਨ ਪਿੱਛੇ। ਜੇਕਰ ਇਹ ਨੌਜਵਾਨਾਂ ਨੂੰ 'ਵਿਰਸੇ' ਨਾਲ ਜੋੜ ਕੇ ਅਸਲ ਵਿਚ ਬਦਲਣਾ ਚਾਹੁੰਦੇ ਹਨ, ਇਨ੍ਹਾਂ ਨੂੰ ਨੌਜਵਾਨ ਪੀੜ੍ਹੀ ਦੇ ਭਵਿੱਖ ਦੀ ਵਾਕਿਆ ਹੀ ਕੋਈ ਚਿੰਤਾ ਹੈ ਤਾਂ ਬੇਰੁਜ਼ਗਾਰੀ, ਮਹਿੰਗਾਈ ਆਦਿ ਅਨੇਕਾਂ ਮੁੱਦੇ ਹਨ। ਜੇਕਰ ਬੋਲਣ ਲਈ ਹੋਰ ਕੁੱਝ ਨਹੀਂ ਤਾਂ ਪੁਲਿਸ ਹੱਥੋਂ ਗੁੱਤਾਂ ਤੋਂ ਫੜ ਫੜ ਘੜੀਸੀਆਂ ਜਾਂਦੀਆਂ ਵਿਦਿਆਰਥਣਾਂ, ਨਰਸਾਂ, ਆਂਗਣਵਾੜੀ ਵਰਕਰਾਂ ਆਦਿ ਦੇ ਹੱਕ ਵਿਚ ਘੱਟੋ ਘੱਟ ਹਾਅ ਦਾ ਨਾਅਰਾ ਹੀ ਮਾਰ ਦੇਣ। ਪਿੱਛੇ ਜਿਹੇ ਤਾਂ ਵੈਟਨਰੀ ਵਿਦਿਆਰਥੀਆਂ ਦੇ ਮੁਜ਼ਾਹਰੇ 'ਤੇ ਲਾਠੀਚਾਰਜ ਸਮੇਂ ਪੁਲਿਸੀਆਂ ਨੇ ਵਿਦਿਆਰਥਣਾਂ ਦੀਆਂ ਕਮੀਜ਼ਾਂ ਵਿਚ ਹੱਥ ਪਾਉਣ ਤਕ ਦੀ ਨੀਚ ਹਰਕਤ ਕੀਤੀ। ਉਸ ਵਕਤ ਇਨ੍ਹਾਂ ਗਾਇਕਾਂ ਦੀ ਸੁਰ



ਨਹੀਂ ਨਿਕਲਦੀ ਤੇ ਕਲਮ ਨਵੀਸਾਂ ਦੀ ਕਲਮ ਘਾਹ ਚਰਨ ਤੁਰ ਪੈਂਦੀ ਹੈ, ਸਗੋਂ ਇਹ ਤਾਂ ਉਲਟਾ ਕਰਦੇ ਹਨ, ਹਰ ਸੱਤਾਧਾਰੀ ਪਾਰਟੀ (ਵਿਰੋਧੀ ਧਿਰ ਤੇ ਹਰ ਵੋਟ ਬਟੋਰੂ ਪਾਰਟੀ) ਦੀਆਂ ਰੈਲੀਆਂ ਜਲਸਿਆਂ ਵਿਚ ਇਕੱਠ ਕਰਨ ਲਈ ਪਿੰਡਾਂ ਦੇ ਭੰਡਾਂ ਦੀ ਤਰ੍ਹਾਂ ਸੁਰ ਕੱਢਦੇ ਹਨ ਤੇ ਸਾਡੇ ਜੋ ਲੋਕ ਇਨ੍ਹਾਂ ਤੋਂ ਸਮਾਜ ਨੂੰ ਦਿਸ਼ਾ ਦੇਣ ਦੀ ਆਸ ਰਖਦੇ ਹਨ ਉਨ੍ਹਾਂ ਦੀ ਅਕਲ ਲਈ ਸਾਨੂੰ ਫ਼ਿਕਰ ਹੋਣ ਲੱਗਦਾ ਹੈ।

ਚਿਲੀ ਦੇ ਕਵੀ ਪਾਬਲੋ ਨੇਰੂਦਾ ਦੀਆਂ ਕੁੱਝ ਸਤਰਾਂ ਯਾਦ ਆਉਂਦੀਆਂ ਹਨ–

ਤੁਸੀਂ ਪੁਛੋਗੇ
ਕਿਉਂ ਨਹੀਂ ਕਰਦੀ
ਉਸਦੀ ਕਵਿਤਾ
ਉਸਦੇ ਦੇਸ ਦੇ
ਫੁੱਲਾਂ ਅਤੇ ਪੱਤਿਆਂ ਦੀ ਗੱਲ
ਆਓ
ਦੇਖੋ ਗਲੀਆਂ ਵਿਚ ਵਹਿੰਦਾ ਲਹੂ
ਆਓ ਦੇਖੋ
ਗਲੀਆਂ ਵਿਚ ਵਹਿੰਦਾ ਲਹੂ
ਆਓ ਦੇਖੋ
ਗਲੀਆਂ ਵਿਚ ਵਹਿੰਦਾ ਲਹੂ।

ਜਦ ਖੜੋਤ ਦੀ ਹਾਲਤ ਸਮਾਜ ਨੂੰ ਜਕੜ ਲੈਂਦੀ ਹੈ ਤਾਂ ਪਿਛਾਂਹ ਖਿੱਚੂ ਤਾਕਤਾਂ ਸਮਾਜ ਉਤੇ ਹਾਵੀ ਹੋ ਜਾਂਦੀਆਂ ਹਨ। ਅੱਜ ਭਾਰਤ ਵਿਚ ਵੀ ਕੁੱਝ ਅਜਿਹੀ ਸਥਿਤੀ ਹੈ ਇਥੇ 84 ਕਰੋੜ ਉਹ ਲੋਕ ਨੇ ਜੋ ਰੋਜ਼ਾਨਾ 20 ਰੁਪਏ ਤੋਂ ਵੀ ਘੱਟ 'ਤੇ ਗੁਜ਼ਰ ਬਸਰ ਕਰਦੇ ਹਨ। ਕਰੋੜਾਂ ਨੌਜਵਾਨ ਹੱਥਾਂ ਵਿਚ ਮਹਿੰਗੀਆਂ ਮਹਿੰਗੀਆਂ ਡਿਗਰੀਆਂ ਲਈ ਦਰ ਦਰ ਦੀ ਖਾਕ ਛਾਣਣ ਨੂੰ ਮਜਬੂਰ ਹਨ। ਦਾਜ ਵਰਗੀਆਂ ਕੁਰੀਤੀਆਂ, ਨਸ਼ੇ, ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜਿਆ ਹੋਇਆ ਹੈ। ਪੱਛਮੀ ਸੱਭਿਆਚਾਰ ਵਿਚੋਂ ਛਣ ਕੇ ਆਇਆ 'ਕੂੜਾ ਸੱਭਿਆਚਾਰ' ਨਵੀਂ ਪਨੀਰੀ ਦੇ ਦਿਮਾਗਾਂ ਨੂੰ ਗੰਧਲਾ ਕਰ ਰਿਹਾ ਹੈ। ਨੌਜਵਾਨਾਂ ਅਤੇ ਆਮ ਲੋਕਾਂ ਵਿਚ ਕੋਈ ਵੀ ਇਨਕਲਾਬੀ ਬਦਲ ਮੌਜੂਦ ਨਹੀਂ ਤੇ ਜੋ ਹੈ ਉਹ ਬਹੁਤ ਸੀਮਤ ਹੈ। ਲੋਕ ਇਸ ਸਭ ਦਾ ਹੱਲ ਚਾਹੁੰਦੇ ਹਨ ਨਾ ਸਿਰਫ਼ ਰਾਜਨੀਤਿਕ ਅਤੇ ਆਰਥਿਕ ਪੱਖੋਂ, ਸਗੋਂ ਸੱਭਿਆਚਾਰ ਪੱਖੋਂ ਵੀ। ਜਦ ਵੀ ਕਿਸੇ ਸਮਾਜ ਵਿਚ ਅਜਿਹੇ ਹਾਲਤ ਪੈਦਾ ਹੁੰਦੇ ਹਨ ਤਾਂ ਮੁੱਖ ਰੂਪ ਵਿਚ ਤਿੰਨ ਸ਼ਕਤੀਆਂ ਉਥੇ ਸਰਗਰਮ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਇਕ ਪਿਛਾਖੜੀ ਧਾਰਾ ਹੁੰਦੀ ਹੈ, ਦੂਸਰੀ ਯਥਾਸਥਿਤੀਵਾਦੀ ਤੇ ਤੀਸਰੀ ਅਗਾਂਹਵਧੂ ਧਾਰਾ ਜਾਂ ਇਨਕਲਾਬੀ ਧਾਰਾ। ਖੜੋਤ ਦੇ ਸਮਿਆਂ ਵਿਚ ਪਿਛਾਖੜੀ ਧਾਰਾ ਜ਼ਿਆਦਾ ਪ੍ਰਬਲ ਹੁੰਦੀ ਹੈ ਕਿਉਂਕਿ ਉਸ ਕੋਲ ਬਣੀ ਬਣਾਈ ਵਿਰਾਸਤ ਮੌਜੂਦ ਹੁੰਦੀ ਹੈ ਉਸਨੇ ਨਵਾਂ ਕੁੱਝ ਨਹੀਂ ਕਰਨਾ ਹੁੰਦਾ ਸਗੋਂ ਬੀਤੇ ਦਾ ਹੀ ਪੁਨਰਉਥਾਨ ਕਰਨਾ ਹੁੰਦਾ ਹੈ। ਕੋਈ ਪ੍ਰਭਾਵੀ ਬਦਲ ਨਾ ਹੋਣ ਕਾਰਨ ਲੋਕ ਬੀਤੇ ਦੇ ਗੌਰਵ ਵਲ ਵੇਖਦੇ ਹਨ।

ਇਹ ਠੀਕ ਹੈ ਕਿ ਅੱਜ ਹਾਲਾਤ ਬਦ ਨਾਲੋਂ ਬਦਤਰ ਹਨ ਪਰ ਇਸ ਦਾ ਹਲ ਇਤਿਹਾਸ ਦੇ ਖੂਹ ਵਿਚ ਡਿੱਗ ਕੇ ਨਹੀਂ ਮਿਲੇਗਾ ਜਿਸ ਦਾ ਆਕਾਸ਼ ਬਹੁਤ ਹੀ ਸੀਮਤ ਹੁੰਦਾ ਹੈ, ਸਗੋਂ ਇਹ ਭਵਿੱਖ ਦੀਆਂ ਖੋਜ ਯਾਤਰਾਵਾਂ ਵਿਚ ਹੈ ਜਿਥੇ ਹਰ ਕਦਮ 'ਤੇ ਨਵੀਂ ਚੁਣੌਤੀ ਹੈ ਅਤੇ ਜਿਸ ਦੇ ਆਕਾਸ਼ ਅਨੰਤ ਹਨ। ਅੱਜ ਵਿਗਿਆਨ ਜਿੰਨੀ ਤਰੱਕੀ ਕਰ ਚੁੱਕਾ ਹੈ ਇਹ ਜ਼ਰੂਰੀ ਹੋ ਗਿਆ ਹੈ ਕਿ ਚਰਖਿਆਂ ਦੀ ਜਗ੍ਹਾ ਫਲੈਟ ਮਸ਼ੀਨਾਂ ਨੂੰ ਦਿਤੀ ਜਾਵੇ, ਬੌਲਦਾਂ ਦੇ ਹਲਾਂ ਦੀ ਜਗ੍ਹਾ ਟਰੈਕਟਰ ਲੈਣ ਤੇ ਘਗਰੇ ਫੁਲਕਾਰੀਆਂ ਦੀ ਥਾਂ ਪੈਂਟ ਕਮੀਜ਼ਾਂ ਲੈਣ। ਪੁਰਾਣੇ ਨੂੰ, ਮਰ ਚੁੱਕੇ ਨੂੰ ਇਤਿਹਾਸ ਦੇ ਮਿਊਜ਼ਿਅਮ ਵਿਚ ਸਜਾ ਦਿਤਾ ਜਾਵੇ। ਜਿਨ੍ਹਾਂ ਕਿਰਦਾਰਾਂ ਦਾ ਰੋਲ ਖ਼ਤਮ ਹੋ ਚੁੱਕਾ ਹੈ ਉਨ੍ਹਾਂ ਨੂੰ ਇਤਿਹਾਸ ਦੇ ਰੰਗ ਮੰਚ ਤੋਂ ਵਿਦਾ ਕਰ ਦਿਤਾ ਜਾਵੇ। ਤੁਸੀਂ ਸੋਚ ਕੇ ਤਾਂ ਵੇਖੋ ਕਿ ਘੱਗਰੇ ਜਾਂ ਕੁੜਤੇ ਚਾਦਰੇ ਪਾ ਕੇ ਖਰਾਦਾਂ 'ਤੇ ਕੰਮ ਕਰਨਾ ਪਵੇ ਤਾਂ ਕੀ ਬਣੇ, ਸੱਭਿਆਚਾਰ ਨੂੰ ਬਚਾਉਂਦਾ ਬੰਦਾ ਜਾ ਮਰੇ। ਪੀਟੀ ਊਸ਼ਾ ਘੱਗਰਾ ਪਾ ਕੇ ਦੌੜਦੀ ਤਾਂ ਦੌੜ ਨਾ ਲਾਉਂਦੀ ਸਿਰਫ਼ 'ਸੱਭਿਆਚਾਰ' ਹੀ ਸੰਭਾਲਦੀ। ਨਾਲੇ ਇਕ ਹੋਰ ਵੀ ਸਵਾਲ ਹੈ ਸੱਭਿਆਚਾਰ ਦੇ ਵਾਰਸਾਂ ਅਤੇ ਰੱਖਿਅਕਾਂ ਤੋਂ ਕਿ ਉਹ ਸਿਰਫ਼ ਕੁੜਤੇ ਚਾਦਰੇ ਜਾਂ ਘਗਰਿਆਂ ਤਕ ਹੀ ਪਿੱਛੇ ਕਿਉਂ ਜਾਂਦੇ ਹਨ, ਅਗਰ ਅਸਲ ਵਿਚ ਹੀ ਉਹ ਪੁਰਾਣੇ ਸਮੇਂ ਬਹਾਲ ਕਰਨੇ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪੱਤੇ ਬੰਨ੍ਹਣ ਦੀ ਮੰਗ ਉਠਾਉਣੀ ਚਾਹੀਦੀ ਹੈ। ਜਿਉਂ ਜਿਉਂ ਸਮਾਜਾਂ ਨੇ ਵਿਕਾਸ ਕੀਤਾ ਹੈ ਤਿਵੇਂ ਹੀ ਅਚੇਤਨ ਤੇ ਸਚੇਤਨ ਦੋਵੇਂ ਹੀ ਰੂਪਾਂ ਵਿਚ ਉਨ੍ਹਾਂ ਪੁਰਾਣੇ ਸਮਾਜਾਂ ਦੀ ਰਹਿੰਦ ਖੂੰਹਦ ਨੂੰ ਖ਼ਤਮ ਕੀਤਾ ਹੈ। ਹੋਰ ਸਟੀਕ ਕਹਿਣਾ ਹੋਵੇ ਤਾਂ ਅਸੀਂ ਕਹਾਂਗੇ ਕਿ ਜਿਵੇਂ ਜਿਵੇਂ ਪੁਰਾਣੇ ਪੈਦਾਵਾਰੀ ਸਬੰਧ ਖ਼ਤਮ ਹੋਏ ਉਨ੍ਹਾਂ ਦੀ ਥਾਂ ਨਵੇਂ ਪੈਦਾਵਾਰੀ ਸਬੰਧਾਂ ਨੇ ਲੈ ਲਈ, ਨਵੀਆਂ ਪੈਦਾਵਾਰੀ ਸ਼ਕਤੀਆ ਹੋਂਦ ਵਿਚ ਆਈਆਂ ਅਤੇ ਸੱਭਿਆਚਾਰ ਨੇ ਨਵੀਂ ਅੰਗੜਾਈ ਭਰੀ। ਇਤਿਹਾਸ ਵਲ ਹੀ ਮੂੰਹ ਕਰੀ ਰੱਖਣਾ ਭਵਿੱਖ ਅਤੇ ਵਰਤਮਾਨ ਦੀਆਂ ਚੁਣੌਤੀਆਂ ਤੋਂ ਦੌੜਨਾ ਹੈ। ਪੁਰਾਣੇ ਸੰਸਕਾਰ ਕਿਉਂਕਿ ਸਮਾਜ ਵਿਚ ਜੜ੍ਹਾਂ ਜਮਾਈ ਬੈਠੇ ਹੁੰਦੇ ਹਨ। ਇਸੇ ਲਈ ਇਨ੍ਹਾਂ ਗੀਤਾਂ ਨੂੰ ਲੋਕਾਂ ਵਲੋਂ ਵੀ ਹੁੰਗਾਰਾ ਮਿਲਦਾ ਹੈ। ਲੋਕ ਅੱਜ ਦੀਆਂ ਹਾਲਤਾਂ ਤੋਂ ਦੁਖੀ ਇਤਿਹਾਸਕ ਸ਼ਖ਼ਸੀਅਤਾਂ ਜਾਂ ਇਤਿਹਾਸਕ ਘਟਨਾਵਾਂ ਵਲ ਟੇਕ ਰਖਦੇ ਹਨ। ਇਤਿਹਾਸ ਦੇ ਉਹ ਇਨਸਾਨ ਮਹਾਨ ਸਨ। ਪਰ ਉਨ੍ਹਾਂ ਨੂੰ ਅੱਜ ਦੇ ਸਮਾਜਾਂ ਵਿਚ ਫਿਟ ਕਰਨਾ ਉਨ੍ਹਾਂ ਨਾਲ ਬੇਈਮਾਨੀ ਹੋਵੇਗੀ।

ਇਕ ਗੱਲ ਜ਼ਰੂਰ ਪੁੱਛਣੀ ਬਣਦੀ ਹੈ, ਇਨ੍ਹਾਂ 'ਸੱਭਿਆਚਾਰ ਰੱਖਿਅਕਾਂ' ਨੂੰ ਕਿ ਉਹ ਬੀਤੇ ਦਾ ਕੀ ਬਹਾਲ ਕਰਨਾ ਚਾਹੁੰਦੇ ਹਨ? ਸਿਰਫ਼ ਸੱਭਿਆਚਾਰ? ਪਰ ਉਹ ਭੁੱਲ ਜਾਂਦੇ ਹਨ ਕਿ ਸੱਭਿਆਚਾਰ ਕਿਸੇ ਵੀ ਸਮਾਜ ਦੀ ਆਰਥਿਕ ਬੁਨਿਆਦ 'ਤੇ ਖੜਾ ਹੁੰਦਾ ਹੈ। ਪੁਰਾਣਾ ਸਮਾਜ ਤਬਾਹ ਹੁੰਦਾ ਹੈ ਤਾਂ ਉਹਦੀ ਬੁਨਿਆਦ ਵੀ ਖ਼ਤਮ ਹੋ ਜਾਂਦੀ ਹੈ ਤੇ ਨਵੀਂ ਬੁਨਿਆਦ ਉਪਰ ਨਵੇਂ ਸਭਿਆਚਾਰ ਨੂੰ ਉਸਾਰਨ ਦੀ ਲੋੜ ਹੁੰਦੀ ਹੈ। ਕੀ ਇਹ ਰਖਵਾਲੇ ਚਾਹੁੰਦੇ ਹਨ ਕਿ ਭਾਰਤ ਵਿਚ ਮੁੜ ਤੋਂ 575 ਰਿਆਸਤਾਂ ਹੋਣ? ਨਵ- ਵਿਆਹੀ ਨਾਲ ਪਹਿਲੀ ਰਾਤ ਸੌਣ ਦਾ ਹੱਕ ਇਲਾਕੇ ਦੇ ਜਗੀਰਦਾਰ ਦਾ ਹੋਵੇ? ਕਿ ਹਰ ਤੀਆਂ 'ਤੇ ਇਲਾਕੇ ਦੀਆਂ ਸੱਭ ਕੁੜੀਆਂ ਪਿੰਡ ਦੇ ਬਾਹਰ ਇਕੱਠੀਆਂ ਕੀਤੀਆਂ ਜਾਣ ਤੇ ਮਹਾਰਾਜਾ ਪਟਿਆਲਾ ਉਨ੍ਹਾਂ ਵਿਚੋਂ ਆਪਣੀ ਪਸੰਦੀਦਾ ਨੂੰ ਆਪਣੇ ਹਰਮ 'ਚ ਰੱਖੇ, ਕਿ ਮੁੜ ਤੋਂ ਰਾਇਤਵਾੜੀ, ਮਾਹਲਵਾੜੀ ਦੇ ਨਾਂ 'ਤੇ ਜਗੀਰੂ ਲੁੱਟ ਬਹਾਲ ਕੀਤ ਜਾਵੇ, ਇਕ ਬਾਦਸ਼ਾਹ ਹੋਵੇ ਜਿਸ ਨੂੰ ਦੈਵੀ-ਅਧਿਕਾਰ ਹੋਵੇ। ਹਾਂ! ਸਿਰਫ਼ ਇਸੇ ਤਰ੍ਹਾਂ ਹੀ ਉਸ ਮਰ ਚੁੱਕੇ ਸੱਭਿਆਚਾਰ ਦੀ ਮੁੜ ਬਹਾਲੀ ਹੋ ਸਕਦੀ ਹੈ। ਇਹ ਲੋਕ ਉਸ ਬੀਤ ਚੁੱਕੇ ਦੇ ਸੋਹਲੇ ਹੀ ਗਾਉਂਦੇ ਹਨ 'ਉਦੋਂ ਦੀ ਸਰਦਾਰੀ' ਦੇ ਸੁਰੀਲੇ ਰਾਗ ਗਾਉਂਦੇ ਹਨ ਪਰ ਇਹ ਸਰਦਾਰੀ ਜਿਹਨਾਂ ਦੇ ਸਿਰ 'ਤੇ ਜਬਰ ਢਾਉਂਦੀ ਸੀ ਉਹ ਕਿਰਤੀ ਜਮਾਤ ਇਨ੍ਹਾਂ ਦੇ ਗੀਤਾਂ ਵਿਚੋਂ ਗਾਇਬ ਹੁੰਦੀ ਹੈ। ਤੀਆਂ ਦੇ ਤਿਉਹਾਰ ਦਾ ਪਿੱਟ ਸਿਆਪਾ ਹਰ ਸਾਲ ਕੀਤਾ ਜਾਂਦਾ ਹੈ ਪਰ ਪੰਜਾਬ ਵਿਚ ਇਸ ਦਾ ਕੀ ਇਤਿਹਾਸ ਸੀ? ਇਹ ਕਦੀ ਨਹੀਂ ਦਸਿਆ ਜਾਂਦਾ। ਜੋ ਸੋਹਲੇ ਇਨ੍ਹਾਂ ਵਿਰਸੇ ਦੇ ਅਲੰਬਰਦਾਰਾਂ ਵਲੋਂ ਗਾਏ ਜਾਂਦੇ ਹਨ ਉਹ ਉਦੋਂ ਦੇ ਜਾਬਰ ਸਮਾਜ ਨੂੰ ਨਿਆਂ ਉਚਿਤ ਠਹਿਰਾਉਂਦੇ ਹਨ ਕਿਉਂਕਿ ਇਹ ਜਗੀਰੂ ਲੁੱਟ ਅਤੇ ਬਰਾਬਰਤਾ ਉਤੇ ਚਾਦਰ ਪਾਉਂਦੇ ਹਨ।

ਹਰ ਕਲਾਕਾਰ ਸਚੇਤਨ ਤੌਰ 'ਤੇ ਪਿਛਾਖੜੀ ਨਹੀਂ ਹੁੰਦਾ (ਅਤੇ ਮਾਨ ਹੁਰਾਂ ਦੇ ਮਾਮਲੇ ਵਿਚ ਇਹ ਸੱਚ ਹੈ) ਸਗੋਂ ਅਚੇਤਨਤਾ ਦਾ ਪਲੜ੍ਹਾ ਇਥੇ ਭਾਰੀ ਹੁੰਦਾ ਹੈ ਪਰ ਸਮਾਜ ਵਿਚ ਪਏ ਇਸ ਤਰ੍ਹਾਂ ਦੇ ਪਿਛਾਖੜੀ ਵਿਚਾਰਾਂ ਦਾ ਕਲਾਤਮਕ ਪ੍ਰਗਟਾਵਾ ਕਰਨਾ ਅਚੇਤਨ ਤੌਰ 'ਤੇ ਹੀ ਆਰ.ਐਸ.ਐਸ. ਵਰਗੀਆਂ ਫ਼ਿਰਕੂ ਜਥੇਬੰਦੀਆਂ ਦਾ ਸੱਭਿਆਚਾਰਕ ਵਿੰਗ ਬਣਨ ਦੇ ਤੁਲ ਹੈ ਤੇ ਜੇ ਇਹ ਪ੍ਰਗਟਾਵਾ ਸਚੇਤਨ ਹੋਵੇ ਤਾਂ ਕੁੱਝ ਕਹਿਣ ਦੀ ਲੋੜ ਨਹੀਂ। ਮਹਾਨ ਰੂਸੀ ਵਿਚਾਰਕ 'ਅਲੈਕਸਾਂਦਰ ਹਰਜ਼ਨ' ਦੇ ਇਨ੍ਹਾਂ ਸ਼ਬਦਾਂ ਨਾਲ ਅਸੀਂ ਲੇਖ ਸਮਾਪਤ ਕਰਦੇ ਹਾਂ : " ਜਰਜਰ ਅਤੇ ਹਾਰ ਚੁੱਕਾ ਤੁਰਤ ਹੀ ਕਬਰ ਵਿਚ ਨਹੀਂ ਪਹੁੰਚ ਜਾਂਦਾ। ਆਤਮ ਰੱਖਿਆ ਦੀ ਸਹਿਜ ਭਾਵਨਾ, ... ਵਿਨਾਸ਼ ਦੇ ਕੰਢੇ ਉਪਰ ਖੜੀ ਵਸਤੂ ਦੇ ਵੱਧ ਤੋਂ ਵੱਧ ਸਮੇਂ ਤਕ ਜਿਊਂਦੇ ਰਹਿਣ ਦੇ ਯਤਨ ਤੋਂ ਪ੍ਰੇਰਿਤ ਵਿਰੋਧ ਦਾ ਆਧਾਰ ਹੈ। ... ਰੂੜੀਵਾਦੀ ਭਾਵਨਾ ਮਨੁੱਖਾਂ ਵਿਚ ਬੀਤੇ ਦੀਆਂ ਪਾਲੀਆਂ ਪੋਸੀਆਂ ਅਤੇ ਪਿਆਰੀਆਂ ਯਾਦਾਂ ਨੂੰ ਜਗਾਉਂਦੀ ਹੈ। ਉਨ੍ਹਾਂ ਨੂੰ ਵਡੇਰਿਆਂ ਦੇ ਉਸ ਘਰ ਵਿਚ ਵਾਪਸ ਮੁੜ ਜਾਣ ਲਈ ਪ੍ਰੇਰਿਤ ਕਰਦੀਆਂ ਹਨ, ਜਿਥੇ ਜ਼ਿੰਦਗੀ ਬਿਨਾਂ ਕਿਸੇ ਚਿੰਤਾ ਦੇ ਅਤੇ ਬਸੰਤੀ ਆਭਾ ਨਾਲ ਭਰਪੂਰ ਸੀ। ਉਹ ਭੁੱਲ ਜਾਂਦੀ ਹੈ ਕਿ ਉਹ ਘਰ ਟੁੱਟ ਭੱਜ ਗਿਆ ਹੈ, ਹਨੇਰਾ ਹੋ ਗਿਆ ਹੈ।... ਪੁਰਾਣਾ ਨਿਜ਼ਾਮ ਜਿਸ ਨੇ ਵਿਦਾ ਹੋਣਾ ਹੈ, ਪੂਰੀ ਤਰ੍ਹਾਂ ਵਿਕਸਿਤ, ਅਮਲ ਵਿਚ ਲਿਆਂਦਾ ਹੋਇਆ ਅਤੇ ਲੋਕਾਂ ਦੇ ਦਿਲਾਂ ਵਿਚ ਡੂੰਘੀਆਂ ਜੜ੍ਹਾਂ ਜਮਾਈ ਬੈਠਾ ਹੁੰਦਾ ਹੈ। ਇਸ ਦੇ ਉਲਟ ਭਵਿਖ ਅਜੇ ਅਦਿੱਖ ਅਤੇ ਖਲਾਅ 'ਚ ਹੈ। ਉਸ ਕੋਲ ਨਾ ਰੰਗ ਰੂਪ, ਨਾ ਪਹਿਰਾਵਾ। ਜਦੋਂ ਕਿ ਪੁਰਾਣਾ ਅਮੀਰ ਅਤੇ ਸ਼ਕਤੀਸ਼ਾਲੀ ਹੁੰਦਾ ਹੈ ... ਉਹ ਅਤੀਤ ਵਿਚ ਆਪਣੇ ਭਵਿੱਖ ਦਾ ਆਦਰਸ਼ ਵੇਖਦੇ ਸਨ, ਪਰ ਅਤੀਤ ਦੇ ਹੀ ਬਾਣੇ ਵਿਚ ... ਪਲ ਭਰ ਲਈ ਹੀ ਸਹੀ – ਇਕ ਮੁੱਦਤ ਤੋਂ ਦਫ਼ਨ ਹੋਇਆ ਇਹ ਜੀਵਨ ਆਪਣੀ ਕਬਰ ਵਿਚੋਂ ਉੱਠ ਕੇ ਆ ਸਕਦਾ ਤਾਂ ਉਸ ਦੇ ਉਪਾਸ਼ਕ ਵੀ ਉਸ ਨੂੰ ਵੇਖ ਕੇ ਹੈਰਾਨ ਰਹਿ ਜਾਂਦੇ ਅਤੇ ਉਹ ਇਸ ਲਈ ਨਹੀਂ ਕਿ ਉਹ ਆਪਣੇ ਸਮੇਂ ਵਿਚ ਬੁਰਾ ਸੀ, ਸਗੋਂ ਇਸ ਲਈ ਉਸ ਦਾ ਸਮਾਂ ਬੀਤ ਚੁੱਕਾ ਸੀ। ਜਿਵੇਂ ਵੀ ਹੋਵੇ, ਅਤੀਤ ਵਿਚ ਵਸਣ ਵਾਲੇ ਲੋਕਾਂ ਨੂੰ ਗਹਿਰੀ ਵੇਦਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਹਰ ਇਕ ਇਨਕਲਾਬ ਆਪਣੇ ਨਾਲ ਇਸ ਤਰ੍ਹਾਂ ਦੀਆ ਵੇਦਨਾਵਾਂ ਨੂੰ ਲੈ ਕੇ ਆਉਂਦਾ ਹੈ, ਜੀਵਨ ਦੇ ਨਵੇਂ ਯੁੱਗ ਤੋਂ ਪਹਿਲਾਂ ਦਾ ਦੌਰ ਬੜਾ ਤ੍ਰਾਸਦਿਕ ਅਤੇ ਅਸਹਿ ਮਾਲੂਮ ਹੁੰਦਾ ਹੈ। ਹਰ ਇਕ ਸਮੱਸਿਆ ਇਕ ਦੁਖਦਾਈ ਕਰਵਟ ਲੈਂਦੀ ਹੈ। ਲੋਕ ਬੇਹੂਦਾ ਹੱਲਾਂ ਵਲ, ਜਿਸ ਤੋਂ ਉਨ੍ਹਾਂ ਨੂੰ ਕੁੱਝ ਤਸੱਲੀ ਮਿਲੇ, ਭੁੱਖਿਆਂ ਵਾਂਗ ਲਪਕਦੇ ਹਨ, ਇਕ ਪਾਸੇ ਅੰਨਾ ਹਠ, ਦੂਜੇ ਪਾਸੇ ਅੰਨ੍ਹੀ ਅਨਾਸਥਾ, ਇਕ ਪਾਸੇ ਬੇ-ਸਿਰ ਪੈਰ ਆਸਾਂ, ਦੂਜੇ ਪਾਸੇ ਬੇ-ਸਿਰ ਪੈਰ ਨਿਰਾਸ਼ਾ...। ਉਹ ਪੁਰਾਣੀ ਇਮਾਰਤ ਦੀ ਮੁਰੰਮਤ ਕਰ ਕੇ ਉਸ ਉਪਰ ਸਫ਼ੈਦੀ ਕਰਨਾ ਚਾਹੁੰਦੇ ਹਨ। ਅਤੀਤ ਦਾ ਤਿਆਗ ਕੀਤੇ ਬਿਨਾ ਹੀ ਉਹ ਨਵੇਂ ਤੋਂ ਲਾਭ ਉਠਾਉਣਾ ਚਾਹੁੰਦੇ ਹਨ ਤੇ ਨਾਕਾਮ ਹੁੰਦੇ ਹਨ ਤੇ। □

## ਇਕ ਇਤਿਹਾਸਕ ਪੁਸਤਕ

**ਭਾਈ ਸੰਤੋਖ ਸਿੰਘ ਕਿਰਤੀ (ਇਨਕਲਾਬੀ ਸੂਝ ਦਾ ਸਫ਼ਰ), ਜੀਵਨੀ ਡਾ. ਤਜਿੰਦਰ ਵਿਰਲੀ, ਚਿੰਤਨ ਪ੍ਰਕਾਸ਼ਨ, ਲੁਧਿਆਣਾ, ਪੰਨੇ 220, ਮੁੱਲ 125 ਰੁਪਏ।**

ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਅਹਿਮ ਭੂਮਿਕਾ ਅਦਾ ਕਰਨ ਵਾਲੀ ਦਰ ਲਹਿਰ ਸੰਬੰਧੀ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਉਸ ਸਾਰੇ ਕੁਝ ਵਿਚੋਂ ਕੁਝ ਅਜਿਹਾ ਵੀ ਹੈ ਜੋ ਕਈ ਭੁਲੇਖੇ ਪੈਦਾ ਕਰਦਾ ਹੈ। ਪਰ ਬਹੁਤ ਕੁਝ ਅਜਿਹਾ ਹੈ ਜੋ ਦਰ ਲਹਿਰ ਨੂੰ ਉਸ ਦੇ ਸਹੀ ਪਰਿਪੇਖ ਵਿੱਚ ਸਮਝਣ ਦਾ ਯਤਨ ਕਰਦਾ ਹੈ। ਡਾ. ਤਜਿੰਦਰ ਵਿਰਲੀ ਦੀ ਇਹ ਪੁਸਤਕ ਉਸ ਲਹਿਰ ਨੂੰ ਸਹੀ ਪ੍ਰਸੰਗ ਵਿੱਚ ਸਮਝਣ ਦਾ ਇਕ ਸੁਝਵਾਨ ਅਤੇ ਸਹੀ ਉਪਰਾਲਾ ਹੈ। ਡਾ. ਵਿਰਲੀ ਇਸ ਤੋਂ ਪਹਿਲਾਂ ਚਾਰ ਹੋਰ ਪੁਸਤਕਾਂ ਵੀ ਪ੍ਰਕਾਸ਼ਿਤ ਕਰਵਾ ਚੁੱਕਾ ਹੈ ਜੋ ਮਾਰਕਸੀ ਚਿੰਤਨ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਲੋਕਾਂ ਦੀ ਗੱਲ ਕਰਦੀਆਂ ਹਨ।

ਹਥਲੀ ਪੁਸਤਕ ਜੀਵਨੀ ਮੂਲਕ ਸਾਹਿਤ ਦੀ ਵਿਧਾ ਦੇ ਰੂਪ ਵਿਚ ਪੇਸ਼ ਹੋਈ ਹੈ। ਦਰ ਪਾਰਟੀ ਦੇ ਸਿਰਲੱਥ ਜੋਧੇ ਭਾਈ ਸੰਤੋਖ ਸਿੰਘ ਕਿਰਤੀ ਦੀ ਉਪਰੋਕਤ ਜੀਵਨੀ ਜਿੱਥੇ ਜੀਵਨੀ ਸਾਹਿਤ ਵਿਚ ਵਿੱਖ ਸਥਾਨ ਰੱਖਦੀ ਹੈ ਉੱਥੇ ਦਰ ਲਹਿਰ ਨੂੰ ਵਿਗਿਆਨਕ ਦਰਿਸ਼ਟੀ ਤੋਂ ਸਮਝਣ ਲਈ ਵੀ ਵਿਰਲੀ ਦੀ ਹਥਲੀ ਪੁਸਤਕ ਅਹਿਮ ਸਥਾਨ ਰੱਖਦੀ ਹੈ।




ਪਹਿਲੀ ਸੰਸਾਰ ਜੰਗ ਵੇਲੇ ਜਦੋਂ ਦਰੀ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਸੁਪਨਾ ਲੈ ਰਹੇ ਹਨ ਉਸ ਵਕਤ ਦੇ ਕੌਮੀ ਲੀਡਰਾਂ ਦਾ ਕਿਰਦਾਰ ਵੀ ਇਹ ਪੁਸਤਕ ਨੰਗਾ ਕਰਦੀ ਹੈ। ਧਰਮ ਨੇ ਆਜ਼ਾਦੀ ਲਈ ਕੀ ਰੋਲ ਅਦਾ ਕੀਤਾ ਇਹ ਸਭ ਕੁਝ ਇਸ ਪੁਸਤਕ ਦੀ ਪ੍ਰਾਪਤੀ ਬਣ ਕੇ ਉਭਰਦਾ ਹੈ। ਜੇ ਕਰ ਇਹ ਕਿਹਾ ਜਾਵੇ ਕਿ ਇਸ ਪੁਸਤਕ ਦਾ ਹਰ ਇਕ ਪੰਨਾਂ ਇਕ ਨਵੀਂ ਜਾਣਕਾਰੀ ਪੇਸ਼ ਕਰਦਾ ਹੋਇਆ ਬੁਰਜਵਾ ਸਾਹਿਤਕਾਰਾਂ ਦੁਆਰਾ ਪੈਦਾ ਕੀਤੀਆਂ ਭ੍ਰਾਂਤੀਆਂ ਨੂੰ ਦੂਰ ਕਰਦਾ ਹੈ ਤਾਂ ਗਲਤ ਨਹੀਂ ਹੋਵੇਗਾ। ਭਾਂਵੇ ਇਸਤੋਂ ਪਹਿਲਾਂ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਵਰਗਿਆਂ ਦੀਆਂ ਜੀਵਨੀਆਂ ਵੀ ਪ੍ਰਕਾਸ਼ਤ ਹੋ ਚੁੱਕੀਆਂ ਹਨ ਪਰ ਲਹਿਰ ਦੇ ਇਤਿਹਾਸ ਵਿੱਚੋਂ ਵਿਅਕਤੀ ਦੇ ਇਤਿਹਾਸ ਨੂੰ ਉਪਭਾਵੁਕਤਾ ਤੋਂ ਮੁਕਤ ਹੋਕੇ ਦੇਖਣਾ ਜਿੱਥੇ ਇਸ ਪੁਸਤਕ ਦੀ ਪ੍ਰਾਪਤੀ ਹੈ ਉੱਥੇ ਇਹ ਇਸ ਦੀ ਸੀਮਾਂ ਵੀ ਬਣ ਜਾਂਦੀ ਹੈ। ਕਿਉਂਕਿ ਜੀਵਨੀ ਦੇ ਨਾਇਕ ਭਾਈ ਸੰਤੋਖ ਸਿੰਘ ਦੇ ਨਿੱਜੀ ਜੀਵਨ ਨੂੰ ਜੀਵਨੀਕਾਰ ਨੇ ਕੋਈ ਥਾਂ ਨਹੀਂ ਦਿੱਤੀ।

ਲਾਲਾ ਜੀ ਨੂੰ ਪਾਰਟੀ ਦੇ ਕਾਰਜ ਵਿੱਚ ਜੁੱਟਣ ਤੋਂ ਚਾਰ ਮਹੀਨਿਆਂ ਬਾਅਦ ਹੀ ਅਮਰੀਕਾ ਵਿੱਚੋਂ ਬਾਹਰ ਜਾਣਾ ਪਿਆ। ਲਾਲਾ ਜੀ ਦੀਆਂ ਅਹਿਮ ਜ਼ਿੰਮੇਵਾਰੀਆਂ ਭਾਈ ਸਾਹਿਬ ਦੇ ਮੋਢਿਆਂ 'ਤੇ ਆ ਪਈਆਂ। ਜਦੋਂ ਦਰ ਲਈ ਬਾਬਾ ਸੋਹਣ ਸਿੰਘ ਭਕਨਾ ਭਾਰਤ ਆਏ ਤਾਂ ਛੇਤੀ ਗ੍ਰਿਫ਼ਤਾਰ ਹੋ ਗਏ। ਜੀਵਨੀ ਸਾਹਿਤ ਦੀ ਸਿਰਜਣਾ ਸਮੇਂ ਜਿੱਥੇ ਪਾਠਕ ਉਸ ਵਿਅਕਤੀ ਵਿਸ਼ੇਸ਼ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ ਉੱਥੇ ਉਸ ਸਾਰੇ ਵਾਤਾਵਰਨ ਤੋਂ ਵੀ ਮੁਕੰਮਲ ਰੂਪ ਵਿੱਚ ਪ੍ਰੀਚਿਤ ਹੁੰਦਾ ਹੈ ਜਿਸ ਨੇ ਅਜਿਹੇ ਵਿਅਕਤੀਤਵ ਵਾਲੇ ਵਿਅਕਤੀ ਨੂੰ ਸਿਰਜਿਆ ਹੈ। ਉਸ ਮੁਕੰਮਲ ਜਾਣਕਾਰੀ ਦੇ ਪਰਿਪੇਖ ਵਿੱਚ ਹੀ ਜੀਵਨੀ ਦੇ ਕੇਂਦਰੀ ਪਾਤਰ ਦਾ ਮਹੱਤਵ ਪ੍ਰਗਟ ਕਰਨਾ ਹੁੰਦਾ ਹੈ। ਇਸੇ ਪ੍ਰਸੰਗ ਵਿੱਚ ਹੀ ਡਾ. ਵਿਰਲੀ ਵੱਲੋਂ 'ਸੰਤੋਖ ਸਿੰਘ ਸਿੰਘ ਕਿਰਤੀ' ਬਾਰੇ ਲਿਖੀ ਜੀਵਨੀ ਨੂੰ ਦੇਖਿਆ ਜਾਣਾ ਚਾਹੀਦਾ ਹੈ। ਉਹ ਜੀਵਨੀ ਦੇ ਨਾਇਕ ਨੂੰ ਪੇਸ਼ ਨਹੀਂ ਕਰਦਾ ਸਗੋਂ ਸਥਿਤੀਆਂ ਦਾ ਵਿਖਿਆਨ ਕਰਦਾ ਹੈ ਜਿਸ ਵਿੱਚੋਂ ਉਸ ਦਾ ਵਿਅਕਤੀਤਵ ਉਭਰਦਾ ਹੈ, ਇਕ ਮਹਾਨ ਵਿਅਕਤੀਤਵ ਜਿਸ ਨੂੰ ਸੁਚੇਤ ਪੱਧਰ 'ਤੇ ਲੋਕਾਂ ਵਿਚ ਆਉਣ ਨਹੀਂ ਦਿੱਤਾ ਗਿਆ। □

# Royal Executive Homes

## Town Houses in Wildwood

Starting from:

# $ 289,900




**Now Selling**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud & Anthony Henday

**Selling very fast, book your unit now.**

wild wood TOWN HOUSES

For More Info Call:
780-965-7390
780-906-4497

***Golden Opportunity for first time home buyers and Investors.***




**Available from 1232 sq ft. to 1589 sq. ft. with attached Single and Double Garage. Starting price: $ 289,900**

**Unit A**

MAIN FLOOR AREA 597 Sq.F.
UPPER FLOOR AREA 992 Sq.F.
TOTAL LIVING AREA 1589 Sq.F.
GARAGE AREA 336 Sq.F.



**Unit B**

MAIN FLOOR AREA 498 Sq.F.
UPPER FLOOR AREA 734 Sq.F.
TOTAL LIVING AREA 1232 Sq.F.
GARAGE AREA 182 Sq.F.



**Unit C**

MAIN FLOOR AREA 524 Sq.F.
UPPER FLOOR AREA 780 Sq.F.
TOTAL LIVING AREA 1304 Sq.F.
GARAGE AREA 200 Sq.F.



wild wood TOWN HOUSES

**1820, 34th Ave Edmonton.**



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

**ਪੰਜਾਬੀ ਸਟਾਈਲ ਪੀਜ਼ਾ**



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**
**3 For 1**
Any 3 Toppings
12" Medium - 14" Large

**Buy 1 Get 1 Free**

**List of Toppings**

Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

| | |
|---|---|
| 2 Large Fully Loaded Pizza for $25. | 1 Large Pizza 5 Toppings for $14. |
| 2 Medium Pizza Fully Loaded for $22. | 1 Medium Pizza 5 Toppings for $13. |

**Call at: 780 485 1213**

## BRIDGEPORT
HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



**For more information call: Dolly Chauhan @ 780-935-7718**